Tanya's Beauty Salon
THREADING / WAXING
FACIAL (MEN & WOMEN)
ANTI-AGING FACIAL - BLEACH
HAIR CUT - COLOR AND STYLE
WE SPECIALIZE IN BRIDAL & HENNA
85-03 ROOSEVELT AVE, JACKSON HEIGHTS, NY 11373
Tel: 718-205-7832

Real Estate Services
BUY, SELL or RENT
Queens, Long Island & Manhattan
Sunny Singh
Ph: 917-679-0029
E-mail: sunny.singhre@gmail.com

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Nineteenth Year of Publication ਨਿਊ ਯਾਰਕ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 12, March 24, 2018 20451 N. Plum Grove Rd., Palatine, IL 60074 Ph:847-359-0746, Fax:847-705-9388

## ਇਰਾਕ ਬੰਦੀਆਂ ਦੀ ਹੋਣੀ ਦਾ ਸੱਚ ਆਖਰਕਾਰ ਕਬੂਲਿਆ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਇਰਾਕ ਵਿਚ ਦਹਿਸ਼ਤੀ ਸੰਗਠਨ ਆਈ.ਐਸ. (ਇਸਲਾਮਿਕ ਸਟੇਟ) ਵੱਲੋਂ ਬੰਦੀ ਬਣਾਏ 39 ਭਾਰਤੀ ਜਿਨ੍ਹਾਂ ਵਿਚੋਂ ਬਹੁਤੇ ਪੰਜਾਬੀ ਸਨ, ਦੀ ਹੱਤਿਆ ਦੀ ਪੁਸ਼ਟੀ ਕਰ ਦਿੱਤੀ ਗਈ ਹੈ। ਇਹ ਪੁਸ਼ਟੀ ਮੰਗਲਵਾਰ ਨੂੰ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਸੰਸਦ ਦੇ ਦੋਵਾਂ ਸਦਨਾਂ ਵਿਚ ਕੀਤੀ। ਸਰਕਾਰ ਦਾ ਦਾਅਵਾ ਹੈ ਕਿ ਇਨ੍ਹਾਂ ਨੌਜਵਾਨਾਂ ਦੀਆਂ ਲਾਸ਼ਾਂ ਇਰਾਕ ਦੇ ਸ਼ਹਿਰ ਮੋਸੂਲ ਨੇੜਲੇ ਪਿੰਡ ਬਾਦੋਸ਼ ਵਿਚੋਂ ਮਿਲੀਆਂ ਹਨ, ਜਿਨ੍ਹਾਂ ਦੀ ਸ਼ਨਾਖਤ ਡੀ.ਐਨ.ਏ. ਟੈਸਟਾਂ ਰਾਹੀਂ ਕੀਤੀ ਗਈ ਹੈ।



ਇਸ ਖੁਲਾਸੇ ਪਿੱਛੋਂ ਵਿਰੋਧੀ ਧਿਰਾਂ ਅਤੇ ਮ੍ਰਿਤਕਾਂ ਦੇ ਵਾਰਸਾਂ ਨੇ ਨਰੇਂਦਰ ਮੋਦੀ ਸਰਕਾਰ ਉਤੇ ਸਵਾਲ ਚੁੱਕੇ ਹਨ। ਸਵਾਲ ਕੀਤਾ ਗਿਆ ਹੈ ਕਿ ਵਿਦੇਸ਼ ਮੰਤਰੀ ਨੇ ਹੁਣ ਤੱਕ ਮ੍ਰਿਤਕ ਨੌਜਵਾਨਾਂ ਦੇ ਪਰਿਵਾਰਾਂ ਨੂੰ ਧੋਖੇ ਵਿਚ ਕਿਉਂ ਰੱਖਿਆ? ਸਰਕਾਰ ਦੀ ਇਸ ਗੱਲੋਂ ਵੀ ਆਲੋਚਨਾ ਹੋ ਰਹੀ ਹੈ ਕਿ ਜੇ ਚਾਰ ਸਾਲ ਪਹਿਲਾਂ ਬੰਦੀ ਬਣਾਉਣ ਦੀ ਘਟਨਾ ਵਾਪਰਦਿਆਂ ਹੀ ਰਿਹਾਈ ਲਈ ਸੰਜੀਦਾ ਯਤਨ ਹੁੰਦੇ ਤਾਂ ਬੰਦੀਆਂ ਨੂੰ ਬਚਾਇਆ ਜਾ ਸਕਦਾ ਸੀ। ਮ੍ਰਿਤਕਾਂ ਵਿਚੋਂ 27 ਜਣੇ ਪੰਜਾਬ ਨਾਲ ਅਤੇ ਬਾਕੀ ਹਿਮਾਚਲ, ਬਿਹਾਰ ਤੇ ਪੱਛਮੀ ਬੰਗਾਲ ਨਾਲ ਸਬੰਧਤ ਸਨ।

ਗੌਰਤਲਬ ਹੈ ਕਿ ਇਸ ਤੋਂ ਪਹਿਲਾਂ ਵਿਦੇਸ਼ ਮੰਤਰੀ ਇਹੋ ਆਖਦੀ ਆ ਰਹੀ ਸੀ ਕਿ ਇਰਾਕ ਵਿਚਲੇ ਇਹ ਸਾਰੇ ਭਾਰਤੀ ਜ਼ਿੰਦਾ ਹਨ। ਮ੍ਰਿਤਕਾਂ ਦੇ ਪਰਿਵਾਰ ਦਿੱਲੀ ਵਿਚ ਤਕਰੀਬਨ 10 ਵਾਰ ਵਿਦੇਸ਼ ਮੰਤਰੀ ਨੂੰ ਮਿਲ ਚੁੱਕੇ ਹਨ ਤੇ ਹਰ ਵਾਰ ਉਨ੍ਹਾਂ ਨੂੰ ਇਹੀ ਕਿਹਾ ਗਿਆ ਕਿ ਸਰਕਾਰ ਕੋਲ ਪੁਖਤਾ ਜਾਣਕਾਰੀ ਹੈ ਕਿ ਸਾਰੇ ਨੌਜਵਾਨ ਜ਼ਿੰਦਾ ਹਨ। ਸਰਕਾਰ ਨੇ ਪਿਛਲੇ ਸਾਲ ਇਹ ਦਾਅਵਾ ਵੀ ਕੀਤਾ ਸੀ ਕਿ ਇਹ ਸਾਰੇ ਨੌਜਵਾਨ ਮੋਸੂਲ ਦੀ ਜੇਲ੍ਹ ਵਿਚ ਬੰਦ ਹਨ। ਪਿਛਲੇ ਵਰ੍ਹੇ ਜਦੋਂ ਇਰਾਕ ਦੇ ਪ੍ਰਧਾਨ ਮੰਤਰੀ ਭਾਰਤ ਦੌਰੇ ਉਤੇ ਆਏ ਸਨ ਤਾਂ ਉਨ੍ਹਾਂ ਸੁਸ਼ਮਾ ਸਵਰਾਜ ਦੇ ਦਾਅਵੇ ਦੀ ਇਹ ਕਹਿ ਕਿ ਫੂਕ ਕੱਢ ਦਿੱਤੀ ਸੀ ਕਿ ਇਰਾਕ ਸਰਕਾਰ ਕੋਲ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਇਸ ਤੋਂ ਬਾਅਦ ਪਤਾ ਲੱਗਾ ਕਿ ਜਿਸ ਜੇਲ੍ਹ ਵਿਚ ਪੰਜਾਬੀਆਂ ਦੇ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ, ਉਸ ਨੂੰ ਤਾਂ ਸੁਰੱਖਿਆ ਬਲਾਂ ਨੇ ਇਸ ਸ਼ਹਿਰ 'ਤੇ ਕਬਜ਼ੇ ਵੇਲੇ ਉਡਾ ਦਿੱਤਾ ਸੀ। ਇਸ ਤੋਂ ਬਾਅਦ ਵੀ ਭਾਰਤ ਸਰਕਾਰ ਪੀੜਤ ਪਰਿਵਾਰਾਂ ਅੱਗੇ ਇਹੀ ਦਾਅਵਾ ਕਰਦੀ ਆਈ ਹੈ ਕਿ 'ਸਭ ਠੀਕ' ਹੈ।

ਇਹ ਵੀ ਦੱਸਣਯੋਗ ਹੈ ਕਿ ਅਗਵਾ ਕੀਤੇ ਕੁੱਲ 40 ਭਾਰਤੀਆਂ ਵਿਚੋਂ ਇਕ ਗੁਰਦਾਸਪੁਰ ਨਾਲ ਸਬੰਧਤ ਹਰਜੀਤ ਮਸੀਹ ਮੌਕੇ 'ਤੇ ਖੁਦ ਨੂੰ ਬੰਗਲਾਦੇਸ਼ੀ ਮੁਸਲਮਾਨ ਦੱਸ ਕੇ ਜਾਨ ਬਚਾਉਣ ਵਿਚ ਸਫਲ ਰਿਹਾ ਸੀ। ਉਹ ਲਗਾਤਾਰ ਇਨ੍ਹਾਂ ਭਾਰਤੀਆਂ ਨੂੰ ਆਪਣੀਆਂ ਅੱਖਾਂ ਸਾਹਮਣੇ ਕਤਲ ਕਰਨ ਦੀ ਗੱਲ ਆਖਦਾ ਆ ਰਿਹਾ ਪਰ ਵਿਦੇਸ਼ ਮੰਤਰੀ ਨੇ ਉਸ ਦੇ ਪੈਰ ਨਾਲ ਲੱਗਣ ਦਿੱਤੇ। ਉਲਟਾ ਉਸ ਨੂੰ ਕਈ ਕੇਸਾਂ ਵਿਚ ਫਸਾ ਕੇ ਤੰਗ ਕੀਤਾ ਗਿਆ। ਇਨ੍ਹਾਂ ਨੌਜਵਾਨਾਂ ਨੂੰ ਜੂਨ 2014 ਵਿਚ ਮੋਸੂਲ ਵਿਚੋਂ ਅਗਵਾ ਕੀਤਾ ਗਿਆ ਸੀ। ਪਤਾ ਲੱਗਾ ਹੈ ਕਿ ਇਨ੍ਹਾਂ ਨੌਜਵਾਨਾਂ ਦੀ ਅਗਵਾ

*(ਬਾਕੀ ਸਫਾ 6 ਉਤੇ)*

## ਕੇਜਰੀਵਾਲ ਦੀ ਮੁਆਫੀ ਨੇ ਮਚਾਈ ਹਲਚਲ

**ਚੰਡੀਗੜ੍ਹ:** ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਨਸ਼ਾ



ਤਸਕਰੀ ਦੇ ਦੋਸ਼ਾਂ ਬਾਰੇ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਕੋਲੋਂ ਮੁਆਫੀ ਮੰਗਣ ਨਾਲ 'ਆਪ' ਦੀ ਪੰਜਾਬ ਇਕਾਈ ਵਿਚ ਵੱਡੇ ਪੱਧਰ 'ਤੇ ਬਗਾਵਤ ਸ਼ੁਰੂ ਹੋ ਗਈ ਹੈ। ਪੰਜਾਬ ਇਕਾਈ ਮਜੀਠੀਆ ਵੱਲੋਂ ਕੀਤੇ ਮਾਣਹਾਨੀ ਦੇ ਕੇਸ ਨੂੰ ਮੁੱਖ ਰੱਖ ਕੇ ਉਨ੍ਹਾਂ ਤੋਂ ਲਿਖਤੀ ਮੁਆਫੀ ਮੰਗਣ ਨੂੰ ਇਸ ਅਕਾਲੀ ਆਗੂ ਅੱਗੇ ਗੋਡੇ ਟੇਕਣ ਦੇ ਤੁਲ ਮੰਨ ਰਹੀ ਹੈ। ਹਾਲਾਂ ਕਿ ਪਾਰਟੀ ਦੇ ਕੌਮੀ ਤਰਜਮਾਨਾਂ ਦਾ ਕਹਿਣਾ ਹੈ ਕਿ ਕੇਜਰੀਵਾਲ ਆਪਣਾ ਧਿਆਨ ਬੇਲੋੜੀਆਂ ਅਦਾਲਤੀ ਪੇਸ਼ੀਆਂ ਵਿਚ ਨਹੀਂ ਭਟਕਾਉਣਾ ਚਾਹੁੰਦੇ, ਇਸ ਲਈ ਉਨ੍ਹਾਂ ਇਹ ਕਦਮ ਚੁੱਕਿਆ ਹੈ।

ਇਸੇ ਦੌਰਾਨ ਸੰਸਦ ਮੈਂਬਰ ਭਗਵੰਤ ਮਾਨ ਨੇ ਰੋਸ ਵਜੋਂ ਪੰਜਾਬ ਇਕਾਈ ਦੇ ਕਨਵੀਨਰ

*(ਬਾਕੀ ਸਫਾ 6 ਉਤੇ)*

## ਨਸ਼ਾ ਤਸਕਰੀ: ਮਜੀਠੀਆ ਖਿਲਾਫ ਪੁਖਤਾ ਸਬੂਤਾਂ ਦਾ ਦਾਅਵਾ

**ਚੰਡੀਗੜ੍ਹ:** ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਭਾਵੇਂ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਤੋਂ ਮੁਆਫੀ ਮੰਗਵਾ ਕੇ ਦਾਅਵਾ ਕਰ ਰਹੇ ਹਨ ਕਿ ਉਨ੍ਹਾਂ ਨੂੰ ਐਵੇਂ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਪਿਛਲੀ ਸਰਕਾਰ ਵੇਲੇ ਮੰਤਰੀ ਹੁੰਦਿਆਂ ਉਸ ਦੀ ਨਸ਼ਾ ਤਸਕਰੀ ਵਿਚ ਸ਼ਮੂਲੀਅਤ ਦੇ ਇਕ ਤੋਂ ਬਾਅਦ ਇਕ ਖੁਲਾਸੇ ਹੋ ਰਹੇ ਹਨ। ਇਹ ਵੀ ਪਤਾ ਲੱਗਾ ਹੈ ਕਿ ਮਜੀਠੀਏ ਵੱਲੋਂ ਨਸ਼ਾ ਤਸਕਰੀ ਵਿਚ ਉਸ ਖਿਲਾਫ ਜਾਂਚ ਕਰ ਰਹੇ ਅਧਿਕਾਰੀਆਂ ਨੂੰ ਵੀ ਧਮਕਾਇਆ ਜਾ ਰਿਹਾ ਹੈ। ਮਜੀਠੀਆ ਤੋਂ ਪੁੱਛਗਿੱਛ ਕਰਨ ਵਾਲੇ ਈ.ਡੀ. ਅਧਿਕਾਰੀ ਨਿਰੰਜਨ ਸਿੰਘ ਮੁੱਖ ਨਿਸ਼ਾਨੇ ਉਤੇ ਹਨ।

ਇਸ ਕੇਸ ਦੇ ਵਕੀਲ ਅਨੁਪਮ ਗੁਪਤਾ ਨੇ ਹਾਈ ਕੋਰਟ ਅੱਗੇ ਇਹ ਮੁੱਦਾ ਚੁੱਕਿਆ ਹੈ। ਅਦਾਲਤ ਨੂੰ ਦੱਸਿਆ ਗਿਆ ਹੈ ਕਿ ਨਿਰੰਜਨ ਸਿੰਘ ਨੂੰ ਮੁਅੱਤਲ ਕਰਨ ਦੀ ਕੋਸ਼ਿਸ਼ ਚੱਲ ਰਹੀ ਹੈ। ਦਿੱਲੀ ਵਿਚਲੇ ਈ.ਡੀ. ਦੇ ਸੀਨੀਅਰ ਅਫਸਰ ਨਿਰੰਜਨ ਸਿੰਘ ਨੂੰ ਡਰਾ-ਧਮਕਾ ਰਹੇ ਹਨ। ਚੇਤੇ ਰਹੇ ਕਿ ਨਿਰੰਜਨ ਸਿੰਘ ਨੇ ਮਜੀਠੀਆ ਖਿਲਾਫ ਜਾਂਚ ਕੀਤੀ ਸੀ। ਪਹਿਲਾਂ ਵੀ ਈ.ਡੀ. ਅਫਸਰ

*(ਬਾਕੀ ਸਫਾ 6 ਉਤੇ)*

ਜੁਲਾਈ - ਅਗਸਤ 2018
High Season Sale
ਦਿੱਲੀ $855
ਟੈਕਸ ਸਮੇਤ
Harpreet Singh
WorldWide Travel
www.fly2world.com
866 66 INDIA
46342
734 838 9998
24 ਘੰਟੇ ਐਮਰਜੈਂਸੀ
Fares shown are for July 10th to Dec 7th 2018 departure from Detroit and may change without notice. please call for more details. Other conditions apply.

Atlantic Tax Solutions Inc.
Income Tax Preparation
By Certified Public Accountant
ਰਿਚਮੰਡ ਹਿੱਲ ਵਿੱਖੇ ਪੰਜਾਬੀ ਭਰਾਵਾਂ ਦੀ ਸੇਵਾ ਲਈ ਇੰਕਮ ਟੈਕਸ ਤੇ ਇੰਸ਼ੋਰੈਂਸ ਦਾ ਦਫ਼ਤਰ ਖੁੱਲ ਗਿਆ ਹੈ। ਅੱਜ ਹੀ ਰਾਹੁਲ ਸਿੰਘ ਨੂੰ ਕਾਲ ਕਰੋ।
Rahul Singh, CPA
Free Consultancy ❖ Best Services ❖ Best Prices
Experience and Specialty: Corporate Tax, Personal Income Tax, Financial Statement Audit, New Business Setup, Year Round Service, Accounting, Bookkeeping, Payroll Services, Immigration Forms
Insurance: Auto, Home, Life, Business, Worker Comp.
Get the most from your tax return!
Authorized e-file Provider
ਪਰਸਨਲ ਟੈਕਸ, ਕਾਰਪੋਰੇਟ ਟੈਕਸ, ਆਡਿਟ, ਬੁੱਕ ਕੀਪਿੰਗ ਤੇ ਟੈਕਸ ਦੀਆਂ ਹੋਰ ਸੇਵਾਵਾਂ ਲਈ ਸੰਪਰਕ ਕਰੋ
718-850-0040 Cell: 917-622-1354 (Rahul) Cell: 917-650-7989 (Rehan)
11805 Atlantic Ave, Richmond Hill NY 11418 Email: sendtocpa@gmail.com

# ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ

**Gurdwara Shri Guru HarGobind Sahib Ji**

**1050 S. Graham Road, Greenwood, IN 46143**

# ਖਾਲਸਾ ਸਾਜਨਾ ਦਿਵਸ ਸਮਾਗਮ

# *Khalsa Sajna Diwas Samagam*

## 20 ਅਪਰੈਲ ਤੋਂ 22 ਅਪਰੈਲ ਤੱਕ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵਿਖੇ ਤਿੰਨ ਰੋਜ਼ਾ ਖਾਲਸਾ ਸਾਜਨਾ ਦਿਵਸ ਸਮਾਗਮ 20 ਅਪਰੈਲ ਤੋਂ 22 ਅਪਰੈਲ ਤੱਕ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕਰਵਾਇਆ ਜਾ ਰਿਹਾ ਹੈ। ਸੰਗਤ ਨੂੰ ਬੇਨਤੀ ਹੈ ਕਿ ਇਨ੍ਹਾਂ ਸਮਾਗਮਾਂ ਵਿਚ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।


*ਭਾਈ ਹਰਚਰਨ ਸਿੰਘ (ਹਜ਼ੂਰੀ ਰਾਗੀ)*


*ਭਾਈ ਗੁਰਮੇਲ ਸਿੰਘ (ਹਜ਼ੂਰੀ ਰਾਗੀ)*


*ਗਿਆਨੀ ਸ਼ੇਰ ਸਿੰਘ*


*ਭਾਈ ਮਹਿਲ ਸਿੰਘ ਚੰਡੀਗੜ੍ਹ (ਕਵੀਸ਼ਰੀ ਜਥਾ)*


*ਭਾਈ ਸੁੱਖਾ ਸਿੰਘ*


*ਗਿਆਨੀ ਭੁਪਿੰਦਰ ਸਿੰਘ*


*ਭਾਈ ਸਾਹਿਬ ਸਿੰਘ*

## ਪ੍ਰੋਗਰਾਮ ਦਾ ਵੇਰਵਾ

**20 ਅਪਰੈਲ 2018, ਸ਼ੁੱਕਰਵਾਰ**

*ਸ਼ਾਮ ਦਾ ਦੀਵਾਨ 6 ਵਜੇ ਤੋਂ 9 ਵਜੇ ਤੱਕ*

**21 ਅਪਰੈਲ 2018, ਸਨਿਚਰਵਾਰ**

*ਸਵੇਰੇ 6:30 ਵਜੇ ਤੋਂ 9 ਵਜੇ ਤੱਕ ਆਸਾ ਦੀ ਵਾਰ*

*ਸ਼ਾਮ ਦਾ ਦੀਵਾਨ 6 ਵਜੇ ਤੋਂ 9 ਵਜੇ ਤੱਕ*

**22 ਅਪਰੈਲ 2018, ਐਤਵਾਰ**

*ਸਵੇਰੇ 6:30 ਵਜੇ ਤੋਂ 9 ਵਜੇ ਤੱਕ ਆਸਾ ਦੀ ਵਾਰ*

*ਦੁਪਹਿਰ ਦਾ ਦੀਵਾਨ: ਸਵੇਰੇ 11:30 ਤੋਂ 3 ਵਜੇ ਤੱਕ*




**21 ਅਪਰੈਲ 2018**

*ਸਨਿਚਰਵਾਰ*

*ਸਵੇਰੇ 11 ਵਜੇ*

**April 20th, 2018 Friday**

*Evening Diwan 6PM to 9PM*

**April 21st, 2018 Saturday**

*Morning 6:30AM to 9AM Asa Dee Vaar*

*Evening Diwan: 6PM to 9PM*

**April 22nd, 2018 Sunday**

*Morning 6:30Am to 9AM Asa Dee Vaar*

*Afternoon Diwan: 11:30AM to 3PM*

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

ਭਾਈ ਗੁਰਪ੍ਰੀਤ ਸਿੰਘ
ਫੋਨ: 317-476-4038

ਭਾਈ ਜਸਦੀਪ ਸਿੰਘ
ਫੋਨ: 317-560-0019

ਭਾਈ ਸਤਨਾਮ ਸਿੰਘ
ਫੋਨ: 317-403-8344

## ਆਪਣੇ ਹੀ ਦੇਸ਼ ਵਿਚ ਸਿੱਖਾਂ ਨਾਲ ਧੱਕੇਸ਼ਾਹੀ ਮੰਦਭਾਗੀ ਕਰਾਰ

**ਸ੍ਰੀ ਅਨੰਦਪੁਰ ਸਾਹਿਬ:** ਸਹਾਰਨਪੁਰ ਦੇ ਇਕ ਪ੍ਰਾਈਵੇਟ ਸਕੂਲ ਵਿਚ 10ਵੀਂ ਜਮਾਤ ਦੇ ਇਮਤਿਹਾਨ ਦੇ ਰਹੇ ਸਿੱਖ ਵਿਦਿਆਰਥੀਆਂ ਦੀਆ ਜਬਰੀ ਕਿਰਪਾਨਾਂ ਉਤਾਰੇ ਜਾਣ ਨਾਲ ਸਿੱਖ ਭਾਈਚਾਰੇ ਵਿਚ ਰੋਸ ਦੀ ਲਹਿਰ ਪਾਈ ਜਾ ਰਹੀ ਹੈ।

ਇਸ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਸਾਬਕਾ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਸਮੇਤ ਹੋਰ ਸਿੱਖ ਆਗੂਆਂ ਨੇ ਸਕੂਲ ਪ੍ਰਸ਼ਾਸਨ ਦੇ ਇਸ ਘਟਨਾਕ੍ਰਮ ਦੀ ਨਿਖੇਧੀ ਕੀਤੀ।

ਪ੍ਰਧਾਨ ਲੌਂਗੋਵਾਲ ਅਤੇ ਪ੍ਰੋ. ਬਡੂੰਗਰ ਨੇ ਕਿਹਾ ਕਿ ਪਹਿਲਾਂ ਹੀ ਵਿਦੇਸ਼ਾਂ ਵਿਚ ਸਿੱਖ ਭਾਈਚਾਰੇ ਨੂੰ ਨਸਲੀ ਹਮਲਿਆਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ ਪਰ ਆਪਣੇ ਹੀ ਦੇਸ਼ ਵਿਚ ਅੰਮ੍ਰਿਤਧਾਰੀ ਬੱਚਿਆ ਨੂੰ ਕਿਰਪਾਨ ਉਤਾਰਨ ਲਈ ਮਜਬੂਰ ਕੀਤੇ ਜਾਣ ਦੀ ਘਟਨਾ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਯੂ.ਪੀ. ਦੇ ਮੁੱਖ ਮੰਤਰੀ ਯੋਗੀ ਅਦਿਤਿਯਾਨਾਥ ਤੋਂ ਮੰਗ ਕੀਤੀ ਕਿ ਉਹ ਸਕੂਲੀ ਪ੍ਰਸ਼ਾਸਨ ਵੱਲੋਂ ਕੀਤੀ ਇਸ ਕਾਰਵਾਈ ਦੀ ਜਾਂਚ ਕਰਵਾਉਣ।

## ਗੁਰਦੁਆਰਾ ਪੈਲਾਟਾਈਨ ਦੀ ਪ੍ਰਬੰਧਕ ਕਮੇਟੀ ਲਈ ਚੋਣ ਪਹਿਲੀ ਅਪਰੈਲ ਨੂੰ

**ਸ਼ਿਕਾਗੋ (ਬਿਊਰੋ):** ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ (ਗੁਰਦੁਆਰਾ ਪੈਲਾਟਾਈਨ) ਦੇ ਪ੍ਰਬੰਧਕੀ ਬੋਰਡ ਦੀਆਂ 2018 ਵਿਚ ਖਾਲੀ ਹੋਈਆਂ 5 ਸੀਟਾਂ ਲਈ ਚੋਣਾਂ ਆਉਂਦੀ ਪਹਿਲੀ ਅਪਰੈਲ ਨੂੰ ਸਵੇਰੇ 8 ਵਜੇ ਤੋਂ ਸ਼ਾਮੀਂ 4 ਵਜੇ ਤੱਕ ਹੋਣਗੀਆਂ। ਇਨ੍ਹਾਂ ਚੋਣਾਂ ਵਿਚ ਤਿੰਨ ਧਿਰਾਂ ਦੇ 16 ਉਮੀਦਵਾਰ ਮੈਦਾਨ ਵਿਚ ਹਨ ਜਦੋਂਕਿ ਸੰਵਿਧਾਨ ਅਮਲ ਕਮੇਟੀ (ਸੀ. ਆਈ. ਸੀ.) ਲਈ ਇਕ ਉਮੀਦਵਾਰ ਹੈ। ਪ੍ਰਬੰਧਕੀ ਬੋਰਡ ਦੀਆਂ ਪੰਜ ਸੀਟਾਂ ਲਈ ਚੋਣਾਂ ਕਰੀਬ ਪੰਜ ਸਾਲ ਬਾਅਦ ਹੋ ਰਹੀਆਂ ਹਨ। ਪਿਛਲੀਆਂ ਚੋਣਾਂ ਫਰਵਰੀ 2013 'ਚ ਹੋਈਆਂ ਸਨ। ਇਸ ਪਿਛੋਂ 2014 ਵਿਚ 5 ਪ੍ਰਬੰਧਕੀ ਬੋਰਡ ਮੈਂਬਰਾਂ ਤੇ 2016 ਵਿਚ 4 ਮੈਂਬਰਾਂ ਦੀ ਚੋਣ ਸਿਲੈਕਸ਼ਨ ਰਾਹੀਂ ਹੋਈ ਸੀ।

2018 ਦੀਆਂ ਚੋਣਾਂ ਵਿਚ ਤਿੰਨ ਧਿਰਾਂ 16 ਉਮੀਦਵਾਰ ਮੈਦਾਨ ਵਿਚ ਹਨ। ਇਕ ਧਿਰ ਦੇ ਅਮਰਦੇਵ ਸਿੰਘ, ਇਰਵਿਨਪ੍ਰੀਤ ਸਿੰਘ, ਪ੍ਰੇਮਪਾਲ ਸਿੰਘ, ਸਰਵਣ ਸਿੰਘ ਤੇ ਖੁਸ਼ਪਾਲ ਸਿੰਘ ਸੋਢੀ; ਦੂਜੀ ਧਿਰ ਦੇ ਅਮਰਜੀਤ ਸਿੰਘ ਬੈਂਸ, ਗੁਰਦੀਪ ਸਿੰਘ ਜੌਹਲ, ਜੈ ਰਾਮ ਸਿੰਘ (ਨੀਟੂ) ਕਾਹਲੋਂ, ਵਹੀਰ ਸਿੰਘ ਨਾਰੰਗ ਤੇ ਸਲਵਿੰਦਰ ਕੌਰ ਸੰਧੂ ਅਤੇ ਤੀਜੀ ਧਿਰ ਦੇ ਗੁਰਪ੍ਰੀਤ ਸਿੰਘ, ਕੰਵਲ ਹਰਿੰਦਰ ਸਿੰਘ ਤੇ ਸ਼ਿਵਇੰਦਰਜੀਤ (ਦਾਰਾ) ਸਿੰਘ ਚੋਣ ਮੈਦਾਨ ਵਿਚ ਹਨ। ਤਿੰਨ ਉਮੀਦਵਾਰਾਂ- ਮਹਾਂਬੀਰ ਸਿੰਘ ਢਿੱਲੋਂ, ਜਗਦੀਸ਼ ਸਿੰਘ ਸੰਧੂ ਤੇ ਸਤਨਾਮ ਸਿੰਘ ਸੰਧੂ ਨੇ ਆਪਣੇ ਨਾਂ ਵਾਪਸ ਲੈ ਲਏ ਸਨ। ਸੰਵਿਧਾਨ ਅਮਲ ਕਮੇਟੀ ਲਈ ਇਕ ਉਮੀਦਵਾਰ ਗੁਰਦੀਪ ਸਿੰਘ ਸੰਘਾ ਚੋਣ ਮੈਦਾਨ ਵਿਚ ਹਨ। ਸਲੇਟਾਂ ਨੂੰ ਕੋਈ ਰਸਮੀ ਨਾਂ ਨਹੀਂ ਦਿੱਤਾ ਗਿਆ।

ਲੰਘੇ ਐਤਵਾਰ ਉਮੀਦਵਾਰਾਂ ਨੂੰ ਗੁਰੂ ਘਰ ਦੇ ਦੀਵਾਨ ਹਾਲ ਵਿਚ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕਰਨ ਦਾ ਮੌਕਾ ਦਿੱਤਾ ਗਿਆ ਜਿਸ ਦੌਰਾਨ ਉਨ੍ਹਾਂ ਗੁਰੂ ਘਰ ਲਈ ਕੀਤੀ ਸੇਵਾ ਦਾ ਵੇਰਵਾ ਤੇ ਭਵਿਖ ਵਿਚ ਗੁਰੂ ਘਰ ਦੀ ਬਿਹਤਰੀ ਲਈ ਆਪਣਾ ਜਾਂ ਆਪਣੀ ਟੀਮ ਦੀਆਂ ਯੋਜਨਾਵਾਂ ਦਾ ਖੁਲਾਸਾ ਸੰਗਤ ਦੇ ਸਾਹਮਣੇ ਕੀਤਾ। ਬਹੁਤੇ ਬੁਲਾਰਿਆਂ ਨੇ ਸਿੱਖ ਪਛਾਣ, ਸਿੱਖ ਜਾਗਰੂਕਤਾ ਦੀ ਤੇ ਸੰਵਿਧਾਨ ਦੇ ਅਮਲ ਇਸ ਵਿਚਲੇ ਨਿਯਮਾਂ ਨੂੰ ਸਹੀ ਰੂਪ ਵਿਚ ਲਾਗੂ ਕਰਨ ਦੀ ਗੱਲ ਕੀਤੀ।

ਪਿਛਲੇ ਸਮੇਂ ਵਿਚ ਹੋਈ ਸਿਲੈਕਸ਼ਨ ਦੇ ਮਦੇਨਜ਼ਰ ਇਸ ਵਾਰ ਵੀ ਪਿਛਲੇ ਸਾਲ ਸੰਗਤ ਮੈਂਬਰਾਂ ਦੀ ਇਕ ਸਿਲੈਕਸ਼ਨ ਪ੍ਰਕ੍ਰਿਆ ਕਮੇਟੀ ਬਣਾਈ ਗਈ ਸੀ ਤਾਂਕਿ ਬਿਨਾ ਕਿਸੇ ਵਿਵਾਦ ਦੇ 2018 ਦੇ ਪ੍ਰਬੰਧਕੀ ਬੋਰਡ ਦੇ 5 ਉਮੀਦਵਾਰਾਂ ਦੀ ਚੋਣ ਕੀਤੀ ਜਾ ਸਕੇ ਪਰ ਇਹ ਕਮੇਟੀ ਖੁਦ ਹੀ ਆਲੋਚਨਾ ਤੇ ਵਿਵਾਦਾਂ ਵਿਚ ਘਿਰ ਗਈ ਜਿਸ ਕਾਰਨ ਅਖੀਰ ਚੋਣਾਂ ਦਾ ਰਾਹ ਹੀ ਚੁਣਨਾ ਪਿਆ।

2017 ਵਿਚ ਰਜਿਸਟਰ ਹੋਏ 815 ਵੋਟਰ ਆਪਣੇ ਵੋਟ ਦੇ ਹੱਕ ਦੀ ਵਰਤੋਂ ਕਰ ਸਕਣਗੇ। ਵੋਟ ਪਾਉਣ ਲਈ ਫੋਟੋ ਆਈ.ਡੀ. ਜਰੂਰੀ ਹੋਵੇਗੀ।

## 31ਵੇਂ ਸਾਲਾਨਾ ਨਗਰ ਕੀਰਤਨ ਸਬੰਧੀ ਤਿਆਰੀ ਮੀਟਿੰਗ 25 ਨੂੰ

**ਨਿਊ ਯਾਰਕ (ਬਿਊਰੋ):** ਇਥੇ ਸਜਾਏ ਜਾਂਦੇ ਸਾਲਾਨਾ ਨਗਰ ਕੀਰਤਨ ਦੀ ਤਿਆਰੀ ਸਬੰਧੀ ਈਸਟ ਕੋਸਟ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੀ ਇਕ ਮੀਟਿੰਗ ਗੁਰਦੁਆਰਾ ਸਿੰਘ ਸਭਾ ਆਫ ਨਿਊ ਜਰਸੀ, ਕਾਰਟਰੇਟ (941 ਪੋਰਟ ਰੀਡਿੰਗ ਐਵੇਨਿਊ, ਪੋਰਟ ਰੀਡਿੰਗ, ਫੋਨ: 735-541-4411) ਵਿਖੇ 25 ਮਾਰਚ, ਐਤਵਾਰ ਨੂੰ ਹੋਵੇਗੀ। ਜ਼ਿਕਰਯੋਗ ਹੈ ਕਿ ਇਸ ਵਾਰ 31ਵਾਂ ਸਾਲਾਨਾ ਨਗਰ ਕੀਰਤਨ ਮੈਨਹਟਨ ਵਿਖੇ 28 ਅਪਰੈਲ ਨੂੰ ਸਜਾਇਆ ਜਾਵੇਗਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਦੇ ਮੁੱਖ ਸੇਵਾਦਾਰ ਸ. ਕੁਲਦੀਪ ਸਿੰਘ ਢਿੱਲੋਂ ਨੇ ਦੱਸਿਆ ਕਿ ਮੀਟਿੰਗ ਵਿਚ ਨਗਰ ਕੀਰਤਨ ਦੀਆਂ ਤਿਆਰੀਆਂ ਸਬੰਧੀ ਵਿਚਾਰ-ਵਟਾਂਦਰਾ ਹੋਵੇਗਾ ਅਤੇ ਹੋਰ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਸੁਝਾਅ ਲਏ ਜਾਣਗੇ। ਪ੍ਰਬੰਧਕਾਂ ਨੇ ਨਗਰ ਕੀਰਤਨ ਵਿਚ ਲੰਗਰ ਲਾਉਣ ਵਾਲੇ ਸੇਵਾਦਾਰਾਂ ਨੂੰ ਇਸ ਮੀਟਿੰਗ ਵਿਚ ਹਾਜ਼ਰ ਹੋਣ ਦੀ ਬੇਨਤੀ ਕੀਤੀ ਹੈ।

ਹੋਰ ਜਾਣਕਾਰੀ ਲਈ ਸ. ਕੁਲਦੀਪ ਸਿੰਘ ਢਿੱਲੋਂ ਨਾਲ ਫੋਨ: 347-234-2405, ਕੋਆਰਡੀਨੇਟਰ (ਨਗਰ ਕੀਰਤਨ) ਸ. ਗੁਰਦੇਵ ਸਿੰਘ ਕੰਗ ਫੋਨ: 718-974-4827, ਚੇਅਰਮੈਨ ਸ. ਸੁਰਜੀਤ ਸਿੰਘ ਮੂਧਲ ਫੋਨ: 646-639-5839, ਜਨਰਲ ਸਕੱਤਰ ਸ. ਭੁਪਿੰਦਰ ਸਿੰਘ ਅਟਵਾਲ ਫੋਨ: 347-837-5615 ਜਾਂ ਸ. ਕੁਲਦੀਪ ਸਿੰਘ ਵੜੈਚ ਫੋਨ: 917-208-3695 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਹਿੰਦੀ ਦੇ ਪ੍ਰਸਿੱਧ ਕਵੀ ਕੇਦਾਰਨਾਥ ਸਿੰਘ ਨਹੀਂ ਰਹੇ

**ਨਵੀਂ ਦਿੱਲੀ:** ਹਿੰਦੀ ਦੇ ਪ੍ਰਸਿੱਧ ਲੇਖਕ, ਕਵੀ ਅਤੇ ਗਿਆਨਪੀਠ, ਸਾਹਿਤ ਅਕਾਦਮੀ ਤੇ ਬਿਆਸ ਸਨਮਾਨ ਸਹਿਤ ਅਨੇਕਾਂ ਪੁਰਸਕਾਰ ਜੇਤੂ ਡਾ. ਕੇਦਾਰਨਾਥ ਸਿੰਘ ਦਾ ਦਿੱਲੀ ਦੇ ਏਮਜ਼ ਹਸਪਤਾਲ ਵਿਚ ਦੇਹਾਂਤ ਹੋ ਗਿਆ। ਪਰਿਵਾਰਕ ਸੂਤਰਾਂ ਨੇ ਦੱਸਿਆ ਕਿ ਡਾ. ਕੇਦਾਰਨਾਥ ਸਿੰਘ ਨੂੰ ਡੇਢ ਮਹੀਨਾ ਪਹਿਲਾਂ ਨਮੂਨੀਆ ਹੋ ਗਿਆ ਸੀ। ਉਹ 84 ਸਾਲਾਂ ਦੇ ਸਨ। ਉਨ੍ਹਾਂ ਦੇ ਇਕ ਪੁੱਤਰ ਅਤੇ ਪੰਜ ਪੁੱਤਰੀਆਂ ਹਨ।

## ਸ਼ੀ ਜਿਨਪਿੰਗ ਮੁੜ ਬਣੇ ਚੀਨ ਦੇ ਰਾਸ਼ਟਰਪਤੀ

**ਪੇਈਚਿੰਗ:** ਚੀਨ ਦੀ ਰਬੜ ਸਟੈਂਪ ਮੰਨੀ ਜਾਂਦੀ ਸੰਸਦ ਨੈਸ਼ਨਲ ਪੀਪਲਜ਼ ਕਾਂਗਰਸ ਵੱਲੋਂ ਸ਼ੀ ਜਿਨਪਿੰਗ ਨੂੰ ਮੁੜ ਪੰਜ ਸਾਲਾਂ ਲਈ ਚੀਨ ਦਾ ਰਾਸ਼ਟਰਪਤੀ ਚੁਣ ਲਿਆ ਗਿਆ ਹੈ। ਇਸ ਤੋਂ ਕੁਝ ਦਿਨ ਪਹਿਲਾਂ ਇਸੇ ਸੰਸਦ ਵੱਲੋਂ ਰਾਸ਼ਟਰਪਤੀ ਵਜੋਂ ਦੋ ਕਾਰਜਕਾਲ ਦੀ ਹੱਦ ਖਤਮ ਕਰਦੇ ਹੋਏ ਸ਼ੀ ਨੂੰ ਉਮਰ ਭਰ ਲਈ ਰਾਸ਼ਟਰਪਤੀ ਬਣਨ ਦੀ ਮਨਜ਼ੂਰੀ ਦਿੱਤੀ ਗਈ ਸੀ। ਇਸੇ ਦੌਰਾਨ ਸ਼ੀ ਦੇ ਸਭ ਤੋਂ ਭਰੋਸੇਮੰਦ ਤੇ ਵਫ਼ਾਦਾਰ ਮੰਨੇ ਜਾਂਦੇ ਵਾਂਗ ਕੀਸ਼ਾਨ (69) ਨੂੰ ਚੀਨ ਦਾ ਉਪ ਰਾਸ਼ਟਰਪਤੀ ਚੁਣ ਲਿਆ ਗਿਆ ਹੈ। ਉਨ੍ਹਾਂ ਦਾ ਕਾਰਜਕਾਲ ਵੀ ਸ਼ੀ ਵਾਂਗ ਉਮਰ ਭਰ ਦਾ ਹੋ ਸਕਦਾ ਹੈ।


## Matrimonials

### ਲੜਕੀ ਦੀ ਲੋੜ ਹੈ

Looking for a suitable beautiful educated US citizen/ green card holder girl, at least 5'-6" or more, for Sikh clean shaven handsome boy 40 yrs, 6', US born MBA. Owns family established business. Cast no bar. Contact: 513-546-7246 8-11

Saini Sikh clean shave boy, 28, 6', M.Sc. Bio Technology doing BDS in Chandigarh, seeks suitable well educated Saini/Jatt Sikh girl. Family well settled in the USA. Pl contact, Ph: 516-503-9541 or email: mohan1w34@gmail.com 4-11

Ramgariah family looking for a suitable Ramgariah match for their U. S. born son, Sr. Financial Analyst 34 years, 5'-10". Pl contact: jsnov1973@aol.com 12/4

### ਵਰ ਦੀ ਲੋੜ

Match for Jatt Sikh Gill girl, 28 yrs, 5'-5", engineer in MNC, H1B Visa, Green Card in procesing, Lives in Bay Area, California. Preferance to doctor/ engeneer in Bay Area. Contact: hsgill.ado@gmail.com 11-14

Wanted US/Canadian citizen/green card holder boy for Jatt Sikh girl, fair complexion, 23 yrs, 5'-4" from Chandigarh, Bachelor of Dental Surgery, doing internship, only daughter, father retired sub inspector Chandigarh police. Contact, Ph: 765-760-0581 or 765-702-8255 10-13

Punjab Times
Ph: 847-359-0746
punjabtimesusa.com

Punjab Times E-mail: Punjabtimes1@gmail.com
www.punjabtimesusa.com

ਤੰਦੂਰੀਏ ਦੀ ਲੋੜ ਹੈ
ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ ਦੀ ਲੋੜ ਹੈ ਜੋ ਤੰਦੂਰ ਦਾ ਸਾਰਾ ਕੰਮ ਜਾਣਦਾ ਹੋਵੇ। ਚੰਗੀ ਤਨਖਾਹ; ਖਾਣਾ ਤੇ ਰਿਹਾਇਸ਼ ਮੁਫਤ
ਪਤੀ-ਪਤਨੀ ਨੂੰ ਪਹਿਲ
ਸੰਪਰਕ ਕਰੋ: ਮਿ. ਸਿੰਘ
ਫੋਨ: 515-291-1961
11-12

ਡਿਸ਼ ਵਾਸ਼ਰ ਅਤੇ ਹੈਲਪਰ ਦੀ ਲੋੜ ਹੈ
ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਡਿਸ਼ ਵਾਸ਼ਰ ਅਤੇ ਹੈਲਪਰ ਦੀ ਲੋੜ ਹੈ
ਸੰਪਰਕ ਕਰੋ, ਫੋਨ: 262-391-7666
12-13

House for Sale in Chandigarh
HIG Independent duplex house around 9 marla in Sector 28 West, Chandigarh for sale.
Please contact:
Sunny 618-513-7645

ਹਲਵਾਈ ਤੇ ਹੈਲਪਰਾਂ ਦੀ ਲੋੜ ਹੈ
ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ ਅਤੇ ਹੈਲਪਰ ਚਾਹੀਦੇ ਹਨ। ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
8-

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



Gurdip Singh Sandhu

Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com

# ਬੇਅੰਤ ਸਿੰਘ ਹੱਤਿਆ ਕਾਂਡ: ਜਗਤਾਰ ਤਾਰਾ ਨੂੰ ਮੌਤ ਤੱਕ ਉਮਰ ਕੈਦ

**ਚੰਡੀਗੜ੍ਹ:** ਵਿਸ਼ੇਸ਼ ਅਦਾਲਤ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਮਾਮਲੇ ਵਿਚ ਜਗਤਾਰ ਸਿੰਘ ਤਾਰਾ ਨੂੰ ਦੋਸ਼ੀ ਠਹਿਰਾਉਂਦਿਆਂ ਤਾਉਮਰ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਤਾਰਾ ਨੂੰ 35000 ਰੁਪਏ ਦਾ ਜੁਰਮਾਨਾ ਵੀ ਕੀਤਾ ਹੈ। ਸੀ.ਬੀ.ਆਈ. ਦੇ ਵਕੀਲ ਨੇ ਤਾਰਾ ਨੂੰ ਫਾਂਸੀ ਦੇਣ ਦੀ ਮੰਗ ਕੀਤੀ ਸੀ। ਤਾਰਾ (43) ਖ਼ਿਲਾਫ਼ ਧਾਰਾ 302, 307, 120 ਅਤੇ ਧਮਾਕਾਖੇਜ਼ ਸਮੱਗਰੀ ਰੱਖਣ ਨਾਲ ਸਬੰਧਤ ਹੋਰਨਾਂ ਧਾਰਾਵਾਂ ਹੇਠ ਕੇਸ ਦਰਜ ਕੀਤਾ ਗਿਆ ਸੀ। ਇਸ ਸਾਲ ਜਨਵਰੀ ਵਿਚ ਉਸ ਨੇ ਅਦਾਲਤ ਵਿਚ ਕਬੂਲਨਾਮਾ ਦਾਖਲ ਕੀਤਾ ਸੀ, ਜਿਸ ਵਿਚ ਉਸ ਨੇ 1995 ਦੇ ਬੇਅੰਤ ਸਿੰਘ ਹੱਤਿਆਕਾਂਡ ਵਿਚ ਆਪਣੀ ਸ਼ਮੂਲੀਅਤ ਕਬੂਲੀ ਸੀ।

ਜ਼ਿਕਰਯੋਗ ਹੈ ਕਿ 31 ਅਗਸਤ, 1995 ਨੂੰ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਚੰਡੀਗੜ੍ਹ ਸਿਵਲ ਸਕੱਤਰੇਤ ਦੇ ਬਾਹਰ ਹੋਏ ਬੰਬ ਧਮਾਕੇ ਵਿਚ ਮਾਰੇ ਗਏ ਸਨ। ਇਸ ਹਮਲੇ ਵਿਚ 16 ਹੋਰਨਾਂ ਲੋਕਾਂ ਦੀਆਂ ਵੀ ਜਾਨਾਂ ਗਈਆਂ ਸਨ। ਪੰਜਾਬ ਪੁਲਿਸ ਦੇ ਮੁਲਾਜ਼ਮ ਦਿਲਾਵਰ ਸਿੰਘ ਨੇ ਇਸ ਘਟਨਾ ਵਿਚ ਮਨੁੱਖੀ ਬੰਬ ਦੀ ਭੂਮਿਕਾ ਨਿਭਾਈ ਸੀ। ਤਾਰਾ ਨੂੰ ਸਤੰਬਰ 1995 ਨੂੰ ਨਵੀਂ ਦਿੱਲੀ ਤੋਂ ਗ੍ਰਿਫਤਾਰ ਕੀਤਾ ਗਿਆ ਸੀ ਜਦੋਂਕਿ ਉਹ ਦੋ ਹੋਰਨਾਂ ਮੁਲਜ਼ਮਾਂ ਨਾਲ 2004 ਵਿਚ ਕੇਸ ਦੀ ਸੁਣਵਾਈ ਦੌਰਾਨ ਬੁੜੈਲ ਜੇਲ੍ਹ ਵਿਚੋਂ ਫਰਾਰ ਹੋ ਗਿਆ ਸੀ। ਇਸ ਤੋਂ ਬਾਅਦ ਉਸ ਨੂੰ 2015 ਵਿਚ ਥਾਈਲੈਂਡ ਤੋਂ ਗ੍ਰਿਫਤਾਰ ਕੀਤਾ ਗਿਆ ਸੀ।

ਸੁਰੱਖਿਆ ਕਾਰਨਾਂ ਕਰ ਕੇ ਬੁੜੈਲ ਜੇਲ੍ਹ 'ਚ ਲਗਾਈ ਗਈ ਵਿਸ਼ੇਸ਼ ਅਦਾਲਤ ਵਿਚ ਇਸ ਮੁਕੱਦਮੇ ਦੀ ਸੁਣਵਾਈ ਚੱਲੀ। ਭਾਈ ਤਾਰਾ ਨੇ ਮੁਕੱਦਮੇ ਦੌਰਾਨ ਸੀ.ਬੀ.ਆਈ. ਪੱਖ ਵੱਲੋਂ ਪੁੱਛੇ ਪ੍ਰਸ਼ਨਾਂ ਦੇ ਉਤਰ ਦਿੰਦੇ ਹੋਏ ਦੱਸਿਆ ਸੀ ਕਿ ਕਿਸ ਤਰ੍ਹਾਂ ਉਸ ਨੇ ਭਾਈ ਦਿਲਾਵਰ ਸਿੰਘ ਤੇ ਭਾਈ ਬਲਵੰਤ ਸਿੰਘ ਰਾਜੋਆਣਾ ਨਾਲ ਮਿਲ ਕੇ ਬੇਅੰਤ ਸਿੰਘ ਦੀ ਹੱਤਿਆ ਕਰਨ ਦੀ ਯੋਜਨਾ ਬਣਾਈ ਸੀ। ਜਾਣਕਾਰੀ ਅਨੁਸਾਰ ਮਾਮਲੇ 'ਚ ਕੁੱਲ 15 ਮੁਲਜ਼ਮ ਬਣਾਏ ਗਏ ਸਨ ਜਿਨ੍ਹਾਂ ਵਿਚੋਂ 8 ਉਤੇ ਮੁਕੱਦਮਾ ਚੱਲਿਆ ਅਤੇ ਸੱਤ ਖਿਲਾਫ਼ ਪਹਿਲਾ ਫੈਸਲਾ ਆ ਚੁੱਕਾ ਹੈ ਅਤੇ ਅੱਠਵਾਂ ਫੈਸਲਾ ਭਾਈ ਜਗਤਾਰ ਸਿੰਘ ਤਾਰਾ ਖਿਲਾਫ਼ ਆਇਆ ਹੈ।



### ਸਜ਼ਾ ਘਟਾਉਣ ਲਈ ਅਪੀਲ ਤੋਂ ਨਾਂਹ

ਅਦਾਲਤ ਵੱਲੋਂ ਭਾਈ ਤਾਰਾ ਨੂੰ ਕੁਦਰਤੀ ਮੌਤ ਤੱਕ ਜੇਲ੍ਹ ਦੀ ਸਜ਼ਾ ਸੁਣਾਏ ਜਾਣ ਉਤੇ ਭਾਈ ਤਾਰਾ ਨੇ ਇਸ ਫੈਸਲੇ ਸਬੰਧੀ ਕਿਹਾ ਕਿ ਉਹ ਇਸ ਫੈਸਲੇ ਖਿਲਾਫ਼ ਕੋਈ ਅਪੀਲ ਨਹੀਂ ਕਰਨਗੇ। ਭਾਈ ਤਾਰਾ ਦੇ ਵਕੀਲ ਸਿਮਰਨਜੀਤ ਸਿੰਘ ਨੇ ਦੱਸਿਆ ਕਿ ਸੀ.ਬੀ.ਆਈ. ਪੱਖ ਨੇ ਅਦਾਲਤ ਤੋਂ ਭਾਈ ਤਾਰਾ ਨੂੰ ਫਾਂਸੀ ਦੀ ਸਜ਼ਾ ਜਾਂ ਫਿਰ ਕੁਦਰਤੀ ਮੌਤ ਤੱਕ ਉਮਰ ਕੈਦ ਦੇਣ ਦੀ ਮੰਗ ਕੀਤੀ ਸੀ। ਸੀ.ਬੀ.ਆਈ. ਨੇ ਇਹ ਵੀ ਕਿਹਾ ਸੀ ਕਿ ਭਾਈ ਤਾਰਾ ਪਹਿਲਾਂ ਜੇਲ੍ਹ ਤੋੜ ਕੇ ਫਰਾਰ ਹੋ ਚੁੱਕਾ ਹੈ ਜਿਸ ਕਰ ਕੇ ਉਸ ਨੂੰ ਸਜ਼ਾ ਦੌਰਾਨ ਪੈਰੋਲ ਵੀ ਨਹੀਂ ਦਿੱਤੀ ਜਾਣੀ ਚਾਹੀਦੀ।

### ਤਾਰਾ ਦੀ ਰਿਹਾਈ ਲਈ ਡਟੀਆਂ ਸਿੱਖ ਜਥੇਬੰਦੀਆਂ

**ਅੰਮ੍ਰਿਤਸਰ:** ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਮਾਮਲੇ ਵਿਚ ਸੀ.ਬੀ.ਆਈ. ਅਦਾਲਤ ਵੱਲੋਂ ਜਗਤਾਰ ਸਿੰਘ ਤਾਰਾ ਨੂੰ ਜੀਵਨ ਭਰ ਕੈਦ ਦੀ ਦਿੱਤੀ ਸਜ਼ਾ ਦਾ ਸਿੱਖ ਜਥੇਬੰਦੀਆਂ ਨੇ ਸਖਤ ਵਿਰੋਧ ਕੀਤਾ ਹੈ ਅਤੇ ਉਸ ਦੀ ਰਿਹਾਈ ਦੀ ਮੰਗ ਕੀਤੀ ਹੈ। ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਆਖਿਆ ਕਿ ਸਜ਼ਾ ਨਾਲ ਸਿੱਖ ਕੌਮ ਅੰਦਰ ਭਾਰੀ ਰੋਸ ਹੈ। ਉਨ੍ਹਾਂ ਸਰਕਾਰ ਕੋਲੋਂ ਤਾਰਾ ਦੀ ਰਿਹਾਈ ਲਈ ਕਦਮ ਚੁੱਕਣ ਦੀ ਮੰਗ ਕੀਤੀ।

ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ ਅਦਾਲਤ ਵੱਲੋਂ ਸੁਣਾਈ ਸਜ਼ਾ ਨਾਲ ਸਿੱਖ ਰਾਜ ਦੀ ਮੰਗ ਕਰਨ ਵਾਲਿਆਂ ਦੇ ਹੌਸਲੇ ਪਸਤ ਨਹੀਂ ਹੋਣਗੇ। ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਦੇ ਆਗੂ ਸਤਵਿੰਦਰ ਸਿੰਘ ਨੇ ਤਾਰਾ ਤੇ ਉਸ ਵਰਗੇ ਹੋਰਨਾਂ ਸਿੱਖ ਨੌਜਵਾਨਾਂ ਵੱਲੋਂ ਕੀਤੀ ਕਾਰਵਾਈ ਨੂੰ ਜਾਇਜ਼ ਕਰਾਰ ਦਿੱਤਾ ਹੈ।

# ਚੀਫ ਖਾਲਸਾ ਦੀਵਾਨ ਦੇ ਅਹੁਦੇਦਾਰਾਂ ਦੀ ਚੋਣ ਲਈ ਜ਼ੋਰ ਅਜ਼ਮਾਈ

**ਅੰਮ੍ਰਿਤਸਰ:** ਚੀਫ ਖਾਲਸਾ ਦੀਵਾਨ ਦੇ ਪ੍ਰਧਾਨ, ਮੀਤ ਪ੍ਰਧਾਨ ਤੇ ਸਕੱਤਰ ਦੇ ਅਹੁਦੇ ਵਾਸਤੇ 25 ਮਾਰਚ ਨੂੰ ਹੋਣ ਵਾਲੀ ਉਪ ਚੋਣ ਲਈ ਇਸ ਵਾਰ ਤਿਕੋਨਾ ਮੁਕਾਬਲਾ ਹੋਵੇਗਾ। ਨਾਮਜ਼ਦਗੀ ਪੱਤਰ ਵਾਪਸ ਲੈਣ ਦੀ ਮਿਤੀ ਲੰਘਣ ਤੋਂ ਬਾਅਦ ਹੁਣ ਤਿੰਨਾਂ ਅਹੁਦਿਆਂ ਵਾਸਤੇ 9 ਉਮੀਦਵਾਰ ਮੈਦਾਨ ਵਿਚ ਹਨ ਅਤੇ ਇਹ ਤਿੰਨ ਧੜਿਆਂ ਨਾਲ ਸਬੰਧਤ ਹਨ।

ਸਾਬਕਾ ਪ੍ਰਧਾਨ ਚਰਨਜੀਤ ਸਿੰਘ ਚੱਢਾ ਦੀ ਇਤਰਾਜ਼ਯੋਗ ਵੀਡੀਓ ਵਾਇਰਲ ਹੋਣ ਮਗਰੋਂ ਚੀਫ ਖਾਲਸਾ ਦੀਵਾਨ ਵਿਚ ਪੈਦਾ ਹੋਏ ਸੰਕਟ ਕਾਰਨ ਤਿੰਨ ਅਹੁਦਿਆਂ ਵਾਸਤੇ ਉਪ ਚੋਣ ਹੋ ਰਹੀ ਹੈ। ਇਸ ਚੋਣ ਤਹਿਤ 25 ਮਾਰਚ ਨੂੰ ਦੁਪਹਿਰ ਡੇਢ ਵਜੇ ਤੋਂ ਸ਼ਾਮ ਪੰਜ ਵਜੇ ਤੱਕ ਬੈਲਟ ਪੇਪਰ ਰਾਹੀਂ ਵੋਟਾਂ ਪੈਣਗੀਆਂ ਤੇ ਉਸੇ ਦਿਨ ਹੀ ਵੋਟਾਂ ਦੀ ਗਿਣਤੀ ਮਗਰੋਂ ਨਤੀਜਾ ਐਲਾਨ ਦਿੱਤਾ ਜਾਵੇਗਾ। ਨਾਮਜ਼ਦਗੀ ਪੱਤਰ ਵਾਪਸ ਲੈਣ ਦੀ ਆਖਰੀ ਮਿਤੀ ਲੰਘਣ ਤੋਂ ਬਾਅਦ ਇਨ੍ਹਾਂ ਤਿੰਨ ਅਹੁਦਿਆਂ ਵਾਸਤੇ 9 ਉਮੀਦਵਾਰ ਮੈਦਾਨ ਵਿਚ ਹਨ। ਇਹ ਤਿੰਨ ਧੜਿਆਂ ਅਣਖੀ ਸਮਰਥਕ ਧੜਾ, ਚੱਢਾ ਸਮਰਥਕ ਧੜਾ ਤੇ ਧਨਰਾਜ ਸਿੰਘ ਧੜੇ ਨਾਲ ਸਬੰਧਤ ਹਨ। ਪ੍ਰਧਾਨ ਦੀ ਚੋਣ ਵਾਸਤੇ ਤਿੰਨ ਉਮੀਦਵਾਰ ਮੈਦਾਨ ਵਿਚ ਹਨ। ਤਿੰਨ ਉਮੀਦਵਾਰਾਂ ਵਿਚ ਅਕਾਲੀ ਆਗੂ ਤੇ ਸਾਬਕਾ ਸੰਸਦ ਮੈਂਬਰ ਰਾਜ ਮਹਿੰਦਰ ਸਿੰਘ ਮਜੀਠਾ, ਸਰਜਨ ਡਾ. ਸੰਤੋਖ ਸਿੰਘ ਤੇ ਸਮਾਜ ਸੇਵਕ ਧਨਰਾਜ ਸਿੰਘ ਦਾ ਨਾਂ ਸ਼ਾਮਲ ਹੈ। ਇਸੇ ਤਰ੍ਹਾਂ ਮੀਤ ਪ੍ਰਧਾਨ ਦੇ ਅਹੁਦੇ ਵਾਸਤੇ ਨਿਰਮਲ ਸਿੰਘ, ਬਲਦੇਵ ਸਿੰਘ ਚੌਹਾਨ ਤੇ ਸਰਬਜੀਤ ਸਿੰਘ ਸ਼ਾਮਲ ਹਨ, ਜਦੋਂਕਿ ਸਕੱਤਰ ਦੇ ਅਹੁਦੇ ਵਾਸਤੇ ਸੰਤੋਖ ਸਿੰਘ ਸੇਠੀ, ਸੁਰਿੰਦਰ ਸਿੰਘ ਰੁਮਾਲਿਆਂ ਵਾਲੇ ਤੇ ਗੁਰਿੰਦਰ ਸਿੰਘ ਚਾਵਲਾ ਮੈਦਾਨ ਵਿੱਚ ਹਨ। ਇਨ੍ਹਾਂ ਵਿਚੋਂ ਧਨਰਾਜ ਸਿੰਘ ਇਸ ਵੇਲੇ ਦੀਵਾਨ ਦੇ ਕਾਰਜਕਾਰੀ ਪ੍ਰਧਾਨ ਵੀ ਹਨ।

ਅਣਖੀ ਸਮਰਥਕ ਧੜੇ ਨਾਲ ਜੁੜੇ ਰਾਜ ਮਹਿੰਦਰ ਸਿੰਘ ਮਜੀਠਾ ਮਜੀਠੀਆ ਪਰਿਵਾਰ ਨਾਲ ਸਬੰਧਤ ਹਨ, ਉਹ ਅਕਾਲੀ ਆਗੂ ਵੀ ਹਨ। ਉਹ ਅਕਾਲੀ ਵਿਧਾਇਕ ਅਤੇ ਅਕਾਲੀ ਸੰਸਦ ਮੈਂਬਰ ਵੀ ਰਹਿ ਚੁੱਕੇ ਹਨ। ਉਹ ਖਾਲਸਾ ਕਾਲਜ ਗਵਰਨਿੰਗ ਕੌਂਸਲ ਨਾਲ ਵੀ ਜੁੜੇ ਹੋਏ ਹਨ। ਡਾ. ਸੰਤੋਖ ਸਿੰਘ ਪਹਿਲਾਂ ਚੀਫ ਖਾਲਸਾ ਦੀਵਾਨ ਦੇ ਮੀਤ ਪ੍ਰਧਾਨ ਰਹਿ ਚੁੱਕੇ ਹਨ। ਧਨਰਾਜ ਸਿੰਘ ਦਾ ਨਾਂ ਸਮਾਜ ਸੇਵਾ ਦੇ ਖੇਤਰ ਵਿਚ ਜਾਣਿਆ ਪਛਾਣਿਆ ਹੈ। ਉਹ ਵੀ ਪਹਿਲਾਂ ਦੀਵਾਨ ਦੇ ਮੀਤ ਪ੍ਰਧਾਨ ਸਨ। ਉਨ੍ਹਾਂ ਵੱਲੋਂ ਇਥੇ ਗਰੀਨ ਐਵੀਨਿਊ ਇਲਾਕੇ ਵਿਚ ਚੈਰੀਟੇਬਲ ਹਸਪਤਾਲ ਵੀ ਚਲਾਇਆ ਜਾ ਰਿਹਾ ਹੈ। ਦੱਸਣਯੋਗ ਹੈ ਕਿ ਚੀਫ ਖਾਲਸਾ ਦੀਵਾਨ ਦੇ ਇਨ੍ਹਾਂ ਤਿੰਨ ਅਹੁਦਿਆਂ ਦੀ ਚੋਣ ਵਾਸਤੇ ਪਹਿਲਾਂ ਚਾਰ ਮਾਰਚ ਦਾ ਦਿਨ ਨਿਰਧਾਰਤ ਕੀਤਾ ਗਿਆ ਸੀ। ਉਸ ਵੇਲੇ ਕੁਝ ਮੈਂਬਰਾਂ ਵੱਲੋਂ ਚੋਣ ਅੱਗੇ ਪਾਉਣ ਦੀ ਮੰਗ ਕੀਤੀ ਗਈ ਸੀ, ਜਿਸ ਤੋਂ ਬਾਅਦ ਚੋਣ ਦੀ ਮਿਤੀ 25 ਮਾਰਚ ਰੱਖੀ ਗਈ ਹੈ। ਚੀਫ ਖਾਲਸਾ ਦੀਵਾਨ ਦੇ ਇਸ ਵੇਲੇ ਲਗਭਗ 520 ਮੈਂਬਰ ਹਨ, ਜੋ ਵਧੇਰੇ ਪੰਜਾਬ ਦੇ ਹਨ। ਪੰਜਾਬ ਤੋਂ ਅਦਾਰੇ ਦੇ ਪ੍ਰਬੰਧ ਹੇਠ ਇਸ ਵੇਲੇ ਲਗਭਗ 50 ਵਿਦਿਅਕ ਅਦਾਰੇ ਚੱਲ ਰਹੇ ਹਨ, ਜਿਨ੍ਹਾਂ ਵਿਚ ਵਧੇਰੇ ਸਕੂਲ ਹਨ।

# ਕਬੂਤਰਬਾਜ਼ੀ ਮਾਮਲੇ ਵਿਚ ਦਲੇਰ ਮਹਿੰਦੀ ਨੂੰ ਦੋ ਸਾਲ ਕੈਦ

**ਪਟਿਆਲਾ:** ਕਬੂਤਰਬਾਜ਼ੀ ਦੇ ਡੇਢ ਦਹਾਕਾ ਪੁਰਾਣੇ ਕੇਸ ਦੇ ਅਦਾਲਤੀ ਫੈਸਲੇ ਵਿਚ ਉਘੇ ਪੌਪ ਗਾਇਕ ਦਲੇਰ ਮਹਿੰਦੀ ਨੂੰ ਦੋ ਸਾਲ ਦੀ ਕੈਦ ਹੋਈ ਹੈ ਤੇ ਬੁਲਬੁਲ ਮਹਿਤਾ ਨਾਮ ਦਾ ਇਕ ਮੁਲਜ਼ਮ ਬਰੀ ਹੋ ਗਿਆ ਜਦਕਿ ਸ਼ਮਸ਼ੇਰ ਮਹਿੰਦੀ ਅਤੇ ਧਿਆਨ ਸਿੰਘ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ। ਇਸ ਕੇਸ ਦੇ ਦੋ ਮੁਲਜ਼ਮ ਪਹਿਲਾਂ ਹੀ ਅਦਾਲਤ ਨੇ ਭਗੌੜੇ ਕਰਾਰ ਦਿੱਤੇ ਹੋਏ ਹਨ।

ਨੇੜਲੇ ਪਿੰਡ ਬਲਬੇੜਾ ਵਾਸੀ ਬਖਸ਼ੀਸ਼ ਸਿੰਘ ਦੀ ਸ਼ਿਕਾਇਤ ਦੇ ਆਧਾਰ ਉਤੇ ਧਾਰਾ 420, 465, 467, 468, 471 ਅਤੇ 120ਬੀ ਤਹਿਤ ਇਹ ਕੇਸ 19 ਸਤੰਬਰ 2003 ਨੂੰ ਥਾਣਾ ਸਦਰ ਪਟਿਆਲਾ ਵਿਚ ਦਰਜ ਹੋਇਆ ਸੀ। ਸ਼ਿਕਾਇਤਕਰਤਾ ਨੇ ਉਨ੍ਹਾਂ ਉਤੇ ਵਿਦੇਸ਼ ਭੇਜਣ ਦੇ ਨਾਮ ਉਤੇ 13 ਲੱਖ ਦੀ ਧੋਖਾਧੜੀ ਕਰਨ ਦੇ ਦੋਸ਼ ਲਾਏ ਸਨ, ਪਰ ਮਗਰੋਂ ਸਾਹਮਣੇ ਆਏ ਤੀਹ ਹੋਰ ਪੀੜਤਾਂ ਵੱਲੋਂ ਦਿੱਤੀਆਂ ਗਈਆਂ ਅਜਿਹੀਆਂ ਹੀ ਸ਼ਿਕਾਇਤਾਂ ਦੇ ਹਵਾਲੇ ਨਾਲ ਇਨ੍ਹਾਂ 'ਤੇ ਪੌਣੇ ਦੋ ਕਰੋੜ ਤੋਂ ਵੱਧ ਰਾਸ਼ੀ ਦੀ ਧੋਖਾਧੜੀ ਦੇ ਦੋਸ਼ ਲੱਗੇ, ਪਰ ਸਾਢੇ ਚੌਦਾਂ ਸਾਲ ਚੱਲੀ ਅਦਾਲਤੀ ਕਾਰਵਾਈ ਦੌਰਾਨ ਅਦਾਲਤ ਨੇ ਦਲੇਰ ਮਹਿੰਦੀ ਨੂੰ ਧਾਰਾ 420 ਅਤੇ 120ਬੀ ਦਾ ਦੋਸ਼ੀ ਮੰਨਦਿਆਂ ਦੋ ਸਾਲ ਦੀ ਸਜ਼ਾ ਤੇ ਦੋ ਹਜ਼ਾਰ ਰੁਪਏ



ਜੁਰਮਾਨਾ ਕੀਤਾ ਹੈ।

ਕਾਨੂੰਨ 'ਚ ਰੱਖੀ ਗਈ ਜ਼ਮਾਨਤ ਦੀ ਵਿਵਸਥਾ ਤਹਿਤ ਦਲੇਰ ਮਹਿੰਦੀ ਵੱਲੋਂ ਆਪਣੇ ਵਕੀਲ ਬਰਜਿੰਦਰ ਸਿੰਘ ਸੋਢੀ ਰਾਹੀਂ ਕਾਨੂੰਨੀ ਪ੍ਰਕਿਰਿਆ ਪੂਰੀ ਕਰਨ ਉਤੇ ਉਸ ਜ਼ਮਾਨਤ 'ਤੇ ਛੱਡ ਦਿੱਤਾ ਗਿਆ। 2003 ਵਿਚ ਹੋਈ ਗ੍ਰਿਫਤਾਰੀ ਮੌਕੇ ਵੀ ਪੁਲਿਸ ਰਿਮਾਂਡ ਉਪਰੰਤ ਦਲੇਰ ਮਹਿੰਦੀ ਨੂੰ ਮੌਕੇ 'ਤੇ ਹੀ ਜ਼ਮਾਨਤ ਮਿਲ ਗਈ ਸੀ। ਦਲੇਰ ਮਹਿੰਦੀ ਦਾ ਕਹਿਣਾ ਸੀ ਕਿ ਮੁੱਖ ਕੇਸ ਉਸ ਦੇ ਭਰਾ ਖਿਲਾਫ਼ ਸੀ, ਜਿਸ ਦੀ ਮੌਤ ਹੋ ਚੁੱਕੀ ਹੈ। ਦਲੇਰ ਦੇ ਵਕੀਲ ਬਰਜਿੰਦਰ ਸਿੰਘ ਸੋਢੀ ਅਨੁਸਾਰ ਫੈਸਲੇ ਨੂੰ ਉਪਰਲੀ ਅਦਾਲਤ 'ਚ ਚੁਣੌਤੀ ਦਿੱਤੀ ਜਾਵੇਗੀ।

# ਗੁਆਂਢੀ ਸੂਬੇ ਹਰਿਆਣੇ ਵੱਲ ਜਾ ਰਹੀ ਪੰਜਾਬ ਦੀ ਕਮਾਈ

**ਚੰਡੀਗੜ੍ਹ:** ਗੁਆਂਢੀ ਸੂਬੇ ਹਰਿਆਣਾ ਨਾਲੋਂ ਮਹਿੰਗੀ ਸ਼ਰਾਬ ਤੇ ਪੈਟਰੋਲ ਕਾਰਨ ਪੰਜਾਬ ਦੇ ਖਜ਼ਾਨੇ ਨੂੰ ਵੱਡਾ ਰਗੜਾ ਲੱਗ ਰਿਹਾ ਹੈ। ਜ਼ਿਆਦਾ ਵੈਟ ਕਰ ਕੇ ਹਰਿਆਣਾ ਦੇ ਮੁਕਾਬਲੇ ਸਿਰਫ ਤੇਲ ਤੋਂ ਹੀ 2200 ਕਰੋੜ ਦੀ ਆਮਦਨ ਘਟੀ ਹੈ। ਇਸ ਵੱਡੇ ਘਾਟੇ ਨੂੰ ਵੇਖਦਿਆਂ ਭਾਵੇਂ ਪੰਜਾਬ ਸਰਕਾਰ ਇਸ ਵਾਰ ਸ਼ਰਾਬ ਸਸਤੀ ਕਰਨ ਜਾ ਰਹੀ ਹੈ ਪਰ ਪੈਟਰੋਲ ਦੀ ਕਾਲਾਬਾਜ਼ਾਰੀ ਸਭ ਤੋਂ ਵੱਡੀ ਸਿਰਦਰਦੀ ਹੈ।

ਪੰਜਾਬ ਦੇ ਪੈਟਰੋਲ ਪੰਪ ਮਾਲਕਾਂ ਦੀ ਜਥੇਬੰਦੀ ਨੇ ਸਰਕਾਰ ਨੂੰ ਸੁਝਾਅ ਦਿੱਤਾ ਹੈ ਕਿ ਸੂਬੇ ਵਿਚ ਸ਼ਰਾਬ ਸਸਤੀ ਕਰਨ ਨਾਲ ਮਾਲੀਏ ਵਿਚ ਵਾਧਾ ਨਹੀਂ ਹੋਵੇਗਾ, ਸਗੋਂ ਪੈਟਰੋਲੀਅਮ ਉਤਪਾਦਾਂ ਉਤੇ ਵੈਟ ਘਟਾਉਣ ਨਾਲ ਹੀ ਮਾਲੀਏ 'ਚ 2000 ਕਰੋੜ ਤੋਂ ਜ਼ਿਆਦਾ ਦੀ ਆਮਦਨ ਵਧ ਸਕਦੀ ਹੈ, ਕਿਉਂਕਿ ਇਸ ਵਿੱਤੀ ਵਰ੍ਹੇ 'ਚ ਵੀ ਹਰਿਆਣਾ ਪੰਜਾਬ ਨਾਲੋਂ 2200 ਕਰੋੜ ਦੇ ਕਰੀਬ ਮਾਲੀਆ ਜ਼ਿਆਦਾ ਕਮਾਉਣ ਜਾ ਰਿਹਾ ਹੈ। ਪੰਜਾਬ ਵਿਚ ਪੈਟਰੋਲ ਉਤੇ 36.14 ਫੀਸਦੀ ਅਤੇ ਡੀਜ਼ਲ ਉਤੇ 17 ਫੀਸਦੀ ਦੇ ਕਰੀਬ ਵੈਟ ਹੈ। ਪੰਜਾਬ ਦੀ ਰਾਜਧਾਨੀ ਵਿਚ ਹੀ ਪੈਟਰੋਲ 8.11 ਰੁਪਏ ਅਤੇ ਡੀਜ਼ਲ 2.24 ਰੁਪਏ ਪ੍ਰਤੀ ਲੀਟਰ ਸਸਤਾ ਵਿਕ ਰਿਹਾ ਹੈ ਤੇ ਇਸ ਦਾ ਸਿੱਧਾ ਨੁਕਸਾਨ ਚੰਡੀਗੜ੍ਹ ਦੇ ਨਾਲ ਪੰਜਾਬ ਦੀ ਸਰਹੱਦ ਉਤੇ ਸਥਿਤ 800 ਪੈਟਰੋਲ ਪੰਪਾਂ ਨੂੰ ਹੋਇਆ ਹੈ ਅਤੇ ਉਥੇ ਤੇਲ ਦੀ ਵਿਕਰੀ ਖਤਮ ਹੋ ਗਈ ਹੈ। ਪਹਿਲਾਂ ਤਾਂ ਪੰਜਾਬ ਦਾ ਹਰਿਆਣਾ ਵਿਚ ਤੇਲ ਉਤੇ ਵੈਟ ਘਟਣ ਨਾਲ ਨੁਕਸਾਨ ਹੋ ਰਿਹਾ ਸੀ ਜਦਕਿ ਚੰਡੀਗੜ੍ਹ ਪ੍ਰਸ਼ਾਸਨ ਨੇ ਜਦੋਂ ਦਾ 5 ਫੀਸਦੀ ਵੈਟ ਘਟਾਇਆ ਹੈ, ਉਸ ਨਾਲ ਪੈਟਰੋਲ, ਡੀਜ਼ਲ ਹੀ ਐਨਾ ਸਸਤਾ ਹੋ ਗਿਆ ਹੈ ਕਿ ਪੰਜਾਬ ਦੇ ਲੋਕ ਹੀ ਹੁਣ ਚੰਡੀਗੜ੍ਹ ਵਾਲੇ ਪਾਸੇ ਪੰਜਾਬ ਦੇ 800 ਪੈਟਰੋਲ ਪੰਪਾਂ ਤੋਂ ਤੇਲ ਨਹੀਂ ਲੈ ਰਹੇ।

ਪੈਟਰੋਲ ਪੰਪ ਡੀਲਰ ਐਸੋਸੀਏਸ਼ਨ ਦੇ ਪ੍ਰਧਾਨ ਪਰਮਜੀਤ ਸਿੰਘ ਦੋਆਬਾ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਜੀ.ਐਸ.ਟੀ. ਵਿਭਾਗ ਕੋਲ ਜਥੇਬੰਦੀ ਕਈ ਵਾਰ ਅੰਕੜਿਆਂ ਸਮੇਤ ਸਾਰੀ ਜਾਣਕਾਰੀ ਪ੍ਰਦਾਨ ਕਰ ਚੁੱਕੀ ਹੈ ਕਿ ਪਿਛਲੇ ਦਸ ਸਾਲਾਂ ਤੋਂ ਹਰਿਆਣਾ ਦੇ ਮੁਕਾਬਲੇ ਪੰਜਾਬ ਵਿਚ ਪੈਟਰੋਲ, ਡੀਜ਼ਲ ਦੀ ਵਿਕਰੀ ਵਿਚ 10 ਫੀਸਦੀ ਵੀ ਵਾਧਾ ਨਹੀਂ ਹੋਇਆ ਹੈ ਜਦਕਿ ਪਿਛਲੇ ਦਸ ਸਾਲਾਂ ਤੋਂ ਹਰਿਆਣਾ ਹਰ ਸਾਲ ਪੈਟਰੋਲੀਅਮ ਉਤਪਾਦਾਂ ਉਤੇ ਘੱਟ ਵੈਟ ਹੋਣ ਕਰ ਕੇ ਹਰ ਸਾਲ 2000 ਤੋਂ 2200 ਕਰੋੜ ਦੀ ਜ਼ਿਆਦਾ ਆਮਦਨ ਆ ਰਹੀ ਹੈ। ਸਾਲ 2017-18 ਦੇ ਪਹਿਲੇ 6 ਮਹੀਨੇ ਵਿਚ ਪੰਜਾਬ ਨੂੰ 2726 ਕਰੋੜ ਅਤੇ ਹਰਿਆਣਾ ਨੂੰ 3808 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਹੋਇਆ ਹੈ ਤੇ ਇਨ੍ਹਾਂ ਅੰਕੜਿਆਂ ਨਾਲ ਸਪਸ਼ਟ ਹੋ ਜਾਂਦਾ ਹੈ ਕਿ ਜ਼ਿਆਦਾ ਵੈਟ ਹੋਣ ਕਰ ਕੇ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਤੋਂ ਕਿਸ ਤਰ੍ਹਾਂ ਤੇਲ ਆਮਦਨ ਵਸੂਲੀ ਵਿਚ ਲਗਾਤਾਰ ਪਛੜ ਰਿਹਾ ਹੈ।



### ਪੰਜਾਬ ਸਰਕਾਰ ਦੀ ਸ਼ਰਾਬ 'ਤੇ ਟੇਕ

**ਜਲੰਧਰ:** ਪੰਜਾਬ ਸਰਕਾਰ ਨੇ ਨਵੀਂ ਸ਼ਰਾਬ ਨੀਤੀ ਵਿਚ ਭਾਵੇਂ ਸ਼ਰਾਬ ਦਾ ਕੋਟਾ ਘਟਾ ਦਿੱਤਾ ਹੈ, ਪਰ ਇਸ ਦੇ ਬਾਵਜੂਦ ਪੰਜਾਬ ਵਿਚ ਇਸ ਸਾਲ ਵੀ ਅੰਦਾਜ਼ਨ ਦੇਸੀ ਅਤੇ ਅੰਗਰੇਜ਼ੀ ਸ਼ਰਾਬ ਦੀਆਂ 2.50 ਕਰੋੜ ਪੇਟੀਆਂ ਪੰਜਾਬ ਦੇ ਲੋਕ ਪੀ ਜਾਣਗੇ। ਇਹੋ ਨਹੀਂ ਬੀਅਰ ਦੀ ਖਪਤ ਵੀ ਇਸ ਸਾਲ ਕੋਟਾ ਘਟਣ ਦੇ ਬਾਵਜੂਦ 1 ਕਰੋੜ ਤੋਂ ਜ਼ਿਆਦਾ ਪੇਟੀਆਂ ਦੀ ਹੋ ਜਾਵੇਗੀ।

ਪੰਜਾਬ 'ਚ ਹੁਣ ਤੱਕ ਹਰ ਸਾਲ ਸ਼ਰਾਬ ਦਾ ਕੋਟਾ 5 ਤੋਂ ਲੈ ਕੇ 10 ਫੀਸਦੀ ਤੱਕ ਵਧਾਇਆ ਜਾਂਦਾ ਰਿਹਾ ਹੈ। ਜਿਸ ਕਰ ਕੇ ਸ਼ਰਾਬ ਦੀ ਖਪਤ ਲਗਾਤਾਰ ਵਧ ਰਹੀ ਹੈ। ਪੰਜਾਬ ਸਰਕਾਰ ਨੇ ਇਸ ਵਾਰ 600 ਕਰੋੜ ਦੇ ਵਾਧੇ ਨਾਲ 6000 ਕਰੋੜ ਵਿਚ ਸ਼ਰਾਬ ਦੇ ਠੇਕੇ ਵੇਚਣੇ ਹਨ ਪਰ ਪੰਜਾਬ ਵਿਚ ਸ਼ਰਾਬ ਦਾ ਕਾਰੋਬਾਰ ਹੀ 7000 ਕਰੋੜ ਤੋਂ ਜ਼ਿਆਦਾ ਤੱਕ ਪੁੱਜ ਜਾਂਦਾ ਹੈ।

### ਜੌਹਲ ਦਾ ਮਾਮਲਾ ਭਾਰਤ ਨਾਲ ਉਠਾਏਗਾ ਇੰਗਲੈਂਡ

**ਲੰਡਨ:** ਬਰਤਾਨੀਆ ਸਰਕਾਰ ਨੇ ਆਖਿਆ ਹੈ ਕਿ ਉਹ ਪੰਜਾਬ ਦੀ ਜੇਲ੍ਹ 'ਚ ਬੰਦ ਬ੍ਰਿਟਿਸ਼ ਸਿੱਖ ਜਗਤਾਰ ਸਿੰਘ ਜੌਹਲ ਦਾ ਮਾਮਲਾ ਭਾਰਤ ਨਾਲ ਉਚ ਪੱਧਰ ਉਤੇ ਉਠਾਏਗੀ। ਸਕਾਟਲੈਂਡ ਦੇ ਡਨਬਰਟਨ ਦਾ ਜੌਹਲ ਇਸ ਸਮੇਂ ਨਾਭਾ ਦੀ ਕੇਂਦਰੀ ਜੇਲ੍ਹ 'ਚ ਹੱਤਿਆ ਅਤੇ ਸਾਜ਼ਿਸ਼ ਘੜਨ ਦੇ ਦੋਸ਼ਾਂ ਹੇਠ ਬੰਦ ਹੈ।

ਬ੍ਰਿਟਿਸ਼ ਸਿੱਖ ਦੀ ਗ੍ਰਿਫਤਾਰੀ ਦਾ ਮਾਮਲਾ ਯੂਕੇ ਸੰਸਦ ਦੇ ਵੈਸਟਮਿਨਸਟਰ ਹਾਲ 'ਚ ਉਠਾਇਆ ਗਿਆ ਜਿਸ ਉਤੇ ਬਹਿਸ ਵੀ ਹੋਈ। ਬ੍ਰਿਟਿਸ਼ ਸਿੱਖ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਅਤੇ ਤਨਮਨਜੀਤ ਸਿੰਘ ਢੇਸੀ ਨੇ ਜੌਹਲ ਦੇ ਹਲਕੇ ਦੇ ਸੰਸਦ ਮੈਂਬਰ ਮਾਰਟਿਨ ਡੋਕਰਟੀ ਹਿਊਜ਼ ਨਾਲ ਮਿਲ ਕੇ ਯੂਕੇ ਸਰਕਾਰ ਨੂੰ ਕਿਹਾ ਕਿ ਉਹ ਜੌਹਲ ਦਾ ਮਾਮਲਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕੋਲ ਉਠਾਉਣ ਜੋ ਕਾਮਨਵੈਲਥ ਮੁਲਕਾਂ ਦੇ ਮੁਖੀਆਂ ਦੀ ਬੈਠਕ 'ਚ ਹਿੱਸਾ ਲੈਣ ਲਈ ਅਗਲੇ ਮਹੀਨੇ ਇੰਗਲੈਂਡ ਦੇ ਦੌਰੇ ਉਤੇ ਆ ਰਹੇ ਹਨ।

# ਜ਼ਿਮਨੀ ਚੋਣਾਂ: ਭਗਵਾ ਧਿਰ ਦੀ ਪੁੱਠੀ ਗਿਣਤੀ ਸ਼ੁਰੂ

**ਨਵੀਂ ਦਿੱਲੀ:** ਉਤਰ ਪ੍ਰਦੇਸ਼ ਵਿਚ ਸੰਸਦ ਦੀਆਂ ਦੋ ਉਪ ਚੋਣਾਂ ਅਤੇ ਬਿਹਾਰ ਦੀ ਇਕ ਸੰਸਦੀ ਅਤੇ ਦੋ ਵਿਧਾਨ ਸਭਾ ਦੀਆਂ ਉਪ ਚੋਣਾਂ ਦੇ ਨਤੀਜਿਆਂ ਵਿਚ ਭਾਜਪਾ ਦੀ ਨਮੋਸ਼ੀ ਵਾਲੀ ਹਾਰ ਨੇ ਇਸ ਭਗਵਾ ਧਿਰ ਦੀ ਪੁੱਠੀ ਗਿਣਤੀ ਸ਼ੁਰੂ ਹੋਣ ਵੱਲ ਸੰਕੇਤ ਦਿੱਤੇ ਹਨ। ਉਤਰ ਪ੍ਰਦੇਸ਼ ਵਿਚ ਗੋਰਖਪੁਰ ਤੇ ਫੂਲਪੁਰ ਅਤੇ ਬਿਹਾਰ ਦੀ ਅਰਰੀਆ ਲੋਕ ਸਭਾ ਸੀਟਾਂ ਦੀਆਂ ਜ਼ਿਮਨੀ ਚੋਣਾਂ ਵਿਚ ਭਾਜਪਾ ਨੂੰ ਮੂੰਹ ਦੀ ਖਾਣੀ ਪਈ। ਗੋਰਖਪੁਰ ਸੀਟ ਦੀ ਹਾਰ ਹੋਰ ਵੀ ਨਮੋਸ਼ੀਜਨਕ ਹੈ ਕਿਉਂਕਿ ਇਥੋਂ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਲਗਾਤਾਰ ਪੰਜ ਵਾਰ ਜਿੱਤਦੇ ਰਹੇ ਹਨ ਜਦਕਿ ਫੂਲਪੁਰ ਸੀਟ ਤੋਂ ਉਪ ਮੁੱਖ ਮੰਤਰੀ ਕੇਸ਼ਵ ਪ੍ਰਸ਼ਾਦ ਮੌਰੀਆ ਨੇ 2014 ਦੀਆਂ ਚੋਣਾਂ ਵਿਚ ਜਿੱਤ ਹਾਸਲ ਕੀਤੀ ਸੀ। ਦੋਵਾਂ ਨੇ ਤਿੰਨ ਲੱਖ ਤੋਂ ਵੱਧ ਵੋਟਾਂ ਦੇ ਫਰਕ ਨਾਲ ਚੋਣ ਜਿੱਤੀ ਸੀ।

ਗੋਰਖਪੁਰ ਸੀਟ 'ਤੇ ਸਮਾਜਵਾਦੀ ਪਾਰਟੀ ਦੇ ਪ੍ਰਵੀਨ ਨਿਸ਼ਾਦ ਨੇ ਭਾਜਪਾ ਦੇ ਉਪੇਂਦਰ ਦੱਤ ਸ਼ੁਕਲਾ ਨੂੰ 21961 ਵੋਟਾਂ ਦੇ ਫਰਕ ਨਾਲ ਹਰਾਇਆ ਜਦਕਿ ਫੂਲਪੁਰ ਸੀਟ 'ਤੇ ਸਪਾ ਦੇ ਹੀ ਨਗੇਂਦਰ ਪ੍ਰਤਾਪ ਸਿੰਘ ਨੇ ਭਾਜਪਾ ਦੇ ਕੌਸ਼ਲੇਂਦਰ ਸਿੰਘ ਪਟੇਲ ਨੂੰ 59460 ਵੋਟਾਂ ਨਾਲ ਮਾਤ ਦਿੱਤੀ। ਬਿਹਾਰ ਦੀ ਅਰਰੀਆ ਲੋਕ ਸਭਾ ਸੀਟ ਉਤੇ ਲਾਲੂ ਪ੍ਰਸ਼ਾਦ ਦੀ ਰਾਸ਼ਟਰੀ ਜਨਤਾ ਦਲ ਦੇ ਸਰਫ਼ਰਾਜ਼ ਆਲਮ ਨੇ ਭਾਜਪਾ ਦੇ ਪ੍ਰਦੀਪ ਕੁਮਾਰ ਸਿੰਘ ਨੂੰ 60 ਹਜ਼ਾਰ ਤੋਂ ਵੱਧ ਵੋਟਾਂ ਦੇ ਫਰਕ ਨਾਲ ਹਰਾਇਆ। ਮੁੱਖ ਮੰਤਰੀ ਨਿਤੀਸ਼ ਕੁਮਾਰ ਵੱਲੋਂ ਭਗਵੀਂ ਪਾਰਟੀ ਨਾਲ ਹੱਥ ਮਿਲਾਉਣ ਤੋਂ ਬਾਅਦ ਜੇ.ਡੀ.ਯੂ.-ਭਾਜਪਾ ਗੱਠਜੋੜ ਨੂੰ ਪਹਿਲਾ ਵੱਡਾ ਚੁਣਾਵੀ ਝਟਕਾ ਲੱਗਿਆ ਹੈ। ਗੋਰਖਪੁਰ ਵਿਚ ਓਬੀਸੀ-ਦਲਿਤ-ਮੁਸਲਿਮ ਵੋਟਾਂ ਦੀ ਇਕਜੁੱਟਤਾ ਨੇ ਰੰਗ ਲਿਆਂਦਾ ਜੋ ਪਹਿਲਾਂ ਸਮਾਜਵਾਦੀ ਪਾਰਟੀ ਤੇ ਬਹੁਜਨ ਸਮਾਜ ਪਾਰਟੀ ਵਿਚ ਵੰਡੀਆਂ ਜਾਂਦੀਆਂ ਸਨ।

ਇਸ ਤੋਂ ਇਲਾਵਾ ਨਿਸ਼ਾਦ ਪਾਰਟੀ ਤੇ ਪੀਸ ਪਾਰਟੀ ਜਿਹੇ ਛੋਟੇ ਖਿਡਾਰੀਆਂ ਨੇ ਵੀ ਸਪਾ ਉਮੀਦਵਾਰਾਂ ਦੀ ਜਿੱਤ ਯਕੀਨੀ ਬਣਾਉਣ ਵਿਚ ਭੂਮਿਕਾ ਨਿਭਾਈ। 2014 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਤੇ ਇਸ ਦੀ ਸਹਿਯੋਗੀ ਅਪਨਾ ਦਲ ਨੇ 41.8 ਫੀਸਦੀ ਵੋਟਾਂ ਲੈ ਕੇ 80 ਵਿਚੋਂ 73 ਸੀਟਾਂ ਜਿੱਤੀਆਂ ਸਨ। ਸਮਾਜਵਾਦੀ ਪਾਰਟੀ ਨੇ 22.2 ਫੀਸਦੀ ਵੋਟਾਂ ਨਾਲ ਪੰਜ ਸੀਟਾਂ ਜਿੱਤੀਆਂ ਸਨ ਜਦਕਿ ਬਸਪਾ ਨੂੰ 19.6 ਫੀਸਦੀ ਵੋਟਾਂ ਮਿਲੀਆਂ ਸਨ। ਹੁਣ ਜ਼ਿਮਨੀ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਧਰਮ ਨਿਰਪੱਖ ਪਾਰਟੀਆਂ ਦੇ ਇਕਜੁੱਟ ਹੋਣ ਦੀ ਮੰਗ ਜ਼ੋਰ ਫੜ ਸਕਦੀ ਹੈ। ਬਿਹਾਰ ਵਿਚ ਨਿਤੀਸ਼ ਕੁਮਾਰ ਜਨਤਾ ਦਲ (ਯੂ) ਦੀ ਅਗਵਾਈ ਕਰਦੇ ਹਨ। ਉਹ ਪਹਿਲਾਂ ਲਾਲੂ ਪ੍ਰਸਾਦ ਯਾਦਵ ਦੀ ਪਾਰਟੀ ਰਾਸ਼ਟਰੀ ਜਨਤਾ ਦਲ ਅਤੇ ਕਾਂਗਰਸ ਨਾਲ ਮਿਲ ਕੇ ਵਿਧਾਨ ਸਭਾ ਦੀਆਂ ਚੋਣਾਂ ਲੜੇ



ਸਨ। ਇਸ ਨੂੰ 'ਮਹਾਂਗਠਜੋੜ' ਕਿਹਾ ਗਿਆ ਸੀ। ਬਾਅਦ ਵਿਚ ਭ੍ਰਿਸ਼ਟਾਚਾਰ ਦੇ ਸਵਾਲ ਉਤੇ ਪੈਦਾ ਹੋਏ ਸਖਤ ਆਪਸੀ ਮਤਭੇਦਾਂ ਕਾਰਨ ਨਿਤੀਸ਼ ਕੁਮਾਰ ਨੇ ਇਸ ਮਹਾਂਗਠਜੋੜ ਨੂੰ ਤਿਆਗ ਦਿੱਤਾ ਸੀ ਅਤੇ ਉਹ ਭਾਰਤੀ ਜਨਤਾ ਪਾਰਟੀ ਨਾਲ ਰਲ ਗਏ ਸਨ।

ਇਸ ਤਰ੍ਹਾਂ ਉਨ੍ਹਾਂ ਨੇ ਆਪਣੀ ਮੁੱਖ ਮੰਤਰੀ ਦੀ ਕੁਰਸੀ ਬਚਾਅ ਲਈ ਸੀ ਪਰ ਇਸ ਵਾਰ ਦੀਆਂ ਉਪ ਚੋਣਾਂ ਵਿਚ ਨਿਤੀਸ਼ ਕੁਮਾਰ ਅਤੇ ਭਾਜਪਾ ਦੀ ਕਾਰਗੁਜ਼ਾਰੀ ਨਿਰਾਸ਼ਾਜਨਕ ਰਹੀ ਹੈ। ਲਾਲੂ ਪ੍ਰਸਾਦ ਚਾਹੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਜੇਲ੍ਹ ਵਿਚ ਬੰਦ ਹਨ ਅਤੇ ਉਨ੍ਹਾਂ ਦੇ ਪਰਿਵਾਰ ਦੇ ਬਹੁਤੇ ਮੈਂਬਰਾਂ ਉਤੇ ਵੀ ਭ੍ਰਿਸ਼ਟਾਚਾਰ ਦੇ ਮੁਕੱਦਮੇ ਚੱਲ ਰਹੇ ਹਨ ਪਰ ਇਸ ਦੇ ਬਾਵਜੂਦ ਉਨ੍ਹਾਂ ਦੀ ਪਾਰਟੀ ਦੀ ਕਾਰਗੁਜ਼ਾਰੀ ਚੰਗੀ ਰਹੀ ਹੈ। ਉਤਰ ਪ੍ਰਦੇਸ਼ ਦੀਆਂ ਉਪ-ਚੋਣਾਂ ਦੀ ਹਾਰ ਤੋਂ ਪਤਾ ਲਗਦਾ ਹੈ ਕਿ ਭਾਜਪਾ ਦੀ ਹਰਮਨ-ਪਿਆਰਤਾ ਦਾ ਗਰਾਫ ਤੇਜ਼ੀ ਨਾਲ ਡਿੱਗ ਰਿਹਾ ਹੈ। ਇਨ੍ਹਾਂ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਨੇ ਇਹ ਕਿਹਾ ਸੀ ਕਿ ਇਹ ਉਪ-ਚੋਣਾਂ ਆਉਂਦੇ ਸਾਲ 2019 ਦੀਆਂ ਲੋਕ ਸਭਾ ਚੋਣਾਂ ਲਈ ਪੂਰਵ ਅਭਿਆਸ ਹੋਣਗੀਆਂ।

ਅਦਿੱਤਿਆਨਾਥ ਗੋਰਖਪੁਰ ਦੀ ਲੋਕ ਸਭਾ ਸੀਟ ਤੋਂ ਪਹਿਲਾਂ 5 ਵਾਰ ਜਿੱਤ ਚੁੱਕੇ ਹਨ। ਉਨ੍ਹਾਂ ਦੇ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਬਣਨ ਨਾਲ ਉਨ੍ਹਾਂ ਨੂੰ ਇਸ ਸੀਟ ਤੋਂ ਅਸਤੀਫਾ ਦੇਣਾ ਪਿਆ ਸੀ। ਇਸੇ ਤਰ੍ਹਾਂ ਹੀ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ ਨੇ ਇਹ ਅਹੁਦਾ ਸੰਭਾਲਣ ਤੋਂ ਪਹਿਲਾਂ ਆਪਣੀ ਫੂਲਪੁਰ ਸੰਸਦੀ ਸੀਟ ਤੋਂ ਤਿਆਗ ਪੱਤਰ ਦੇ ਦਿੱਤਾ ਸੀ। ਰਾਜ ਦੀਆਂ ਉਚੀਆਂ ਕੁਰਸੀਆਂ ਉਤੇ ਬੈਠੇ ਇਨ੍ਹਾਂ ਦੋਵਾਂ ਵਿਅਕਤੀਆਂ ਦੀਆਂ ਆਪਣੀਆਂ ਪਹਿਲੀਆਂ ਸੀਟਾਂ ਖੁੱਸ ਜਾਣ ਦੀ ਘਟਨਾ ਨੇ ਭਾਜਪਾ ਦੀਆਂ ਸਫਾਂ ਵਿਚ ਵੱਡੀ ਨਿਰਾਸ਼ਾ ਪੈਦਾ ਕੀਤੀ ਹੈ। ਇਸੇ ਤਰ੍ਹਾਂ ਬਿਹਾਰ ਵਿਚ ਅਰਰੀਆ ਲੋਕ ਸਭਾ ਸੀਟ ਦਾ ਰਾਸ਼ਟਰੀ ਜਨਤਾ ਦਲ ਦੀ ਝੋਲੀ ਵਿਚ ਪੈਣਾ ਅਤੇ ਦੋ ਵਿਧਾਨ ਸਭਾ ਸੀਟਾਂ ਵਿਚੋਂ ਇਕ ਸੀਟ ਜਿੱਤ ਜਾਣਾ ਵੀ ਭਾਜਪਾ ਦੀ ਵੱਡੀ ਹਾਰ ਕਹੀ ਜਾ ਸਕਦੀ ਹੈ।

### ਗੱਠਜੋੜ ਦੀ ਤਾਕਤ ਨੂੰ ਸਮਝ ਨਾ ਸਕੇ: ਯੋਗੀ

**ਲਖਨਊ:** ਹੈਰਾਨੀਜਨਕ ਹਾਰ ਤੋਂ ਘਬਰਾਏ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਨੇ ਕਿਹਾ ਕਿ ਪਾਰਟੀ 'ਅਤਿ ਉਤਸ਼ਾਹ' ਕਾਰਨ ਹਾਰ ਗਈ ਹੈ ਤੇ ਕਾਰਨਾਂ ਦਾ ਗਹਿਰਾ ਅਧਿਐਨ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਸੀਂ ਸਮਾਜਵਾਦੀ ਪਾਰਟੀ ਤੇ ਬਹੁਜਨ ਸਮਾਜ ਪਾਰਟੀ ਦੇ ਗੱਠਜੋੜ ਨੂੰ ਠੀਕ ਤਰ੍ਹਾਂ ਸਮਝ ਨਹੀਂ ਸਕੇ।

### ਮੋਦੀ ਤੇ ਯੋਗੀ ਖਿਲਾਫ ਲੋਕ ਫਤਵਾ: ਅਖਿਲੇਸ਼

**ਲਖਨਊ:** ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਗੋਰਖਪੁਰ ਤੇ ਫੂਲਪੁਰ ਲੋਕ ਸਭਾ ਸੀਟਾਂ ਦੇ ਨਤੀਜਿਆਂ ਨੂੰ ਕੇਂਦਰ ਤੇ ਪ੍ਰਦੇਸ਼ ਦੋਵੇਂ ਸਰਕਾਰਾਂ ਖਿਲਾਫ਼ ਲੋਕ ਫਤਵਾ ਕਰਾਰ ਦਿੰਦਿਆਂ ਕਿਹਾ ਕਿ ਇਸ ਨਾਲ ਕੌਮੀ ਸਿਆਸਤ ਨੂੰ ਨਵੀਂ ਦਿਸ਼ਾ ਮਿਲੇਗੀ। ਉਨ੍ਹਾਂ ਬਸਪਾ ਸੁਪਰੀਮੋ ਮਾਇਆਵਤੀ, ਨਿਸ਼ਾਦ ਪਾਰਟੀ ਤੇ ਪੀਸ ਪਾਰਟੀ ਤੇ ਖੱਬੀਆਂ ਪਾਰਟੀਆਂ ਦੇ ਸਿਰ ਜਿੱਤ ਦਾ ਸਿਹਰਾ ਬੰਨ੍ਹਿਆ ਹੈ।

### ਹੰਕਾਰ ਨੇ ਭਾਜਪਾ ਨੂੰ ਮਾਰਿਆ: ਸ਼ਿਵ ਸੈਨਾ

**ਮੁੰਬਈ:** ਭਾਜਪਾ ਹੁਣੇ ਹੁਣੇ ਹੋਈਆਂ ਲੋਕ ਸਭਾ ਦੀਆਂ ਜ਼ਿਮਨੀ ਚੋਣਾਂ ਵਿਚ ਗੋਰਖਪੁਰ ਸੀਟ ਆਪਣੇ ਹਊਮੈ ਅਤੇ ਹੰਕਾਰ ਕਾਰਨ ਹਾਰੀ ਹੈ। ਇਹ ਦਾਅਵਾ ਭਾਜਪਾ ਦੀ ਭਾਈਵਾਲ ਸ਼ਿਵ ਸੈਨਾ ਨੇ ਕੀਤਾ ਹੈ। ਸੈਨਾ ਨੇ ਕਿਹਾ ਕਿ ਜੋ ਸੱਚਾਈ ਦੇ ਮਾਰਗ ਤੋਂ ਡਗਮਗਾ ਜਾਂਦੇ ਹਨ ਜਾਂ ਆਪਣੇ ਦੋਸਤਾਂ ਨੂੰ ਛੱਡ ਦਿੰਦੇ ਹਨ, ਉਨ੍ਹਾਂ ਦੀ ਹਾਰ ਤੈਅ ਹੈ।

# ਭਾਜਪਾ ਨੂੰ ਖਦੇੜਨ ਲਈ ਮਹਾਂ ਗੱਠਜੋੜ ਦਾ ਸੱਦਾ

**ਨਵੀਂ ਦਿੱਲੀ:** ਕਾਂਗਰਸ ਵੱਲੋਂ ਤਕਰੀਬਨ 8 ਸਾਲ ਬਾਅਦ ਕਰਵਾਏ ਪਲੈਨਰੀ ਇਜਲਾਸ ਵਿਚ ਬਦਲਾਅ ਦਾ ਹੋਕਾ ਦਿੰਦਿਆਂ ਮੌਜੂਦਾ ਚੁਣੌਤੀਆਂ ਨੂੰ ਸਵੀਕਾਰ ਕਰਦਿਆਂ 2019 ਦੀਆਂ ਲੋਕ ਸਭਾ ਚੋਣਾਂ ਲਈ ਗਠਜੋੜ ਦੀ ਰਣਨੀਤੀ ਕਾਇਮ ਰੱਖਣ ਉਤੇ ਰਸਮੀ ਮੋਹਰ ਲਾਈ ਗਈ, ਜਿਸ ਦੀ ਕਵਾਇਦ ਹਾਲ 'ਚ (ਮੁੜ ਨਵੇਂ ਸਿਰੇ ਤੋਂ) ਯੂ.ਪੀ.ਏ. ਪ੍ਰਧਾਨ ਸੋਨੀਆ ਗਾਂਧੀ ਨੇ ਰਾਤ ਦੇ ਖਾਣੇ ਦੀ ਮੇਜ਼ਬਾਨੀ (ਡਿਨਰ ਡਿਪਲੋਮੇਸੀ) ਰਾਹੀਂ ਕੀਤੀ ਸੀ।

ਇੰਦਰਾ ਗਾਂਧੀ ਇਨਡੋਰ ਸਟੇਡੀਅਮ 'ਚ ਤਕਰੀਬਨ 15 ਹਜ਼ਾਰ ਆਗੂਆਂ ਅਤੇ ਕਾਰਕੁਨਾਂ ਦਰਮਿਆਨ ਸੋਨੀਆ ਗਾਂਧੀ ਨੇ ਗਠਜੋੜ ਦੀ ਸਿਆਸਤ ਨੂੰ ਸਮੇਂ ਦੀ ਲੋੜ ਮੁਤਾਬਕ ਸਹੀ ਸਾਬਤ ਕਰਨ ਲਈ ਸਾਲ 1998 ਤੇ ਸਾਲ 2003 ਵਿਚ ਲਏ ਫੈਸਲਿਆਂ ਦੀ ਮਿਸਾਲ ਵੀ ਦਿੱਤੀ, ਜਿਥੇ 1998 'ਚ ਚਿੰਤਨ ਕੈਂਪ ਵਿਚ ਗਠਜੋੜ ਨੂੰ ਨਾਂਹ ਕਰਨ ਕਾਰਨ ਕਾਂਗਰਸ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਪਰ 2003 'ਚ ਹਮਖਿਆਲ ਵਿਚਾਰਧਾਰਾ ਵਾਲੀਆਂ ਪਾਰਟੀਆਂ ਨੂੰ ਨਾਲ ਲੈ ਕੇ ਚੱਲਣ ਕਾਰਨ 2 ਦਹਾਕਿਆਂ ਤੱਕ ਕਾਂਗਰਸ ਸੱਤਾ ਵਿਚ ਰਹਿ ਸਕੀ। ਯੂ.ਪੀ.ਏ. ਪ੍ਰਧਾਨ ਸੋਨੀਆ ਗਾਂਧੀ ਨੇ ਪਲੈਨਰੀ ਇਜਲਾਸ ਵਿਚ ਬੋਲਦਿਆਂ ਮੋਦੀ ਸਰਕਾਰ ਨੂੰ ਜੰਮ ਕੇ ਨਿਸ਼ਾਨਾ ਬਣਾਇਆ। ਉਨ੍ਹਾਂ ਕਿਹਾ ਕਿ ਪਿਛਲੇ 4 ਸਾਲਾਂ ਵਿਚ ਕਾਂਗਰਸ ਨੂੰ ਤਬਾਹ ਕਰਨ ਲਈ ਭਾਜਪਾ ਨੇ ਹਰ ਸੰਭਵ ਤਰੀਕਾ ਅਪਣਾ ਲਿਆ। ਸੋਨੀਆ ਨੇ ਹਾਲ 'ਚ ਮੱਧ ਪ੍ਰਦੇਸ਼, ਰਾਜਸਥਾਨ ਦੀਆਂ ਜ਼ਿਮਨੀ ਚੋਣਾਂ ਅਤੇ ਨਗਰ ਨਿਗਮ ਚੋਣਾਂ ਵਿਚ ਪਾਰਟੀ ਨੂੰ ਮਿਲੀ ਸਫਲਤਾ ਦੀ ਮਿਸਾਲ ਦਿੰਦਿਆਂ ਇਹ ਵੀ ਕਿਹਾ ਕਿ ਇਸ ਪ੍ਰਦਰਸ਼ਨ ਤੋਂ ਪਤਾ ਚਲਦਾ ਹੈ ਕਿ ਜੋ ਲੋਕ ਸਾਨੂੰ ਮਿਟਾਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਇਹ ਪਤਾ ਨਹੀਂ ਸੀ ਕਿ ਕਾਂਗਰਸ ਕਿਸ ਤਰ੍ਹਾਂ ਲੋਕਾਂ ਦੇ ਦਿਲਾਂ ਵਿਚ ਹੈ। ਜ਼ਿਕਰਯੋਗ ਹੈ ਕਿ 2014 'ਚ ਸੱਤਾ ਵਿਚ ਆਉਣ ਸਮੇਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਾਂਗਰਸ ਮੁਕਤ ਭਾਰਤ ਦਾ ਨਾਅਰਾ ਦਿੱਤਾ ਸੀ।

ਮੌਜੂਦਾ ਸਮੇਂ ਕਾਂਗਰਸ ਦੀ ਹਕੂਮਤ ਚਾਰ ਰਾਜਾਂ ਕਰਨਾਟਕ, ਪੰਜਾਬ, ਮਿਜ਼ੋਰਮ ਅਤੇ ਪੁਡੂਚੇਰੀ ਤੱਕ ਹੀ ਸੀਮਤ ਹੈ। ਮੌਜੂਦਾ ਸਿਆਸੀ ਹਾਲਾਤ ਨੂੰ ਸੋਨੀਆ ਗਾਂਧੀ ਨੇ ਚੁਣੌਤੀਆਂ ਦੱਸਦਿਆਂ ਕਿਹਾ ਕਿ ਅਜਿਹੇ ਮੁਸ਼ਕਲ ਸਮੇਂ 'ਚ ਨਿੱਜੀ ਇੱਛਾਵਾਂ ਅਤੇ ਹਊਮੈ ਨੂੰ ਕਿਨਾਰੇ ਰੱਖ ਕੇ ਇਕੱਠੇ ਹੋ ਕੇ ਸੰਘਰਸ਼ ਕਰਨ ਦਾ ਸਮਾਂ ਹੈ। ਸੋਨੀਆ ਗਾਂਧੀ ਨੇ ਮੋਦੀ ਸਰਕਾਰ ਵੱਲੋਂ 2014 ਦੇ ਦਿੱਤੇ ਨਾਅਰੇ 'ਸਬ ਕਾ ਸਾਥ, ਸਬ ਕਾ ਵਿਕਾਸ' ਅਤੇ 'ਨਾ ਖਾਊਂਗਾ, ਨਾ ਖਾਣੇ ਦੂੰਗਾ' ਨੂੰ ਡਰਾਮੇਬਾਜ਼ੀ ਕਰਾਰ ਦਿੰਦਿਆਂ ਕਿਹਾ ਕਿ ਉਹ ਸਿਰਫ ਸੱਤਾ ਹਾਸਲ ਕਰਨ ਦਾ ਇਕ ਜ਼ਰੀਆ ਸੀ। ਸਾਬਕਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਉਲਟ ਹਾਲਾਤ 'ਚ ਵੀ ਕਾਂਗਰਸ ਕਾਰਕੁਨ ਦਾ ਸੰਘਰਸ਼, ਜਿਥੇ ਸੱਤਾ ਧਿਰ ਉਨ੍ਹਾਂ ਨੂੰ ਕਈ ਢੰਗ-ਤਰੀਕਿਆਂ ਨਾਲ ਪਰੇਸ਼ਾਨ ਕਰ ਰਹੀ ਹੈ, ਕਾਬਲੇ ਤਾਰੀਫ ਹੈ। ਸੋਨੀਆ ਗਾਂਧੀ ਨੇ ਕਾਂਗਰਸ ਵੱਲੋਂ ਲਿਆਂਦੀਆਂ ਸਕੀਮਾਂ ਮਨਰੇਗਾ, ਸੂਚਨਾ ਦਾ ਹੱਕ, ਭੋਜਨ ਦਾ ਹੱਕ ਆਦਿ ਦਾ ਜ਼ਿਕਰ ਕਰਦਿਆਂ ਕਿਹਾ ਕਿ ਹੁਣ ਇਹ ਦੇਖ ਕੇ ਅਫਸੋਸ ਨਹੀਂ, ਸਗੋਂ ਦੁੱਖ ਹੁੰਦਾ ਹੈ ਕਿ ਮੋਦੀ ਸਰਕਾਰ ਇਨ੍ਹਾਂ ਨੂੰ ਕਮਜ਼ੋਰ ਕਰ ਰਹੀ ਹੈ।

ਤਕਰੀਬਨ 2 ਦਹਾਕਿਆਂ ਤੱਕ ਕਾਂਗਰਸ ਦੀ ਵਾਗਡੋਰ ਸੰਭਾਲਣ ਵਾਲੀ ਸੋਨੀਆ ਗਾਂਧੀ ਨੇ ਸਟੇਡੀਅਮ 'ਚ ਮੌਜੂਦ ਕਾਰਕੁਨਾਂ ਨੂੰ ਉਤਸ਼ਾਹਿਤ ਕਰਨ ਲਈ 1978 ਦੀ ਕਰਨਾਟਕ ਦੇ ਚਿਕਮੰਗਲੂਰ ਹਲਕੇ ਦੀ ਜ਼ਿਮਨੀ ਚੋਣ 'ਚ ਜਿੱਤ ਦਾ ਵੀ ਜ਼ਿਕਰ ਕੀਤਾ, ਜਿਸ ਤੋਂ ਬਾਅਦ ਕਾਂਗਰਸ ਨੇ ਮੁੜ ਜਿੱਤ ਦਾ ਸਫਰ ਸ਼ੁਰੂ ਕੀਤਾ ਸੀ।

### 'ਕਿਸਾਨਾਂ ਦੀ ਦੁੱਗਣੀ ਆਮਦਨ ਮੋਦੀ ਦਾ ਜੁਮਲਾ'

**ਨਵੀਂ ਦਿੱਲੀ:** ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਸਾਨਾਂ ਦੀ ਕਮਾਈ ਨੂੰ ਦੁੱਗਣੀ ਕਰਨ ਬਾਰੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਫੋਕੇ ਵਾਅਦਿਆਂ ਨੂੰ 'ਜੁਮਲਾ' ਕਰਾਰ ਦਿੱਤਾ ਹੈ। ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਮੋਦੀ ਸਰਕਾਰ ਨੇ ਆਰਥਿਕਤਾ ਨੂੰ ਤਬਾਹ ਕੀਤਾ ਹੈ। ਸਾਬਕਾ ਪ੍ਰਧਾਨ ਮੰਤਰੀ ਨੇ ਪਹਿਲੀ ਵਾਰ ਮੋਦੀ ਸਰਕਾਰ 'ਤੇ ਜੰਮ ਕੇ ਵਾਰ ਕੀਤੇ। ਡਾ. ਮਨਮੋਹਨ ਸਿੰਘ ਨੇ ਕਾਂਗਰਸ ਦੇ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੀ ਸਰਕਾਰ ਨੇ ਛੋਟੇ ਤੇ ਦਰਮਿਆਨੇ ਉਦਯੋਗਾਂ ਲਈ ਸਮੱਸਿਆਵਾਂ ਖੜ੍ਹੀਆਂ ਕਰ ਦਿੱਤੀਆਂ ਹਨ। ਹੋਰ ਖੇਤਰਾਂ ਲਈ ਵੀ ਸਮੱਸਿਆ ਪੈਦਾ ਕੀਤੀ ਹੈ।



# ਮਿਸ਼ਨ 2019 ਦੇ ਵਿਗੜਨ ਲੱਗੇ ਸਿਆਸੀ ਸਮੀਕਰਨ

**ਨਵੀਂ ਦਿੱਲੀ:** 2019 ਵਿਚ ਹੋਣ ਵਾਲੇ ਮਹਾਂ ਮੁਕਾਬਲੇ ਦੀ ਪੁੱਠੀ ਗਿਣਤੀ ਸ਼ੁਰੂ ਹੋ ਗਈ ਹੈ। ਇਸ ਦੇ ਨਾਲ ਹੀ ਸਿਆਸੀ ਸਮੀਕਰਨ ਬਣਨੇ ਵਿਗੜਨੇ ਸ਼ੁਰੂ ਹੋ ਗਏ ਹਨ। ਸਾਲ 2014 ਵਿਚ ਲੋਕ ਸਭਾ ਚੋਣਾਂ ਤੇ ਸਾਲ 2017 ਵਿਚ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੇ ਵਿਰੋਧੀ ਧਿਰਾਂ ਦੇ ਚਾਰੇ ਖਾਨੇ ਚਿੱਤ ਕਰ ਦਿੱਤੇ ਸਨ। ਯੋਗੀ ਅਦਿੱਤਿਆਨਾਥ ਨੂੰ ਮੁੱਖ ਮੰਤਰੀ ਬਣਾਇਆ ਗਿਆ ਤੇ ਦਾਅਵਾ ਕੀਤਾ ਗਿਆ ਕਿ ਯੂਪੀ ਦੀ ਕਿਸਮਤ ਬਦਲਣ ਵਾਲੀ ਹੈ। ਕਿਹਾ ਜਾਂਦਾ ਹੈ ਕਿ ਰਾਜਨੀਤੀ ਵਿਚ ਅੰਕੜਿਆਂ ਨੂੰ ਜਾਰੀ ਰੱਖਣਾ ਵੀ ਇਕ ਵੱਡੀ ਚੁਣੌਤੀ ਹੈ। ਯੂਪੀ ਦੇ ਗੋਰਖਪੁਰ ਤੇ ਫੂਲਪੁਰ ਸੀਟ ਉਤੇ ਲੋਕ ਸਭਾ ਉਪ ਚੋਣ ਵਿਚ ਭਾਜਪਾ ਨੂੰ ਵਿਰੋਧੀ ਧਿਰ ਨੇ ਨੁਕਸਾਨ ਪਹੁੰਚਿਆ।

ਭਾਜਪਾ ਦੇ ਗੜ੍ਹ ਮੰਨੇ ਜਾਣ ਵਾਲੇ ਗੋਰਖਪੁਰ ਸੀਟ ਦੇ ਨਾਲ ਹੀ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੋਰੀਆ ਦੀ ਫੂਲਪੁਰ ਸੀਟ ਭਾਜਪਾ ਹੱਥੋਂ ਨਿਕਲ ਗਈ। ਰਾਜਨੀਤਕ ਮਾਹਿਰਾਂ ਦਾ ਕਹਿਣਾ ਹੈ ਕਿ ਅਖੀਲੇਸ਼ ਯਾਦਵ ਤੇ ਮਾਇਆਵਤੀ ਦੀ ਜੋੜੀ ਕੰਮ ਕਰ ਗਈ। ਵਿਸ਼ਲੇਸ਼ਣ ਤਾਂ ਜਾਰੀ ਰਹਿਣਗੇ ਪਰ ਹਾਲ ਹੀ ਵਿਚ ਉਪ ਚੋਣਾਂ ਵਿਚ ਬੀ.ਜੇ.ਪੀ. ਦੀ ਹਾਰ ਹੋਈ ਹੈ। ਖਾਸ ਗੱਲ ਇਹ ਹੈ ਕਿ ਬੀ.ਜੇ.ਪੀ. ਦੀ ਸਰਕਾਰ ਵਾਲੇ ਰਾਜਸਥਾਨ ਤੇ ਮੱਧ ਪ੍ਰਦੇਸ਼ ਵਿਚ ਹੋਈ ਉਪ ਚੋਣ ਵਿਚ ਕਾਂਗਰਸ ਨੇ ਭਾਜਪਾ ਨੂੰ ਜ਼ਬਰਦਸਤ ਝਟਕਾ ਦਿੱਤਾ ਸੀ। ਹੁਣ ਯੂਪੀ ਦੀਆਂ ਦੋ ਸੀਟਾਂ ਵੀ ਬੀ.ਜੇ.ਪੀ. ਹੱਥੋਂ ਖੁਸ ਗਈਆਂ ਹਨ।

### ਹਰਿਆਣਾ: ਬਾਲੜੀਆਂ ਨਾਲ ਜਬਰ ਜਨਾਹ ਦੇ ਦੋਸ਼ੀ ਨੂੰ ਮਿਲੇਗੀ ਫਾਂਸੀ

**ਚੰਡੀਗੜ੍ਹ:** ਹਰਿਆਣਾ ਵਿਧਾਨ ਸਭਾ ਵਿਚ 12 ਸਾਲ ਜਾਂ ਇਸ ਤੋਂ ਘੱਟ ਉਮਰ ਦੀਆਂ ਬੱਚੀਆਂ ਨਾਲ ਜਬਰ ਜਨਾਹ ਕਰਨ ਵਾਲੇ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਦੇਣ ਸਬੰਧੀ ਬਿੱਲ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਮੱਧ ਪ੍ਰਦੇਸ਼ ਤੇ ਰਾਜਸਥਾਨ ਤੋਂ ਬਾਅਦ ਇਹ ਬਿੱਲ ਪਾਸ ਕਰਨ ਵਾਲਾ ਹਰਿਆਣਾ ਤੀਜਾ ਸੂਬਾ ਬਣਿਆ ਹੈ। ਪਾਸ ਕੀਤੇ ਗਏ 'ਦਾ ਕ੍ਰਿਮੀਨਲ ਲਾਅ (ਹਰਿਆਣਾ ਸੋਧ) ਬਿੱਲ 2018' ਵਿਚ ਇਹ ਵਿਵਸਥਾ ਕੀਤੀ ਗਈ ਹੈ ਕਿ 12 ਸਾਲ ਤੱਕ ਦੀਆਂ ਬੱਚੀਆਂ ਨਾਲ ਜਬਰ ਜਨਾਹ ਕਰਨ ਵਾਲੇ ਦੋਸ਼ੀਆਂ ਨੂੰ ਫਾਂਸੀ ਜਾਂ ਉਮਰ ਕੈਦ ਦੀ ਹੀ ਸਜ਼ਾ ਦਿੱਤੀ ਜਾ ਸਕੇਗੀ।



ਬਿੱਲ ਵਿਚ ਦੋਸ਼ੀ ਉਤੇ ਜੁਰਮਾਨਾ ਲਗਾਉਣ ਦੀ ਵਿਵਸਥਾ ਵੀ ਕੀਤੀ ਗਈ ਹੈ ਅਤੇ ਜਰਮਾਨੇ ਦੀ ਰਕਮ ਪੀੜਤਾ ਨੂੰ ਦਿੱਤੀ ਜਾਵੇਗੀ। ਇਸ ਬਿੱਲ ਨੂੰ ਸੂਬੇ ਦੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਰਾਮ ਬਿਲਾਸ ਸ਼ਰਮਾ ਨੇ ਸਦਨ 'ਚ ਪੇਸ਼ ਕੀਤਾ। ਰਾਜ ਸਰਕਾਰ ਨੂੰ ਇਹ ਸਖਤ ਬਿੱਲ ਇਸ ਲਈ ਲਿਆਉਣਾ ਪਿਆ ਕਿਉਂਕਿ ਪਿਛਲੇ ਕਾਫੀ ਸਮੇਂ ਤੋਂ ਰਾਜ 'ਚ ਜਬਰ ਜਨਾਹ ਕਰਨ ਦੀਆਂ ਘਟਨਾਵਾਂ ਦਿਨ ਪ੍ਰਤੀ ਦਿਨ ਵਧ ਰਹੀਆਂ ਸਨ, ਜਿਸ ਕਾਰਨ ਭਾਜਪਾ ਸਰਕਾਰ ਦੀ ਕਾਫੀ ਬਦਨਾਮੀ ਹੋ ਰਹੀ ਸੀ।

# ਨੀਰਵ ਮੋਦੀ ਦੀ 250 ਏਕੜ ਜ਼ਮੀਨ 'ਤੇ ਕਿਸਾਨਾਂ ਦਾ ਕਬਜ਼ਾ

**ਨਵੀਂ ਦਿੱਲੀ:** ਪੰਜਾਬ ਬੈਂਕ ਨੈਸ਼ਨਲ ਬੈਂਕ (ਪੀ.ਐਨ.ਬੀ.) ਨਾਲ 12 ਹਜ਼ਾਰ ਕਰੋੜ ਰੁਪਏ ਤੋਂ ਵੀ ਵੱਧ ਦੀ ਠੱਗੀ ਮਾਰ ਕੇ ਫਰਾਰ ਹੋਏ ਨੀਰਵ ਮੋਦੀ ਦੀਆਂ ਮੁਸ਼ਕਲਾਂ ਹੁਣ ਜਾਂਚ ਕਰ ਰਹੀਆਂ ਏਜੰਸੀਆਂ ਦੇ ਨਾਲ ਕਿਸਾਨਾਂ ਨੇ ਵਧਾ ਦਿੱਤੀਆਂ ਹਨ।

ਮਹਾਰਾਸ਼ਟਰ ਵਿਚ ਅਹਿਮ ਨਗਰ ਜਿਲ੍ਹੇ ਦੇ ਖੰਡਾਲਾ ਪਿੰਡ ਵਿਚ ਕਿਸਾਨਾਂ ਨੇ ਨੀਰਵ ਮੋਦੀ ਦੀ ਤਕਰੀਬਨ 250 ਏਕੜ ਜ਼ਮੀਨ ਉਤੇ ਕਬਜ਼ਾ ਕਰ ਲਿਆ ਹੈ। ਹੁਣ ਕਿਸਾਨ ਇਸ ਜ਼ਮੀਨ ਉਤੇ ਇਕ ਵਾਰ ਫਿਰ ਤੋਂ ਖੇਤੀ ਕਰਨਗੇ। ਤਕਰਬੀਨ 200 ਕਿਸਾਨਾਂ ਨੇ ਨੀਰਵ ਮੋਦੀ ਦੀ ਜ਼ਮੀਨ ਉਤੇ ਕਬਜ਼ਾ ਕਰਨ ਮਗਰੋਂ ਜਸ਼ਨ ਮਨਾਇਆ।

ਖੰਡਾਲਾ ਦੀ ਕਰਜਤ ਤਹਿਸੀਲ ਦੇ ਕਿਸਾਨਾਂ ਦਾ ਦਾਅਵਾ ਹੈ ਕਿ ਕੁਝ ਸਾਲ ਪਹਿਲਾਂ ਨੀਰਵ ਮੋਦੀ ਦੀ ਕੰਪਨੀ ਨੇ ਫਾਇਰਸਟਾਰ ਦੇ ਸੋਲਰ ਪ੍ਰੋਜੈਕਟ ਲਈ ਕਿਸਾਨਾਂ ਤੋਂ ਘੱਟ ਕੀਮਤ ਉਤੇ ਇਹ ਜ਼ਮੀਨ ਖਰੀਦੀ ਸੀ। ਹੁਣ ਕਿਸਾਨਾਂ ਨੇ ਉਸੇ ਜ਼ਮੀਨ ਉਪਰ ਮੁੜ ਕਬਜ਼ਾ ਕਰ ਕੇ ਆਪਣਾ ਝੰਡਾ ਗੱਢ ਦਿੱਤਾ। ਇਕ ਕਿਸਾਨ ਨੇ ਦੱਸਿਆ ਕਿ ਛੇਤੀ ਹੀ ਇਸ ਜ਼ਮੀਨ ਉਤੇ ਖੇਤੀ ਸ਼ੁਰੂ ਹੋ ਜਾਵੇਗੀ। ਅਹਿਮਦਨਗਰ ਦੇ ਕਿਸਾਨਾਂ ਨੇ ਨੀਰਵ ਮੋਦੀ ਉਤੇ ਘੁਟਾਲੇਬਾਜ਼ ਹੋਣ ਦੇ ਨਾਲ-ਨਾਲ ਲੈਂਡ ਮਾਫੀਆ ਹੋਣ ਦੇ ਵੀ ਦੋਸ਼ ਲਾਏ।

ਕਿਸਾਨਾਂ ਦੇ ਨਾਲ ਪ੍ਰਦਰਸ਼ਨ ਵਿਚ ਸਮਾਜਿਕ ਵਰਕਰ ਤੇ ਵਕੀਲ ਕਰਭਾਰੀ ਗਵਲੀ ਨੇ ਦਾਅਵਾ ਕੀਤਾ ਕਿ ਉਸ ਤੋਂ 5000 ਰੁਪਏ ਪ੍ਰਤੀ ਏਕੜ ਦੇ ਮੁੱਲ ਨਾਲ ਜ਼ਮੀਨ ਖਰੀਦੀ ਗਈ ਸੀ, ਜਦਕਿ ਇਸ ਦਾ ਸਰਕਾਰੀ ਮੁੱਲ ਦੇ ਹਿਸਾਬ ਨਾਲ ਮੁਆਵਜ਼ਾ 20 ਲੱਖ ਰੁਪਏ ਏਕੜ ਹੈ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬੰਦੀ ਸਿੱਖਾਂ ਦੀ ਰਿਹਾਈ ਲਈ ਜੂਝਣ ਵਾਲੇ ਗੁਰਬਖਸ਼ ਸਿੰਘ ਦਾ ਦੇਹਾਂਤ

**ਕੁਰੂਕਸ਼ੇਤਰ:** ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਸਜ਼ਾ ਭੁਗਤ ਚੁੱਕੇ ਬੰਦੀ ਸਿੱਖਾਂ ਦੀ ਰਿਹਾਈ ਲਈ ਯਤਨਸ਼ੀਲ ਭਾਈ ਗੁਰਬਖਸ਼ ਸਿੰਘ ਖਾਲਸਾ ਨੇ ਫਿਰ ਤੋਂ ਅੰਦੋਲਨ ਸ਼ੁਰੂ ਕਰਦੇ ਹੋਏ ਪਾਣੀ ਦੀ ਟੈਂਕੀ ਤੋਂ ਛਾਲ ਮਾਰ ਦਿੱਤੀ ਜਿਸ ਕਾਰਨ ਉਨ੍ਹਾਂ ਨੂੰ ਗੰਭੀਰ ਹਾਲਤ ਵਿਚ ਪਿੰਡ ਤੋਂ ਲੋਕ ਨਾਇਕ ਜੈ ਪ੍ਰਕਾਸ਼ ਹਸਪਤਾਲ ਲਿਆਂਦਾ ਗਿਆ ਜਿਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਖਾਲਸਾ ਦੀ ਮੌਤ ਪਿੱਛੋਂ ਸਿੱਖਾਂ ਵਿਚ ਰੋਸ ਦੀ ਲਹਿਰ ਫੈਲ ਗਈ ਹੈ।

ਭਾਈ ਖਾਲਸਾ ਨੇ ਆਪਣੇ ਜੱਦੀ ਪਿੰਡ ਠਸਕਾ ਅਲੀ ਜ਼ਿਲ੍ਹਾ ਕੁਰੂਕਸ਼ੇਤਰ ਵਿਚ ਪਾਣੀ ਦੀ ਟੈਂਕੀ ਉਤੇ ਚੜ੍ਹ ਕੇ ਬੇਮਿਆਦੀ ਭੁੱਖ ਹੜਤਾਲ ਸ਼ੁਰੂ ਕੀਤੀ ਸੀ। ਸੂਚਨਾ ਮਿਲਣ ਤੋਂ ਬਾਅਦ ਪ੍ਰਸ਼ਾਸਨਿਕ ਅਧਿਕਾਰੀ ਅਤੇ ਫਾਇਰ ਬ੍ਰਿਗੇਡ ਵਿਭਾਗ ਦੀ ਗੱਡੀ ਮੌਕੇ ਉਤੇ ਪੁੱਜ ਗਈ।

ਪਰਿਵਾਰ ਮੁਤਾਬਕ ਮੌਕੇ ਉਤੇ ਪੁੱਜੇ ਡੀ.ਐਸ.ਪੀ. ਧੀਰਜ ਕੁਮਾਰ ਨੇ ਟੈਂਕੀ ਤੋਂ ਹੇਠਾਂ ਉਤਰਨ ਲਈ ਉਨ੍ਹਾਂ ਉਤੇ ਦਬਾਅ ਬਣਾਇਆ ਸੀ। ਵਾਰ-ਵਾਰ ਕਹਿਣ ਉਤੇ ਵੀ ਪੁਲਿਸ ਅਧਿਕਾਰੀ ਨਹੀਂ ਮੰਨੇ ਤੇ ਦੇਰ ਸ਼ਾਮ 7.15 ਵਜੇ ਗੁਰਬਖਸ਼ ਸਿੰਘ ਖਾਲਸਾ ਨੇ ਟੈਂਕੀ ਤੋਂ ਛਾਲ ਲਗਾ ਦਿੱਤੀ। ਭਾਈ ਖਾਲਸਾ ਨੂੰ ਹਸਪਤਾਲ ਲਿਆਂਦਾ ਗਿਆ, ਜਿਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ।

ਇਸ ਦੌਰਾਨ ਸਰਕਾਰੀ ਹਸਪਤਾਲ ਵਿਚ ਪੁਲੀਸ ਬਲ ਤਾਇਨਾਤ ਕਰ ਦਿੱਤਾ। ਭੁੱਖ ਹੜਤਾਲ ਸ਼ੁਰੂ ਕਰਨ ਤੋਂ ਪਹਿਲਾਂ ਭਾਈ ਗੁਰਬਖਸ਼ ਸਿੰਘ ਖਾਲਸਾ ਨੂੰ ਬੁੜੈਲ ਜੇਲ੍ਹ 'ਚ ਬੰਦ ਗੁਰਮੀਤ ਸਿੰਘ ਦੀ ਮਾਤਾ ਸੁਰਜੀਤ ਕੌਰ ਅਤੇ ਭਾਈ ਸ਼ਮਸ਼ੇਰ ਸਿੰਘ ਦੀ ਪਤਨੀ ਬੀਬੀ ਬਲਜਿੰਦਰ ਕੌਰ ਅਤੇ ਭਾਈ ਸ਼ਮਸ਼ੇਰ ਸਿੰਘ ਦੇ ਭਰਾ ਭਗਵੰਤ ਸਿੰਘ ਨੇ ਸਿਰੋਪਾ ਪਹਿਨਾਇਆ। ਤਕਰੀਬਨ 3 ਸਾਲ ਲੰਘਣ 'ਤੇ ਵੀ ਜਦੋਂ ਬੰਦੀ ਸਿੱਖਾਂ ਦੀ ਰਿਹਾਈ ਲਈ ਕੋਈ ਠੋਸ ਉਪਰਾਲਾ ਨਹੀਂ ਹੋਇਆ ਤਾਂ ਉਹ ਮੁੜ ਭੁੱਖ ਹੜਤਾਲ ਉਤੇ ਬੈਠ ਗਏ ਸਨ।

# ਰੂਸ ਦੀ ਵਾਗਡੋਰ ਮੁੜ ਪੂਤਿਨ ਹੱਥ ਆਈ

**ਮਾਸਕੋ:** ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਰਿਕਾਰਡ ਤੋੜ ਜਿੱਤ ਦੇ ਨਾਲ ਆਪਣੇ ਵਿਰੋਧੀਆਂ ਨੂੰ ਖੂੰਜੇ ਲਾਉਂਦਿਆਂ ਅਗਲੇ ਛੇ ਸਾਲ ਲਈ ਰੂਸ ਦੀ ਸੱਤਾ ਉਤੇ ਆਪਣੀ ਪਕੜ ਹੋਰ ਮਜ਼ਬੂਤ ਕਰ ਲਈ ਹੈ ਤੇ ਉਹ 2024 ਤੱਕ ਰੂਸ ਦੀ ਸੱਤਾ ਉਤੇ ਬਣੇ ਰਹਿਣਗੇ। ਇਹ ਪੂਤਿਨ ਦਾ ਚੌਥਾ ਕਾਰਜਕਾਲ ਹੋਵੇਗਾ। ਪੂਤਿਨ ਨੇ ਵੋਟਾਂ ਵਿਚ ਹੁਣ ਤੱਕ ਦੀ ਸਭ ਤੋਂ ਸ਼ਾਨਦਾਰ ਕਾਰਗੁਜ਼ਾਰੀ ਦਿਖਾਉਂਦਿਆਂ 76.66 ਫੀਸਦੀ ਵੋਟਾਂ ਹਾਸਲ ਕੀਤੀਆਂ ਹਨ। ਉਨ੍ਹਾਂ ਦੇ ਵਿਰੁੱਧ ਸੱਤ ਉਮੀਦਵਾਰ ਸਨ। ਪੂਤਿਨ ਨੂੰ ਇਸ ਜਿੱਤ ਲਈ ਜਿਥੇ ਦੇਸ਼ ਵਿਦੇਸ਼ ਦੇ ਆਗੂਆਂ ਨੇ ਵਧਾਈ ਦਿੱਤੀ ਹੈ, ਉਥੇ ਉਸ ਦੇ ਰਾਜਸੀ ਵਿਰੋਧੀਆਂ ਨੇ ਵੋਟਾਂ ਵਿਚ ਧੋਖਾਧੜੀ ਦੇ ਦੋਸ਼ ਲਾਉਂਦਿਆਂ ਕਿਹਾ ਕਿ ਪੂਤਿਨ ਦੀ ਜਿੱਤ ਦੇ ਨਾਲ ਯੂਰਪ ਦੇ ਨਾਲ ਸਬੰਧ ਹੋਰ ਵੀ ਖਰਾਬ ਹੋਣ ਦਾ ਡਰ ਪੈਦਾ ਹੋ ਗਿਆ ਹੈ।

# ਕੇਜਰੀਵਾਲ ਦੇ ਮੁਆਫੀਨਾਮੇ ਪਿੱਛੋਂ ਭਖੀ ਸਿਆਸੀ ਖਿੱਚ-ਧੂਹ

**ਚੰਡੀਗੜ੍ਹ:** ਅਰਵਿੰਦ ਕੇਜਰੀਵਾਲ ਵੱਲੋਂ ਬਿਕਰਮ ਸਿੰਘ ਮਜੀਠੀਆ ਕੋਲੋਂ ਮੁਆਫੀ ਮੰਗਣ ਪਿੱਛੋਂ ਪੰਜਾਬ ਦੀਆਂ ਸਿਆਸੀ ਧਿਰਾਂ ਨੇ ਵੀ ਆਮ ਆਦਮੀ ਪਾਰਟੀ ਨੂੰ ਘੇਰਨ ਲਈ ਮੋਰਚਾ ਸੰਭਾਲ ਲਿਆ ਹੈ। ਆਪ ਲੀਡਰਸ਼ਿਪ ਵਿਚ ਪਏ ਕਲੇਸ਼ ਨੂੰ ਹੋਰ ਹਵਾ ਦੇਣ ਲਈ ਕਾਂਗਰਸੀ ਆਗੂਆਂ ਨੇ ਸੁਝਾਅ ਦਿੱਤਾ ਹੈ ਕਿ ਕੇਜਰੀਵਾਲ ਨੂੰ ਮਜੀਠੀਆ ਕੋਲੋਂ ਨਹੀਂ, ਪੰਜਾਬ ਦੇ ਲੋਕਾਂ ਕੋਲੋਂ ਮੁਆਫੀ ਮੰਗਣੀ ਚਾਹੀਦੀ ਹੈ।

ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਦਾ ਕਹਿਣਾ ਹੈ ਕਿ ਕੇਜਰੀਵਾਲ ਨੂੰ ਮੁਆਫੀ ਮੰਗਣ ਤੋਂ ਪਹਿਲਾਂ ਇਸ ਮਾਮਲੇ ਵਿਚ ਚੱਲ ਰਹੀ ਜਾਂਚ ਦੇ ਪੂਰਾ ਹੋਣ ਦੀ ਉਡੀਕ ਕਰਨੀ ਚਾਹੀਦੀ ਸੀ। ਉਧਰ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੇਜਰੀਵਾਲ ਦੀ ਮੁਆਫੀ ਨੂੰ ਸਜ਼ਾ ਨਾਲੋਂ 'ਭੈੜੀ' ਦੱਸਿਆ ਹੈ। ਉਨ੍ਹਾਂ ਕਿਹਾ ਕਿ ਮੁਆਫੀ ਨਾਲ ਆਮ ਆਦਮੀ ਪਾਰਟੀ ਖੇਰੂੰ-ਖੇਰੂੰ ਹੋ ਗਈ ਹੈ ਅਤੇ ਅਗਾਂਹ ਚੋਣਾਂ ਵਿਚ ਇਸ ਦਾ ਕੋਈ ਵਜੂਦ ਨਹੀਂ ਰਹਿਣਾ। ਅਕਾਲੀ-ਭਾਜਪਾ ਵਿਧਾਇਕ ਮਨਜਿੰਦਰ ਸਿੰਘ ਸਿਰਸਾ ਨੇ ਕੇਜਰੀਵਾਲ ਦੀ ਤਸਵੀਰ ਵਾਲੇ ਪੋਸਟਰ ਦਿੱਲੀ ਦੀਆਂ ਸੜਕਾਂ 'ਤੇ ਲਗਾ ਦਿੱਤੇ ਹਨ। ਸਿਰਸਾ ਨੇ ਇਨ੍ਹਾਂ ਪੋਸਟਰਾਂ 'ਚ ਲਿਖਵਾਇਆ ਹੈ ਕਿ, 'ਪਹਿਲੀ ਵਾਰ ਕਿਸੇ ਮੁੱਖ ਮੰਤਰੀ ਨੇ ਲਿਖਤ ਵਿਚ ਕਬੂਲਿਆ- ਮੈਂ ਇਕ ਝੂਠਾ ਮੁੱਖ ਮੰਤਰੀ ਹਾਂ'।

# ਲੋਕ ਇਨਸਾਫ ਪਾਰਟੀ ਦਾ 'ਆਪ' ਨਾਲੋਂ ਤੋੜ-ਵਿਛੋੜਾ

**ਲੁਧਿਆਣਾ:** ਅਰਵਿੰਦ ਕੇਜਰੀਵਾਲ ਵੱਲੋਂ ਬਿਕਰਮ ਸਿੰਘ ਮਜੀਠੀਆ ਤੋਂ ਮੁਆਫੀ ਮੰਗਣ ਤੋਂ ਬਾਅਦ ਬੈਂਸ ਭਰਾਵਾਂ ਦੀ ਲੋਕ ਇਨਸਾਫ ਪਾਰਟੀ ਨੇ ਵੀ 'ਆਪ' ਨਾਲੋਂ ਗੱਠਜੋੜ ਤੋੜਨ ਦਾ ਐਲਾਨ ਕਰ ਦਿੱਤਾ ਹੈ। ਲੋਕ ਇਨਸਾਫ ਪਾਰਟੀ ਦੇ ਮੁਖੀ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਤੇ ਵਿਧਾਇਕ ਬਲਵਿੰਦਰ ਸਿੰਘ ਬੈਂਸ ਦਾ ਕਹਿਣਾ ਹੈ ਕਿ ਕੇਜਰੀਵਾਲ ਨੇ ਮਜੀਠੀਆ ਤੋਂ ਮੁਆਫੀ ਮੰਗ ਕੇ ਉਸੇ ਤਰ੍ਹਾਂ ਮਜੀਠੀਆ ਨੂੰ ਕਲੀਨ ਚਿੱਟ ਦੇ ਦਿੱਤੀ ਹੈ, ਜਿਵੇਂ ਪੰਜਾਬ ਕਾਂਗਰਸ ਦੇ ਪ੍ਰਧਾਨ ਹੁੰਦੇ ਹੋਏ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦਿੱਤੀ ਸੀ। ਅਜਿਹਾ ਕਰ ਕੇ ਸ੍ਰੀ ਕੇਜਰੀਵਾਲ ਨੇ ਪੰਜਾਬ ਨਾਲ ਗੱਦਾਰੀ ਕੀਤੀ ਹੈ।

# ਕੇਜਰੀਵਾਲ ਦੀ ਮੁਆਫੀ ਨੇ ਮਚਾਈ ਹਲਚਲ

***(ਸਫਾ ਇਕ ਦੀ ਬਾਕੀ)***

ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। 'ਆਪ' ਦੇ ਵਿਧਾਨਕ ਦਲ ਦੇ ਨੇਤਾ ਸੁਖਪਾਲ ਸਿੰਘ ਖਹਿਰਾ, ਪੰਜਾਬ ਇਕਾਈ ਦੇ ਸਹਿ ਕਨਵੀਨਰ ਅਮਨ ਅਰੋੜਾ ਤੇ ਵਿਧਾਇਕ ਕੰਵਰ ਸੰਧੂ ਦੇ ਤੇਵਰ ਨੇ ਵੀ ਤਿੱਖੇ ਸੁਰ ਅਪਨਾਏ ਹੋਏ ਹਨ। ਕੇਜਰੀਵਾਲ ਦੀ ਸਭ ਤੋਂ ਵੱਧ ਅਲੋਚਨਾ ਇਸ ਪੱਖੋਂ ਹੋ ਰਹੀ ਹੈ ਕਿ ਉਨ੍ਹਾਂ ਨੇ ਇਹ ਅਹਿਮ ਫੈਸਲਾ ਕਰਨ ਲਈ ਪੰਜਾਬ ਦੇ ਕਿਸੇ ਆਗੂ ਨਾਲ ਗੱਲ ਕਰਨੀ ਵੀ ਮੁਨਾਸਬ ਨਾ ਸਮਝੀ। ਪੰਜਾਬ ਦੇ ਆਗੂ ਇਸ ਗੱਲੋਂ ਵੀ ਨਾਰਾਜ਼ ਹਨ ਕਿ ਕੇਜਰੀਵਾਲ ਦਾ ਇਹ ਕਦਮ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਪਾਰਟੀ ਨੂੰ ਵੱਡੀ ਢਾਹ ਲਾ ਸਕਦਾ ਹੈ, ਕਿਉਂਕਿ ਅੱਜ ਵੀ ਸੂਬੇ ਦੇ ਲੋਕਾਂ ਵਿਚ ਅਕਾਲੀਆਂ, ਖਾਸ ਕਰ ਕੇ ਮਜੀਠੀਆ ਪ੍ਰਤੀ ਰੋਸ ਹੈ।

ਯਾਦ ਰਹੇ, ਪੰਜਾਬ ਵਿਧਾਨ ਸਭਾ ਚੋਣਾਂ ਵਿਚ ਅਰਵਿੰਦ ਕੇਜਰੀਵਾਲ ਨੇ ਚੋਣ ਦੌਰਿਆਂ ਦੌਰਾਨ ਬਿਆਨ ਦਿੱਤੇ ਸਨ ਕਿ ਪੰਜਾਬ ਵਿਚ ਨਸ਼ਾ ਮਾਫੀਆ ਨੂੰ ਮਜੀਠੀਆ ਦੀ ਸਰਪ੍ਰਸਤੀ ਹਾਸਲ ਹੈ। ਅਜਿਹੇ ਹੀ ਦੋਸ਼ ਦਿੱਲੀ ਤੋਂ ਆਏ 'ਆਪ' ਦੇ ਨੇਤਾ ਅਸ਼ੀਸ਼ ਖੇਤਾਨ ਅਤੇ ਉਸ ਸਮੇਂ ਪਾਰਟੀ ਵੱਲੋਂ ਪੰਜਾਬ ਦੇ ਬਣਾਏ ਗਏ ਮੁਖੀ ਸੰਜੇ ਸਿੰਘ ਨੇ ਵੀ ਲਗਾਏ ਸਨ। ਮਜੀਠੀਆ ਵੱਲੋਂ ਇਨ੍ਹਾਂ ਤਿੰਨਾਂ ਖਿਲਾਫ ਮਾਣਹਾਨੀ ਦਾ ਕੇਸ ਦਾਇਰ ਕੀਤਾ ਗਿਆ ਸੀ। ਹੁਣ ਕੇਜਰੀਵਾਲ ਅਤੇ ਅਸ਼ੀਸ਼ ਖੇਤਾਨ ਵੱਲੋਂ ਲਿਖਤੀ ਮੁਆਫੀ ਮੰਗਣ ਕਰ ਕੇ ਮਜੀਠੀਆ ਨੇ ਜਿਥੇ ਉਹ ਕੇਸ ਵਾਪਸ ਲੈਣ ਦਾ ਐਲਾਨ ਕੀਤਾ ਹੈ, ਉਥੇ ਇਹ ਵੀ ਕਿਹਾ ਹੈ ਕਿ ਸਚਾਈ ਦੀ ਜਿੱਤ ਹੋਈ ਹੈ। ਦੱਸਣਯੋਗ ਹੈ ਕਿ ਵਿਧਾਨ ਸਭਾ ਚੋਣਾਂ ਵਿਚ 'ਆਪ' ਨੇ ਨਸ਼ਿਆਂ ਦੇ ਮੁੱਦੇ ਨੂੰ ਜ਼ੋਰ-ਸ਼ੋਰ ਨਾਲ ਉਭਾਰਿਆ ਸੀ ਤੇ ਸਰਕਾਰ ਬਣਦਿਆਂ ਹੀ ਮਜੀਠੀਆ ਨੂੰ ਕਾਲਰ ਤੋਂ ਫੜ ਕੇ ਜੇਲ੍ਹ ਡੱਕਣ ਦਾ ਦਾਅਵਾ ਕੀਤਾ ਸੀ। ਇਸ ਮੁੱਦੇ 'ਤੇ ਮਿਲੇ ਹੁੰਗਾਰੇ ਪਿੱਛੋਂ ਕਾਂਗਰਸ ਨੇ ਵੀ ਸੱਤਾ ਹੱਥ ਆਉਣ 'ਤੇ ਮਜੀਠੀਆ ਨੂੰ ਘੇਰਨ ਦਾ ਵਾਅਦਾ ਕਰ ਦਿੱਤਾ ਸੀ।

ਇਹ ਪਹਿਲੀ ਵਾਰ ਹੈ ਜਦੋਂ ਪੰਜਾਬ ਇਕਾਈ ਦੇ ਆਗੂ ਇਕਜੁਟ ਹੋ ਕੇ ਕੇਜਰੀਵਾਲ ਦੁਆਲੇ ਹੋਏ ਹਨ। ਪੰਜਾਬ ਦੇ 20 ਵਿਚੋਂ ਅੱਧੇ ਵਿਧਾਇਕ ਸ਼ਰੇਆਮ ਕੇਜਰੀਵਾਲ ਦੇ ਇਸ ਫੈਸਲੇ ਖਿਲਾਫ ਡਟੇ ਹੋਏ ਹਨ। ਸੀਨੀਅਰ ਆਗੂਆਂ ਵੱਲੋਂ ਜਿਥੇ ਪੰਜਾਬ ਇਕਾਈ ਦੀ ਖੁਦਮੁਖਤਾਰੀ ਦੀ ਮੰਗ ਕੀਤੀ ਜਾ ਰਹੀ ਹੈ, ਉਥੇ ਕੁਝ ਆਗੂ ਵੱਖਰੀ ਪਾਰਟੀ ਬਣਾਉਣ ਦੇ ਹੱਕ ਵਿਚ ਆ ਨਿੱਤਰੇ ਹਨ। ਇਸ ਬਗਾਵਤ ਨੂੰ ਠੱਲ੍ਹਣ ਲਈ ਦਿੱਲੀ ਲੀਡਰਸ਼ਿਪ ਵੱਲੋਂ ਪੰਜਾਬ ਦੇ ਵਿਧਾਇਕਾਂ ਨਾਲ ਧੜਾਧੜ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।

**ਮੁਆਫੀਆਂ ਦਾ ਸਿਲਸਲਾ ਜਾਰੀ:** ਅਰਵਿੰਦ ਕੇਜਰੀਵਾਲ ਨੇ ਕੇਂਦਰੀ ਟਰਾਂਸਪੋਰਟ ਮੰਤਰੀ ਨਿਤਿਨ ਗਡਕਰੀ ਅਤੇ ਸਾਬਕਾ ਕੇਂਦਰੀ ਮੰਤਰੀ ਕਪਿਲ ਸਿੱਬਲ ਦੇ ਪੁੱਤਰ ਅਮਿਤ ਸਿੱਬਲ ਤੋਂ ਵੀ ਮੁਆਫੀ ਮੰਗੀ ਹੈ ਜਿਨ੍ਹਾਂ 2013 ਵਿਚ ਆਪ ਆਗੂਆਂ ਖਿਲਾਫ ਮਾਣਹਾਨੀ ਕੇਸ ਦਾਇਰ ਕੀਤਾ ਸੀ। ਆਮ ਆਦਮੀ ਪਾਰਟੀ ਨੇ ਇਕ ਸੂਚੀ ਜਾਰੀ ਕਰ ਕੇ 'ਭਾਰਤ ਦੇ ਸਭ ਤੋਂ ਵੱਧ ਭ੍ਰਿਸ਼ਟ ਆਗੂਆਂ' ਦੇ ਨਾਂ ਨਸ਼ਰ ਕੀਤੇ ਸਨ ਜਿਨ੍ਹਾਂ ਵਿਚ ਸ੍ਰੀ ਗਡਕਰੀ ਦਾ ਨਾਂ ਵੀ ਸ਼ਾਮਲ ਸੀ।

## ਅਕਾਲੀਆਂ ਨੇ ਬਣਾਇਆ ਸੀ ਦਬਾਅ

**ਮੁਹਾਲੀ:** ਇਹ ਚਰਚਾ ਹੁਣ ਖੁੱਲ੍ਹ ਕੇ ਸ਼ੁਰੂ ਹੋ ਗਈ ਹੈ ਕਿ ਬਿਕਰਮ ਸਿੰਘ ਮਜੀਠੀਆ ਤੋਂ ਮੁਆਫੀ ਮੰਗਣ ਲਈ ਅਕਾਲੀਆਂ ਨੇ ਕੇਜਰੀਵਾਲ ਉਤੇ ਦਬਾਅ ਬਣਾਇਆ ਸੀ। ਮੁਆਫੀਨਾਮੇ ਤੋਂ ਪਹਿਲਾਂ ਅਕਾਲੀ ਆਗੂਆਂ ਨੇ ਦਿੱਲੀ ਵਿਚ ਅਰਵਿੰਦ ਕੇਜਰੀਵਾਲ ਨਾਲ ਦੋ-ਤਿੰਨ ਮੀਟਿੰਗਾਂ ਕੀਤੀਆਂ ਸਨ। ਅਕਾਲੀ ਆਗੂਆਂ ਨੇ ਅਰਵਿੰਦ ਕੇਜਰੀਵਾਲ ਨੂੰ ਡਰਾਇਆ ਕਿ ਅਦਾਲਤੀ ਮਾਣਹਾਨੀ ਕੇਸ ਵਿਚ ਉਨ੍ਹਾਂ (ਕੇਜਰੀਵਾਲ) ਨੂੰ ਸਜ਼ਾ ਹੋਣੀ ਲਗਭਗ ਤੈਅ ਹੈ। ਜੇ ਉਹ ਸਜ਼ਾ ਤੋਂ ਬਚਣਾ ਚਾਹੁੰਦੇ ਹਨ ਤਾਂ ਮਜੀਠੀਆ ਤੋਂ ਮੁਆਫੀ ਮੰਗਣੀ ਪਵੇਗੀ।

# ਇਰਾਕ ਬੰਦੀਆਂ ਦੀ ਹੋਣੀ ਦਾ ਸੱਚ ਆਖਰਕਾਰ ਕਬੂਲਿਆ

***(ਸਫਾ ਇਕ ਦੀ ਬਾਕੀ)***

ਕਰਨ ਪਿੱਛੋਂ ਹੱਤਿਆ ਕਰ ਕੇ ਬਾਦੋਸ਼ 'ਚ ਸਮੂਹਿਕ ਕਬਰਗਾਹ ਵਿਚ ਦਫਨਾ ਦਿੱਤਾ ਗਿਆ ਸੀ।

ਦੱਸ ਦਈਏ ਕਿ ਅਰਬ ਮੁਲਕਾਂ ਵਿਚ ਰੋਜ਼ੀ ਰੋਟੀ ਦੀ ਭਾਲ ਲਈ ਗਏ ਨੌਜਵਾਨਾਂ ਦੀ ਅਜਿਹੀ ਹੋਣੀ ਕੋਈ ਨਵੀਂ ਗੱਲ ਨਹੀਂ। ਨੌਂ ਅਰਬ ਮੁਲਕਾਂ ਵਿਚੋਂ ਲੰਘੇ ਤਿੰਨ ਵਰ੍ਹਿਆਂ ਦੌਰਾਨ 10,400 ਭਾਰਤੀਆਂ ਦੇ ਤਾਬੂਤ ਪੁੱਜੇ ਹਨ। ਵੇਰਵਿਆਂ ਅਨੁਸਾਰ ਦੁਨੀਆਂ ਦੇ 108 ਮੁਲਕਾਂ ਵਿਚੋਂ ਜਨਵਰੀ 2015 ਤੋਂ ਹੁਣ ਤੱਕ 11,184 ਮ੍ਰਿਤਕ ਦੇਹਾਂ ਭਾਰਤ ਦੇ ਹਵਾਈ ਅੱਡਿਆਂ ਉਤੇ ਪੁੱਜੀਆਂ ਹਨ। ਲੰਘੇ ਚਾਰ ਵਰ੍ਹਿਆਂ ਵਿਚ ਸਾਊਦੀ ਅਰਬ ਵਿਚ 12 ਹਜ਼ਾਰ ਭਾਰਤੀਆਂ ਦੀ ਮੌਤ ਹੋਈ ਹੈ, ਜਦੋਂ ਕਿ ਯੂ.ਏ.ਈ. ਵਿਚ ਚਾਰ ਵਰ੍ਹਿਆਂ ਵਿਚ 6100 ਭਾਰਤੀਆਂ ਨੂੰ ਜਾਨ ਗੁਆਉਣੀ ਪਈ ਹੈ। ਅਰਬ ਮੁਲਕ ਵਿਚ ਮੌਤ ਹੱਥੋਂ ਹਾਰਨ ਵਾਲਿਆਂ ਵਿਚ ਕਾਫੀ ਗਿਣਤੀ ਪੰਜਾਬੀ ਨੌਜਵਾਨਾਂ ਦੀ ਹੈ।

# ਮਜੀਠੀਆ ਖਿਲਾਫ ਪੁਖਤਾ ਸਬੂਤਾਂ ਦਾ ਦਾਅਵਾ

***(ਸਫਾ ਇਕ ਦੀ ਬਾਕੀ)***

ਨਿਰੰਜਨ ਸਿੰਘ ਨੂੰ ਇਸ ਕੇਸ ਵਿਚੋਂ ਹਟਾ ਕੇ ਤਬਾਦਲਾ ਕਰ ਦਿੱਤਾ ਗਿਆ ਸੀ। ਹਾਈ ਕੋਰਟ ਦੇ ਦਖਲ ਕਰ ਕੇ ਨਿਰੰਜਨ ਸਿੰਘ ਦਾ ਤਬਾਦਲਾ ਰੁਕ ਗਿਆ ਸੀ।

ਇਹੀ ਨਹੀਂ, ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕੈਪਟਨ ਸਰਕਾਰ ਵੱਲੋਂ ਬਣਾਈ ਗਈ ਵਿਸ਼ੇਸ਼ ਟਾਸਕ ਫੋਰਸ (ਐਸ.ਟੀ.ਐਫ.) ਦੀ ਰਿਪੋਰਟ ਦੇ ਹਵਾਲੇ ਨਾਲ ਦਾਅਵਾ ਕੀਤਾ ਹੈ ਕਿ ਮਜੀਠੀਆ ਦੀ ਨਸ਼ਾ ਤਸਕਰੀ ਵਿਚ ਸ਼ਮੂਲੀਅਤ ਬਾਰੇ ਕਾਫੀ ਸਬੂਤ ਹਨ। ਪੰਜਾਬ ਹਰਿਆਣਾ ਹਾਈ ਕੋਰਟ ਵਿਚ ਐਸ.ਟੀ.ਐਫ. ਵੱਲੋਂ ਸੌਂਪੀ 24 ਪੰਨਿਆਂ ਦੀ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਨਸ਼ਿਆਂ ਦੀ ਸਮਗਲਿੰਗ ਦੇ ਮਾਮਲੇ ਵਿਚ ਨਾਮਜ਼ਦ ਜਗਜੀਤ ਸਿੰਘ ਚਾਹਲ ਅਤੇ ਮਨਿੰਦਰ ਸਿੰਘ ਬਿੱਟੂ ਆਦਿ ਨੇ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੂੰ ਤੱਥਾਂ 'ਤੇ ਆਧਾਰਤ ਬਿਆਨ ਦਿੱਤੇ ਹਨ। ਜਗਜੀਤ ਸਿੰਘ ਚਾਹਲ ਨੇ ਬਿਕਰਮ ਸਿੰਘ ਮਜੀਠੀਆ ਨੂੰ 35 ਲੱਖ ਰੁਪਏ ਦੇਣ ਦਾ ਬਿਆਨ ਦਿੱਤਾ ਸੀ।

ਨਵਜੋਤ ਸਿੰਘ ਸਿੱਧੂ ਨੇ ਕੈਨੇਡਾ ਰਹਿੰਦੇ ਸੱਤਾ, ਲਾਡੀ ਅਤੇ ਪਿੰਦਾ ਨਾਲ ਮਜੀਠੀਆ ਦੇ ਨੇੜਲੇ ਸਬੰਧਾਂ ਦਾ ਜ਼ਿਕਰ ਵੀ ਕੀਤਾ; ਹਾਲਾਂਕਿ ਮਜੀਠੀਆ ਦਾ ਦਾਅਵਾ ਹੈ ਕਿ ਐਸ.ਟੀ.ਐਫ. ਦੇ ਮੁਖੀ ਹਰਪ੍ਰੀਤ ਸਿੰਘ ਸਿੱਧੂ ਤੇ ਨਵਜੋਤ ਸਿੰਘ ਸਿੱਧੂ ਦਰਮਿਆਨ ਗੱਠਜੋੜ ਬਣਿਆ ਹੋਇਆ ਹੈ ਅਤੇ ਇਹ ਰਿਪੋਰਟ ਝੂਠੀ ਤੇ ਮਨਘੜਤ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਗੁਰਗੱਦੀ ਦਿਹਾੜੇ ’ਤੇ ਵਾਤਾਵਰਣ ਸੁਆਰਨ ਦਾ ਸੁਨੇਹਾ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਇ ਜੀ ਦੇ ਗੁਰਗੱਦੀ ਦਿਵਸ ਨੂੰ ਵਾਤਾਵਰਣ ਦਿਵਸ ਵਜੋਂ ਮਨਾਇਆ ਗਿਆ। ਪਵਿਤਰ ਦਿਹਾੜੇ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਤੇ ਇਲਾਹੀ ਗੁਰਬਾਣੀ ਦੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਦੇ ਇਲਾਕੇ ਵਿਚ ਵਾਤਾਵਰਣ ਨੂੰ ਮੁੱਖ ਰੱਖਦਿਆਂ ਪੌਦੇ ਲਾਏ ਗਏ।



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਡਾਕਟਰ ਰੂਪ ਸਿੰਘ ਨੇ ਕਿਹਾ ਕਿ ਗੁਰੂ ਹਰਿ ਰਾਇ ਜੀ ਨੇ ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਦੇ ਵਾਤਾਵਰਣ ਪ੍ਰਤੀ ਸੰਦੇਸ਼ ਨੂੰ ਅੱਗੇ ਤੋਰਦਿਆਂ ਸਮੁੱਚੀ ਮਨੁੱਖਤਾ ਦੀ ਸੇਵਾ ਕੀਤੀ ਹੈ। ਇਥੋਂ ਤੱਕ ਕਿ ਰੋਗੀਆਂ ਨੂੰ ਫੁੱਲ ਸਮਝ ਕੇ ਉਨ੍ਹਾਂ ਦੀ ਦੇਖ ਭਾਲ ਵੀ ਕੀਤੀ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਜੀ ਦੀ ਇਸ ਭਾਵਨਾ ਅਨੁਸਾਰ ਕਮੇਟੀ ਵੱਲੋਂ ਗੁਰਗੱਦੀ ਦਿਵਸ ਨੂੰ ਵਾਤਾਵਰਣ ਦਿਵਸ ਵਜੋਂ ਮਨਾਇਆ ਗਿਆ ਹੈ। ਇਸ ਮੌਕੇ ਮੰਜੀ ਸਾਹਿਬ ਦੀਵਾਨ ਹਾਲ ਦੇ ਸਾਹਮਣੇ ਵਾਲੇ ਬਾਗ ਵਿਚ ਫੁੱਲਦਾਰ ਤੇ ਸਦਾ ਬਹਾਰ ਹਰਿਆਲੀ ਵਾਲੇ ਬੂਟੇ ਲਾਏ ਗਏ। ਇਸੇ ਤਰ੍ਹਾਂ ਗੁਰਗੱਦੀ ਦਿਹਾੜੇ ਦਾ ਮੁੱਖ ਸਮਾਗਮ ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ ਕੀਰਤਪੁਰ ਸਾਹਿਬ ਵਿਖੇ ਕਰਵਾਇਆ ਗਿਆ। ਸ਼੍ਰੋਮਣੀ ਕਮੇਟੀ ਵੱਲੋਂ ਇਸ ਪਵਿੱਤਰ ਦਿਹਾੜੇ ਨੂੰ ਵਾਤਾਵਰਣ ਦਿਵਸ ਵਜੋਂ ਮਨਾਇਆ ਗਿਆ। ਇਸ ਮੌਕੇ 13 ਮਾਰਚ ਤੋਂ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।

ਕਾਬਲੇਗੌਰ ਹੈ ਕਿ ਸ੍ਰੀ ਗੁਰੂ ਹਰਿ ਰਾਏ ਜੀ ਵੱਲੋਂ ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ ਵਿਖੇ ਨੌਲੱਖਾ ਬਾਗ ਲਾਇਆ ਗਿਆ ਸੀ। ਇਸ ਬਾਗ ਵਿਚ ਅਨੇਕਾਂ ਪ੍ਰਕਾਰ ਦੀਆਂ ਜੜੀਆਂ-ਬੂਟੀਆਂ ਲਾਈਆਂ ਗਈਆਂ ਸੀ। ਗੁਰੂ ਜੀ ਇਨ੍ਹਾਂ ਤੋਂ ਦਵਾਈਆਂ ਆਦਿ ਬਣਾ ਕੇ ਇਲਾਜ ਕਰਿਆ ਕਰਦੇ ਸਨ। ਉਸ ਵਕਤ ਦਿੱਲੀ ਦੇ ਬਾਦਸ਼ਾਹ ਸ਼ਾਹ ਜਹਾਨ ਦੇ ਪੁੱਤਰ ਦਾਰਾ ਸ਼ਿਕੋਹ ਦਾ ਇਲਾਜ ਕੀਤਾ ਸੀ। ਦਾਰਾ ਸ਼ਿਕੋਹ ਦੇ ਪੇਟ ਵਿਚ ਸ਼ੇਰ ਦੀ ਮੁੱਛ ਦਾ ਵਾਲ ਚਲਾ ਗਿਆ ਸੀ।

## ਐਨ. ਡੀ. ਏ. ਤੋਂ ਬਾਹਰ ਹੋਈ ਨਾਇਡੂ ਦੀ ਟੀ. ਡੀ. ਪੀ.

**ਨਵੀਂ ਦਿੱਲੀ:** ਤੇਲਗੂ ਦੇਸਮ ਪਾਰਟੀ ਨੇ ਕੌਮੀ ਜ਼ਮਹੂਰੀ ਗੱਠਜੋੜ (ਐਨ.ਡੀ.ਏ.) ਨਾਲੋਂ ਆਪਣਾ ਨਾਤਾ ਤੋੜ ਲਿਆ ਹੈ। ਅਮਰਾਵਤੀ ਵਿਚ ਪਾਰਟੀ ਦੀ ਪੋਲਿਟ ਬਿਊਰੋ ਦੀ ਮੀਟਿੰਗ ਵਿਚ ਇਹ ਫੈਸਲਾ ਲਿਆ ਜਿਸ ਪਿੱਛੋਂ. ਟੀ.ਡੀ.ਪੀ. ਦੇ 16 ਵਿਧਾਇਕਾਂ ਨੇ ਐਨ.ਡੀ.ਏ. ਤੋਂ ਆਪਣੀ ਹਮਾਇਤ ਵਾਪਸ ਲੈ ਲਈ ਹੈ।

ਪੋਲਿਟ ਬਿਊਰੋ ਦੀ ਮੀਟਿੰਗ ਵਿਚ ਪਾਰਟੀ ਪ੍ਰਧਾਨ ਚੰਦਰਬਾਬੂ ਨਾਇਡੂ ਨੇ ਟੈਲੀਕਾਨਫਰੰਸਿੰਗ ਰਾਹੀਂ ਕਿਹਾ ਕਿ ਉਹ ਆਂਧਰਾ ਪ੍ਰਦੇਸ਼ ਨੂੰ ਵਿਸ਼ੇਸ਼ ਦਰਜਾ ਦਿਵਾਉਣ ਦੇ ਮੁੱਦੇ ਨੂੰ ਲੈ ਕੇ ਦਿੱਲੀ ਵਿਚ ਐਨ.ਡੀ.ਏ. ਸਰਕਾਰ ਖਿਲਾਫ ਬੇਵਸਾਹੀ ਦਾ ਮਤਾ ਪੇਸ਼ ਕਰਨ। ਐਨ.ਡੀ.ਏ. ਨਾਲੋਂ ਨਾਤਾ ਤੋੜਨ ਪਿੱਛੋਂ ਹੀ ਪਾਰਟੀ ਦੇ ਸੰਸਦ ਮੈਂਬਰ ਨੇ ਲੋਕ ਸਭਾ ਵਿਚ ਮੋਦੀ ਸਰਕਾਰ ਖਿਲਾਫ ਬੇਵਸਾਹੀ ਮਤਾ ਪੇਸ਼ ਕੀਤਾ।

# ਗਰਮਖਿਆਲੀਆਂ ਦੀ ਹਮਾਇਤ ‘ਤੇ ਘਿਰਿਆ ਜਗਮੀਤ ਸਿੰਘ

**ਓਟਾਵਾ:** ਕੈਨੇਡਾ ਦੀ ਸੰਸਦ ਵਿਚ ਤੀਜੀ ਧਿਰ ਦੇ ਆਗੂ ਜਿਨ੍ਹਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਅਗਲੀਆਂ ਚੋਣਾਂ ਵਿਚ ਚੁਣੌਤੀ ਦਿੱਤੀ ਹੈ, ਨੂੰ ਗਰਮਖਿਆਲੀਆਂ ਨਾਲ ਸਬੰਧਾਂ ਕਾਰਨ ਲੋਕਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੈਨੇਡੀਅਨ ਮੀਡੀਆ ਰਿਪੋਰਟ ਅਨੁਸਾਰ ਨਿਊ ਡੈਮੋਕਰੈਟਿਕ ਪਾਰਟੀ ਦੇ ਆਗੂ ਜਗਮੀਤ ਸਿੰਘ ਨੇ ਸਾਂ ਫਰਾਸਿਸਕੋ ਵਿਚ 2015 ਵਿਚ ਇਕ ਰੈਲੀ ਵਿਚ ਭਾਸ਼ਣ ਦੌਰਾਨ ਖਾਲਿਸਤਾਨ ਪੱਖੀਆਂ ਦੀ ਹਮਾਇਤ ਕੀਤੀ ਸੀ। ਇਸ ਵੇਲੇ ਮੰਚ ਉਤੇ ਖਾਲਿਸਤਾਨੀ ਆਗੂ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਵੱਡੇ ਵੱਡੇ ਪੋਸਟਰ ਲੱਗੇ ਹੋਏ ਸਨ, ਜੋ ਕਿ ਭਾਰਤੀ ਸੈਨਾ ਵੱਲੋਂ ਮਾਰ ਦਿੱਤਾ ਗਿਆ ਸੀ।

ਜਗਮੀਤ ਸਿੰਘ ਨੇ ਆਪਣਾ ਭਾਸ਼ਣ ਪੰਜਾਬੀ ਵਿਚ ਦਿੱਤਾ ਸੀ ਤੇ ਦਰਬਾਰ ਸਾਹਿਬ ਉਤੇ ਹੋਏ ਹਮਲੇ ਸਬੰਧੀ ਭਾਰਤ ਸਰਕਾਰ ਦੀ ਨਿੰਦਾ ਕੀਤੀ



ਸੀ। ਇਸ ਮਾਮਲੇ ਨੂੰ ਲੈ ਕੇ ਜਗਮੀਤ ਸਿੰਘ ਨੂੰ ਵਿਰੋਧੀਆਂ ਦੇ ਹਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਗਮੀਤ ਸਿੰਘ ਦਾ ਕਹਿਣਾ ਹੈ ਕਿ ਇਹ ਬੇਬੁਨਿਆਦ ਗੱਲਾਂ ਹਨ। ਜਦੋਂ ਕਿ ਉਹ ਅੰਤਰਰਾਜੀ ਮਾਮਲਿਆਂ ਵਿਚ ਘੱਟ ਗਿਣਤੀਆਂ ਉਤੇ ਹੁੰਦੇ ਹਮਲਿਆਂ ਦਾ ਵਿਰੋਧੀ ਹੈ, ਤੇ ਘੱਟ ਗਿਣਤੀਆਂ ਦੀ ਹਮਾਇਤ ਕਰਦਾ ਹੈ।

ਸੂਤਰਾਂ ਅਨੁਸਾਰ 2016 ਵਿਚ ਹੋਏ ਸਰਵੇ ਅਨੁਸਾਰ ਕੈਨੇਡਾ ਵਿਚ ਇਸ ਵੇਲੇ ਸਿੱਖਾਂ ਦੀ ਗਿਣਤੀ 5 ਲੱਖ ਹੈ ਜੋ ਕਿ ਕੈਨੇਡਾ ਦੀ ਅਬਾਦੀ ਦਾ 1.4 ਫੀਸਦੀ ਬਣਦਾ ਹੈ, ਜੋ ਚੋਣਾਂ ਵਿਚ ਅਹਿਮ ਭੂਮਿਕਾ ਨਿਭਾਵੇਗਾ।

## ਬੰਦ ਨਹੀਂ ਹੋਵੇਗਾ ਦੋ ਹਜ਼ਾਰ ਦਾ ਨੋਟ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਸਪੱਸ਼ਟ ਕਿਹਾ ਹੈ ਕਿ 2 ਹਜ਼ਾਰ ਰੁਪਏ ਦਾ ਨੋਟ ਬੰਦ ਕਰਨ ਦੀ ਕੋਈ ਤਜਵੀਜ਼ ਨਹੀਂ ਹੈ। ਵਿੱਤ ਰਾਜ ਮੰਤਰੀ ਪੀ ਰਾਧਾਕ੍ਰਿਸ਼ਨਨ ਨੇ ਲੋਕ ਸਭਾ ‘ਚ ਕਿਹਾ ਕਿ ਸਰਕਾਰ ਨੇ 10-10 ਰੁਪਏ ਦੇ ਪਲਾਸਟਿਕ ਕਰੰਸੀ ਨੋਟਾਂ ਦਾ ਪੰਜ ਸ਼ਹਿਰਾਂ ‘ਚ ਟ੍ਰਾਇਲ ਸ਼ੁਰੂ ਕਰਨ ਦਾ ਫੈਸਲਾ ਲਿਆ ਹੈ। ਇਹ ਟ੍ਰਾਇਲ ਕੋਚੀ, ਮੈਸੂਰ, ਜੈਪੁਰ, ਸ਼ਿਮਲਾ ਅਤੇ ਭੁਬਨੇਸ਼ਵਰ ਵਿਚ ਕੀਤੇ ਜਾਣਗੇ।

# ਪੰਜਾਬ ਦੀ ਝੋਲੀ ਪਿਆ ਕ੍ਰਿਸ਼ੀ ਕਰਮਨ ਪੁਰਸਕਾਰ

**ਨਵੀਂ ਦਿੱਲੀ:** ਪੰਜਾਬ ਨੇ ਦੇਸ਼ ਭਰ ਵਿਚੋਂ ਅਨਾਜ ਦੀ ਪੈਦਾਵਾਰ ਵਿਚ ਵਾਧਾ ਕਰਨ ਕਰ ਕੇ ਸਾਲ 2015-16 ਦਾ ਕ੍ਰਿਸ਼ੀ ਕਰਮਨ ਪੁਰਸਕਾਰ ਪ੍ਰਾਪਤ ਕੀਤਾ ਹੈ। ਸੂਬੇ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਇਹ ਪੁਰਸਕਾਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੋਂ ਨਵੀਂ ਦਿੱਲੀ ਵਿਚ ਕਰਵਾਏ ਗਏ ਸਮਾਗਮ ਦੌਰਾਨ ਹਾਸਲ ਕੀਤਾ। ਦੱਸਣਯੋਗ ਹੈ ਕਿ ਕੇਂਦਰ ਸਰਕਾਰ ਵੱਲੋਂ ਦੇਸ਼ ਦੀ ਅੰਨ ਪੈਦਾਵਾਰ ਵਧਾਉਣ ਦੇ ਖੇਤਰ ਵਿਚ ਹਰ ਵਰ੍ਹੇ ਦਿੱਤਾ ਜਾਂਦੇ ਕ੍ਰਿਸ਼ੀ ਕਰਮਨ ਪੁਰਸਕਾਰ ਪ੍ਰਾਪਤ ਕਰਨ ਵਾਲੇ ਸੂਬੇ ਨੂੰ ਦੋ ਕਰੋੜ ਰੁਪਏ ਦੀ ਰਾਸ਼ੀ ਦੇ ਨਾਲ-ਨਾਲ ਇਕ ਯਾਦਗਾਰੀ ਤਖਤੀ ਅਤੇ ਤਾਮਰ ਪੱਤਰ ਵੀ ਦਿੱਤਾ ਜਾਂਦਾ ਹੈ।

ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਇਸ ਪ੍ਰਾਪਤੀ ਲਈ ਸੂਬੇ ਦੇ ਕਿਸਾਨਾਂ ਨੂੰ ਵਧਾਈ ਦਿੰਦਿਆਂ ਕਿਹਾ ਹੈ ਕਿ ਕਿਸਾਨਾਂ ਦੀ ਸਖਤ ਮਿਹਨਤ ਸਦਕਾ ਪੰਜਾਬ ਨੂੰ ਸਦਾ ਹੀ ਮੁਲਕ ਦਾ ਅੰਨ ਭੰਡਾਰ ਹੋਣ ਦਾ ਮਾਣ ਮਿਲਦਾ ਰਿਹਾ ਹੈ। ਸ੍ਰੀ ਬਾਜਵਾ ਨੇ ਕਿਹਾ ਕਿ ਖੇਤੀਬਾੜੀ ਸੈਕਟਰ ਦੇਸ਼ ਵਿਚ ਕੋਈ ਲਾਭਦਾਇਕ ਸੈਕਟਰ ਨਹੀਂ ਹੈ ਕਿਉਂਕਿ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦਾ ਫੈਸਲਾ ਹੁਣ ਵੀ ਪੁਰਾਣੇ ਫਾਰਮੂਲੇ ਦੇ ਆਧਾਰ ਉਤੇ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਹੋਰਨਾਂ ਸੂਬਿਆਂ ਦੇ ਮੁਕਾਬਲੇ ਖੇਤੀਬਾੜੀ ਉਤੇ ਲਾਗਤ ਖਰਚਾ ਜ਼ਿਆਦਾ ਆਉਂਦਾ ਹੈ, ਜਿਸ ਦਾ ਕੇਂਦਰੀ ਕਮਿਸ਼ਨ ਵੱਲੋਂ ਘੱਟੋ-ਘੱਟ ਸਮਰਥਨ ਮੁੱਲ ਨਿਰਧਾਰਤ ਕਰਨ ਮੌਕੇ ਧਿਆਨ ਨਹੀਂ ਰੱਖਿਆ ਜਾਂਦਾ। ਉਨ੍ਹਾਂ ਕਿਹਾ ਕਿ ਸੋਕੇ ਦੇ ਮਾਇਨੇ ਵੀ ਪੰਜਾਬ ਵਿੱਚ ਵੱਖਰੇ ਹਨ ਅਤੇ ਫਸਲਾਂ ਦੀ ਸਿੰਜਾਈ ਉਪਰ ਹੋਰਨਾਂ ਸੂਬਿਆਂ ਦੇ ਮੁਕਾਬਲੇ



ਵੱਧ ਖਰਚਾ ਆਉਂਦਾ ਹੈ। ਅਜਿਹੇ ਹੋਰ ਵੀ ਬਹੁਤ ਸਾਰੇ ਪਹਿਲੂ ਹਨ, ਜਿਨ੍ਹਾਂ ਨੂੰ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਤੈਅ ਕਰਨ ਸਮੇਂ ਕੇਂਦਰੀ ਕਮਿਸ਼ਨ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ।

ਸ੍ਰੀ ਬਾਜਵਾ ਨੇ ਦੇਸ਼ ਦੇ ਕਿਸਾਨਾਂ ਨੂੰ ਬਚਾਉਣ ਲਈ ਪ੍ਰਧਾਨ ਮੰਤਰੀ ਤੋਂ ਮੰਗ ਕੀਤੀ ਹੈ ਕਿ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਨੂੰ ਇੰਨ-ਬਿੰਨ ਲਾਗੂ ਕੀਤਾ ਜਾਵੇ। ਉਨ੍ਹਾਂ ਨਾਲ ਹੀ ਇਹ ਵੀ ਮੰਗ ਕੀਤੀ ਕਿ ਫਸਲੀ ਵਿਭਿੰਨਤਾ ਨੂੰ ਕਾਮਯਾਬ ਕਰਨ ਲਈ ਵੇਚ ਵੱਟ (ਮਾਰਕੀਟਿੰਗ) ਲਈ ਕੌਮੀ ਨੀਤੀ ਬਣਾਉਣ ਦੀ ਸਖਤ ਜ਼ਰੂਰਤ ਹੈ ਤਾਂ ਹੀ ਦੇਸ਼ ਵਿੱਚ ਵਿਭਿੰਨਤਾ ਸਫ਼ਲ ਹੋ ਸਕਦੀ ਹੈ। ਉਨ੍ਹਾਂ ਕੇਂਦਰ ਤੋਂ ਮੰਗ ਕੀਤੀ ਕਿ ਪੰਜਾਬ ਵਿਚ ਕਰਜ਼ੇ ਦੇ ਭਾਰ ਕਾਰਨ ਖੁਦਕੁਸ਼ੀਆਂ ਕਰ ਰਹੇ ਕਿਸਾਨਾਂ ਲਈ ਕਰਜ਼ਾ ਮੁਕਤੀ ਸਕੀਮ ਦਾ ਐਲਾਨ ਕੀਤਾ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਫੁਹਾਰਾ ਅਤੇ ਤੁਪਕਾ ਸਿੰਜਾਈ ਪ੍ਰਣਾਲੀ ਨੂੰ ਪੰਜਾਬ ਵਿਚ ਹੋਰ ਪ੍ਰਫੁੱਲਿਤ ਕਰਨ ਅਤੇ ਸਦੀਆਂ ਪੁਰਾਣੇ ਨਹਿਰੀ ਪ੍ਰਬੰਧ ਦਾ ਨਵੀਨੀਕਰਨ ਕੀਤੇ ਜਾਣ ਲਈ ਕੇਂਦਰ ਸਰਕਾਰ ਤੋਂ ਵਿੱਤੀ ਸਹਾਇਤਾ ਪ੍ਰਦਾਨ ਕੀਤੇ ਜਾਣ ਦੀ ਮੰਗ ਕੀਤੀ।

## ਬਠਿੰਡਾ ਤੋਂ ਦਿੱਲੀ ਤੱਕ ਦੌੜਨਗੀਆਂ ਬਿਜਲਈ ਰੇਲਾਂ

**ਬਠਿੰਡਾ:** ਬਠਿੰਡੇ ਤੋਂ ਦਿੱਲੀ ਤੱਕ ਛੇਤੀ ਹੀ ਬਿਜਲੀ ਇੰਜਣ ਵਾਲੀਆਂ ਰੇਲ ਗੱਡੀਆਂ ਦੌੜਨਗੀਆਂ। ਰੇਲਵੇ ਦੇ ਸੀ.ਆਰ.ਐਸ. ਤੇ ਡੀ.ਆਰ.ਐਮ. ਆਪਣੀ ਟੀਮ ਸਮੇਤ ਬਠਿੰਡਾ ਤੋਂ ਲਹਿਰਾ ਮੁਹੱਬਤ ਤੇ ਬਠਿੰਡਾ ਤੋਂ ਕਟਾਰ ਸਿੰਘ ਵਾਲਾ ਬਣੇ ਇਲੈਕਟ੍ਰੀਕਲ ਟ੍ਰੈਕ ਦਾ ਮੁਆਇਨਾ ਕਰਨ ਪਹੁੰਚੇ। ਇਸ ਦੇ ਨਾਲ ਹੀ ਕਟਾਰ ਸਿੰਘ ਵਾਲਾ ਤੋਂ ਬਠਿੰਡਾ ਛਾਉਣੀ ਦੇ ਟਰੈਕ ਦਾ ਵੀ ਜਾਇਜ਼ਾ ਲਿਆ। ਅੰਬਾਲਾ ਦੇ ਡੀ.ਆਰ.ਐਮ. ਨੇ ਦੱਸਿਆ ਕਿ ਕਾਫੀ ਹੱਦ ਤੱਕ ਇਲੈਕਟ੍ਰਿਕ ਲਾਈਨ ਬਣ ਕੇ ਤਿਆਰ ਹੈ। ਬਾਕੀ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ।

ਤਕਰੀਬਨ ਤਿੰਨ ਚਾਰ ਮਹੀਨੇ ਵਿਚ ਸਾਰੇ ਟਰੈਕਾਂ ਉਪਰ ਬਿਜਲੀ ਵਾਲੀਆਂ ਰੇਲ ਗੱਡੀਆਂ ਸ਼ੁਰੂ ਹੋ ਜਾਣਗੀਆਂ ਜਿਸ ਦੀ ਜੂਨ ਤੱਕ ਡੈੱਡਲਾਈਨ ਹੈ। ਇਸ ਤੋਂ ਪਹਿਲਾਂ 10 ਜਨਵਰੀ ਨੂੰ ਚੀਫ਼ ਸੇਫਟੀ ਰੇਲਵੇ ਕਮਿਸ਼ਨਰ ਸ਼ੈਲੇਸ਼ ਕੁਮਾਰ ਵੱਲੋਂ ਬਠਿੰਡਾ ਦੇ ਕਟਾਰ ਸਿੰਘ ਵਾਲਾ ਤੋਂ ਨਰਵਾਣਾ ਤੱਕ 133 ਕਿਲੋਮੀਟਰ ਇਲੈਕਟ੍ਰੀਕਲ ਟ੍ਰੈਕ ਲਾਈਨ ਦਾ ਨਿਰੀਖਣ ਕੀਤਾ ਗਿਆ ਸੀ। ਉਨ੍ਹਾਂ ਇਸ ਪ੍ਰੋਜੈਕਟ ਉਤੇ ਸੰਤੁਸ਼ਟੀ ਜਤਾਈ ਸੀ।

ਜ਼ਿਕਰਯੋਗ ਹੈ ਕਿ ਹੁਣ ਤੱਕ ਬਠਿੰਡਾ ਤੋਂ ਦਿੱਲੀ ਤੇ ਬਠਿੰਡਾ ਤੋਂ ਅੰਬਾਲਾ ਕੇਵਲ ਡੀਜ਼ਲ ਇੰਜਣ ਵਾਲੀਆਂ ਰੇਲ ਗੱਡੀਆਂ ਹੀ ਚੱਲ ਰਹੀਆਂ ਹਨ। ਬਠਿੰਡਾ ਤੋਂ ਦਿੱਲੀ ਰੇਲ ਮਾਰਗ ਨੂੰ ਇਲੈਕਟ੍ਰੀਕਲ ਇੰਜਣਾਂ ਨਾਲ ਜੋੜਨ ਲਈ 2015 ਵਿਚ ਰੋਹਤਕ ਤੋਂ ਬਠਿੰਡਾ ਤੱਕ 294 ਕਰੋੜ ਰੁਪਏ ਦਾ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਸੀ ਜੋ ਕਿ ਤਕਰੀਬਨ ਤਿਆਰ ਹੈ।

# ਕਾਂਗਰਸ ਰਾਜ ਵਿਚ ਵੀ ਬਾਦਲਾਂ ਦੀ ਚੌਧਰ

ਚੰਡੀਗੜ੍ਹ: ਪੰਜਾਬ ਵਿਚ ਸੱਤਾ ਤਬਦੀਲੀ ਦੇ ਤਕਰੀਬਨ ਇਕ ਸਾਲ ਬਾਅਦ ਵੀ ਸੂਬੇ ਵਿਚ ‘ਬਾਦਲਾਂ’ ਵੀ ਪੂਰੀ ਚੜ੍ਹਾਈ ਨੇ ਕਪਤਾਨੀ ਵਜ਼ਾਰਤ ਵਿਚ ਹਲਚਲ ਪੈਦਾ ਕੀਤੀ ਹੋਈ ਹੈ। ਇਸ ਦਾ ਅਸਰ ਬੀਤੇ ਦਿਨੀਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਦਿਖਾਈ ਦਿੱਤਾ। ਪਤਾ ਲੱਗਾ ਹੈ ਕਿ ਤਿੰਨ ਸੀਨੀਅਰ ਮੰਤਰੀਆਂ ਨਵਜੋਤ ਸਿੰਘ ਸਿੱਧੂ, ਮਨਪ੍ਰੀਤ ਸਿੰਘ ਬਾਦਲ ਅਤੇ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਮੁੱਖ ਮੰਤਰੀ ਨੂੰ ਕਿਹਾ ਹੈ ਕਿ ਕਾਂਗਰਸ ਸਰਕਾਰ ਦੇ ਹੋਂਦ ’ਚ ਆਉਣ ਤੋਂ ਬਾਅਦ ਬਾਦਲ ਪਰਿਵਾਰ ਦੇ ਵਪਾਰ ਵਿਚ ਹੀ ਵਾਧਾ ਨਹੀਂ ਹੋਇਆ ਸਗੋਂ ਸਿਵਲ ਤੇ ਪੁਲਿਸ ਪ੍ਰਸ਼ਾਸਨ ਉਤੇ ਵੀ ਬਾਦਲਾਂ ਸਮੇਤ ਹੋਰਨਾਂ ਅਕਾਲੀਆਂ ਦੀ ਪਕੜ ਮਜ਼ਬੂਤ ਬਣੀ ਹੋਈ ਹੈ। ਇਸ ਦਾ ਖਮਿਆਜ਼ਾ ਹਾਕਮ ਧਿਰ ਨੂੰ ਆਗਾਮੀ ਲੋਕ ਸਭਾ ਚੋਣਾਂ ਦੌਰਾਨ ਭੁਗਤਣਾ ਪੈ ਸਕਦਾ ਹੈ।




ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਬਾਦਲਾਂ ਦੀ ਚੜ੍ਹਤ ਬਾਰੇ ਗੱਲ ਬੱਸਾਂ ਦੇ ਮਾਮਲੇ ਤੋਂ ਸ਼ੁਰੂ ਕੀਤੀ ਤੇ ਵਿੱਤ ਮੰਤਰੀ ਨੇ ਇਥੋਂ ਤੱਕ ਆਖ ਦਿੱਤਾ ਕਿ ਜੇਕਰ ਇਹੀ ਹਾਲ ਰਿਹਾ ਤਾਂ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੌਰਾਨ ਮਹਿਜ਼ ਲੰਬੀ ਵਿਧਾਨ ਸਭਾ ਹਲਕੇ ਤੋਂ ਹੀ ਅਕਾਲੀ ਦਲ ਦੇ ਉਮੀਦਵਾਰ ਦੀ ਲੀਡ 70 ਹਜ਼ਾਰ ਵੋਟਾਂ ਤੱਕ ਹੋ ਸਕਦੀ ਹੈ। ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਵੀ ਵਿੱਤ ਮੰਤਰੀ ਦੀ ਹਾਂ ਵਿਚ ਹਾਂ ਮਿਲਾਈ ਤੇ ਨਿਰਮਲ ਸਿੰਘ ਕਾਹਲੋਂ ਦੀ ਚੜ੍ਹਤ ਦਾ ਮਾਮਲਾ ਵਜ਼ਾਰਤ ਦੇ ਸਾਹਮਣੇ ਰੱਖਿਆ।

ਸੂਤਰਾਂ ਦਾ ਦੱਸਣਾ ਹੈ ਕਿ ਨਵਜੋਤ ਸਿੰਘ ਸਿੱਧੂ ਨੇ ਵਜ਼ਾਰਤੀ ਏਜੰਡਾ ਖਤਮ ਹੋਣ ਤੋਂ ਬਾਅਦ ਮੁੱਖ ਮੰਤਰੀ ਤੋਂ ਖਾਸ ਗੱਲ ਕਰਨ ਦੀ ਇਜਾਜ਼ਤ ਮੰਗੀ, ਜਿਸ ਨੂੰ ਕੈਪਟਨ ਨੇ ਪ੍ਰਵਾਨਗੀ ਦੇ ਦਿੱਤੀ। ਇਸ ਤੋਂ ਬਾਅਦ ਸ੍ਰੀ ਸਿੱਧੂ ਨੇ ਕਿਹਾ ਕਿ ਜਿਸ ਤਰ੍ਹਾਂ ਲੁਧਿਆਣਾ ‘ਚ ਲੋਕ ਇਨਸਾਫ ਪਾਰਟੀ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਬਾਦਲਾਂ ਦੀਆਂ ਬੱਸਾਂ ਦਾ ਬੋਲਬਾਲਾ ਹੋਣ ਤੇ ਸਰਕਾਰੀ ਕੰਟਰੋਲ ਵਾਲੀਆਂ ਬੱਸਾਂ ਨੁੱਕਰੇ ਲਾਉਣ ਦਾ ਮਾਮਲਾ ਸੋਸ਼ਲ ਮੀਡੀਆ ਰਾਹੀਂ ਉਜਾਗਰ ਕੀਤਾ ਹੈ, ਉਸ ਨੇ ਸਰਕਾਰ ਦੇ ਵੱਕਾਰ ਨੂੰ ਸੱਟ ਮਾਰੀ ਹੈ। ਸ੍ਰੀ ਸਿੱਧੂ ਨੇ ਕਿਹਾ ਕਿ ਟਰਾਂਸਪੋਰਟ ਦੇ ਮਾਮਲੇ ਉਤੇ ਲੋਕਾਂ ਨਾਲ ਜੋ ਵਾਅਦੇ ਕੀਤੇ ਸਨ ਉਹ ਵਫਾ ਨਹੀਂ ਹੋ ਸਕੇ।

ਸ੍ਰੀ ਸਿੱਧੂ ਤੋਂ ਬਾਅਦ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਸਾਰੇ ਖੇਤਰ ਵਿਚ ਬਾਦਲਾਂ ਦੀ ਤੂਤੀ ਬੋਲਦੀ ਹੈ। ਉਨ੍ਹਾਂ ਕਿਹਾ ਕਿ ਬਾਦਲ ਪਿੰਡ ਵਿਚ ਮੁਕਤਸਰ ਦੇ ਡਿਪਟੀ ਕਮਿਸ਼ਨਰ ਤੇ ਐਸ.ਐਸ.ਪੀ. ਵੱਲੋਂ ਦੋਵੇਂ ਬਾਦਲਾਂ ਦੇ ਸੱਤਾ ‘ਚ ਹੋਣ ਸਮੇਂ ਵਾਲਾ ਹੀ ਪ੍ਰਭਾਵ ਮੰਨਦੇ ਹਨ। ਵਿੱਤ ਮੰਤਰੀ ਨੇ ਕਿਹਾ ਕਿ ਸਾਬਕਾ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਅੱਗੇ ਪਿੱਛੇ ਪੁਲਿਸ ਦੀਆਂ ਜਿਪਸੀਆਂ ਦੌੜਦੀਆਂ ਹਨ ਤੇ ਪੁਲਿਸ ਅਧਿਕਾਰੀ ਉਨ੍ਹਾਂ ਨੂੰ ਪੂਰਾ ਮਾਣ ਸਤਿਕਾਰ ਦਿੰਦੇ ਹਨ।

ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਨਿਰਮਲ ਸਿੰਘ ਕਾਹਲੋਂ ਨੂੰ ਪੁਲਿਸ ਨੇ ਦੋ ਜਿਪਸੀਆਂ ਦਿੱਤੀਆਂ ਹੋਈਆਂ ਹਨ ਤੇ ਇਸ ਤਰ੍ਹਾਂ ਦੀ ਵੀ.ਆਈ.ਪੀ. ਸਹੂਲਤ ਕਿਉਂ ਦਿੱਤੀ ਜਾ ਰਹੀ ਹੈ। ਪੰਚਾਇਤ ਮੰਤਰੀ ਨੇ ਕਿਹਾ ਕਿ ਇਹ ਮਾਮਲਾ ਪਹਿਲਾਂ ਵੀ ਕਈ ਵਾਰੀ ਧਿਆਨ ਵਿਚ ਲਿਆਂਦਾ ਜਾ ਚੁੱਕਾ ਹੈ, ਪਰ ਕੋਈ ਕਾਰਵਾਈ ਅਮਲ ਵਿਚ ਨਹੀਂ ਆਈ।

## ਕੈਪਟਨ ਦੀ ਚੁੱਪ ‘ਤੇ ਕਾਂਗਰਸੀ ਹੈਰਾਨ

ਪੰਜਾਬ ਦੇ ਮੰਤਰੀ ਤੇ ਵਿਧਾਇਕ ਇਸ ਗੱਲ ਤੋਂ ਹੈਰਾਨ ਹਨ ਕਿ ਮੁੱਖ ਮੰਤਰੀ ਉਨ੍ਹਾਂ ਦੀ ਗੱਲ ਸੁਣ ਤਾਂ ਲੈਂਦੇ ਹਨ ਪਰ ਕੋਈ ਕਾਰਵਾਈ ਕਰਨ ਤੋਂ ਪਾਸਾ ਵੱਟ ਲੈਂਦੇ ਹਨ। ਕੁਝ ਵਿਧਾਇਕਾਂ ਨੇ ਤਾਂ ਮੁੱਖ ਮੰਤਰੀ ਨੂੰ ਇਥੋਂ ਤੱਕ ਆਖ ਦਿੱਤਾ ਹੈ ਕਿ ਅਗਲੇ ਸਾਲ ਲੋਕ ਸਭਾ ਚੋਣਾਂ ਵਿਚ ਉਨ੍ਹਾਂ ਨੂੰ ਬਾਦਲਾਂ ਨਾਲ ਲਿਹਾਜ਼ਦਾਰੀ ਕਾਰਨ ਲੋਕ ਰੋਹ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਮੰਤਰੀਆਂ ਨੇ ਇਹ ਵੀ ਕਿਹਾ ਕਿ ਲੋਕਾਂ ‘ਚ ਸਰਕਾਰ ਦੇ ਅਕਾਲੀਆਂ ਨਾਲ ਰਲੇ ਹੋਣ ਦਾ ਪ੍ਰਭਾਵ ਪਾਇਆ ਜਾ ਰਿਹਾ ਹੈ।

# ਕੈਪਟਨ ਦਾ ਇਕ ਵਰ੍ਹਾ: ਮਾਲੀ ਤੰਗੀ ਨੇ ਉਠਣ ਨਾ ਦਿੱਤੀ ਸਰਕਾਰ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਕਾਂਗਰਸ ਪਾਰਟੀ ਨੇ ਚੋਣ ਮਨੋਰਥ ਪੱਤਰ



ਰਾਹੀਂ ਬਹੁਤ ਵੱਡੇ ਵਾਅਦੇ ਕਰ ਕੇ ਸੂਬੇ ਦੀ ਹਰ ਸਮੱਸਿਆ ਨੂੰ ਸਮਾਂਬੱਧ ਤੌਰ ਉਤੇ ਹੱਲ ਕਰਨ ਦਾ ਭਰੋਸਾ ਦਿਵਾਇਆ ਸੀ। ਵਿੱਤੀ ਸੰਕਟ ਨਾਲ ਜੂਝ ਰਹੀ ਸਰਕਾਰ, ਪ੍ਰਸ਼ਾਸਨਿਕ ਢਾਂਚੇ ਵਿਚ ਵੀ ਕੋਈ ਨਵੀਂ ਰੂਹ ਫੂਕਣ ਦੇ ਅਸਮਰੱਥ ਨਜ਼ਰ ਆਉਂਦੀ ਹੈ। ਲਗਭਗ ਵੀਹ ਤਰ੍ਹਾਂ ਦੇ ਮਾਫੀਏ ਅਤੇ ਘੁਟਾਲਿਆਂ ਦੀ ਗੱਲ ਹੋਈ ਪਰ ਠੋਸ ਕਾਰਵਾਈ ਦੀ ਪਹਿਲਕਦਮੀ ਕਿਤੇ ਦਿਖਾਈ ਨਹੀਂ ਦਿੱਤੀ।

ਚੋਣ ਮਨੋਰਥ ਪੱਤਰ ਵਿਚ ਕਾਂਗਰਸ ਪਾਰਟੀ ਨੇ ਅਕਾਲੀ-ਭਾਜਪਾ ਸਰਕਾਰ ਦੌਰਾਨ ਚੱਲ ਰਹੇ ਕਥਿਤ ਮਾਫੀਆ ਰਾਜ ਦੀ ਜੋ ਸੂਚੀ ਬਣਾ ਕੇ ਲੋਕਾਂ ਦੇ ਸਾਹਮਣੇ ਰੱਖੀ, ਉਸ ਮੁਤਾਬਕ ਅੱਧੀ ਦਰਜਨ ਤੋਂ ਵੱਧ ਭਾਵ ਨਸ਼ਾ, ਮਾਈਨਿੰਗ, ਸ਼ਰਾਬ, ਭੂ-ਮਾਫੀਆ, ਕੇਬਲ, ਟਰਾਂਸਪੋਰਟ, ਲਾਟਰੀ ਮਾਫੀਆ ਦੀ ਜਕੜ ਤੋੜਨ ਦਾ ਵਾਅਦਾ ਕੀਤਾ ਗਿਆ ਸੀ। ਇਸ ਤੋਂ ਇਲਾਵਾ ਸਫਾਈ, ਅਨਾਜ, ਮਕਾਨ, ਭਰਤੀ, ਸਿੱਖਿਆ ਸਮੇਤ ਘੁਟਾਲਿਆਂ ਦਾ ਪਰਦਾਫਾਸ਼ ਕਰਨ ਦੇ ਵਾਅਦੇ ਪ੍ਰਮੁੱਖ ਸਨ।

ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨਾ, ਫਸਲਾਂ ਦੇ ਨੁਕਸਾਨ ਦੀ ਭਰਪਾਈ ਲਈ 20 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ, ਹਰ ਘਰ ਵਿਚ ਰੁਜ਼ਗਾਰ, ਰੁਜ਼ਗਾਰ ਨਾ ਮਿਲਣ ਤੱਕ 2500 ਰੁਪਏ ਬੇਰੁਜ਼ਗਾਰੀ ਭੱਤਾ, ਮਜ਼ਦੂਰਾਂ ਨੂੰ ਪੰਜ ਮਰਲੇ ਦੇ ਪਲਾਟ ਅਤੇ ਘਰ ਬਣਾਉਣ ਲਈ ਇਕ ਲੱਖ ਰੁਪਏ ਦੀ ਗਰਾਂਟ ਦੇਣ ਦੇ ਵਾਅਦੇ ਲਿਖਤੀ ਤੌਰ ਉਤੇ ਕੀਤੇ ਗਏ ਸਨ। ਚੋਣ ਮਨੋਰਥ ਪੱਤਰ ਅਸਲ ਵਿਚ ਲੋਕਾਂ ਅਤੇ ਪਾਰਟੀਆਂ ਜਾਂ ਉਮੀਦਵਾਰਾਂ ਦਰਮਿਆਨ ਇਕਰਾਰਨਾਮਾ ਹੁੰਦਾ ਹੈ।

ਵਾਅਦੇ ਪੂਰੇ ਕਰਨ ਵਿਚ ਦੇਰੀ ਦੇ ਮੁੱਦੇ ਉਤੇ ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਸਰਕਾਰ ਨੂੰ ਮਾਲੂਮ ਨਹੀਂ ਸੀ ਕਿ ਸੂਬੇ ਦੀ ਵਿੱਤੀ ਹਾਲਤ ਇੰਨੀ ਗੰਭੀਰ ਹੈ। ਜੇਕਰ ਇਹ ਗੱਲ ਸੱਚ ਹੈ ਤਾਂ ਚੋਣ ਮਨੋਰਥ ਪੱਤਰ ਵਿਚ ਇਹ ਕਿਵੇਂ ਲਿਖ ਦਿੱਤਾ ਗਿਆ ਕਿ ਪੰਜਾਬ ਵਿੱਤੀ ਐਮਰਜੈਂਸੀ ਵਰਗੇ ਹਾਲਾਤ ਵਿਚੋਂ ਗੁਜ਼ਰ ਰਿਹਾ ਹੈ। ਇਸ ਦੇ ਬਾਵਜੂਦ ਗੁਟਕਾ ਸਾਹਿਬ ਉਤੇ ਹੱਥ ਰੱਖ ਕੇ ਚਾਰ ਹਫਤਿਆਂ ਵਿਚ ਨਸ਼ਾ ਖਤਮ ਕਰ ਦੇਣ, ਕਿਸਾਨੀ ਕਰਜ਼ੇ ਮੁਆਫ ਕਰਨ ਸਮੇਤ ਹੋਰ ਵਾਅਦੇ ਪੂਰੇ ਕਰਨ ਦਾ ਐਲਾਨ ਕੀਤਾ ਗਿਆ। ਕੈਪਟਨ ਅਮਰਿੰਦਰ ਸਿੰਘ ਕਰਜ਼ਾ ਮੁਆਫੀ ਦਾ ਵਾਅਦਾ ਨਿਭਾਉਣ ਦੀ ਗੱਲ ਤਾਂ ਦੁਹਰਾ ਰਹੇ ਹਨ ਪਰ ਹਕੀਕਤ ਵੱਖ ਦਿਖਾਈ ਦੇ ਰਹੀ ਹੈ।

ਪੰਜਾਬ ਸਰਕਾਰ ਮੁਤਾਬਕ ਕਿਸਾਨਾਂ ਸਿਰ 31 ਮਾਰਚ 2017 ਤੱਕ ਕਰਜ਼ਾ 73772 ਕਰੋੜ ਰੁਪਏ ਹੈ। ਇਸ ਵਿਚੋਂ ਫਸਲੀ ਕਰਜ਼ਾ 59621 ਕਰੋੜ ਰੁਪਏ ਦਾ ਹੈ। ਇਸ ਤੋਂ ਇਲਾਵਾ 14151 ਕਰੋੜ ਰੁਪਏ ਮਿਆਦੀ ਕਰਜ਼ਾ ਹੈ। ਸਰਕਾਰ ਨੇ ਇਸ ਦਾ ਹੱਲ ਕੱਢਣ ਲਈ ਡਾ. ਟੀ ਹੱਕ ਦੀ ਅਗਵਾਈ ਵਿਚ ਕਮੇਟੀ ਬਣਾਈ ਜਿਸ ਨੇ ਜੂਨ 2017 ਤੱਕ ਆਪਣੀ ਰਿਪੋਰਟ ਦੇ ਦਿੱਤੀ। ਮੁੱਖ ਮੰਤਰੀ ਨੇ ਹੱਕ ਕਮੇਟੀ ਦੀ ਅੰਤ੍ਰਿਮ ਰਿਪੋਰਟ ਦੇ ਆਧਾਰ ਉਤੇ ਪੰਜ ਏਕੜ ਤੱਕ ਵਾਲੇ ਕਿਸਾਨਾਂ ਦਾ ਦੋ ਲੱਖ ਰੁਪਏ ਦਾ ਫਸਲੀ ਕਰਜ਼ਾ, ਢਾਈ ਏਕੜ ਤਕ ਵਾਲਿਆਂ ਦੇ ਕੁੱਲ ਕਰਜ਼ੇ ਵਿਚੋਂ ਦੋ ਲੱਖ ਰੁਪਏ ਮੁਆਫ ਕਰਨ ਅਤੇ ਖੁਦਕੁਸ਼ੀ ਪੀੜਤ ਕਿਸਾਨ-ਮਜ਼ਦੂਰ ਪਰਿਵਾਰਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਦਾ ਐਲਾਨ ਕਰ ਦਿੱਤਾ। ਇਸ ਨਾਲ 10.25 ਲੱਖ ਖਾਤਿਆਂ ਵਿਚੋਂ 9500 ਕਰੋੜ ਰੁਪਏ ਦੀ ਮੁਆਫੀ ਦਾ ਅਨੁਮਾਨ ਪੇਸ਼ ਕੀਤਾ ਗਿਆ।

ਬਜਟ ਵਿਚ ਕਰਜ਼ਾ ਮੁਆਫੀ ਲਈ 1500 ਕਰੋੜ ਵਿਚੋਂ ਪੰਜ ਸੌ ਕਰੋੜ ਖੁਦਕੁਸ਼ੀ ਪੀੜਤ ਪਰਿਵਾਰਾਂ ਲਈ ਵੀ ਸੀ। ਖੇਤ ਮਜ਼ਦੂਰਾਂ ਦੇ ਅੰਕੜੇ ਨਾ ਹੋਣ ਦਾ ਬਹਾਨਾ ਬਣਾ ਕੇ ਫਿਲਹਾਲ ਉਨ੍ਹਾਂ ਲਈ ਕੁਝ ਨਹੀਂ ਕੀਤਾ ਗਿਆ ਹੈ। ਮਿਆਦੀ ਕਰਜ਼ਿਆਂ ਬਾਰੇ ਵੀ ਉਨ੍ਹਾਂ ਖਾਮੋਸ਼ੀ ਧਾਰੀ ਹੋਈ ਹੈ। ਇਸੇ ਤਰ੍ਹਾਂ ਸਹਾਇਕ ਧੰਦਿਆਂ ਦੇ ਕਰਜ਼ਿਆਂ ਬਾਰੇ ਕੋਈ ਗੱਲ ਨਹੀਂ ਹੋਈ। ਇਕ ਸਾਲ ਅੰਦਰ ਹੁਣ ਤੱਕ ਮਾਨਸਾ ਅਤੇ ਨਕੋਦਰ ਵਿਚ ਦੋ ਸਮਾਗਮ ਕਰ ਕੇ ਕ੍ਰਮਵਾਰ 167 ਕਰੋੜ ਅਤੇ 129 ਕਰੋੜ ਰੁਪਏ ਭਾਵ ਕੁੱਲ 296 ਰੁਪਏ ਦੀ ਰਾਹਤ ਦਿੱਤੀ ਗਈ ਹੈ।

## ਕਿਸਾਨਾਂ ਨੂੰ ਰਾਹਤ ਕਮੇਟੀਆਂ ਬਣਾਉਣ ਤੱਕ ਹੀ ਸੀਮਤ

ਮਜ਼ਦੂਰਾਂ ਅਤੇ ਖੁਦਕੁਸ਼ੀ ਪੀੜਤ ਕਿਸਾਨਾਂ ਦੀ ਹਾਲਤ ਅਤੇ ਕਰਜ਼ੇ ਦਾ ਅਨੁਮਾਨ ਲਗਾਉਣ ਲਈ ਪਿਛਲੇ ਸਾਲ ਜੂਨ ਦੇ ਵਿਧਾਨ ਸਭਾ ਸੈਸ਼ਨ ਦੌਰਾਨ ਹੀ ਕਾਂਗਰਸ ਵਿਧਾਇਕ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਦੀ ਅਗਵਾਈ ਹੇਠ ਕਮੇਟੀ ਬਣਾਈ ਗਈ ਸੀ। ਕਮੇਟੀ ਨੇ ਅਜੇ ਤੱਕ ਰਿਪੋਰਟ ਨਹੀਂ ਸੌਂਪੀ ਹੈ। ਖੁਦਕੁਸ਼ੀਆਂ ਦਾ ਰੁਝਾਨ ਵੀ ਰੁਕਣ ਦਾ ਨਾਮ ਨਹੀਂ ਲੈ ਰਿਹਾ ਅਤੇ ਮਜ਼ਦੂਰਾਂ ਨੂੰ ਵੀ ਫਿਲਹਾਲ ਕੁਝ ਨਹੀਂ ਮਿਲਿਆ।

ਚੋਣ ਮਨੋਰਥ ਪੱਤਰ ਵਿਚ ਸ਼ਾਹੂਕਾਰਾ ਕਰਜ਼ੇ ਨਾ ਮੋੜ ਸਕਣ ਕਰਕੇ ਜ਼ਮੀਨ ਵੇਚਣ ਅਤੇ ਕੁਰਕੀ ਨੂੰ ਰੋਕਣ ਵਾਸਤੇ ਇਕ ਠੋਸ ਕਾਨੂੰਨ ਬਣਾਉਣ ਦਾ ਵਾਅਦਾ ਕੀਤਾ ਗਿਆ ਸੀ। ਇਸ ਲਈ ਮੰਤਰੀ ਨਵਜੋਤ ਸਿੰਘ ਸਿੱਧੂ, ਵਿੱਤ ਮੰਤਰੀ ਮਨਪ੍ਰੀਤ ਬਾਦਲ ਅਤੇ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ 'ਤੇ ਅਧਾਰਤ ਸਬ ਕਮੇਟੀ ਬਣੀ ਹੋਈ ਹੈ ਪਰ ਰਿਪੋਰਟ ਬਾਰੇ ਫਿਲਹਾਲ ਖਾਮੋਸ਼ੀ ਧਾਰੀ ਹੋਈ ਹੈ।

# ਦੇਣਦਾਰੀਆਂ ਬਣੀਆਂ ਸਰਕਾਰ ਲਈ ਵੱਡੀ ਚੁਣੌਤੀ

**ਚੰਡੀਗੜ੍ਹ:** ਕੈਪਟਨ ਸਰਕਾਰ ਨੇ ਆਪਣੇ ਕਾਰਜਕਾਲ ਦਾ ਇਕ ਸਾਲ ਪੂਰਾ ਕਰ ਲਿਆ ਹੈ, ਪਰ ਅਜੇ ਤੱਕ ਸੂਬੇ ਦੀ ਵਿੱਤੀ ਹਾਲਤ ਨਹੀਂ ਸੁਧਰੀ ਹੈ। ਸਰਕਾਰ ਨੂੰ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਵਿਚ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਾਂਗਰਸ ਪਾਰਟੀ ਨੇ ਸੂਬੇ ਦੇ ਲੋਕਾਂ ਨੂੰ ਚੋਣਾਂ ਵੇਲੇ ਜਿਹੜੇ ਸੁਪਨੇ ਦਿਖਾਏ ਸਨ, ਉਹ ਹਕੀਕਤ ਵਿਚ ਨਹੀਂ ਬਦਲ ਸਕੇ।

ਕਾਂਗਰਸ ਪਾਰਟੀ ਨੇ ਸੱਤਾ ਸੰਭਾਲਦਿਆਂ ਹੀ ਪਿਛਲੀ ਸਰਕਾਰ ਵੱਲੋਂ ਵਿਕਾਸ ਕੰਮਾਂ ਲਈ ਜਾਰੀ ਕੀਤੀਆਂ ਗ੍ਰਾਂਟਾਂ ਤੇ ਫੰਡ ਵਰਤਣ ਉਤੇ ਰੋਕ ਲਾ ਦਿੱਤੀ ਸੀ, ਇਸ ਕਰ ਕੇ ਵਿਕਾਸ ਕੰਮਾਂ ਉਤੇ ਬਰੇਕਾਂ ਲੱਗ ਗਈਆਂ ਸਨ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਅੰਤ ਵੀ ਇਹੀ ਕਹਿ ਕੇ ਬੁੱਤਾ ਸਾਰ ਰਹੇ ਹਨ ਕਿ ਪਿਛਲੀ ਸਰਕਾਰ ਨੇ ਸੂਬੇ ਦੀ ਵਿੱਤੀ ਹਾਲਤ ਇੰਨੀ ਖਰਾਬ ਕਰ ਦਿੱਤੀ ਹੈ ਕਿ ਸਰਕਾਰ ਨੂੰ ਮੁੜ ਉਠਣ ਵਿਚ ਸਮੱਸਿਆ ਆ ਰਹੀ ਹੈ। ਕਾਂਗਰਸ ਸਰਕਾਰ ਨੇ ਸੱਤਾ ਸੰਭਾਲਣ ਤੋਂ ਬਾਅਦ ਲੋਕਾਂ ਨੂੰ ਸੂਬੇ ਦੀ ਵਿੱਤੀ ਸਥਿਤੀ ਤੋਂ ਜਾਣੂ ਕਰਵਾਉਣ ਲਈ 'ਵ੍ਹਾਈਟ ਪੇਪਰ' ਛਾਪਿਆ ਸੀ, ਜਿਸ ਵਿਚ ਦੱਸਿਆ ਗਿਆ ਕਿ ਸੂਬੇ ਸਿਰ ਕਰਜ਼ਾ 2.07 ਲੱਖ ਕਰੋੜ ਰੁਪਏ ਹੋ ਚੁੱਕਾ ਹੈ। ਜਿਸ ਪਾਸਿਉਂ ਰਾਜ ਸਰਕਾਰ ਨੂੰ ਕਰਜ਼ਾ ਮਿਲਣ ਦੀ ਉਮੀਦ ਸੀ, ਉਸ ਥਾਂ ਤੋਂ ਪਿਛਲੀ ਸਰਕਾਰ ਨੇ ਅਗਲੇ ਚਾਰ ਪੰਜ ਸਾਲ ਹੋਣ ਵਾਲੀ ਆਮਦਨ ਵਿਰੁੱਧ ਕਰਜ਼ੇ ਲੈ ਲਏ ਸਨ। ਇਸ ਕਰ ਕੇ ਕਾਂਗਰਸ ਸਰਕਾਰ ਨੂੰ ਨਵੇਂ ਕਰਜ਼ੇ ਲੈਣ ਵਿਚ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਭਲਾਈ ਸਕੀਮਾਂ ਲਈ ਪੈਸਾ ਜੁਟਾਉਣਾ ਮੁਸ਼ਕਲ ਹੋ ਰਿਹਾ ਹੈ। ਪੰਜਾਬ ਸਰਕਾਰ ਨੇ ਆਪਣੇ ਇਕ ਸਾਲ ਦੇ ਕਾਰਜਕਾਲ ਦੌਰਾਨ ਸਿੱਖਿਆ ਵਿਭਾਗ ਵਿਚ ਵੱਡੇ ਫੈਸਲੇ ਲਏ ਪਰ ਮੁੱਠੀ ਖਾਲੀ ਹੋਣ ਕਾਰਨ ਇਹ ਫੈਸਲੇ ਸਾਰਥਕ ਘੱਟ ਅਤੇ ਅਧਿਆਪਕ ਵਰਗ ਲਈ ਮੁਸੀਬਤ ਵੱਧ ਸਾਬਤ ਹੋਏ। ਕੈਪਟਨ ਸਰਕਾਰ ਨੇ ਆਪਣੇ ਪਹਿਲੇ ਵਰ੍ਹੇ ਦੌਰਾਨ 14 ਨਵੰਬਰ ਤੋਂ ਸਰਕਾਰੀ ਸਕੂਲਾਂ ਵਿਚ ਪ੍ਰੀ-ਪ੍ਰਾਇਮਰੀ ਜਮਾਤਾਂ ਸ਼ੁਰੂ ਕਰਨ ਦਾ ਵੱਡਾ ਫੈਸਲਾ ਲਿਆ। ਭਾਵੇਂ ਇਹ ਫੈਸਲਾ ਛੋਟੇ ਬੱਚਿਆਂ ਦੀ ਪ੍ਰਾਈਵੇਟ ਸਕੂਲਾਂ ਵੱਲ ਲੱਗੀ ਹੋੜ ਨੂੰ ਰੋਕਣ ਲਈ ਲਿਆ ਗਿਆ ਸੀ ਪਰ ਬਿਨਾਂ ਕੋਈ ਲੋੜੀਂਦੇ ਪ੍ਰਬੰਧ ਕੀਤਿਆਂ ਪੁਰਾਣੇ ਅਧਿਆਪਕਾਂ ਉਪਰ ਹੀ ਛੋਟੇ ਬੱਚਿਆਂ ਨੂੰ ਪੜ੍ਹਾਉਣ ਦਾ ਬੋਝ ਪਾ ਕੇ ਸਕੂਲਾਂ ਵਿਚ ਨਵਾਂ ਖਲਾਅ ਪੈਦਾ ਕਰ ਦਿੱਤਾ ਗਿਆ।

ਇਸ ਨੀਤੀ ਤਹਿਤ ਸਰਕਾਰ 1.60 ਲੱਖ ਵਿਦਿਆਰਥੀਆਂ ਨੂੰ ਪ੍ਰੀ-ਪ੍ਰਾਇਮਰੀ ਸਕੂਲਾਂ ਵਿਚ ਦਾਖਲ ਕਰਵਾਉਣ ਵਿਚ ਕਾਮਯਾਬ ਹੋ ਗਈ। ਉਂਜ ਇਸ ਨਾਲ ਆਂਗਣਵਾੜੀ ਕੇਂਦਰਾਂ ਉਪਰ ਵੀ ਮਾੜਾ ਪ੍ਰਭਾਵ ਪਿਆ ਅਤੇ ਇਨ੍ਹਾਂ ਬੱਚਿਆਂ ਨੂੰ ਮਿਡ-ਡੇਅ ਮੀਲ ਮੁਹੱਈਆ ਕਰਨ ਜਿਹੇ ਕਈ ਮਸਲੇ ਅੱਜ ਵੀ ਖੜ੍ਹੇ ਹਨ। ਵਿਦਿਆਰਥੀਆਂ ਨੂੰ ਸਮੇਂ ਸਿਰ ਕਿਤਾਬਾਂ ਅਤੇ ਵਰਦੀਆਂ ਮੁਹੱਈਆ ਕਰਨ ਜਿਹੇ ਮਸਲੇ ਇਸ ਵਰ੍ਹੇ ਵੀ ਮੁਕੰਮਲ ਰੂਪ ਵਿਚ ਹੱਲ ਨਹੀਂ ਹੋ ਸਕੇ। ਸਰਕਾਰ ਵੱਲੋਂ ਬਦਲੀ ਨੀਤੀ ਤਹਿਤ 7 ਸਾਲ ਦੀ ਠਾਹਰ ਵਾਲੇ ਅਧਿਆਪਕਾਂ ਨੂੰ ਬਦਲਣ ਦੀ ਮੱਦ ਜੋੜਨ ਕਾਰਨ ਅਧਿਆਪਕਾਂ ਦੇ ਸਾਹ ਸੁੱਕੇ ਪਏ ਹਨ। ਸਾਂਝਾ ਅਧਿਆਪਕ ਮੋਰਚੇ ਅਨੁਸਾਰ ਇਕ ਅਧਿਆਪਕ ਨੂੰ ਕਿਸੇ ਵਿਦਿਅਕ ਸੰਸਥਾ ਦੇ ਵਿਦਿਆਰਥੀਆਂ, ਮਾਪਿਆਂ, ਅਤੇ ਇਲਾਕੇ ਨੂੰ ਮਨੋਵਿਗਿਆਨਕ ਰੂਪ ਵਿਚ ਸਮਝਣ ਅਤੇ ਲੋਕਾਂ ਦਾ ਵਿਸ਼ਵਾਸ ਜਿੱਤਣ ਵਿੱਚ ਲੰਮਾ ਸਮਾਂ ਲੱਗ ਜਾਂਦਾ ਹੈ, ਜਿਸ ਕਾਰਨ 7 ਸਾਲ ਦੀ ਠਾਹਰ ਤੋਂ ਬਾਅਦ ਅਧਿਆਪਕਾਂ ਨੂੰ ਜਬਰੀ ਬਦਲਣ ਦਾ ਫੈਸਲਾ ਤਾਨਾਸ਼ਾਹੀ ਦਾ ਪ੍ਰਤੀਕ ਹੈ।

ਮੋਰਚੇ ਅਨੁਸਾਰ ਇਸ ਫੈਸਲੇ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਉਪਰ ਮਾੜਾ ਅਸਰ ਪਏਗਾ ਅਤੇ ਵੱਡੀ ਗਿਣਤੀ ਵਿੱਚ ਮਹਿਲਾ ਅਧਿਆਪਕਾਂ ਸਮੇਤ 50 ਹਜ਼ਾਰ ਅਧਿਆਪਕ ਪ੍ਰਭਾਵਿਤ ਹੋਣਗੇ। ਸਰਕਾਰ ਵੱਲੋਂ ਸਿੱਖਿਆ ਵਿਭਾਗ ਦੇ ਠੇਕੇ ਉਤੇ ਕੰਮ ਕਰਦੇ ਹਜ਼ਾਰਾਂ ਅਧਿਆਪਕਾਂ ਤੇ ਨਾਨ-ਟੀਚਿੰਗ ਸਟਾਫ ਦੀਆਂ ਤਨਖਾਹਾਂ ਵਿੱਚ 19,000 ਤੋਂ ਲੈ ਕੇ 33,000 ਰੁਪਏ ਤਕ ਕਟੌਤੀ ਕਰਕੇ ਅਤੇ ਪਹਿਲੇ 3 ਸਾਲ 10,300 ਰੁਪਏ ਤਨਖਾਹ ਦੇਣ ਦੀ ਸ਼ਰਤ ਉਤੇ ਰੈਗੂਲਰ ਕਰਨ ਦੀ ਬਣਾਈ ਤਜਵੀਜ਼ ਨੇ ਵਿਭਾਗ ਵਿੱਚ ਭੁਚਾਲ ਲਿਆ ਦਿੱਤਾ ਹੈ। ਠੇਕਾ ਮੁਲਾਜ਼ਮ 15 ਮਾਰਚ ਤੋਂ ਚੰਡੀਗੜ੍ਹ ਵਿਚ ਭੁੱਖ ਹੜਤਾਲ ਦੀ ਲੜੀ ਚਲਾ ਕੇ ਆਪਣੇ ਦੁੱਖੜੇ ਬਿਆਨ ਕਰ ਰਹੇ ਹਨ।

ਇਸ ਤੋਂ ਇਲਾਵਾ ਪਿਛਲੇ ਸਵਾ ਤਿੰਨ ਸਾਲਾਂ ਤੋਂ 6-7 ਹਜ਼ਾਰ ਰੁਪਏ ਤਨਖਾਹ ਉਤੇ ਕੰਮ ਕਰਦੇ 5178 ਅਧਿਆਪਕਾਂ ਨੂੰ ਵੀ ਪਹਿਲੇ ਤਿੰਨ ਸਾਲ ਕੇਵਲ 10,300 ਰੁਪਏ ਤਨਖਾਹ ਦੇ ਕੇ ਰੈਗੂਲਰ ਕਰਨ ਦੀ ਲਾਈ ਜਾ ਰਹੀ ਸ਼ਰਤ ਕਾਰਨ ਅਧਿਆਪਕਾਂ ਨੇ ਪ੍ਰਧਾਨ ਮੰਤਰੀ ਨੂੰ ਆਪਣੇ ਖੂਨ ਨਾਲ ਦਸਤਖਤ ਕਰ ਕੇ ਭੇਜੇ ਪੱਤਰ ਰਾਹੀਂ ਸਵੈ ਇੱਛਕ ਮੌਤ ਦੀ ਪ੍ਰਵਾਨਗੀ ਮੰਗੀ ਹੈ ਅਤੇ ਚਿੰਤਾ ਜ਼ਾਹਿਰ ਕੀਤੀ ਹੈ ਕਿ ਅਜਿਹਾ ਫੈਸਲਾ ਲਾਗੂ ਹੋਣ ਨਾਲ ਅਧਿਆਪਕ ਵੀ ਕਿਸਾਨਾਂ ਵਾਂਗ ਖੁਦਕੁਸ਼ੀਆਂ ਕਰਨ ਦੇ ਰਾਹ ਪੈ ਸਕਦੇ ਹਨ।

## ਕਿਸਾਨਾਂ 'ਚ ਬੇਚੈਨੀ ਲਈ ਭਾਜਪਾ ਜ਼ਿੰਮੇਵਾਰ: ਕੈਪਟਨ

**ਨਵੀਂ ਦਿੱਲੀ:** ਕਾਂਗਰਸ ਦੇ 84ਵੇਂ ਮਹਾਂਸੰਮੇਲਨ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਦੇਸ਼ ਵਿਚ ਕਿਸਾਨਾਂ ਵਿਚਲੀ ਬੇਚੈਨੀ ਲਈ ਭਾਜਪਾ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਜੇ ਕੌਮੀ ਪ੍ਰਗਤੀਸ਼ੀਲ ਗੱਠਜੋੜ ਦੀ ਸਰਕਾਰ 2019 ਵਿਚ ਸੱਤਾ ਵਿਚ ਆਉਂਦੀ ਹੈ ਤਾਂ ਉਹ ਕਿਸਾਨਾਂ ਦੇ ਖੇਤੀ ਕਰਜ਼ੇ ਮੁਆਫ ਕਰੇਗੀ। ਇਸ ਮੌਕੇ ਉਨ੍ਹਾਂ ਨੇ ਖੇਤੀਬਾੜੀ ਤੋਂ ਇਲਾਵਾ ਰੁਜ਼ਗਾਰ, ਗਰੀਬੀ ਹਟਾਓ ਆਦਿ ਮਤੇ ਪੇਸ਼ ਕਰਦਿਆਂ ਕਿਸਾਨਾਂ ਤੇ ਨੌਜਵਾਨਾਂ ਨਾਲ ਵਾਅਦਾ ਕੀਤਾ ਕਿ ਦੇਸ਼ ਵਿਚ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣਗੇ ਅਤੇ ਦੇਸ਼ ਵਿਚ ਫੈਲੀ ਬੇਚੈਨੀ ਨੂੰ ਖਤਮ ਕੀਤਾ ਜਾਵੇਗਾ। ਇਨ੍ਹਾਂ ਮਤਿਆਂ ਵਿਚ ਕਿਹਾ ਗਿਆ ਹੈ ਕਿ ਯੂ.ਪੀ.ਏ. ਸਰਕਾਰ ਨੇ ਜਿਵੇਂ 2009 ਵਿਚ 3.2 ਕਰੋੜ ਕਿਸਾਨਾਂ ਦਾ ਕਰਜ਼ਾ ਮੁਆਫ ਕਰ ਕੇ ਰਾਹਤ ਦਿੱਤੀ ਸੀ, ਉਸੇ ਤਰ੍ਹਾਂ ਹੀ ਕਾਂਗਰਸ ਛੋਟੇ ਤੇ ਸੀਮਾਂਤ ਕਿਸਾਨਾਂ ਲਈ ਕਰਜ਼ਾ ਮੁਆਫੀ ਯੋਜਨਾ ਲਿਆਵੇਗੀ।

## ਕਾਰ ਵਿਚ ਚੱਲਦੇ ਭਰੂਣ ਹੱਤਿਆ ਕੇਂਦਰ ਦਾ ਪਰਦਾਫਾਸ਼

**ਚੰਡੀਗੜ੍ਹ:** ਕੁੱਖ ਵਿਚ ਕੁੜੀਆਂ ਦਾ ਕਤਲ ਕਰਨ ਵਾਲੇ ਸਰਕਾਰ ਦੀ ਸਖਤੀ ਤੋਂ ਬਾਅਦ ਹੋਰ ਵੀ ਅਗਾਂਹਵਧੂ ਹੋ ਗਏ ਹਨ। ਸੋਨੀਪਤ ਵਿਚ ਅਜਿਹੇ ਅਗਾਂਹਵਧੂ ਕੁੜੀ ਮਾਰ ਡਾਕਟਰ ਨੂੰ ਗ੍ਰਿਫਤਾਰ ਕੀਤਾ ਹੈ ਜਿਸ ਨੇ ਆਪਣੀ ਕਾਰ ਵਿਚ ਭਰੂਣ ਜਾਂਚ ਤੇ ਹੱਤਿਆ ਕੇਂਦਰ ਸਥਾਪਤ ਕੀਤਾ ਹੋਇਆ ਸੀ। ਜ਼ਿਲ੍ਹੇ ਦੀ ਸਿਹਤ ਵਿਭਾਗ ਦੀ ਟੀਮ ਨੂੰ ਡਾਕਟਰ ਸੁਭਾਸ਼ ਜੈਨ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਇਕ ਮਹਿਲਾ ਨੂੰ ਤਿਆਰ ਕਰ ਕੇ ਉਸ ਕੋਲ ਲਿੰਗ ਜਾਂਚ ਲਈ ਭੇਜਿਆ।

ਸੌਦਾ 30,000 ਰੁਪਏ ਵਿਚ ਤੈਅ ਹੋ ਗਿਆ। ਫਰਜ਼ੀ ਗਾਹਕ ਬਣੀ ਇਸ ਮਹਿਲਾ ਨੂੰ ਡਾਕਟਰ ਕੁੰਡਲੀ ਬਾਰਡਰ ਕੋਲ ਸੁੰਨਸਾਨ ਥਾਂ ਉਤੇ ਲੈ ਗਏ। ਉਹ ਜਾਂਚ ਸ਼ੁਰੂ ਹੀ ਕਰਨ ਲੱਗੇ ਸੀ ਕਿ ਸਿਹਤ ਵਿਭਾਗ ਦੀ ਟੀਮ ਨੇ ਰੰਗੇ ਹੱਥੀਂ ਫੜ ਲਿਆ। ਵਿਭਾਗ ਦੇ ਡਾਕਟਰ ਆਦਰਸ਼ ਨੇ ਦੱਸਿਆ ਕਿ ਡਾਕਟਰ ਸੁਭਾਸ਼ ਨੇ ਆਪਣੀ ਕਾਰ ਵਿਚ ਅਲਟ੍ਰਾਸਾਊਂਡ ਕੇਂਦਰ ਸਥਾਪਤ ਕੀਤਾ ਹੋਇਆ ਸੀ। ਉਹ ਸੁੰਨਸਾਨ ਥਾਂ 'ਤੇ ਜਾ ਕੇ ਲਿੰਗ ਜਾਂਚ ਕਰਦਾ ਸੀ ਤੇ ਭਰੂਣ ਹੱਤਿਆ ਨੂੰ ਵੀ ਅੰਜਾਮ ਦਿੰਦਾ ਸੀ। ਪੁਲਿਸ ਨੇ ਉਨ੍ਹਾਂ ਕੋਲੋਂ 30 ਹਜ਼ਾਰ ਰੁਪਏ ਵੀ ਬਰਾਮਦ ਕੀਤੇ ਜੋ ਉਨ੍ਹਾਂ ਸਿਹਤ ਵਿਭਾਗ ਵੱਲੋਂ ਫਰਜ਼ੀ ਗਾਹਕ ਵਜੋਂ ਭੇਜੀ ਗਈ ਮਹਿਲਾ ਤੋਂ ਲਏ ਸਨ।

## ਗਾਇਕ ਕਰਮਜੀਤ ਸਿੰਘ ਧੂਰੀ ਦੀ ਸੜਕ ਹਾਦਸੇ ਵਿਚ ਮੌਤ

**ਧੂਰੀ:** ਉਘੇ ਪੰਜਾਬੀ ਗਾਇਕ ਕਰਮਜੀਤ ਸਿੰਘ ਧੂਰੀ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ ਹੈ। ਹਾਦਸੇ ਵਿਚ ਉਨ੍ਹਾਂ ਦਾ ਸਾਥੀ ਜ਼ਖਮੀ ਹੋ ਗਿਆ। ਉਨ੍ਹਾਂ ਨੇ ਆਪਣੇ ਗੀਤ 'ਮਿੱਤਰਾਂ ਦੀ ਲੂਣ ਦੀ ਡਲੀ, ਨੀ ਤੂੰ ਮਿਸ਼ਰੀ ਬਰਾਬਰ ਜਾਣੇ' ਰਾਹੀਂ ਦੇਸ਼-ਵਿਦੇਸ਼ ਵਿਚ ਰਹਿ ਰਹੇ ਪੰਜਾਬੀਆਂ ਦਾ ਮਨ ਮੋਹਿਆ। ਉਨ੍ਹਾਂ ਨਰਿੰਦਰ ਬੀਬਾ, ਸਵਰਨ ਲਤਾ, ਸਨੇਹ ਲਤਾ, ਕੁਮਾਰੀ ਰਾਜ ਤੇ ਮੋਹਨੀ ਨਰੂਲਾ ਜਿਹੀਆਂ ਪ੍ਰਸਿੱਧ ਗਾਇਕਾਵਾਂ ਨਾਲ ਕਈ ਦੁਗਾਣੇ ਗਾਣੇ ਗਾਏ।

ਉਨ੍ਹਾਂ ਦੀ ਮੌਤ 'ਤੇ ਹਲਕਾ ਵਿਧਾਇਕ ਦਲਵੀਰ ਸਿੰਘ ਗੋਲਡੀ, ਕੇਂਦਰੀ ਸਾਹਿਤ ਸਭਾ ਦੇ ਪ੍ਰਧਾਨ ਡਾ. ਤੇਜਵੰਤ ਮਾਨ, ਸਾਹਿਤਕਾਰ ਪਵਨ ਹਰਚੰਦਪੁਰੀ, ਗੁਲਜ਼ਾਰ ਸ਼ੌਕੀ ਤੇ ਗੁਰਦਿਆਲ ਨਿਰਮਾਨ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਮਾਲੀ ਤੰਗੀ ਨਾਲ ਨਜਿੱਠਣ ਲਈ ਜਾਇਦਾਦਾਂ ਗਹਿਣੇ ਰੱਖਣ ਦੀ ਤਿਆਰੀ

**ਬਠਿੰਡਾ:** ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਮਾਲੀ ਸੰਕਟ ਨਾਲ ਨਜਿੱਠਣ ਲਈ ਹੁਣ ਸਰਕਾਰੀ ਜਾਇਦਾਦਾਂ ਨੂੰ ਲੰਮੇ ਸਮੇਂ ਲਈ ਲੀਜ਼ ਉਤੇ ਦੇਣ ਨੂੰ ਹਰੀ ਝੰਡੀ ਦੇ ਦਿੱਤੀ ਹੈ। ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੇ ਮੁਲਾਜ਼ਮਾਂ ਨੂੰ ਹੁਣ ਤਨਖਾਹਾਂ ਦੇਣ ਦਾ ਸੰਕਟ ਬਣਿਆ ਹੋਇਆ ਹੈ। ਮੁਢਲੇ ਪੜਾਅ ਉਤੇ ਪੰਚਾਇਤ ਸਮਿਤੀਆਂ ਤੇ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਜਾਇਦਾਦ ਲੀਜ਼ ਉਤੇ ਦੇਣ ਲਈ ਪ੍ਰਵਾਨਗੀ ਦਿੱਤੀ ਗਈ ਹੈ।

ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਵਿੱਤ ਕਮਿਸ਼ਨਰ ਨੇ ਪੰਜਾਬ ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਰੂਲਜ਼ 1964 ਵਿਚ ਸੋਧ ਕਰ ਦਿੱਤੀ ਹੈ, ਜਿਸ ਮਗਰੋਂ ਹੁਣ ਪੰਚਾਇਤ ਸਮਿਤੀਆਂ ਤੇ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਆਪਣੀ ਜਾਇਦਾਦ 33 ਵਰ੍ਹਿਆਂ ਲਈ ਲੀਜ਼ ਉਤੇ ਦੇਣ ਦੇ ਅਧਿਕਾਰ ਮਿਲ ਗਏ ਹਨ। ਪੰਚਾਇਤ ਵਿਭਾਗ ਪੰਜਾਬ ਨੇ ਵਧੀਕ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਭੇਜ ਦਿੱਤਾ ਹੈ, ਜਿਸ ਵਿਚ ਜਾਇਦਾਦਾਂ ਨੂੰ 33 ਸਾਲਾਂ ਲਈ ਲੀਜ਼ ਉਤੇ ਦੇਣ ਦੀ ਗੱਲ ਆਖੀ ਗਈ ਹੈ। ਵੇਰਵਿਆਂ ਅਨੁਸਾਰ ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਪਹਿਲਾਂ ਆਪਣੀ ਸੰਪਤੀ ਪੰਜ ਵਰ੍ਹਿਆਂ ਤੱਕ ਲੀਜ਼ ਉਤੇ ਦੇਣ ਦੀ ਵਿਵਸਥਾ ਸੀ, ਜਿਸ ਵਿਚ ਹੁਣ ਵਾਧਾ ਕਰ ਦਿੱਤਾ ਗਿਆ ਹੈ। ਪੰਚਾਇਤ ਵਿਭਾਗ ਨੇ ਪਹਿਲਾਂ ਹਜ਼ਾਰਾਂ ਮੁਲਾਜ਼ਮਾਂ ਦੀ ਤਨਖਾਹ ਉਤੇ 60 ਫੀਸਦੀ ਕੱਟ ਲਾਇਆ ਹੈ ਅਤੇ ਛੇ-ਛੇ ਮਹੀਨਿਆਂ ਤੋਂ ਸਮਿਤੀ ਮੁਲਾਜ਼ਮਾਂ ਨੂੰ ਤਨਖਾਹਾਂ ਨਹੀਂ ਮਿਲੀਆਂ ਹਨ। ਸਰਕਾਰ ਵੱਲੋਂ ਪੰਜਾਬ ਦੀਆਂ 20 ਜ਼ਿਲ੍ਹਾ ਪ੍ਰੀਸ਼ਦਾਂ ਅਤੇ 111 ਪੰਚਾਇਤ ਸਮਿਤੀਆਂ ਨੂੰ 11.58 ਕਰੋੜ ਰੁਪਏ ਜਾਰੀ ਕੀਤੇ ਗਏ ਸਨ।

ਪੰਚਾਇਤ ਸਕੱਤਰ ਯੂਨੀਅਨ ਪੰਜਾਬ ਦੇ ਪ੍ਰਧਾਨ ਰਵਿੰਦਰ ਸਿੰਘ ਪਟਿਆਲਾ ਦਾ ਕਹਿਣਾ ਹੈ ਕਿ ਅਸਲ ਵਿਚ ਸਰਕਾਰ ਨੇ ਚਹੇਤਿਆਂ ਨੂੰ ਫਾਇਦਾ ਦੇਣ ਲਈ ਸਮਿਤੀਆਂ ਦੀਆਂ ਜਾਇਦਾਦਾਂ 33 ਵਰ੍ਹਿਆਂ ਲਈ ਲੀਜ਼ ਉਤੇ ਦੇਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਆਖਿਆ ਕਿ ਸਮਿਤੀਆਂ ਕੋਲ ਤਾਂ ਪਹਿਲਾਂ ਹੀ ਵਸੀਲੇ ਘੱਟ ਹਨ ਅਤੇ ਹੁਣ ਲੀਜ਼ ਫਾਰਮੂਲਾ ਸਮਿਤੀਆਂ ਦਾ ਸਾਹ ਘੁੱਟ ਦੇਵੇਗਾ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਪੰਜਾਬ ਦੇ ਡਾਇਰੈਕਟਰ ਸੀ. ਸਿਬਨ ਦਾ ਕਹਿਣਾ ਹੈ ਕਿ ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਜੋ ਜ਼ਮੀਨਾਂ ਖਾਲੀ ਅਤੇ ਬਿਨਾਂ ਵਰਤੋਂ ਤੋਂ ਪਈਆਂ ਹਨ, ਉਨ੍ਹਾਂ ਨੂੰ ਵਰਤੋਂ ਵਿਚ ਲਿਆਉਣ ਅਤੇ ਵਸੀਲੇ ਜੁਟਾਉਣ ਲਈ 33 ਵਰ੍ਹਿਆਂ ਲਈ ਲੀਜ਼ ਉਤੇ ਦੇਣ ਦਾ ਫੈਸਲਾ ਕੀਤਾ ਹੈ।

## ਗੰਭੀਰ ਬਿਮਾਰੀ ਪੀੜਤਾਂ ਲਈ ਉਚੇਰੀ ਵਿੱਦਿਆ ਵਾਸਤੇ ਰਾਖਵੀਂ ਸੀਟ

**ਚੰਡੀਗੜ੍ਹ:** ਪੰਜਾਬ ਯੂਨੀਵਰਸਿਟੀ ਨੇ ਕੈਂਸਰ, ਏਡਜ਼ ਤੇ ਥੈਲੇਸੀਮੀਆ ਦੇ ਮਰੀਜ਼ਾਂ ਲਈ ਆਪਣੇ ਕੋਰਸਾਂ ਦੇ ਦਾਖਲੇ ਵਿਚ ਇਕ-ਇਕ ਸੀਟ ਰਾਖਵੀਂ ਕਰ ਦਿੱਤੀ ਹੈ। ਇਹ ਹੁਕਮ ਇਸੇ ਵਿਦਿਅਕ ਵਰ੍ਹੇ ਤੋਂ ਲਾਗੂ ਹੋਣਗੇ। ਹਰੇਕ ਕੋਰਸ ਵਿਚ ਵੱਧ ਤੋਂ ਵੱਧ ਚਾਰ ਸੀਟਾਂ ਰਾਖਵੀਆਂ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚ ਇਕਲੌਤੀ ਧੀ ਲਈ ਰਾਖਵੀਂ ਸੀਟ ਵੀ ਸ਼ਾਮਲ ਰਹੇਗੀ।

ਇਹ ਫੈਸਲਾ ਯੂਨੀਵਰਸਿਟੀ ਕੈਂਪਸ, ਸਬੰਧਤ ਕਾਲਜਾਂ ਅਤੇ ਚਾਰ ਖੇਤਰੀ ਸੈਂਟਰਾਂ ਵਿਚ ਲਾਗੂ ਮੰਨਿਆ ਜਾਵੇਗਾ। ਇਕ ਤੋਂ ਵੱਧ ਉਮੀਦਵਾਰ ਹੋਣ ਦੀ ਸੂਰਤ ਵਿਚ ਮੈਰਿਟ ਦੇ ਆਧਾਰ ਉਤੇ ਚੋਣ ਕੀਤੀ ਜਾਵੇਗੀ। ਇਕ ਪਰਿਵਾਰ ਵਿਚ ਦੋ ਧੀਆਂ ਹੋਣ ਦੀ ਸੂਰਤ ਵਿਚ ਸਿਰਫ ਇਕ ਨੂੰ ਹੀ ਸੀਟ ਦਾ ਲਾਭ ਦਿੱਤਾ ਜਾਵੇਗਾ। ਇਸ ਲਈ ਵੀ ਮੈਰਿਟ ਨੂੰ ਤਰਜੀਹ ਦਿੱਤੀ ਜਾਵੇਗੀ। ਥੈਲੇਸੀਮੀਆ ਪੀੜਤਾਂ ਨੂੰ ਰਾਖਵਾਂਕਰਨ ਦੇਣ ਵਾਲੀ ਪਹਿਲੀ ਵਿਦਿਅਕ ਸੰਸਥਾ ਹੈ।

# ਪੈਸੇ ਦੀ ਤੋਟ ਨੇ ਲਾਈ ਵਿਕਾਸ ਕੰਮਾਂ ਨੂੰ ਬਰੇਕ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਸਰਕਾਰ ਦਾ ਇਕ ਸਾਲ ਦਾ ਕਾਰਜਕਾਲ ਭਾਵੇਂ ਕਾਂਗਰਸ ਪਾਰਟੀ ਦੀ ਨਜ਼ਰ ਵਿਚ ਚੰਗਾ ਰਿਹਾ ਹੋਵੇ ਪਰ ਸਰਕਾਰ ਦੇ ਪਹਿਲੇ ਸਾਲ ਵਿਚ ਆਈ ਫੰਡਾਂ ਦੀ ਤੋਟ ਸੂਬੇ ਦੇ ਵਿਕਾਸ ਦੇ ਰਸਤੇ ਵਿਚ ਸਭ ਤੋਂ ਵੱਡਾ ਰੋੜਾ ਖੜ੍ਹਾ ਕੀਤਾ ਹੈ। ਕੇਂਦਰ ਸਰਕਾਰ ਨੇ ਵੀ ਕਾਂਗਰਸ ਹਕੂਮਤ ਦੀ ਬਾਂਹ ਫੜਨ ਦੀ ਥਾਂ ਪਾਸਾ ਵੱਟੀ ਰੱਖਿਆ। ਫੰਡਾਂ ਦੀ ਘਾਟ ਕਾਰਨ ਪਿਛਲੇ ਸਾਲ ਦੇ ਬਜਟ 'ਚ ਵੀ ਕਈ ਵਿਕਾਸ ਯੋਜਨਾਵਾਂ ਲਈ ਸਰਕਾਰ ਟੋਕਨ ਮਨੀ ਦੀ ਵਿਵਸਥਾ ਵੀ ਨਾ ਕਰ ਸਕੀ। ਜਿਨ੍ਹਾਂ ਵਿਚ ਨਵੇਂ ਪੁਲਿਸ ਥਾਣੇ ਬਣਾਉਣ ਅਤੇ ਦੋ ਦਰਜਨ ਦੇ ਕਰੀਬ ਅਧੂਰੀਆਂ ਇਮਾਰਤਾਂ ਨੂੰ ਪੂਰਾ ਕਰਨ ਦੀ ਯੋਜਨਾ ਠੰਢੇ ਬਸਤੇ ਵਿਚ ਪਾ ਦਿੱਤੀ ਗਈ। ਸੂਬੇ ਵਿਚ ਸਿਹਤ ਕਲੀਨਿਕ ਖੋਲ੍ਹਣ ਲਈ ਸਿਰਫ 5 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਅਤੇ ਨਹਿਰਾਂ ਦੇ ਕੰਢੇ ਪੱਕੇ ਕਰਨ ਲਈ ਸਿਰਫ ਇਕ ਕਰੋੜ ਰੁਪਏ ਨਿਰਧਾਰਤ ਕੀਤੇ ਗਏ ਜੋ ਇੰਨੇ ਵੱਡੇ ਪ੍ਰੋਜੈਕਟਾਂ ਲਈ ਕਾਫੀ ਨਹੀਂ ਸਨ। ਹੋਰਨਾਂ ਯੋਜਨਾਵਾਂ ਦੇ ਇਲਾਵਾ ਐਸ.ਸੀ-ਬੀ.ਸੀ ਸ਼ਹਿਰੀ ਪਰਿਵਾਰਾਂ ਨੂੰ 2000 ਘਰ ਬਣਾ ਕੇ ਦੇਣ ਲਈ ਰਾਜ ਸਰਕਾਰ ਨੇ 70 ਕਰੋੜ ਰੁਪਏ ਤੈਅ ਕੀਤੇ ਗਏ ਪਰ ਕਿਸੇ ਸਿਰੇ ਨਾ ਲੱਗੀ।

ਪਟਿਆਲਾ ਵਿਚ ਕੈਪਟਨ ਸਰਕਾਰ ਨੇ ਲੰਘੇ ਇਕ ਵਰ੍ਹੇ ਦੌਰਾਨ ਵਿਕਾਸ ਪੱਖੋਂ ਕੋਈ ਵੀ ਜ਼ਿਕਰਯੋਗ ਕੰਮ ਨਹੀਂ ਕਰਵਾਏ ਹਨ। ਹੋਰ ਤਾਂ ਹੋਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਰਿਹਾਇਸ਼ 'ਨਿਊ ਮੋਤੀ ਮਹਿਲ ਪੈਲੇਸ' ਦੇ ਸਭ ਤੋਂ ਨੇੜੇ ਪੈਂਦੇ ਪਿੰਡ ਸੂਲਰ ਦੀਆਂ ਬਹੁਤ ਸਾਰੀਆਂ ਗਲੀਆਂ ਪਹਿਲਾਂ ਦੀ ਤਰ੍ਹਾਂ ਅਜੇ ਵੀ ਕੱਚੀਆਂ ਹਨ। ਮੁੱਖ ਮੰਤਰੀ ਵੱਲੋਂ ਸ਼ਹਿਰ ਦੇ ਫੋਕਲ ਪੁਆਇੰਟ ਲਈ ਖੁਦ ਕੀਤੇ ਐਲਾਨ ਅਜੇ ਕਾਗਜ਼ਾਂ ਤੱਕ ਹੀ ਸੀਮਤ ਹਨ।

ਸ਼ਾਹੀ ਸ਼ਹਿਰ ਵਿਚ ਪੰਜਾਬ ਸਰਕਾਰ ਵੱਲੋਂ ਪਿਛਲੇ ਬਜਟ ਦੌਰਾਨ ਖੇਡ ਯੂਨੀਵਰਸਿਟੀ ਬਣਾਉਣ ਦਾ ਐਲਾਨ ਕੀਤਾ ਗਿਆ ਸੀ, ਜੋ ਇਕ ਸਾਲ ਦੌਰਾਨ 'ਸਰਚ ਅਪਰੇਸ਼ਨ' ਤੋਂ ਅੱਗੇ ਨਹੀਂ ਵਧ ਸਕਿਆ। ਖੇਡ ਯੂਨੀਵਰਸਿਟੀ ਦੇ ਨਿਰਮਾਣ ਲਈ ਭਾਵੇਂ ਮਾਹਿਰਾਂ ਦੀ ਕਮੇਟੀ ਕੌਮਾਂਤਰੀ ਮਾਪਦੰਡ ਅਪਣਾਉਣ ਲਈ ਸਰਗਰਮ ਦੱਸੀ ਜਾਂਦੀ ਹੈ, ਪਰ ਮਾਹਿਰਾਂ ਦਾ ਕਹਿਣਾ ਹੈ ਕਿ ਸਰਕਾਰ ਦੀ ਮਾੜੀ ਆਰਥਿਕ ਹਾਲਤ ਕਾਰਨ ਸ਼ਹਿਰ ਨੂੰ ਖੇਡ ਯੂਨੀਵਰਸਿਟੀ ਲਈ ਲੰਮੀ ਉਡੀਕ ਕਰਨੀ ਪੈ ਸਕਦੀ ਹੈ। ਸ਼ਹਿਰ ਪਹਿਲਾਂ ਵਾਂਗ ਹੀ ਆਧੁਨਿਕ ਬੱਸ ਅੱਡੇ ਦੀ ਉਡੀਕ ਵਿਚ ਹੈ।

## ਪੂਣੇ ਸਭ ਤੋਂ ਵਧੀਆ ਤੇ ਚੰਡੀਗੜ੍ਹ ਰਿਹਾ ਫਾਡੀ

**ਨਵੀਂ ਦਿੱਲੀ:** ਸਥਾਨਕ ਪ੍ਰਸ਼ਾਸਨ ਵਿਚ ਪੂਣੇ ਨੂੰ ਸਭ ਤੋਂ ਵਧੀਆ ਸ਼ਹਿਰ, ਬੰਗਲੂਰੂ ਤੇ ਚੰਡੀਗੜ੍ਹ ਨੂੰ ਸਭ ਤੋਂ ਮਾੜੇ ਸ਼ਹਿਰ ਦਾ ਦਰਜਾ ਦਿੱਤਾ ਗਿਆ ਹੈ। ਦੇਸ਼ ਭਰ ਵਿਚ ਕਰਾਏ ਗਏ ਸਰਵੇਖਣ ਦੇ ਨਵੇਂ ਅਧਿਐਨ ਤੋਂ ਇਹ ਖੁਲਾਸਾ ਹੋਇਆ ਹੈ। ਨਵੀਂ ਦਿੱਲੀ ਨੂੰ ਛੇਵਾਂ ਰੈਂਕ ਦਿੱਤਾ ਗਿਆ ਹੈ। ਰਹਿਤ ਸੰਸਥਾ ਐਨੂਅਲ ਸਰਵੇ ਆਫ ਇੰਡੀਆਜ਼ ਸਿਟੀ ਸਿਸਟਮ (ਏ.ਐਸ.ਆਈ.ਸੀ.) ਨੇ ਆਪਣੀ ਸਰਵੇਖਣ ਰਿਪੋਰਟ ਜਾਰੀ ਕਰਦਿਆਂ ਪੂਣੇ ਨੂੰ 5.1 ਰੈਂਕ ਨਾਲ ਇਸ ਸਰਵੇ ਵਿਚ ਪਹਿਲਾ ਸਥਾਨ ਦਿੱਤਾ ਹੈ।

# ਮੋਦੀ ਦਾ ਤਖਤ ਹਿਲਾਉਣ ਲਈ ਨਿੱਤਰੀਆਂ ਖੱਬੀਆਂ ਧਿਰਾਂ

**ਨਵੀਂ ਦਿੱਲੀ:** ਕੇਂਦਰ ਦੀਆਂ ਨੀਤੀਆਂ ਖਿਲਾਫ਼ ਖੱਬੇ ਪੱਖੀ ਧਿਰਾਂ ਨਾਲ ਸਬੰਧਤ 100 ਤੋਂ ਵਧ ਜਥੇਬੰਦੀਆਂ ਵੱਲੋਂ 23 ਮਈ ਨੂੰ ਸੂਬਿਆਂ ਦੀਆਂ ਮੁਸ਼ਕਲਾਂ ਨੂੰ ਦੇਖਦਿਆਂ ਐਨ.ਡੀ.ਏ. ਸਰਕਾਰ ਦੀ ਚੌਥੀ ਵਰ੍ਹੇਗੰਢ ਮੌਕੇ ਇਹ ਸੰਘਰਸ਼ ਵਿੱਢਣ ਦਾ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ



ਦੀਆਂ ਰਾਜਧਾਨੀਆਂ ਵਿਚ ਧਰਨੇ ਦਿੱਤੇ ਜਾਣਗੇ। ਟਰੇਡ ਯੂਨੀਅਨਾਂ, ਕਿਸਾਨਾਂ, ਦਿਹਾੜੀਦਾਰਾਂ, ਮੁਲਾਜ਼ਮਾਂ, ਬੈਂਕ ਤੇ ਬੀਮਾ ਵਰਕਰਾਂ, ਕਾਲਜ ਤੇ ਯੂਨੀਵਰਸਿਟੀ ਅਧਿਆਪਕਾਂ, ਵਿਦਿਆਰਥੀਆਂ, ਦਲਿਤਾਂ, ਆਦਿ ਵਾਸੀਆਂ ਦੀਆਂ ਜਥੇਬੰਦੀਆਂ ਵੱਲੋਂ 'ਜਨ ਏਕਤਾ ਜਨ ਅਧਿਕਾਰ ਅੰਦੋਲਨ' ਦੇ ਬੈਨਰ ਹੇਠ 23 ਮਈ ਨੂੰ ਰੋਸ ਦਿਵਸ ਮਨਾਇਆ ਜਾਵੇਗਾ।

ਤਾਲਮੇਲ ਕਮੇਟੀ ਦੇ ਮੈਂਬਰ ਹਨਨ ਮੁੱਲ੍ਹਾ ਨੇ ਦੱਸਿਆ ਕਿ ਸੰਸਥਾ ਨੇ ਸਮਾਜ ਦੇ ਹਰ ਵਰਗ ਦਿੱਲੀ ਸਮੇਤ ਸਾਰੇ ਸੂਬਿਆਂ ਦੀਆਂ ਰਾਜਧਾਨੀਆਂ ਵਿਚ ਵੱਡੇ ਪੱਧਰ ਉਤੇ ਇਕੱਠ ਕਰ ਕੇ ਸਰਕਾਰ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਤਾਲਮੇਲ ਕਮੇਟੀ ਦੇ ਹੋਰ ਆਗੂਆਂ ਨੇ ਕਿਹਾ ਕਿ ਲੋਕਾਂ ਨੂੰ ਧੋਖਾ ਦੇਣ ਖਾਸ ਕਰ ਕੇ ਔਰਤਾਂ ਤੇ ਨੌਜਵਾਨਾਂ ਨਾਲ ਝੂਠੇ ਵਾਅਦੇ ਕਰਨ ਅਤੇ ਨੀਤੀਆਂ ਦੇ ਪੈ ਰਹੇ ਮਾੜੇ ਅਸਰ ਲਈ ਸਰਕਾਰ ਨੂੰ ਜਵਾਬਦੇਹ ਬਣਾਉਣ ਦੇ ਇਰਾਦੇ ਨਾਲ ਉਸ ਦਿਨ ਕਈ ਮੁਹਿੰਮਾਂ ਦੀ ਲੜੀ ਸ਼ੁਰੂ ਕੀਤੀ ਜਾਵੇਗੀ।

# ਖੁਸ਼ਹਾਲੀ ਪੱਖੋਂ ਭਾਰਤ ਦੀ 133ਵੀਂ ਥਾਂ, ਫਿਨਲੈਂਡ ਦਾ ਪਹਿਲਾ ਨੰਬਰ

**ਲੰਡਨ:** ਯੂ.ਐਨ. ਦੀ ਤਾਜ਼ਾ ਰਿਪੋਰਟ ਅਨੁਸਾਰ ਫਿਨਲੈਂਡ ਦੁਨੀਆਂ ਦਾ ਸਭ ਤੋਂ ਖੁਸ਼ਹਾਲ ਦੇਸ਼ ਚੁਣਿਆ ਗਿਆ ਹੈ। 156 ਦੇਸ਼ਾਂ ਉਤੇ ਕੀਤੇ ਗਏ ਸਰਵੇਖਣ ਵਿਚ ਸਾਹਮਣੇ ਆਇਆ ਕਿ ਨਾਰਵੇ ਦੂਜੇ, ਡੈਨਮਾਰਕ ਤੀਜੇ, ਆਈਸਲੈਂਡ ਚੌਥੇ, ਸਵਿਟਜ਼ਰਲੈਂਡ 5ਵੇਂ, ਨੀਦਰਲੈਂਡ 6ਵੇਂ, ਕੈਨੇਡਾ 7ਵੇਂ, ਨਿਊਜ਼ੀਲੈਂਡ 8ਵੇਂ, ਸਵੀਡਨ 9ਵੇਂ ਅਤੇ ਆਸਟਰੇਲੀਆ 10ਵੇਂ ਸਥਾਨ ਉਤੇ ਹੈ ਜਦ ਕਿ ਅਮਰੀਕਾ ਨੂੰ 18ਵਾਂ ਅਤੇ ਬਰਤਾਨੀਆ ਨੂੰ 19ਵਾਂ ਸਥਾਨ ਮਿਲਿਆ ਹੈ।

ਅਧਿਐਨ ਵਿਚ ਪਾਇਆ ਗਿਆ ਕਿ 10 ਵਧੇਰੇ ਖੁਸ਼ਹਾਲ ਦੇਸ਼ਾਂ ਵਿਚ ਪਰਵਾਸੀ ਵੀ ਆਪਣੇ ਨਵੇਂ ਘਰ 'ਚ ਚੰਗੀ ਜ਼ਿੰਦਗੀ ਜਿਊਂਦੇ ਹਨ। ਮਾਹਿਰਾਂ ਨੇ ਕਿਹਾ ਕਿ ਰਿਪੋਰਟ 'ਚ ਹੈਰਾਨੀ ਇਸ ਗੱਲ ਦੀ ਹੈ ਕਿ ਪਰਵਾਸੀ ਤੇ ਦੇਸ਼ ਵਾਸੀਆਂ ਵਿਚ ਖੁਸ਼ੀ ਦੇ ਵਿਚ ਕਮਾਲ ਦੀ ਨਿਰੰਤਰਤਾ ਹੈ। ਇਸ ਸੂਚੀ ਵਿਚ ਭਾਰਤ ਨੂੰ 133ਵਾਂ ਸਥਾਨ ਮਿਲਿਆ ਹੈ।

## ਚੀਨ 'ਚ ਦੋ ਹਜ਼ਾਰ ਸਾਲ ਪੁਰਾਣੀ ਸ਼ਰਾਬ ਮਿਲੀ

**ਪੇਈਚਿੰਗ:** ਚੀਨ ਦੇ ਪੱਛਮੀ ਸ਼ਾਂਸੀ ਸੂਬੇ ਵਿਚ ਇਕ ਮਕਬਰੇ ਵਿਚੋਂ ਕਾਂਸੀ ਦੀ ਸੀਲਬੰਦ ਸੁਰਾਹੀ ਵਿਚ ਪਾਈ ਹੋਈ ਦੋ ਹਜ਼ਾਰ ਸਾਲਾਂ ਤੋਂ ਵੀ ਵੱਧ ਪੁਰਾਣੀ ਸ਼ਰਾਬ ਮਿਲੀ ਹੈ। ਇਹ ਮਕਬਰਾ ਕਿਨ ਸ਼ਾਹੀ ਖਾਨਦਾਨ ਨਾਲ ਸਬੰਧਤ ਹੈ। ਪੁਰਾਤਤਵ ਵਿਭਾਗ ਦੇ ਖੋਜਕਾਰ ਸੂ ਵੀਹੋਂਗ ਨੇ ਦੱਸਿਆ ਕਿ ਮਕਬਰੇ ਵਿਚੋਂ ਮਿਲੀਆਂ 260 ਵਸਤਾਂ ਵਿਚ ਇਹ 300 ਮਿਲੀਲਿਟਰ ਸ਼ਰਾਬ ਵੀ ਸ਼ਾਮਲ ਹੈ।

# ਪਾਕਿ ਗੋਲਾਬਾਰੀ 'ਚ ਪੰਜ ਹਲਾਕ

**ਜੰਮੂ:** ਜੰਮੂ ਕਸ਼ਮੀਰ ਦੇ ਪੁਣਛ ਜਿਲ੍ਹੇ ਵਿਚ ਪਾਕਿਸਤਾਨ ਵੱਲੋਂ ਕੰਟਰੋਲ ਰੇਖਾ ਉਤੇ ਕੀਤੀ ਗੋਲਾਬਾਰੀ ਵਿਚ ਇਕ ਪਰਿਵਾਰ ਦੇ ਪੰਜ ਜੀਅ ਮਾਰੇ ਗਏ, ਜਿਨ੍ਹਾਂ ਵਿਚ ਤਿੰਨ ਨਾਬਾਲਗ ਭਰਾ ਸ਼ਾਮਲ ਹਨ। ਇਨ੍ਹਾਂ ਦੀਆਂ ਦੋ ਭੈਣਾਂ ਵੀ ਗੰਭੀਰ ਜ਼ਖਮੀ ਹੋ ਗਈਆਂ ਹਨ। ਗੋਲਾਬਾਰੀ ਵਿਚ ਫੌਜ ਦੇ ਜੇਸੀਓ ਸਮੇਤ ਪੰਜ ਜਵਾਨ ਵੀ ਜਖ਼ਮੀ ਹੋਏ ਹਨ। ਅਸਲ ਕੰਟਰੋਲ ਰੇਖਾ ਨੇੜੇ ਪਾਕਿਸਤਾਨ ਦੀਆਂ ਫੌਜਾਂ ਵੱਲੋਂ ਬਿਨਾਂ ਕਿਸੇ ਭੜਕਾਹਟ ਦੇ ਸਿਵਲੀਅਨ ਇਲਾਕਿਆਂ ਵਿਚ ਚਾਰ ਘੰਟੇ ਗੋਲੀਬਾਰੀ ਕੀਤੀ ਗਈ।

ਇਹ ਦੁੱਖਦਾਈ ਘਟਨਾ ਉਦੋਂ ਵਾਪਰੀ ਜਦੋਂ ਇਕ ਗੋਲਾ ਦੇਵਤਾ ਸਰਗਲੂਨ ਪਿੰਡ ਵਿਚ ਚੌਧਰੀ ਮੁਹੰਮਦ ਰਮਜ਼ਾਨ (35) ਦੇ ਕੱਚੇ ਘਰ ਉਤੇ ਆ ਡਿਗਿਆ, ਇਸ ਕਾਰਨ ਰਮਜ਼ਾਨ, ਉਸ ਦੀ ਪਤਨੀ ਮਲਿਕਾ ਬਾਈ (32), ਉਨ੍ਹਾਂ ਦੇ ਪੁੱਤਰਾਂ ਅਬਦੁਲ ਰਹਿਮਾਨ (14) ਮੁਹੰਮਦ ਰਿਜ਼ਵਾਨ (12), ਰਾਜ਼ਾਕ ਰਿਜ਼ਵਾਨ (7) ਦੀ ਮੌਤ ਹੋ ਗਈ ਅਤੇ ਦੋ ਧੀਆਂ ਨਸਰੀਨ ਕੌਸਰ (11) ਅਤੇ ਮਹਿਰੀਨ ਕੌਸਰ (7) ਗੰਭੀਰ ਜ਼ਖ਼ਮੀ ਹੋ ਗਈਆਂ ਹਨ।

# ਟੀ-20: ਭਾਰਤ ਵੱਲੋਂ ਤਿਕੋਣੀ ਲੜੀ ਉਤੇ ਕਬਜ਼ਾ

**ਕੋਲੰਬੋ:** ਸ੍ਰੀਲੰਕਾ ਦੇ ਕੋਲੰਬੋ ਸਥਿਤ ਆਰ. ਪ੍ਰੇਮਾਦਾਸਾ ਸਟੇਡੀਅਮ ਵਿਚ ਤਿਕੋਣੀ ਟੀ-20 ਲੜੀ ਦੇ ਖੇਡੇ ਗਏ ਫਾਈਨਲ ਮੁਕਾਬਲੇ ਵਿਚ



ਭਾਰਤ ਨੇ ਕਾਫੀ ਦਿਲਚਸਪ ਮੈਚ ਵਿਚ ਬੰਗਲਾਦੇਸ਼ ਨੂੰ 4 ਵਿਕਟਾਂ ਨਾਲ ਮਾਤ ਦੇ ਕੇ ਖਿਤਾਬ ਆਪਣੇ ਨਾਂ ਕਰ ਲਿਆ।

ਬੰਗਲਾਦੇਸ਼ ਵੱਲੋਂ ਦਿੱਤੇ 167 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ ਭਾਰਤ ਨੇ 20 ਓਵਰਾਂ ਵਿਚ 6 ਵਿਕਟਾਂ ਗਵਾ ਕੇ 168 ਬਣਾ ਕੇ ਜਿੱਤ ਹਾਸਲ ਕੀਤੀ। ਭਾਰਤ ਵੱਲੋਂ ਕਪਤਾਨ ਰੋਹਿਤ ਸ਼ਰਮਾ (56) ਨੇ ਸਭ ਤੋਂ ਵੱਧ ਦੌੜਾਂ ਬਣਾਈਆਂ, ਜਦਕਿ ਭਾਰਤ ਨੂੰ ਜਿੱਤ ਦਿਨੇਸ਼ ਕਾਰਤਿਕ ਵੱਲੋਂ 8 ਗੇਂਦਾਂ ਵਿਚ ਬਣਾਈਆਂ 29 ਦੌੜਾਂ ਸਦਕਾ ਹੀ ਨਸੀਬ ਹੋਈ। ਦਿਨੇਸ਼ ਕਾਰਤਿਕ ਨੂੰ 'ਮੈਨ ਆਫ ਦ ਮੈਚ' ਅਤੇ ਵਾਸ਼ਿੰਗਟਨ ਸੁੰਦਰ ਨੂੰ ਮੈਨ ਆਫ਼ ਦ ਸੀਰੀਜ਼' ਐਲਾਨਿਆ ਗਿਆ।

ਇਸ ਤੋਂ ਪਹਿਲਾਂ ਟਾਸ ਜਿੱਤ ਕੇ ਭਾਰਤੀ ਟੀਮ ਨੇ ਗੇਂਦਬਾਜ਼ੀ ਕਰਨ ਦਾ ਫੈਸਲਾ ਲਿਆ। ਬੰਗਲਾਦੇਸ਼ ਦੀ ਸਲਾਮੀ ਜੋੜੀ ਆਪਣੀ ਟੀਮ ਨੂੰ ਮਜ਼ਬੂਤ ਸ਼ੁਰੂਆਤ ਦੇਣ ਵਿਚ ਅਸਫਲ ਰਹੀ ਤੇ ਤਮੀਮ ਇਕਬਾਲ ਸਿਰਫ 15, ਜਦਕਿ ਲਿਟਨ ਦਾਸ 11 ਦੌੜਾਂ ਬਣਾ ਕੇ ਵਾਪਸ ਪਵੇਲੀਅਨ ਪਰਤ ਗਏ। ਸੱਬੀਰ ਨੇ 50 ਗੇਂਦਾਂ ਦਾ ਸਾਹਮਣਾ ਕਰਦੇ ਹੋਏ ਆਪਣੀ ਟੀਮ ਲਈ ਸ਼ਾਨਦਾਰ 77 ਦੌੜਾਂ ਬਣਾਈਆਂ। ਇਸ ਤਰ੍ਹਾਂ ਬੰਗਲਾਦੇਸ਼ ਨੇ ਨਿਰਧਾਰਤ ਓਵਰਾਂ ਵਿਚ ਆਪਣੀਆਂ 8 ਵਿਕਟਾਂ ਗਵਾ ਕੇ 166 ਦੌੜਾਂ ਬਣਾਈਆਂ ਤੇ ਭਾਰਤ ਨੂੰ ਇਹ ਖਿਤਾਬ ਜਿੱਤਣ ਲਈ 167 ਦੌੜਾਂ ਦਾ ਟੀਚਾ ਦਿੱਤਾ। ਭਾਰਤ ਵਲੋਂ ਯੁਜਵੇਂਦਰ ਚਹਿਲ ਤੇ ਵਾਸ਼ਿੰਗਟਨ ਸੁੰਦਰ ਕਾਫੀ ਸਫਲ ਗੇਂਦਬਾਜ਼ ਸਿੱਧ ਹੋਏ, ਚਹਿਲ ਨੇ 4 ਓਵਰਾਂ 'ਚ 18 ਦੌੜਾਂ ਦੇ ਕੇ 3 ਅਤੇ ਸੁੰਦਰ ਨੇ 4 ਓਵਰਾਂ ਵਿਚ 20 ਦੌੜਾਂ ਦੇ ਕੇ 1 ਵਿਕਟ ਝਟਕਾਈ। ਦਿਨੇਸ਼ ਨੇ ਮੈਚ ਦੀ ਆਖਰੀ ਗੇਂਦ ਉਤੇ ਛੱਕਾ ਲਗਾਇਆ ਜਿਸ ਦੀ ਬਦੌਲਤ ਭਾਰਤ ਇਹ ਮੈਚ ਜਿੱਤ ਸਕਿਆ।


ਕੱਰੀ ਸ਼ੈਫ, ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ

ਲੌਰਸ, ਕੈਨਸਸ ਵਿਚ ਇੰਡੀਅਨ ਰੈਸਟੋਰੈਂਟ ਲਈ ਕੱਰੀ ਸ਼ੈਫ, ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ।

*ਰਿਹਾਇਸ਼ ਤੇ ਖਾਣਾ ਫਰੀ; ਚੰਗੀ ਤਨਖਾਹ*

ਫੋਨ:316-305-1818, 918-576-1899

10-13

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

1816 Main Ave., Secramento CA, 95838

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

Call For Special Price

Kashmir S. Thandi
Office: (866) 933-3038
Balhar S. Ranu Cell:916-502-7733

# ਪਾਕਿਸਤਾਨ 'ਚ ਪੰਜਾਬੀ ਮਾਂ ਬੋਲੀ ਨੂੰ ਮਿਲਿਆ ਮਾਣ

**ਇਸਲਾਮਾਬਾਦ:** ਪਾਕਿਸਤਾਨ ਦੀ ਕਾਨੂੰਨ ਤੇ ਨਿਆਂ ਸੈਨੇਟ ਸਟੈਂਡਿੰਗ ਕਮੇਟੀ ਵੱਲੋਂ ਸਿੰਧੀ, ਬਲੋਚੀ, ਪਸ਼ਤੋ ਸਮੇਤ ਪੰਜਾਬੀ ਨੂੰ ਕੌਮੀ ਜ਼ੁਬਾਨ ਕਰਾਰ ਦੇਣ ਲਈ ਬਿੱਲ ਪਾਸ ਕੀਤਾ ਗਿਆ ਹੈ। ਮਾਂ ਬੋਲੀ ਪੰਜਾਬੀ ਨੂੰ ਕੌਮੀ ਜ਼ੁਬਾਨ ਦਾ ਦਰਜਾ ਮਿਲਣ ਉਤੇ ਸੂਬਾ ਪੰਜਾਬ ਦੇ ਸਕੂਲਾਂ 'ਚ ਨਰਸਰੀ ਜਮਾਤ ਤੋਂ ਗਰੈਜੂਏਸ਼ਨ ਦੀ ਪੜ੍ਹਾਈ ਤੱਕ ਪੰਜਾਬੀ ਨੂੰ ਵਿਸ਼ੇ ਦੇ ਤੌਰ ਉਤੇ ਲਾਗੂ ਕੀਤਾ ਜਾ ਸਕੇਗਾ ਅਤੇ ਪੰਜਾਬ ਅਸੈਂਬਲੀ 'ਚ ਪੰਜਾਬੀ ਬੋਲਣ ਉਤੇ ਲਗਾਈ ਗਈ ਪਾਬੰਦੀ ਵੀ ਖਤਮ ਕਰ ਦਿੱਤੀ ਜਾਵੇਗੀ। ਲਾਹੌਰ ਤੋਂ ਪੰਜਾਬੀ ਪ੍ਰਚਾਰ ਸੰਸਥਾ ਦੇ ਸਦਰ ਅਹਿਮਦ ਰਜ਼ਾ ਖਾਂ ਤੇ ਜਨਰਲ ਸਕੱਤਰ ਬਾਬਰ ਜਲੰਧਰੀ ਨੇ ਦੱਸਿਆ ਕਿ ਸੈਨੇਟ ਸਟੈਂਡਿੰਗ ਕਮੇਟੀ ਕੋਲੋਂ ਪੰਜਾਬ ਪ੍ਰਚਾਰ ਸੰਸਥਾ ਵੱਲੋਂ ਸਕੂਲੀ ਪੰਜਾਬੀ ਪੁਸਤਕਾਂ 'ਚ ਬਾਬਾ ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ, ਗੁਰੂ ਨਾਨਕ ਦੇਵ ਜੀ, ਸ਼ੇਖ਼ ਫਰੀਦ, ਵਾਰਿਸ ਸ਼ਾਹ ਆਦਿ ਦੇ ਪੰਜਾਬੀ ਸੂਫੀ ਕਲਾਮ ਸ਼ਾਮਲ ਕਰਨ ਦੀ ਵੀ ਮੰਗ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਲਹਿੰਦੇ ਪੰਜਾਬ 'ਚ ਮਾਂ ਬੋਲੀ ਪੰਜਾਬੀ ਨੂੰ ਉਸ ਦਾ ਬਣਦਾ ਹੱਕ ਤੇ ਇਨਸਾਫ ਦਿਵਾਉਣ ਲਈ ਪੰਜਾਬੀ ਪ੍ਰਚਾਰ ਸੰਸਥਾ ਸਮੇਤ ਪੰਜਾਬੀ ਖੋਜਗੜ੍ਹ ਲਲਿਆਣੀ, ਲੁਕਾਈ ਪੰਜਾਬ, ਪੰਜਾਬੀ ਸਾਂਝ ਸੰਗਤ, ਪੰਜਾਬੀ ਅਦਬੀ ਸੰਗਤ, ਪੰਜਾਬੀ ਅਦਬੀ ਬੋਰਡ, ਦਿਲ ਦਰਿਆ ਪਾਕਿਸਤਾਨ, ਕੁਕਨਸ ਲਾਇਲਪੁਰ, ਪੰਜਾਬੀ ਗਰੁੱਪ, ਪੰਜਾਬ ਲੋਕ ਲਹਿਰ ਤੇ ਪੰਜਾਬ ਸੋਸ਼ਲ ਮੂਵਮੈਂਟ ਆਦਿ ਵੱਖ-ਵੱਖ ਜਥੇਬੰਦੀਆਂ ਵੱਲੋਂ ਲੰਮੇ ਸਮੇਂ ਤੋਂ ਸੰਘਰਸ਼ ਕੀਤਾ ਜਾ ਰਿਹਾ ਹੈ।



### ਪਾਕਿਸਤਾਨ ਵਿਚ 44.15 ਲੋਕਾਂ ਦੀ ਜ਼ੁਬਾਨ ਪੰਜਾਬੀ

ਪਾਕਿਸਤਾਨ ਦੇ ਵੱਖ-ਵੱਖ ਸੂਬਿਆਂ 'ਚ ਬੋਲੀਆਂ ਜਾਣ ਵਾਲੀਆਂ ਸਥਾਨਕ ਭਾਸ਼ਾਵਾਂ ਬਾਰੇ ਸਰਕਾਰੀ ਪੱਧਰ 'ਤੇ ਇਕ ਰਿਪੋਰਟ ਜਾਰੀ ਕੀਤੀ ਗਈ, ਜਿਸ ਅਨੁਸਾਰ ਪਾਕਿ ਦੀ ਕੁੱਲ ਆਬਾਦੀ ਵਿਚ 7.57 ਫੀਸਦੀ ਲੋਕ ਉਰਦੂ, 44.15 ਫੀਸਦੀ ਪੰਜਾਬੀ, 14.1 ਫੀਸਦੀ ਸਿੰਧੀ, 15.42 ਫੀਸਦੀ ਪਸ਼ਤੋ, 3.57 ਫੀਸਦੀ ਬਲੋਚੀ, 10.53 ਫੀਸਦੀ ਸਰਾਇਕੀ ਅਤੇ 4.66 ਫੀਸਦੀ ਲੋਕ ਹੋਰ ਸਥਾਨਕ ਭਾਸ਼ਾਵਾਂ ਬੋਲਦੇ ਹਨ। ਉਕਤ ਇਲਾਵਾ ਲਹਿੰਦੇ ਪੰਜਾਬ 'ਚ 75.23 ਫੀਸਦੀ ਲੋਕ ਪੰਜਾਬੀ, 4.51 ਫੀਸਦੀ ਉਰਦੂ, 0.13 ਫੀਸਦੀ ਸਿੰਧੀ, 1.16 ਫੀਸਦੀ ਪਸ਼ਤੋ, 0.66 ਫੀਸਦੀ ਬਲੋਚੀ, 17.36 ਫੀਸਦੀ ਸਰਾਇਕੀ ਤੇ 0.95 ਫੀਸਦੀ ਹੋਰ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ, ਇਸ ਦੇ ਬਾਵਜੂਦ ਲਹਿੰਦੇ ਪੰਜਾਬ ਵਿਚ ਪੰਜਾਬੀ ਨੂੰ ਅਜੇ ਤੱਕ ਪ੍ਰਮੁੱਖ ਭਾਸ਼ਾ ਦਾ ਸਥਾਨ ਨਹੀਂ ਦਿੱਤਾ ਜਾ ਸਕਿਆ।

# ਪਾਕਿਸਤਾਨ ਵਿਚ ਸਿੱਖ ਅਨੰਦ ਕਾਰਜ ਐਕਟ ਲਾਗੂ

**ਇਸਲਾਮਾਬਾਦ:** ਸਿੱਖਾਂ ਦੇ ਵਿਆਹਾਂ ਨੂੰ ਕਾਨੂੰਨੀ ਤੌਰ ਉਤੇ ਮਾਨਤਾ ਦੇਣ ਲਈ ਸਿੱਖ ਅਨੰਦ ਕਾਰਜ ਐਕਟ ਨੂੰ ਪਾਕਿਸਤਾਨ ਦੀ ਪੰਜਾਬ ਅਸੈਂਬਲੀ ਦੇ 34ਵੇਂ ਸੈਸ਼ਨ ਵਿਚ ਲਾਗੂ ਕਰ ਦਿੱਤਾ ਗਿਆ। ਪਾਕਿਸਤਾਨ ਪੰਜਾਬ ਵਿਧਾਨ ਸਭਾ ਦੇ ਮੁੱਖ ਸੈਨੇਟਰ ਰਾਣਾ ਮੁਹੰਮਦ ਅਰਸ਼ਦ ਅਨੁਸਾਰ ਸਿੱਖ ਧਰਮ ਨੂੰ ਵੱਖਰੇ ਧਰਮ ਵਜੋਂ ਮਾਨਤਾ ਦਿੰਦਿਆਂ ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਸਿੱਖ ਅਨੰਦ ਕਾਰਜ ਐਕਟ ਦੀ ਮਨਜ਼ੂਰੀ ਨੂੰ ਪ੍ਰਵਾਨਗੀ ਦਿੱਤੀ ਹੈ। ਪੀ.ਐਮ.ਐਲ.-ਐਨ. ਦੇ ਐਮ.ਪੀ. ਏ. ਰਮੇਸ਼ ਸਿੰਘ ਅਰੋੜਾ ਨੇ ਕਿਹਾ ਕਿ ਇਹ ਮੰਦਭਾਗਾ ਹੈ ਕਿ ਭਾਰਤ ਵਿਚ ਅਜੇ ਤੱਕ ਸਿੱਖ ਅਨੰਦ ਕਾਰਜ ਐਕਟ ਲਾਗੂ ਨਹੀਂ ਕੀਤਾ ਜਾ ਸਕਿਆ ਅਤੇ ਪਾਕਿਸਤਾਨ ਪੰਜਾਬ ਅਸੈਂਬਲੀ ਦੀ ਮਨਜ਼ੂਰੀ ਮਿਲਣ ਉਪਰੰਤ ਪਾਕਿਸਤਾਨ ਦੁਨੀਆਂ ਭਰ ਵਿਚ ਸਿੱਖ ਭਾਈਚਾਰੇ ਦੇ ਵਿਆਹਾਂ ਨੂੰ ਰਜਿਸਟਰਡ ਕਰਨ ਵਾਲਾ ਪਹਿਲਾ ਦੇਸ਼ ਬਣ ਗਿਆ ਹੈ।

ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਇਹ ਬਿੱਲ 24 ਅਕਤੂਬਰ, 2017 ਨੂੰ ਪੰਜਾਬ ਵਿਧਾਨ ਸਭਾ ਦੇ 32ਵੇਂ ਸੈਸ਼ਨ ਵਿਚ ਪੇਸ਼ ਕੀਤਾ ਗਿਆ ਸੀ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਤਾਰਾ ਸਿੰਘ ਨੇ ਕਿਹਾ ਕਿ ਪਾਕਿਸਤਾਨ 'ਚ ਸਿੱਖ ਭਾਈਚਾਰੇ ਲਈ ਇਸ ਤੋਂ ਪਹਿਲਾਂ ਕੋਈ ਵੱਖਰਾ ਕਾਨੂੰਨ ਨਹੀਂ ਸੀ, ਪਰ ਹੁਣ ਉਨ੍ਹਾਂ ਦੇ ਪਰਿਵਾਰਕ ਮਾਮਲਿਆਂ ਤੇ ਵਿਆਹੁਤਾ ਸਬੰਧਾਂ ਦਾ ਕਾਨੂੰਨ ਅਧੀਨ ਫੈਸਲਾ ਕੀਤਾ ਜਾਵੇਗਾ, ਜਿਸ ਦੇ ਚੱਲਦਿਆਂ ਪਾਕਿਸਤਾਨ 'ਚ ਹੋਣ ਵਾਲੇ ਸਿੱਖ ਭਾਈਚਾਰੇ ਦੇ ਵਿਆਹਾਂ ਨੂੰ ਯੂਨੀਅਨ ਕੌਂਸਲ ਵਿਚ ਰਜਿਸਟਰ ਕੀਤਾ ਜਾਵੇਗਾ। ਇਸ ਨਿਯਮ ਅਧੀਨ ਸਿੱਖ ਵਿਆਹੁਤਾ ਜੋੜੇ ਵੱਲੋਂ ਦਸਤਖ਼ਤ ਕੀਤਾ ਸਿੱਖ ਮੈਰਿਜ ਫਾਰਮ ਵਿਆਹ ਦੀ ਤਰੀਕ ਦੇ 30 ਦਿਨਾਂ ਦੇ ਅੰਦਰ ਯੂਨੀਅਨ ਕੌਂਸਲ ਨੂੰ ਦੇਣਾ ਹੋਵੇਗਾ। ਪਾਕਿਸਤਾਨ ਦੀ ਹਰੇਕ ਯੂਨੀਅਨ ਕੌਂਸਲ ਵੱਲੋਂ ਵਿਆਹ ਰਜਿਸਟਰ 'ਚ ਸਿੱਖ ਵਿਆਹਾਂ ਨੂੰ ਦਾਖਲ ਕਰਨ ਹਿੱਤ ਇਕ ਜਾਂ ਵਧੇਰੇ ਵਿਅਕਤੀਆਂ ਨੂੰ ਲਾਇਸੰਸ ਦਿੱਤੇ ਜਾਣਗੇ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਵਿਆਹ ਨੂੰ ਭੰਗ ਕਰਨ (ਤਲਾਕ ਲੈਣ) ਦੀ ਮੰਗ ਰੱਖਣ ਵਾਲੇ ਜੋੜਿਆਂ ਨੂੰ ਸਿੱਖ ਅਨੰਦ ਕਾਰਜ ਕਮੇਟੀ ਦੇ ਚੇਅਰਮੈਨ ਨੂੰ ਦਰਖਾਸਤ ਦੇਣੀ ਹੋਵੇਗੀ।

ਇਹ ਦਰਖਾਸਤ ਮਿਲਣ ਉਪਰੰਤ ਚੇਅਰਮੈਨ ਵੱਲੋਂ ਦੂਜੀ ਧਿਰ ਨੂੰ ਨੋਟਿਸ ਭੇਜਿਆ ਜਾਵੇਗਾ ਅਤੇ ਨੋਟਿਸ ਪ੍ਰਾਪਤ ਕਰਨ ਦੇ 30 ਦਿਨਾਂ ਦੇ ਅੰਦਰ ਤਲਾਕ ਲੈਣ ਵਾਲੇ ਜੋੜੇ ਨੂੰ 'ਆਰਬਿਟ੍ਰੇਸ਼ਨ ਕੌਂਸਲ' ਨੂੰ ਮਿਲਣਾ ਹੋਵੇਗਾ ਜੋ ਦੋਵਾਂ ਧਿਰਾਂ ਨੂੰ ਸੁਲ੍ਹਾ-ਸਫਾਈ ਕਰਨ ਲਈ ਇਕ ਮੌਕਾ ਪ੍ਰਦਾਨ ਕਰੇਗੀ ਅਤੇ ਉਪਰੰਤ ਕਾਮਯਾਬੀ ਨਾ ਮਿਲਣ ਉਤੇ ਤਲਾਕ ਮਨਜ਼ੂਰ ਕਰ ਲਿਆ ਜਾਵੇਗਾ। ਵਿਆਹ ਭੰਗ ਕੀਤੇ ਜਾਣ ਉਪਰੰਤ ਤਲਾਕਸ਼ੁਦਾ ਔਰਤ ਖੁਦ ਲਈ ਤੇ ਆਪਣੇ ਨਿਰਭਰ ਬੱਚੇ ਦੇ ਰੱਖ-ਰਖਾਅ ਲਈ ਯਕਮੁਸ਼ਤ ਭੁਗਤਾਨ ਦੇ ਰੂਪ ਵਿਚ ਵਿੱਤੀ ਰਾਹਤ ਲਈ ਅਦਾਲਤ 'ਚ ਅਪੀਲ ਕਰ ਸਕੇਗੀ। ਪੰਜਾਬੀ ਸਿੱਖ ਸੰਗਤ ਦੇ ਚੇਅਰਮੈਨ ਗੋਪਾਲ ਸਿੰਘ ਚਾਵਲਾ ਨੇ ਕਿਹਾ ਕਿ ਪਾਕਿਸਤਾਨ 'ਚ ਸਿੱਖ ਵਿਆਹਾਂ ਨੂੰ ਕਾਨੂੰਨੀ ਮਾਨਤਾ ਨਾ ਮਿਲਣ ਕਰ ਕੇ ਸਿੱਖ ਭਾਈਚਾਰੇ ਨੂੰ ਕਈ ਤਰ੍ਹਾਂ ਦੀਆਂ ਸਮਾਜਿਕ ਅਤੇ ਆਰਥਿਕ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਤਹਿਰੀਕ-ਏ-ਇਨਸਾਫ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਸੰਸਦ ਮੈਂਬਰ ਰਾਏ ਅਜ਼ੀਜ਼ ਉੱਲਾ ਖਾਨ ਨੇ ਪਾਕਿ ਪੰਜਾਬ ਦੀ ਅਸੈਂਬਲੀ ਵਲੋਂ ਅਨੰਦ ਮੈਰਿਜ ਐਕਟ ਪ੍ਰਵਾਨ ਕੀਤੇ ਜਾਣ 'ਤੇ ਸਿੱਖ ਭਾਈਚਾਰੇ ਨੂੰ ਵਧਾਈ ਦਿੱਤੀ ਹੈ।

# ਅਦਾਕਾਰ ਆਮਿਰ ਖਾਨ ਦਾ ਪੂਰੀ ਦੁਨੀਆਂ ਵਿਚ ਬੋਲਬਾਲਾ

**ਨਵੀਂ ਦਿੱਲੀ:** ਆਮਿਰ ਖਾਨ ਨੇ ਸਾਬਤ ਕਰ ਦਿੱਤਾ ਹੈ ਕਿ ਸਿਰਫ ਭਾਰਤ ਵਿਚ ਹੀ ਨਹੀਂ ਬਲਕਿ ਪੂਰੇ ਵਿਸ਼ਵ ਵਿਚ ਉਨ੍ਹਾਂ ਦਾ ਬੋਲਬਾਲਾ ਹੈ। ਚੀਨ ਵਿਚ ਵੀ ਆਮਿਰ ਦੇ ਅਣਗਿਣਤ



ਪ੍ਰਸ਼ੰਸਕ ਹਨ। ਚੀਨ ਵਿਚ 1.4 ਅਰਬ ਤੇ ਭਾਰਤ ਵਿਚ 1.25 ਅਰਬ ਆਬਾਦੀ ਨਾਲ ਆਮਿਰ ਦੁਨੀਆਂ ਦੇ ਸਭ ਤੋਂ ਵੱਡੇ ਸੁਪਰਸਟਾਰ ਬਣ ਗਏ ਹਨ। ਆਮਿਰ ਦੀਆਂ ਪਿਛਲੀਆਂ ਤਿੰਨ ਫਿਲਮਾਂ 'ਪੀਕੇ' (2014) 'ਦੰਗਲ' (2016) ਤੇ 'ਸੀਕ੍ਰੇਟ ਸੁਪਰਸਟਾਰ' (2017) ਦੁਨੀਆਂ ਭਰ ਵਿਚ ਸਭ ਤੋਂ ਜ਼ਿਆਦਾ ਕਮਾਈ ਕਰਨ ਵਾਲੀਆਂ ਸਿਖਰਲੀਆਂ ਪੰਜ ਫਿਲਮਾਂ ਵਿਚ ਸ਼ਾਮਲ ਹਨ।

'ਦੰਗਲ' ਨੇ 1908 ਕਰੋੜ ਤੇ 'ਸੀਕ੍ਰੇਟ ਸੁਪਰਸਟਾਰ' ਨੇ 874 ਕਰੋੜ ਰੁਪਏ ਦੀ ਕਮਾਈ ਦੇ ਨਾਲ ਦੋਵੇਂ ਫਿਲਮਾਂ ਨੇ ਚੀਨ ਦੇ ਬਾਕਸ ਆਫਿਸ ਉਤੇ ਵੀ ਧੂੜਾਂ ਪੱਟ ਦਿੱਤੀਆਂ ਸਨ। ਗੁਆਂਢੀ ਮੁਲਕ ਵਿਚ ਭਾਰਤੀ ਅਦਾਕਾਰ ਦੀ ਪਹਿਲੀ ਫਿਲਮ 831 ਕਰੋੜ ਰੁਪਏ ਦੇ ਨਾਲ ਆਪਣੀ ਸ਼ਾਨਦਾਰ ਕਾਰਗੁਜ਼ਾਰੀ ਦਰਜ ਕਰਨ ਵਿਚ ਸਫਲ ਰਹੀ। ਚੀਨ ਵਿਚ ਆਮਿਰ ਖਾਨ ਵਿਦੇਸ਼ੀ ਅਦਾਕਾਰ ਦੇ ਰੂਪ ਵਿਚ ਸਭ ਤੋਂ ਜ਼ਿਆਦਾ ਦੇਖੇ ਗਏ ਹਨ। ਗੁਆਂਢੀ ਦੇਸ਼ ਤੋਂ ਮਿਲੇ ਜ਼ਬਰਦਸਤ ਪਿਆਰ ਬਾਰੇ ਆਮਿਰ ਨੇ ਕਿਹਾ ਕਿ ਚੀਨ ਵਿਚ ਮੇਰੀ ਬੱਲੇ-ਬੱਲੇ ਸਿਰਫ ਇਕ ਹਾਦਸਾ ਹੈ। ਆਮਿਰ ਨੇ ਦੱਸਿਆ ਕਿ ਜਦ ਤੱਕ ਚੀਨ ਵਿਚ ਦੰਗਲ ਰਿਲੀਜ਼ ਹੋਈ, ਉਥੋਂ ਦੀ ਜਨਤਾ ਮੈਨੂੰ ਤੇ ਮੇਰੇ ਕੰਮ ਬਾਰੇ ਜਾਣਦੀ ਸੀ। ਇਸ ਤੋਂ ਇਲਾਵਾ ਚੀਨ ਵਿਚ ਫਿਲਮ ਦੇ ਸ਼ਾਨਦਾਰ ਕਾਰੋਬਾਰ ਦਾ ਕਾਰਨ ਵੱਡੀ ਗਿਣਤੀ ਵਿਚ ਸਕ੍ਰੀਨਾਂ ਉਤੇ ਰਿਲੀਜ਼ ਹੋਣਾ ਹੈ।

## ਸੁਪਰੀਮ ਕੋਰਟ ਵੱਲੋਂ ਇਲੈਕਟ੍ਰਾਨਿਕ ਮੀਡੀਆ ਦੀ ਖਿਚਾਈ

**ਨਵੀਂ ਦਿੱਲੀ:** ਭਾਜਪਾ ਪ੍ਰਧਾਨ ਅਮਿਤ ਸ਼ਾਹ ਦੇ ਪੁੱਤਰ ਜੈਸ਼ਾਹ ਵੱਲੋਂ ਗੁਜਰਾਤ ਦੀ ਅਦਾਲਤ ਵਿਚ ਦਾਇਰ ਫੌਜਦਾਰੀ ਮਾਣਹਾਨੀ ਦੇ ਕੇਸ ਦੀ ਸੁਣਵਾਈ 'ਤੇ ਸੁਪਰੀਮ ਕੋਰਟ ਨੇ 12 ਅਪਰੈਲ ਤੱਕ ਰੋਕ ਲਾ ਦਿੱਤੀ ਹੈ। ਇਹ ਕੇਸ ਨਿਊਜ਼ ਪੋਰਟਲ 'ਦਿ ਵਾਇਰ' ਤੇ ਇਸ ਦੇ ਪੱਤਰਕਾਰਾਂ ਵਿਰੁਧ ਦਰਜ ਹੈ। ਮਾਮਲੇ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਇਲੈਕਟ੍ਰਾਨਿਕ ਮੀਡੀਆ ਦੀ, 'ਜਿਵੇਂ ਠੀਕ ਲੱਗੇ, ਉਵੇਂ ਪੇਸ਼ ਕਰਨ' ਦੀ ਪਹੁੰਚ ਦੀ ਖਿਚਾਈ ਕਰਦਿਆਂ ਮੀਡੀਆ ਦੇ ਹੱਕ ਅਤੇ ਆਜ਼ਾਦੀ ਦੇ ਖੇਤਰ ਬਾਰੇ ਵੀ ਟਿੱਪਣੀਆਂ ਕੀਤੀਆਂ।

ਗੁੱਸੇ ਵਿਚ ਆਏ ਚੀਫ ਜਸਟਿਸ ਦੀਪਕ ਮਿਸ਼ਰਾ ਨੇ ਮੀਡੀਆ 'ਤੇ ਵਰ੍ਹਦਿਆਂ ਵਿਸ਼ੇਸ਼ ਤੌਰ ਉਤੇ ਟੀਵੀ ਚੈਨਲਾਂ ਅਤੇ ਇਨ੍ਹਾਂ ਦੇ ਪੱਤਰਕਾਰਾਂ ਉਤੇ ਨਿਸ਼ਾਨਾ ਸੇਧਦਿਆਂ ਪੁੱਛਿਆ ਕਿ ਕੀ ਕਿਸੇ ਵਿਅਕਤੀ ਦੀ ਮਾਣਹਾਨੀ ਕਰਨ ਬਾਅਦ ਤੁਸੀਂ ਉਸ ਨੂੰ ਮੁੜ ਤੋਂ ਬਹਾਲ ਕਰ ਸਕਦੇ ਹੋ। ਉਨ੍ਹਾਂ ਕਿਹਾ ਕਿ ਇਲੈਕਟ੍ਰਾਨਿਕ ਮੀਡੀਆ ਨੂੰ ਵਧੇਰੇ ਜ਼ਿੰਮੇਵਾਰ ਬਣਨਾ ਚਾਹੀਦਾ ਹੈ। ਉਹ ਕਿਸੇ ਚੈਨਲ ਦਾ ਨਾਂ ਨਹੀਂ ਲੈਣਾ ਚਾਹੁੰਦੇ ਪਰ ਉਹ 'ਪੋਪ' ਦੀ ਤਰ੍ਹਾਂ ਵਰਤਾਅ ਕਰਦੇ ਹਨ।

# ਟਰੂਡੋ ਫੇਰੀ: ਅਜੇ ਵੀ ਨਾ ਮੁੱਕੇ ਭਾਰਤ ਦੇ ਗਿਲੇ

**ਨਵੀਂ ਦਿੱਲੀ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਭਾਰਤ ਫੇਰੀ ਵੇਲੇ ਉਠੇ ਵਿਵਾਦ ਅਜੇ ਵੀ ਚਰਚਾ ਵਿਚ ਹਨ। ਹੁਣ ਕੈਨੇਡਾ



ਨੇ ਟਰੂਡੋ ਦੀ ਮੌਜੂਦਗੀ ਵਾਲੇ ਇਕ ਸਮਾਗਮ ਦੌਰਾਨ ਭਾਰਤੀ ਨਕਸ਼ੇ ਨੂੰ ਗਲਤ ਰੂਪ ਵਿਚ ਦਰਸਾਏ ਜਾਣ ਬਾਰੇ ਸਫਾਈ ਦਿੱਤੀ ਹੈ। ਕੈਨੇਡਾ ਨੇ ਭਾਰਤ ਨੂੰ ਦੱਸਿਆ ਹੈ ਕਿ ਬੀਤੇ ਮਹੀਨੇ ਉਨ੍ਹਾਂ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਮੌਜੂਦਗੀ ਵਾਲੇ ਇਕ ਸਮਾਗਮ ਦੌਰਾਨ ਭਾਰਤੀ ਨਕਸ਼ੇ ਨੂੰ ਗਲਤ ਰੂਪ ਵਿਚ ਦਰਸਾਏ ਜਾਣ ਦੀ ਉਨ੍ਹਾਂ ਨੂੰ ਜਾਣਕਾਰੀ ਨਹੀਂ ਹੈ।

ਪ੍ਰਧਾਨ ਮੰਤਰੀ ਟਰੂਡੋ ਨੇ 24 ਫਰਵਰੀ ਨੂੰ ਯੰਗ ਚੇਂਜ ਮੇਕਰਜ਼ ਦੇ ਸੰਮੇਲਨ 'ਚ ਹਿੱਸਾ ਲਿਆ ਸੀ ਜਿਸ ਦੌਰਾਨ ਭਾਰਤੀ ਨਕਸ਼ੇ ਨੂੰ ਗਲਤ ਰੂਪ 'ਚ ਵਿਖਾਇਆ ਗਿਆ ਸੀ। ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਨੇ ਦੱਸਿਆ ਕਿ ਭਾਰਤ ਨੇ ਇਹ ਮੁੱਦਾ ਕੈਨੇਡਾ ਕੋਲ ਉਠਾਇਆ ਹੈ। ਕੈਨੇਡਾ ਸਰਕਾਰ ਨੇ ਦੱਸਿਆ ਕਿ ਇਹ ਸਮਾਗਮ ਕਿਸੇ ਤੀਜੀ ਧਿਰ ਵੱਲੋਂ ਕਰਵਾਇਆ ਗਿਆ ਸੀ ਤੇ ਇਸ ਦੀ ਪਿੱਠ ਭੂਮੀ 'ਚ ਬਣਾਇਆ ਨਕਸ਼ਾ ਕਿਸੇ ਕਲਾਕਾਰ ਦੀ ਰਚਨਾ ਸੀ ਤੇ ਕੈਨੇਡਾ ਇਸ ਨੂੰ ਮਾਨਤਾ ਨਹੀਂ ਦਿੰਦਾ ਤੇ ਨਾ ਸਵੀਕਾਰ ਕਰਦਾ ਹੈ। ਦੱਸਣਯੋਗ ਹੈ ਕਿ ਇਸ ਨਕਸ਼ੇ 'ਚ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ, ਅਕਸ਼ਾਈ ਚੀਨ ਤੇ ਗੁਜਰਾਤ ਨੂੰ ਗਲਤ ਢੰਗ ਨਾਲ ਵਿਖਾਇਆ ਗਿਆ ਸੀ।

### ਅਟਵਾਲ ਦਾ ਨਾਂ 2017 'ਚ ਕਾਲੀ ਸੂਚੀ ਤੋਂ ਹਟਾਇਆ ਸੀ

**ਨਵੀਂ ਦਿੱਲੀ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਭਾਰਤ ਫੇਰੀ ਮੌਕੇ ਸੁਰਖੀਆਂ 'ਚ ਰਹੇ ਭਾਰਤੀ ਮੂਲ ਦੇ ਜਸਪਾਲ ਅਟਵਾਲ ਨੂੰ ਪਿਛਲੇ ਸਾਲ ਹੀ ਭਾਰਤ ਵਿਚ ਕਾਲੀ ਸੂਚੀ ਤੋਂ ਹਟਾ ਦਿੱਤਾ ਗਿਆ ਸੀ। ਲੋਕ ਸਭਾ 'ਚ ਵਿਦੇਸ਼ ਰਾਜ ਮੰਤਰੀ ਵੀ ਕੇ ਸਿੰਘ ਨੇ ਇਸ ਦੀ ਜਾਣਕਾਰੀ ਦਿੱਤੀ। ਲੋਕ ਸਭਾ 'ਚ ਕੇ. ਸੁਰੇਸ਼ ਦੇ ਸਵਾਲ ਉਤੇ ਲਿਖਤੀ ਜਵਾਬ ਦਿੰਦਿਆਂ ਵਿਦੇਸ਼ ਰਾਜ ਮੰਤਰੀ ਨੇ ਦੱਸਿਆ ਕਿ ਜਸਪਾਲ ਅਟਵਾਲ ਨੂੰ ਭਾਰਤ ਵਿਚ ਦਾਖਲੇ ਲਈ ਜਾਇਜ਼ ਵੀਜ਼ਾ ਜਾਰੀ ਕੀਤਾ ਗਿਆ ਸੀ। ਉਸ ਨੂੰ 2017 'ਚ ਕਾਲੀ ਸੂਚੀ ਤੋਂ ਹਟਾ ਦਿੱਤਾ ਗਿਆ ਸੀ।

### ਚੀਨੀ ਕੰਪਨੀਆਂ ਦੇ ਦਬਦਬੇ ਤੋਂ ਅਮਰੀਕਾ ਘਾਬਰਿਆ

**ਵਾਸ਼ਿੰਗਟਨ:** ਚੀਨੀ ਕੰਪਨੀਆਂ ਦੇ ਵਧਦੇ ਕਦਮਾਂ ਤੋਂ ਅਮਰੀਕਾ ਫਿਕਰਮੰਦ ਹੈ। ਚੀਨੀ ਸਾਮਾਨ ਉਤੇ ਅਮਰੀਕਾ ਸ਼ਿਕੰਜਾ ਕੱਸ ਸਕਦਾ ਹੈ। ਮੀਡੀਆ ਰਿਪੋਰਟਾਂ ਮੁਤਾਬਕ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਚੀਨ ਵਿਚ ਬਣੇ ਉਤਪਾਦਾਂ ਦੀ ਦਰਾਮਦ ਖਿਲਾਫ ਕਾਰਵਾਈ ਕਰ ਸਕਦੇ ਹਨ। ਦਰਅਸਲ, ਅਮਰੀਕੀ ਸਰਕਾਰ ਦਾ ਮੰਨਣਾ ਹੈ ਕਿ ਅਮਰੀਕੀ ਕਾਰੋਬਾਰੀਆਂ ਨੂੰ ਵਿਦੇਸ਼ੀ ਕੰਪਨੀਆਂ ਨੇ ਹੁਣ ਤੱਕ ਠੱਗਿਆ ਹੈ। ਹੁਣ ਉਹ ਉਨ੍ਹਾਂ ਲਈ ਬਰਾਬਰੀ ਦਾ ਮੌਕਾ ਚਾਹੁੰਦੇ ਹਨ।

ਵ੍ਹਾਈਟ ਹਾਊਸ ਨੇ ਇਹ ਦਾਅਵਾ ਕੀਤਾ ਹੈ। ਅਮਰੀਕਾ ਦਾ ਚੀਨ ਨਾਲ ਵਪਾਰ ਘਾਟਾ ਕਰੀਬ 500 ਅਰਬ ਡਾਲਰ ਦੇ ਬਰਾਬਰ ਹੈ। ਟਰੰਪ ਨੇ ਸੱਤਾ ਵਿਚ ਆਉਣ ਮਗਰੋਂ ਇਸ ਘਾਟੇ ਨੂੰ ਘੱਟ ਕਰਨ ਦੀ ਗੱਲ ਕੀਤੀ, ਜੋ ਮੁੱਖ ਰੂਪ ਵਿਚ ਚੀਨ ਦੀਆਂ ਗਲਤ ਵਪਾਰਕ ਗਤੀਵਿਧੀਆਂ ਕਾਰਨ ਹੈ।

# ਸੀਰੀਆ 'ਚ ਮਨੁੱਖਤਾ ਦਾ ਘਾਣ ਜਾਰੀ

### ਹਜ਼ਾਰ ਤੋਂ ਵੱਧ ਨਾਗਰਿਕਾਂ ਦੀ ਮੌਤ

**ਦਮਸ਼ਕ:** ਸੀਰੀਆਈ ਸੁਰੱਖਿਆ ਬਲਾਂ ਨੇ ਪੂਰਬੀ ਘੋਟਾ ਵਿਚ ਆਪਣੀ ਮੁਹਿੰਮ ਤੇਜ਼ ਕਰਦਿਆਂ ਬਾਗੀਆਂ ਦੇ ਗੜ੍ਹ ਵਾਲੇ ਸ਼ਹਿਰ ਦਾ ਸੰਪਰਕ ਕੱਟ ਦਿੱਤਾ ਹੈ। ਫੌਜੀਆਂ ਅਤੇ ਸਹਿਯੋਗੀ ਮਿਲੀਸ਼ੀਆ ਨੇ 18 ਫਰਵਰੀ ਨੂੰ ਪੂਰਬੀ ਘੋਟਾ ਲਈ ਆਪਣੀ ਮਿਲਟਰੀ ਮੁਹਿੰਮ ਸ਼ੁਰੂ ਕੀਤੀ ਅਤੇ ਅੱਧੇ ਤੋਂ ਜ਼ਿਆਦਾ ਹਿੱਸੇ



ਬੀਤੇ 20 ਦਿਨਾਂ ਦੀ ਮੁਹਿੰਮ ਵਿਚ 1000 ਤੋਂ ਜ਼ਿਆਦਾ ਨਾਗਰਿਕ ਮਾਰੇ ਜਾ ਚੁੱਕੇ ਹਨ। ਸਰਕਾਰੀ ਤੱਕ ਪਹੁੰਚ ਕਰ ਲਈ ਹੈ। ਉਨ੍ਹਾਂ ਵੱਲੋਂ ਹਿੰਸਾ ਰੋਕਣ ਦੀ ਗਲੋਬਲ ਅਪੀਲ ਵੀ ਬੇਅਸਰ ਰਹੀ।

'ਵੰਡੋ ਅਤੇ ਹਮਲਾ ਕਰੋ' ਦੀ ਰਣਨੀਤੀ ਤਹਿਤ ਹਮਲਾ ਕਰਦੇ ਹੋਏ ਬਾਗੀਆਂ ਦੇ ਖੇਤਰਾਂ ਉਤੇ ਕਬਜ਼ਾ ਕਰ ਲਿਆ ਗਿਆ। ਸਰਕਾਰੀ ਫੌਜੀਆਂ ਨੇ ਡੂਮਾ ਦੇ ਮੁੱਖ ਸ਼ਹਿਰ ਘੋਟਾ ਦਾ ਸੰਪਰਕ ਕੱਟ ਦਿੱਤਾ। ਲੜਾਈ ਉਤੇ ਨਜ਼ਰ ਰੱਖਣ ਵਾਲੇ ਸੰਗਠਨ ਸੀਰੀਅਨ ਆਬਜ਼ਰਵੇਟਰੀ ਫਾਰ ਹਿਊਮਨ ਰਾਈਟਸ ਨੇ ਕਿਹਾ ਹੈ ਕਿ ਪ੍ਰਸ਼ਾਸਨ ਦੇ ਲੜਾਕਿਆਂ ਨੇ ਪੱਛਮ ਵੱਲ ਹਰਾਸਤਾ ਸ਼ਹਿਰ ਦੇ ਨਾਲ ਡੂਮਾ ਦੀ ਸੜਕ ਦਾ ਸੰਪਰਕ ਕੱਟ ਦਿੱਤਾ ਅਤੇ ਮਿਸਰਾਬਾ ਸ਼ਹਿਰ 'ਤੇ ਕਬਜ਼ਾ ਕਰ ਲਿਆ। ਬ੍ਰਿਟੇਨ ਸਥਿਤ ਸੰਗਠਨ ਨੇ ਕਿਹਾ," ਸੁਰੱਖਿਆ ਬਲਾਂ ਨੇ ਪੂਰਬੀ ਘੋਟਾ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ। ਡੂਮਾ ਅਤੇ ਇਸ ਨਾਲ ਜੁੜਿਆ ਇਲਾਕਾ, ਪੱਛਮ ਵਿਚ ਹਰਾਸਤਾ ਅਤੇ ਦੱਖਣ ਵਿਚ ਬਾਕੀ ਸ਼ਹਿਰ। ਸੰਗਠਨ ਨੇ ਕਿਹਾ ਕਿ ਡੂਮਾ ਵਿਚ ਚਾਰ ਬੱਚਿਆਂ ਸਮੇਤ ਘੱਟ ਤੋਂ ਘੱਟ 20 ਨਾਗਰਿਕ ਮਾਰੇ ਗਏ। ਇਸ ਤੋਂ ਇਲਾਵਾ ਲੜਾਈ ਵਾਲੇ ਸ਼ਹਿਰ ਵਿਚ 17 ਨਾਗਰਿਕ ਮਾਰੇ ਗਏ। ਆਬਜ਼ਰਵੇਟਰੀ ਮੁਤਾਬਕ 219 ਬੱਚਿਆਂ ਸਮੇਤ 1031 ਨਾਗਰਿਕ ਮਾਰੇ ਜਾ ਚੁੱਕੇ ਹਨ ਅਤੇ 4350 ਲੋਕ ਜ਼ਖਮੀ ਹੋ ਚੁੱਕੇ ਹਨ।

# ਮੋਦੀ-ਰਥ ਅਤੇ ਭਾਈਵਾਲ ਪਾਰਟੀਆਂ ਦੀ ਬਦਲੀ ਸੁਰ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਚੰਡੀਗੜ੍ਹ ਵਿਚ ਇਸ ਹਫਤੇ ਆਈ ਬੀਬੀ ਮਾਇਆਵਤੀ ਅਤੇ ਕੁਝ ਹੋਰ ਵੱਡੇ ਆਗੂਆਂ ਦੇ ਇਨ੍ਹਾਂ ਬਿਆਨਾਂ ਬਾਰੇ ਬਹੁਤਾ ਸੋਚਣ ਦੀ ਲੋੜ ਨਹੀਂ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੇਲੇ ਤੋਂ ਪਹਿਲਾਂ ਪਾਰਲੀਮੈਂਟ ਚੋਣਾਂ ਕਰਵਾਉਣ ਦਾ ਜੂਆ ਖੇਡ ਸਕਦੇ ਹਨ। ਏਦਾਂ ਦੀਆਂ ਗੱਲਾਂ ਹਰ ਪੱਕੇ ਪੈਰੀਂ ਚੱਲਦੀ ਸਰਕਾਰ ਦੇ ਵਕਤ ਸੁਣੀਆਂ ਜਾ ਸਕਦੀਆਂ ਹਨ। ਦੋਹ ਲੋਕ ਸਭਾ ਸੀਟਾਂ ਉਤੇ ਭਾਜਪਾ ਦੀ ਹਾਰ ਨੇ ਇਨ੍ਹਾਂ ਗੱਲਾਂ ਨੂੰ ਰੋਕਿਆ ਨਹੀਂ, ਸਗੋਂ ਹੋਰ ਤੇਜ਼ ਕਰ ਦਿੱਤਾ ਹੈ। ਪਹਿਲੇ ਦਿਨ ਇਹ ਸਮਝਿਆ ਜਾਂਦਾ ਸੀ ਕਿ ਇਸ ਝਟਕੇ ਪਿੱਛੋਂ ਭਾਜਪਾ ਆਪਣੀ ਕਮਜ਼ੋਰੀ ਦੂਰ ਕਰਨ ਲਈ ਕੁਝ ਸਮਾਂ ਲਾਉਣਾ ਅਤੇ ਅਗਲੇ ਸਾਲ ਤੱਕ ਲਈ ਚੋਣਾਂ ਟਾਲ ਦੇਣਾ ਚਾਹੇਗੀ। ਬਾਅਦ ਵਿਚ ਕੁਝ ਕਿਆਫੇ ਲਾਉਣ ਵਾਲੇ ਮਾਹਰਾਂ ਨੇ ਇਹ ਮੁਹਾਰਨੀ ਰਟਣ ਵਾਲਾ ਕੰਮ ਛੋਹ ਦਿੱਤਾ ਕਿ ਇਸੇ ਕਮਜ਼ੋਰੀ ਕਾਰਨ ਹੋਰ ਖੋਰਾ ਲੱਗਣ ਤੋਂ ਡਰਦੀ ਭਾਜਪਾ ਚੋਣਾਂ ਦਾ ਜੂਆ ਖੇਡਣ ਵਾਲੀ ਹੈ। ਭਾਜਪਾ ਨੇ ਅਸਲ ਵਿਚ ਕੀ ਕਰਨਾ ਹੈ, ਇਹ ਸਿਰਫ ਨਰਿੰਦਰ ਮੋਦੀ ਨੂੰ ਪਤਾ ਹੈ, ਅਮਿਤ ਸ਼ਾਹ ਨੂੰ ਵੀ ਨਹੀਂ।

ਜਿਹੜੀ ਗੱਲ ਕਿਸੇ ਤੋਂ ਵੀ ਲੁਕੀ ਨਹੀਂ, ਉਹ ਇਹ ਹੈ ਕਿ ਭਾਜਪਾ ਦੇ ਸਹਿਯੋਗੀਆਂ ਵਿਚ ਏਦਾਂ ਦੇ ਕਿਆਫਿਆਂ ਦੇ ਨਾਲ ਘਬਰਾਹਟ ਦੀ



ਜਗਨ ਮੋਹਨ ਰੈਡੀ

ਲਹਿਰ ਚੱਲ ਨਿਕਲੀ ਹੈ। ਸ਼ਿਵ ਸੈਨਾ ਵਾਲਿਆਂ ਨੇ ਘਬਰਾਹਟ ਦੀ ਲਹਿਰ ਤੋਂ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਉਹ ਅਗਲੀ ਵਾਰ ਦੀਆਂ ਪਾਰਲੀਮੈਂਟ ਚੋਣਾਂ ਭਾਜਪਾ ਦੇ ਗੱਠਜੋੜ ਦਾ ਅੰਗ ਬਣ ਕੇ ਨਹੀਂ ਲੜਨਗੇ, ਪਰ ਹੋਰ ਕਈ ਧਿਰਾਂ ਨੇ ਐਨ. ਡੀ. ਏ. ਗੱਠਜੋੜ ਦੇ ਅੰਦਰੋਂ ਹੁਣ ਇਹੋ ਜਿਹੀਆਂ ਸੁਰਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਹਨ, ਜਿਸ ਦੇ ਕਾਰਨ ਓਹਲਾ ਨਹੀਂ ਰਿਹਾ ਕਿ ਘਬਰਾਹਟ ਕਾਫੀ



ਚੰਦਰ ਬਾਬੂ ਨਾਇਡੂ

ਵਧੀ ਜਾ ਰਹੀ ਹੈ। ਇਹ ਘਬਰਾਹਟ ਪੰਜਾਬ ਤੱਕ ਵੀ ਆ ਪਹੁੰਚੀ ਹੈ ਤੇ ਅਕਾਲੀ ਭਾਈ ਵੀ ਭਾਜਪਾ ਤੋਂ ਫਾਸਲਾ ਪਾਉਣ ਲੱਗੇ ਹਨ। ਕਈ ਹੋਰ ਰਾਜਾਂ ਵਿਚ ਵੀ ਇਹੋ ਹਾਲਤ ਬਣ ਰਹੀ ਹੈ।

ਜ਼ਰਾ ਇੱਕ ਮਹੀਨਾ ਪਹਿਲਾਂ ਤੱਕ ਦੇ ਹਾਲਾਤ ਨੂੰ ਚੇਤੇ ਕਰੀਏ ਤਾਂ ਇਸ ਗੱਠਜੋੜ ਵਿਚੋਂ ਇੱਕ ਸ਼ਿਵ ਸੈਨਾ ਤੋਂ ਬਿਨਾ ਕੋਈ ਪਾਰਟੀ ਵੀ ਏਨੀ ਜੁਰਅਤ ਵਾਲੀ ਨਹੀਂ ਸੀ ਕਿ ਭਾਜਪਾ ਤੇ ਕੇਂਦਰ ਸਰਕਾਰ ਦੇ ਖਿਲਾਫ ਕੁਝ ਬੋਲਣ ਅਤੇ ਨਰਿੰਦਰ ਮੋਦੀ ਦੀ ਨਾਰਾਜ਼ਗੀ ਸਹੇੜਨ ਬਾਰੇ ਸੋਚ ਸਕਦੀ ਹੋਵੇ। ਕੈਨੇਡਾ ਦੇ ਪ੍ਰਧਾਨ ਮੰਤਰੀ ਦੇ ਦੌਰੇ ਵੇਲੇ ਕੇਂਦਰ ਦੀ ਸਰਕਾਰ ਵਿਚ ਪੰਜਾਬ ਦੀ ਇਕਲੌਤੀ ਕੈਬਨਿਟ ਮੰਤਰੀ ਤੇ ਅਕਾਲੀ ਦਲ ਦੀ ਇੱਕੋ-ਇੱਕ ਪ੍ਰਤੀਨਿਧ ਬੀਬੀ ਹਰਸਿਮਰਤ ਕੌਰ ਬਾਦਲ ਨੂੰ ਅੰਮ੍ਰਿਤਸਰ ਆ ਕੇ ਵਿਦੇਸ਼ੀ ਮਹਿਮਾਨ ਦਾ ਸਵਾਗਤ ਕਰਨ ਤੋਂ ਰੋਕ ਦੇਣ ਦਾ ਵਿਰੋਧ ਵੀ ਲੁਕਵੀਂ ਧਿਰ ਕੋਲੋਂ ਕਰਵਾਇਆ ਸੀ ਤੇ ਸਿੱਧੇ ਅੱਖ ਵਿਚ ਅੱਖ ਪਾ ਕੇ ਗੱਲ ਨਹੀਂ ਸੀ ਕਰ ਸਕੇ।

ਹੁਣ ਨਵੇਂ ਹਾਲਾਤ ਵਿਚ ਇੱਕ ਅਕਾਲੀ ਰਾਜ ਸਭਾ ਮੈਂਬਰ ਨੇ ਕੇਂਦਰ ਦੀ ਸਰਕਾਰ ਉਤੇ ਗੱਠਜੋੜ ਦੇ ਭਾਈਵਾਲਾਂ ਨੂੰ ਅਣਗੌਲੇ ਕਰਨ ਦਾ ਦੋਸ਼ ਲਾ ਦਿੱਤਾ ਹੈ। ਰਾਮ ਵਿਲਾਸ ਪਾਸਵਾਨ ਬਾਰੇ ਸਮਝਿਆ ਜਾਂਦਾ ਹੈ ਕਿ ਭਾਰਤੀ ਰਾਜਨੀਤੀ ਵਿਚ ਉਹ ਸਾਰਿਆਂ ਤੋਂ ਵੱਡਾ ਮੌਸਮ ਵਿਗਿਆਨੀ ਹੈ, ਜੋ ਬਦਲਣ ਲੱਗੇ ਰਾਜਸੀ ਹਾਲਾਤ ਬਾਰੇ ਸਭ ਤੋਂ ਤੇਜ਼ ਸੋਚਦਾ ਤੇ ਕਦਮ ਚੁਕਦਾ ਹੈ। ਮੰਤਰੀ ਹੋਣ ਕਾਰਨ ਹਾਲੇ ਤੱਕ ਉਹ ਖੁਦ ਚੁੱਪ ਹੈ, ਪਰ ਗੋਰਖਪੁਰ ਤੇ ਫੂਲਪੁਰ-ਦੋਵਾਂ ਲੋਕ ਸਭਾ ਸੀਟਾਂ ਤੋਂ ਭਾਜਪਾ ਦੀ ਹਾਰ ਪਿੱਛੋਂ ਉਸ ਨੇ ਆਪਣੇ ਪੁੱਤਰ ਤੋਂ ਭਾਜਪਾ ਅਤੇ ਐਨ. ਡੀ. ਏ. ਗੱਠਜੋੜ ਦੇ ਖਿਲਾਫ ਬਿਆਨ ਜਾਰੀ ਕਰਵਾ ਦਿੱਤਾ ਹੈ। ਫਿਰ ਵੀ ਸਭ ਤੋਂ ਵੱਧ ਹੈਰਾਨੀਜਨਕ ਪੈਂਤੜਾ ਚੰਦਰ ਬਾਬੂ ਨਾਇਡੂ ਨੇ ਆਂਧਰਾ ਪ੍ਰਦੇਸ਼ ਦੇ ਲੋਕਾਂ ਨੂੰ ਮੂਰਖ ਬਣਾਉਣ ਲਈ ਵਰਤਿਆ ਹੈ।

ਆਂਧਰਾ ਪ੍ਰਦੇਸ਼ ਵਿਚ ਕਾਂਗਰਸ ਇਸ ਵਕਤ ਵੱਡੀ ਧਿਰ ਨਹੀਂ ਗਿਣੀ ਜਾਂਦੀ। ਉਥੇ ਚੰਦਰ ਬਾਬੂ ਨਾਇਡੂ ਦੀ ਤੈਲਗੂ ਦੇਸਮ ਅਤੇ ਜਗਨ ਮੋਹਨ ਰੈਡੀ ਦੀ ਅਗਵਾਈ ਹੇਠ ਚੱਲ ਰਹੀ ਵਾਈ. ਐਸ. ਆਰ. ਕਾਂਗਰਸ ਦਾ ਭੇੜ ਹੋਣਾ ਹੈ। ਰੈਡੀ ਵਾਲੀ ਪਾਰਟੀ ਨੇ ਪਿਛਲੇ ਦਿਨੀਂ ਕੇਂਦਰ ਵਿਰੁਧ ਝੰਡਾ ਚੁੱਕਿਆ ਸੀ ਕਿ ਨਰਿੰਦਰ ਮੋਦੀ ਨੇ ਚਾਰ ਸਾਲ ਪਹਿਲਾਂ ਆਂਧਰਾ ਪ੍ਰਦੇਸ਼ ਨੂੰ ਵਿਸ਼ੇਸ਼ ਦਰਜਾ ਦੇਣ ਦਾ ਵਾਅਦਾ ਕਰ ਕੇ ਫਿਰ ਨਿਭਾਇਆ ਨਹੀਂ ਸੀ। ਉਦੋਂ ਉਸ ਰਾਜ ਵਿਚ ਪਾਰਲੀਮੈਂਟ ਅਤੇ ਵਿਧਾਨ ਸਭਾ ਚੋਣਾਂ ਇਕੱਠੀਆਂ ਹੋਈਆਂ ਸਨ ਤੇ ਤੈਲਗੂ ਦੇਸਮ ਅਤੇ ਭਾਜਪਾ ਦਾ ਗੱਠਜੋੜ ਹੋਣ ਕਾਰਨ ਚੰਦਰ ਬਾਬੂ ਨਾਇਡੂ ਇਹ ਭਰੋਸਾ ਜਤਾਉਂਦਾ ਰਿਹਾ ਸੀ ਕਿ ਕੇਂਦਰ ਤੋਂ ਵਿਸ਼ੇਸ਼ ਦਰਜਾ ਦਿਵਾ ਲੈਣਾ ਹੈ।

ਦਰਜਾ ਮਿਲ ਨਹੀਂ ਸੀ ਸਕਦਾ, ਕਿਉਂਕਿ ਇਥੇ ਦਿੰਦੇ ਤਾਂ ਬਿਹਾਰ ਵਿਚ ਨਿਤੀਸ਼ ਕੁਮਾਰ ਇਹੋ ਮੰਗ ਡਾ. ਮਨਮੋਹਨ ਸਿੰਘ ਦੀ ਸਰਕਾਰ ਵੇਲੇ ਤੋਂ ਕਰ ਰਿਹਾ ਹੈ, ਉਸ ਨੂੰ ਵੀ ਇਹੋ ਕੁਝ ਦੇਣਾ ਪੈਣਾ ਸੀ। ਨਰਿੰਦਰ ਮੋਦੀ ਖੁਦ ਤਾਂ ਚੁੱਪ ਰਹੇ ਤੇ ਅਰੁਣ ਜੇਤਲੀ ਤੋਂ ਮੰਗ ਨਾ ਮੰਨਣ ਵਾਲਾ ਬਿਆਨ ਦਿਵਾ ਦਿੱਤਾ। ਇਸੇ ਨੂੰ ਬਹਾਨਾ ਬਣਾ ਕੇ ਚੰਦਰ ਬਾਬੂ ਨਾਇਡੂ ਨੇ ਵੱਖ ਹੋਣ ਦਾ ਐਲਾਨ ਕਰ ਦਿੱਤਾ ਤੇ ਕੇਂਦਰ ਸਰਕਾਰ ਦੇ ਖਿਲਾਫ ਬੇਭਰੋਸਗੀ ਮਤਾ ਪੇਸ਼ ਕਰਨ ਵੀ ਤੁਰ ਪਏ।

ਅਸਲ ਵਿਚ ਨਾਇਡੂ ਨੂੰ ਆਂਧਰਾ ਪ੍ਰਦੇਸ਼ ਦੇ ਵਿਸ਼ੇਸ਼ ਦਰਜੇ ਦੀ ਓਨੀ ਵੱਡੀ ਲੋੜ ਨਹੀਂ, ਜਿੰਨੀ ਆਪਣੇ ਲੋਕਾਂ ਨੂੰ ਇਹ ਦਿਖਾਉਣ ਦੀ ਹੈ ਕਿ ਆਂਧਰਾ ਪ੍ਰਦੇਸ਼ ਦੇ ਹਿੱਤਾਂ ਲਈ ਉਹ ਕੁਰਸੀ ਦਾ ਮੋਹ ਵੀ ਛੱਡਣ ਨੂੰ ਤਿਆਰ ਹੈ, ਪਰ ਉਸ ਦੀ ਗੱਲ ਨਹੀਂ ਬਣ ਸਕੀ। ਜਗਨ ਮੋਹਨ ਰੈਡੀ ਦੇ ਹੱਥ ਪਹਿਲ ਹੋਣ ਕਾਰਨ ਹੁਣ ਚੰਦਰ ਬਾਬੂ ਦੀ ਪਾਰਟੀ ਵੀ ਉਨ੍ਹਾਂ ਤੋਂ ਅੱਗੇ ਨਿਕਲਣ ਲਈ ਭਾਜਪਾ ਦੇ ਵਿਰੋਧ ਵਿਚ ਤਿੱਖੇ ਬਿਆਨਾਂ ਦੇ ਉਸ ਰਾਹੇ ਪੈਂਦੀ ਜਾਂਦੀ ਹੈ, ਜੋ ਭਾਜਪਾ ਤੇ ਤੈਲਗੂ ਦੇਸਮ ਨੂੰ ਸੱਚਮੁੱਚ ਲੜਾਉਣ ਤੱਕ ਜਾ ਸਕਦੇ ਹਨ।

ਜਿਹੜੀ ਗੱਲ ਸਭ ਤੋਂ ਵੱਧ ਹੈਰਾਨੀ ਨਾਲ ਅਜੇ ਤੱਕ ਸੋਚੀ ਜਾ ਰਹੀ ਹੈ, ਉਹ ਇਹ ਹੈ ਕਿ ਗੋਰਖਪੁਰ ਤੇ ਫੂਲਪੁਰ-ਦੋਵੇਂ ਲੋਕ ਸਭਾ ਸੀਟਾਂ ਤੋਂ ਭਾਜਪਾ ਦੀ ਹਾਰ ਕਿਵੇਂ ਹੋ ਗਈ? ਦੱਸਿਆ ਜਾ ਰਿਹਾ ਹੈ ਕਿ ਮੁੱਖ ਮੰਤਰੀ ਆਦਿਤਿਆਨਾਥ ਤੇ ਡਿਪਟੀ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰੀਆ-ਦੋਹਾਂ ਦਾ ਇੱਟ-ਖੜਿੱਕਾ ਏਨਾ ਜ਼ਿਆਦਾ ਹੈ ਕਿ ਦੋਹਾਂ ਨੇ ਇੱਕ-ਦੂਸਰੇ ਦੀਆਂ ਜੜ੍ਹਾਂ ਟੁੱਕਣ ਲਈ ਆਪਣੇ ਬੰਦਿਆਂ ਨੂੰ ਹਰੀ ਝੰਡੀ ਦੇ ਰੱਖੀ ਸੀ ਤੇ ਦੋਹਾਂ ਨੂੰ ਕੇਂਦਰ ਸਰਕਾਰ ਵਿਚੋਂ ਵੀ ਕੁਝ ਲੋਕਾਂ ਦੀ ਹਮਾਇਤ ਮਿਲ ਰਹੀ ਸੀ। ਇਹ ਸਿਰਫ ਇੱਕ



ਰਾਮ ਵਿਲਾਸ ਪਾਸਵਾਨ

ਪੱਖ ਹੈ। ਦੂਸਰਾ ਪੱਖ ਇਹ ਵੀ ਹੈ ਕਿ ਸਮਾਜਵਾਦੀ ਪਾਰਟੀ ਤੇ ਬਹੁਜਨ ਸਮਾਜ ਪਾਰਟੀ ਇਕੱਠੀਆਂ ਹੋ ਗਈਆਂ ਸਨ।

ਤੀਸਰਾ ਤੇ ਵੱਡਾ ਪੱਖ ਉਥੇ ਲੋਕਾਂ ਦਾ ਮੋੜ ਕੱਟਣਾ ਹੈ। ਜਿਹੜੀ ਕਾਂਗ ਪਿਛਲੇ ਸਾਲ ਮਾਰਚ ਤੋਂ ਮਈ ਤੱਕ ਉਸ ਰਾਜ ਵਿਚ ਭਾਜਪਾ ਦੇ ਪੱਖ ਵਿਚ ਵੇਖੀ ਜਾਂਦੀ ਸੀ, ਇਸ ਵੇਲੇ ਦਿਖਾਈ ਨਹੀਂ ਦੇ ਰਹੀ ਤੇ ਇਸ ਦਾ ਕਾਰਨ ਉਥੋਂ ਦੇ ਲੋਕਾਂ ਦਾ ਨੀਂਦ ਤੋਂ ਅੱਖ ਪੁੱਟਣ ਦਾ ਵਰਤਾਰਾ ਹੈ। ਉਹ ਲੋਕ ਰਾਮ-ਰਾਮ ਜਪਣ ਨੂੰ ਤਿਆਰ ਹਨ, ਪਰ ਇਸ ਕੰਮ ਲਈ ਵੀ ਢਿੱਡ ਵਿਚ ਰੋਟੀਆਂ ਚਾਹੀਦੀਆਂ ਹਨ ਤੇ ਭਾਜਪਾ ਸਰਕਾਰ ਉਸ ਰਾਜ ਵਿਚ ਹਰ ਥਾਂ ਭਗਵਾਂ ਰੰਗ ਚਾੜ੍ਹਨ ਤੋਂ ਸਿਵਾ ਕੁਝ ਕਰ ਨਹੀਂ ਰਹੀ। ਮੁੱਖ ਮੰਤਰੀ ਦੀ ਰਿਹਾਇਸ਼ ਅਤੇ ਸੈਕਟਰੀਏਟ ਦੇ ਰੰਗ ਬਦਲਣ ਪਿੱਛੋਂ ਰੋਡਵੇਜ਼ ਵਾਂਗ ਚੱਲਦੀਆਂ ਸਰਕਾਰੀ ਬੱਸਾਂ ਦਾ ਰੰਗ ਵੀ ਭਗਵਾਂ ਕੀਤਾ ਪਿਆ ਹੈ, ਪਰ ਭੁੱਖੜੇ ਦਾ ਇਲਾਜ ਕਰਨ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ, ਜਿਸ ਦੀ ਝਲਕ ਖੁਦ ਮੁੱਖ ਮੰਤਰੀ ਦੇ ਹਲਕੇ ਗੋਰਖਪੁਰ ਤੋਂ ਮਿਲ ਗਈ ਹੈ।

ਬਹੁਤ ਸਾਰੇ ਰਾਜਸੀ ਮਾਹਰਾਂ ਦਾ ਖਿਆਲ ਹੈ ਕਿ ਇਸ ਵਕਤ ਭਾਰਤ ਇੱਕ ਨਵੇਂ ਦੌਰ ਵਿਚ ਦਾਖਲ ਹੋਣ ਵੱਲ ਵਧ ਰਿਹਾ ਹੋ ਸਕਦਾ ਹੈ, ਪਰ ਇਹ ਖਿਆਲ ਕਾਹਲੀ ਸੋਚ ਵਿਚੋਂ ਉਗਿਆ ਵੀ ਹੋ ਸਕਦਾ ਹੈ। ਫਿਰ ਵੀ ਇਹ ਸਰਕਾਰ ਦੇ ਪੱਖ ਵਿਚ ਭੁਗਤਣ ਵਾਲੇ ਉਨ੍ਹਾਂ ਪ੍ਰਚਾਰਕਾਂ ਅੱਗੇ ਸਵਾਲੀਆ ਨਿਸ਼ਾਨ ਖੜ੍ਹੇ ਕਰਦਾ ਹੈ, ਜੋ ਕਹਿੰਦੇ ਹਨ ਕਿ ਮੋਦੀ-ਰੱਥ ਏਦਾਂ ਅੱਗੇ ਵਧੀ ਜਾਂਦਾ ਹੈ ਕਿ ਕੋਈ ਇਸ ਦੇ ਰਾਹ ਵਿਚ ਨਹੀਂ ਖੜੋ ਸਕਦਾ। ਉਨ੍ਹਾਂ ਨੂੰ ਹੁਣ ਮੋੜਵਾਂ ਸਵਾਲ ਇਹ ਪੁੱਛਿਆ ਜਾਣ ਲੱਗਾ ਹੈ ਕਿ ਜੇ ਮੋਦੀ-ਰੱਥ ਲਗਾਤਾਰ ਅੱਗੇ ਹੀ ਵਧ ਰਿਹਾ ਹੈ ਤਾਂ ਚਾਰ ਸਾਲ ਪਹਿਲਾਂ ਲੋਕ ਸਭਾ ਚੋਣਾਂ ਵਿਚ ਆਪਣੇ ਸਿਰ 282 ਸੀਟਾਂ ਜਿੱਤਣ ਵਾਲੀ ਭਾਜਪਾ ਦੀਆਂ ਹੁਣ ਉਸੇ ਲੋਕ ਸਭਾ ਅੰਦਰ ਵਧਣ ਦੀ ਥਾਂ ਘਟ ਕੇ 274 ਸੀਟਾਂ ਕਿਉਂ ਲਿਖੀਆਂ ਦਿਸਦੀਆਂ ਹਨ? ਅੱਠ ਸੀਟਾਂ ਕਿੱਥੇ ਗਈਆਂ? ਇਹ ਸਿਰਫ ਸਵਾਲ ਨਹੀਂ, ਇੱਕ ਕਿਸਮ ਦਾ ਸਪੀਡ-ਬਰੇਕਰ ਹੈ, ਜਿੱਥੇ ਜਾ ਕੇ ਕਿਸੇ ਨੂੰ ਵੀ ਅਗਲੇ ਪੈਂਡੇ ਬਾਰੇ ਸੋਚਣਾ ਪੈ ਸਕਦਾ ਹੈ।

# 15 ਫਰਵਰੀ 1915 ਦੀ ਸਿੰਘਾਪੁਰ ਬਗਾਵਤ ਦੇ ਅਣਗੌਲੇ ਫੌਜੀ

ਭਾਰਤ ਨੂੰ ਆਜ਼ਾਦ ਕਰਵਾਉਣ ਲਈ ਅੰਗਰੇਜ਼ੀ ਸਾਸ਼ਨ ਦੌਰਾਨ ਭਾਰਤੀ ਫੌਜੀਆਂ ਦੀ ਭੂਮਿਕਾ ਬੜੀ ਅਹਿਮ ਰਹੀ ਹੈ। ਫੌਜੀ ਦੇਸ਼ ਭਗਤਾਂ ਨੇ ਜਦੋ-ਜਹਿਦ ਕਰਦਿਆਂ ਅਣਗਿਣਤ ਤਸੀਹੇ ਤੇ ਕਸ਼ਟ ਝੱਲਦਿਆਂ ਜਾਨਾਂ ਕੁਰਬਾਨ ਕੀਤੀਆਂ।



ਕੰਵਲਬੀਰ ਸਿੰਘ ਪੰਨੂ
ਫੋਨ: 91-98766-98068

ਸੈਂਕੜੇ ਫੌਜੀਆਂ ਨੂੰ ਕੋਰਟ ਮਾਰਸ਼ਲ ਕਰ ਕੇ ਗੋਲੀਆਂ ਨਾਲ ਉਡਾਇਆ ਗਿਆ, 70 ਤੋਂ ਵੱਧ ਨੂੰ ਫਾਂਸੀ ਦਿੱਤੀ ਗਈ ਅਤੇ 190 ਤੋਂ ਉਪਰ ਨੂੰ ਉਮਰ ਕੈਦ ਤੇ ਜਲਾਵਤਨੀ, ਜਾਇਦਾਦ ਕੁਰਕੀ ਦੀ ਸਜ਼ਾ ਦਿੱਤੀ ਗਈ।

ਸਿੰਘਾਪੁਰ ਦੀ ਛਾਉਣੀ ਵਿਚਲੀ 5ਵੀਂ ਲਾਈਟ ਇਨਫੈਂਟਰੀ (ਪਲਟਣ) ਦੇ ਬਹਾਦਰ ਫੌਜੀ ਯੋਧਿਆਂ ਨੇ ਵਿਦੇਸ਼ੀ ਧਰਤੀ 'ਤੇ ਹੋਣ ਦੇ ਬਾਵਜੂਦ 15 ਫਰਵਰੀ 1915 ਨੂੰ ਆਪਣੀਆਂ ਜਾਨਾਂ ਦੀ ਪ੍ਰਵਾਹ ਕੀਤੇ ਬਿਨਾ ਬਗਾਵਤ ਕਰ ਕੇ ਅੰਗਰੇਜ਼ੀ ਸਾਸ਼ਨ ਨੂੰ ਭਾਜੜਾਂ ਪਾ ਦਿੱਤੀਆਂ ਸਨ।

ਆਜ਼ਾਦੀ ਦੇ ਸੰਘਰਸ਼ ਦੌਰਾਨ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਵੱਖ ਵੱਖ ਸਮੇਂ ਕਈ ਆਜ਼ਾਦੀ ਲਹਿਰਾਂ ਚੱਲੀਆਂ। ਉਨ੍ਹਾਂ ਵਿਚੋਂ ਇੱਕ ਆਜ਼ਾਦੀ ਲਹਿਰ ਸੀ, ਗਦਰ ਪਾਰਟੀ ਲਹਿਰ ਜਿਸ ਦਾ ਆਰੰਭ 20ਵੀਂ ਸਦੀ ਦੇ ਮੁਢਲੇ ਦਹਾਕਿਆਂ ਦੌਰਾਨ ਭਾਰਤ ਤੋਂ ਬਾਹਰ ਕੈਨੇਡਾ ਤੇ ਅਮਰੀਕਾ ਵਿਚ ਰੋਜ਼ੀ ਰੋਟੀ ਤੇ ਚੰਗੇ ਭਵਿੱਖ ਲਈ ਗਏ ਭਾਰਤੀਆਂ ਨੇ ਕੀਤਾ, ਜਿਨ੍ਹਾਂ 'ਚ ਬਹੁਗਿਣਤੀ ਪੰਜਾਬੀਆਂ ਦੀ ਸੀ।

ਗਦਰ ਪਾਰਟੀ ਵੱਲੋਂ ਭਾਰਤ ਦੀ ਆਜ਼ਾਦੀ ਲਈ ਅੰਗਰੇਜ਼ਾਂ ਵਿਰੁਧ ਹਥਿਆਰਬੰਦ ਯੁੱਧ ਦੀਆਂ ਤਿਆਰੀਆਂ ਅਜੇ ਪੂਰੀਆਂ ਵੀ ਨਹੀਂ ਸਨ ਹੋਈਆਂ ਕਿ ਜੁਲਾਈ 1914 ਵਿਚ ਪਹਿਲਾ ਵਿਸ਼ਵ ਯੁੱਧ ਛਿੜ ਗਿਆ, ਜਿਸ ਵਿਚ ਅੰਗਰੇਜ਼ ਬੁਰੀ ਤਰ੍ਹਾਂ ਫਸ ਗਏ। ਗਦਰੀ ਆਗੂਆਂ ਨੇ ਅੰਗਰੇਜ਼ਾਂ ਨੂੰ ਭਾਰਤ 'ਚੋਂ ਕੱਢਣ ਲਈ ਇਹ ਮੌਕਾ ਢੁਕਵਾਂ ਜਾਣਿਆ। ਪਾਰਟੀ ਨੇ 5 ਅਗਸਤ 1914 ਨੂੰ ਐਲਾਨ-ਏ-ਜੰਗ ਕਰ ਦਿੱਤਾ। ਸੈਂਕੜੇ ਗਦਰੀ ਵੱਖ ਵੱਖ ਜਹਾਜ਼ਾਂ ਰਾਹੀਂ ਭਾਰਤ ਵੱਲ ਚੱਲ ਪਏ। ਅਜੋਕੇ ਸੰਚਾਰ ਸਾਧਨਾਂ ਦੀ ਅਣਹੋਂਦ ਦੇ ਬਾਵਜੂਦ ਇਨ੍ਹਾਂ ਆਜ਼ਾਦੀ ਪਰਵਾਨਿਆਂ ਨੇ ਪੂਰਾ ਨੈਟਵਰਕ ਕਾਇਮ ਕਰ ਲਿਆ। ਬਹੁਤ ਸਾਰੇ ਗਦਰੀ ਪਲਟਣਾਂ ਵਿਚ ਭਰਤੀ ਹੋ ਗਏ। ਉਨ੍ਹਾਂ ਫੌਜੀ ਛਾਉਣੀਆਂ ਵਿਚ ਜਾ ਕੇ ਭਾਰਤੀ ਫੌਜੀਆਂ ਨੂੰ ਗਦਰ ਵਿਚ ਸਾਥ ਦੇਣ ਲਈ ਸਹਿਮਤ ਕਰ ਲਿਆ। ਹਾਂਗਕਾਂਗ, ਸਿੰਘਾਪੁਰ, ਰੰਗੂਨ, ਪੀਨਾਂਗ ਆਦਿ ਵਿਚਲੀਆਂ ਫੌਜਾਂ ਵਿਚ ਵੀ ਗਦਰੀਆਂ ਦਾ ਚੰਗਾ ਪ੍ਰਭਾਵ ਬਣ ਚੁਕਾ ਸੀ। ਫੌਜੀ ਛਾਉਣੀਆਂ ਵਿਚ ਹੋਈਆਂ ਬਗਾਵਤਾਂ 'ਚੋਂ ਇੱਕ ਸੀ, ਸਿੰਘਾਪੁਰ ਵਿਚਲੀ 5ਵੀਂ ਨੇਟਿਵ ਲਾਈਟ ਇਨਫੈਂਟਰੀ ਦੀ ਬਗਾਵਤ।

ਸਰਕਾਰੀ ਰਿਕਾਰਡ ਅਨੁਸਾਰ ਸਤੰਬਰ-ਅਕਤੂਬਰ 1914 ਦੌਰਾਨ ਬਾਹਰਲੇ ਦੇਸ਼ਾਂ ਤੋਂ ਆਏ ਗਦਰੀਆਂ-ਹੀਰਾ ਸਿੰਘ ਚਰੜ, ਮੁਜਤਬਾ ਹੁਸੈਨ, ਜੀਵਨ ਸਿੰਘ ਫੇਲੋਕੇ ਤੇ ਗਿਆਨ ਚੰਦ ਮੋਰੀ ਮਰਲ ਆਦਿ ਨੇ ਸਿੰਘਾਪੁਰ ਦੀਆਂ ਪਲਟਣਾਂ ਵਿਚ ਗਦਰ ਦਾ ਪ੍ਰਚਾਰ ਕੀਤਾ, ਜਿਸ ਦੇ ਸਿੱਟੇ ਵਜੋਂ ਇਥੇ ਰਹਿੰਦੀ 5ਵੀਂ ਨੇਟਿਵ ਲਾਈਟ ਇਨਫੈਂਟਰੀ ਦੀ ਬਗਾਵਤ ਹੋਈ। ਇਸ ਪਲਟਣ ਦੇ ਬਹੁਤੇ ਜਵਾਨ ਪੰਜਾਬੀ ਮੁਸਲਮਾਨ ਸਨ।

ਅਸਲ ਵਿਚ ਬਹਾਦਰ ਫੌਜੀਆਂ ਨੇ 15 ਫਰਵਰੀ 1915 ਸ਼ਾਮ ਨੂੰ 8 ਵਜੇ ਜਦੋਂ ਅਫਸਰਾਂ ਨੇ ਖਾਣੇ 'ਤੇ ਬੈਠਣਾ ਸੀ, ਉਸ ਸਮੇਂ ਗਦਰ ਦੀ ਯੋਜਨਾ ਬਣਾਈ। ਅਫਸਰਾਂ ਨੂੰ ਕੁਝ ਸ਼ੱਕ ਹੋ ਗਿਆ ਤੇ 15 ਫਰਵਰੀ ਦੀ ਸਵੇਰ ਨੂੰ ਹੀ ਪਲਟਣ ਨੂੰ ਹੁਕਮ ਸੁਣਾ ਦਿੱਤਾ ਕਿ ਉਨ੍ਹਾਂ ਨੂੰ ਕੱਲ ਹੀ ਹਾਂਗਕਾਂਗ ਰਵਾਨਾ ਕਰਨਾ ਹੈ, ਇਸ ਲਈ ਅੱਜ ਹੀ ਸ਼ਾਮ ਨੂੰ ਹਥਿਆਰ ਜਮਾਂ ਕਰਾ ਦੇਣ। ਇਸ ਹਾਲਤ ਨੂੰ ਦੇਖ ਕੇ ਫੌਜੀਆਂ ਨੇ ਨਿਯਤ ਸਮੇਂ ਤੋਂ ਪਹਿਲਾਂ ਹੀ ਗਦਰ ਸ਼ੁਰੂ ਕਰਨ ਦਾ ਫੈਸਲਾ ਕੀਤਾ।

15 ਫਰਵਰੀ 1915 ਸੋਮਵਾਰ ਦਾ ਦਿਨ ਸੀ ਤੇ ਚੀਨੀ ਨਵੇਂ ਸਾਲ ਦਾ ਪਹਿਲਾ ਦਿਨ ਹੋਣ ਕਾਰਨ ਸਿੰਘਾਪੁਰ 'ਚ ਜਨਤਕ ਛੁੱਟੀ ਸੀ। ਸ਼ਹਿਰ ਦੇ ਲੋਕ ਨਵੇਂ ਸਾਲ ਦੀ ਪਟਾਕੇ ਚਲਾਉਣ ਵਿਚ ਰੁੱਝੇ ਹੋਏ ਸਨ। ਯੂਰਪੀਨ ਲੋਕ ਜਿਨ੍ਹਾਂ ਵਿਚ ਅੰਗਰੇਜ਼, ਜਰਮਨ, ਫਰੈਂਚ ਆਦਿ ਤੈਰਾਕੀ, ਟੈਨਿਸ ਜਾਂ ਪੋਲੋ ਖੇਡਣ ਲੱਗੇ ਹੋਏ ਸਨ, ਸ਼ਹਿਰ ਤੋਂ 5 ਕਿਲੋਮੀਟਰ ਦੂਰ ਅਲਗਜੈਂਡਰਾ ਬੈਰਕਾਂ ਵਿਚ ਹਾਂਗਕਾਂਗ ਭੇਜੀ ਜਾ ਰਹੀ 5ਵੀਂ ਲਾਈਟ ਇਨਫੈਂਟਰੀ ਦੇ ਜਵਾਨਾਂ ਦੀ ਵਿਦਾਇਗੀ ਦੀ ਯਾਦਗਾਰੀ ਪਰੇਡ ਸ਼ੁਰੂ ਹੋ ਚੁਕੀ ਸੀ। ਪਰੇਡ ਕਰਨਲ ਮਾਰਟਿਨ ਦੀ ਅਗਵਾਈ ਹੇਠ ਹੋ ਰਹੀ ਸੀ। ਬ੍ਰਿਗੇਡੀਅਰ ਜਨਰਲ ਰਿਡਾਊਟ ਸਲਾਮੀ ਲਈ ਪਹੁੰਚ ਚੁਕਾ ਸੀ। ਰਿਡਾਊਟ ਨੂੰ ਪਲਟਣ 'ਤੇ ਕੁਝ ਸ਼ੱਕ ਸੀ। ਪਰੇਡ ਦੇ ਸਮੇਂ ਉਸ ਨੇ ਨੋਟ ਕੀਤਾ ਕਿ ਸੱਜੇ ਵਿੰਗ ਨੇ ਵਧੀਆ ਤਰੀਕੇ ਨਾਲ ਮਾਰਚ ਨਹੀਂ ਕੀਤਾ ਸੀ, ਜਵਾਨ ਆਪਸ 'ਚ ਗੱਲਬਾਤ ਕਰ ਰਹੇ ਸਨ। ਇਹ ਇੰਸਪੈਕਸ਼ਨ ਇੱਕ ਘੰਟਾ ਚੱਲੀ। ਉਪਰੰਤ ਜਨਰਲ ਰਿਡਾਊਟ ਆਪਣੀ ਸਰਕਾਰੀ ਰਿਹਾਇਸ਼ ਟੈਂਗਲਿਨ ਚਲਾ ਗਿਆ ਤੇ ਇਨਫੈਂਟਰੀ ਜਵਾਨ ਆਪਣੇ ਜਾਣ ਦੀ ਤਿਆਰੀ ਕਰਨ ਚਲੇ ਗਏ।

ਹੁੰਮਸ ਭਰੀ ਸ਼ਾਮ ਜਦੋਂ ਫੌਜੀਆਂ ਤੋਂ ਹਥਿਆਰ ਜਮਾਂ ਕਰਵਾਉਣ ਲੱਗੇ ਤਾਂ ਪੂਰੀ ਪਲਟਣ ਨੇ ਵਿਦਰੋਹ ਕਰ ਦਿੱਤਾ। ਸਭ ਤੋਂ ਪਹਿਲਾਂ ਸਿਪਾਹੀ ਇਸਮਾਈਲ ਖਾਂ ਨੇ ਸੰਤਰੀ ਦੀ ਪੋਸਟ ਛੱਡ ਦਿੱਤੀ ਤੇ ਇੱਕ ਗੋਲੀ ਚਲਾ ਕੇ ਬਗਾਵਤ ਦਾ ਸਿਗਨਲ ਦੇ ਦਿੱਤਾ ਤੇ ਅਸਲਾ ਜਮ੍ਹਾਂ ਕਰਵਾਉਣ ਵਾਲੇ ਅੰਗਰੇਜ਼ ਨੂੰ ਗੋਲੀ ਮਾਰ ਦਿੱਤੀ। ਬੈਰਕਾਂ 'ਤੇ ਕਬਜ਼ਾ ਕਰ ਕੇ ਫੌਜੀਆਂ ਨੇ ਆਪਣੇ ਆਪ ਨੂੰ ਤਿੰਨ ਹਿੱਸਿਆਂ ਵਿਚ ਵੰਡ ਲਿਆ। ਇੱਕ ਹਿੱਸਾ ਜਰਮਨ ਕੈਦੀਆਂ ਨੂੰ ਕੈਂਪ ਤੋਂ ਛੁਡਵਾਉਣ ਗਿਆ ਤਾਂ ਕਿ ਉਨ੍ਹਾਂ ਨੂੰ ਨਾਲ ਰਲਾ ਲਿਆ ਜਾਵੇ। ਇਥੇ ਬਾਗੀਆਂ ਨੇ ਦੋ ਯੂਰਪੀਨ ਅਫਸਰ ਕੈਪਟਨ ਬਾਈਸ ਤੇ ਲੈਫਟੀਨੈਂਟ ਇਲੀਅਟ ਮਾਰ ਦਿੱਤੇ। ਜਰਮਨ ਕੈਦੀ ਜੇਲ੍ਹ ਤੋਂ ਬਾਹਰ ਕੱਢ ਲਏ, ਪਰ ਉਨ੍ਹਾਂ ਨੇ ਗਦਰੀ ਫੌਜੀਆਂ ਦਾ ਸਾਥ ਨਾ ਦਿੱਤਾ। ਦੂਸਰਾ ਹਿੱਸਾ ਪਲਟਣ ਦੇ ਹੈਡ ਕੁਆਟਰ ਉਤੇ ਕਬਜ਼ਾ ਕਰਨ ਤੁਰ ਪਿਆ, ਪਰ ਕਾਮਯਾਬ ਨਾ ਹੋ ਸਕਿਆ। ਤੀਜਾ ਹਿੱਸਾ ਵਾਲੰਟੀਅਰ ਕੋਰ ਨੂੰ ਰੋਕਣ ਸ਼ਹਿਰ ਵੱਲ ਗਿਆ। ਫਿਰ ਉਨ੍ਹਾਂ ਨੇ ਸ਼ਹਿਰ ਦੇ ਥਾਣੇ 'ਤੇ ਕਬਜ਼ਾ ਕਰ ਲਿਆ। ਇਨ੍ਹਾਂ ਝੜਪਾਂ ਵਿਚ 8 ਅੰਗਰੇਜ਼ ਅਫਸਰ, 9 ਸਿਪਾਹੀ ਅਤੇ 17 ਸਿਵਲੀਅਨ ਮਾਰੇ ਗਏ।

ਅੰਗਰੇਜ਼ਾਂ ਨੇ ਨਾਲ ਲੱਗਦੇ ਸਮੁੰਦਰੀ ਘਾਟਾਂ ਤੋਂ ਜੰਗੀ ਜਹਾਜ਼ਾਂ ਨੂੰ ਆਪਣੇ ਬਚਾ ਲਈ ਸੱਦ ਲਿਆ। 16 ਤੋਂ 17 ਫਰਵਰੀ ਨੂੰ ਦੋ ਜੰਗੀ ਬੇੜੇ ਵੱਡੀ ਗਿਣਤੀ ਵਿਚ ਗੋਰੇ ਫੌਜੀਆਂ ਨੂੰ ਲੈ ਕੇ ਸਿੰਘਾਪੁਰ ਪੁੱਜ ਗਏ। ਗਦਰੀ ਫੌਜੀ ਭੁੱਖੇ ਪਿਆਸੇ ਕਿੰਨਾ ਕੁ ਚਿਰ ਟਾਕਰਾ ਕਰ ਸਕਦੇ, ਕਿਸੇ ਵੀ ਪਾਸਿਓਂ ਮਦਦ ਦੀ ਆਸ ਨਹੀਂ ਸੀ। ਉਨ੍ਹਾਂ ਨੇ 16 ਫਰਵਰੀ ਰਾਤ ਡੱਟ ਕੇ ਮੁਕਾਬਲਾ ਕੀਤਾ। ਅੰਗਰੇਜ਼ਾਂ ਨੇ ਬਾਗੀ ਫੌਜੀਆਂ ਨੂੰ ਮਾਰਨ ਜਾਂ ਫੜਾਉਣ ਲਈ 200 ਡਾਲਰ ਦੇ ਇਨਾਮ ਐਲਾਨ ਕਰ ਦਿੱਤੇ। ਬਾਗੀਆਂ ਨੇ ਆਤਮ ਸਮਰਪਣ ਕਰ ਦਿੱਤਾ ਜਾਂ ਫੜੇ ਲਏ ਗਏ। ਫੜੇ ਗਏ ਬਾਗੀ ਫੌਜੀਆਂ ਦਾ ਕੋਰਟ ਮਾਰਸ਼ਲ ਕਰ ਕੇ 40 ਜਣਿਆਂ ਨੂੰ ਪਬਲਿਕ ਦੇ ਸਾਹਮਣੇ ਗੋਲੀਆਂ ਮਾਰ ਕੇ ਮਾਰ ਦਿੱਤਾ ਅਤੇ 3 ਨੂੰ ਫਾਂਸੀ ਦਿੱਤੀ ਗਈ। ਇਸ ਤੋਂ ਇਲਾਵਾ 162 ਨੂੰ ਉਮਰ ਕੈਦ ਅਤੇ ਵੱਖੋ ਵੱਖ ਮਿਆਦ ਦੀਆਂ ਸਜ਼ਾਵਾਂ ਸੁਣਾਈਆਂ ਗਈਆਂ। ਵਿਦਰੋਹੀਆਂ ਤੋਂ ਗਲਤੀ ਇਹ ਹੋਈ ਕਿ ਕੋਤਵਾਲੀ ਦੇ ਕਬਜ਼ੇ ਨੂੰ ਸਿੰਘਾਪੁਰ 'ਤੇ ਕਬਜ਼ਾ ਸਮਝ ਲਿਆ ਅਤੇ ਸਮੁੰਦਰੀ ਘਾਟ 'ਤੇ ਵੀ ਸਮੇਂ ਸਿਰ ਨਾ ਪੁੱਜ ਸਕੇ।

ਗਦਰੀ ਸੂਰਬੀਰਾਂ ਵਲੋਂ 1912-13 ਵਿਚ ਭਾਰਤ ਦੀ ਆਜ਼ਾਦੀ ਲਈ ਸ਼ੁਰੂ ਕੀਤੇ ਸੰਘਰਸ਼ ਵਿਚ ਸਿੰਘਾਪੁਰ ਰਹਿੰਦੀ ਭਾਰਤੀ ਫੌਜ ਦੀ 5ਵੀਂ ਨੇਟਿਵ ਲਾਈਟ ਇਨਫੈਂਟਰੀ ਦੇ ਸੂਰਬੀਰਾਂ ਨੇ ਵੱਡਾ ਯੋਗਦਾਨ ਪਾਇਆ। ਪਰ ਉਨ੍ਹਾਂ ਦੀਆਂ ਕੀਤੀਆਂ ਕੁਰਬਾਨੀਆਂ ਨੂੰ ਇਤਿਹਾਸਕਾਰਾਂ ਤੇ ਰਾਜਨੀਤਕ ਲੋਕਾਂ ਨੇ ਅਣਗੌਲੇ ਕਰ ਰੱਖਿਆ ਹੈ, ਜਿਸ ਕਾਰਨ ਸਿਰਫ ਸੌ ਸਾਲ 'ਚ ਹੀ ਆਮ ਲੋਕਾਂ ਨੂੰ ਉਨ੍ਹਾਂ ਦੀਆਂ ਕੀਤੀਆਂ ਕੁਰਬਾਨੀਆਂ ਭੁੱਲ ਗਈਆਂ ਹਨ।

ਪੰਜਾਬ ਟਾਈਮਜ਼

*ਸਨਿਚਰਵਾਰ, 24 ਮਾਰਚ 2018*

# ਕੇਜਰੀਵਾਲ ਦੀ ਮੁਆਫੀ ਅਤੇ ਸਿਆਸਤ

ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਨਸ਼ਿਆਂ ਦੇ ਮਾਮਲੇ 'ਤੇ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਤੋਂ ਮੁਆਫੀ ਮੰਗਣ ਦੇ ਮਾਮਲੇ ਨੇ ਸਿਰਫ ਆਮ ਆਦਮੀ ਪਾਰਟੀ ਜਾਂ ਪੰਜਾਬ ਦੀ ਹੀ ਨਹੀਂ, ਸਗੋਂ ਸਮੁੱਚੇ ਦੇਸ਼ ਦੀ ਸਿਆਸਤ ਭਖਾ ਦਿੱਤੀ ਹੈ। ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੇਜਰੀਵਾਲ ਨੇ ਆਪਣੇ ਪੰਜਾਬ ਦੌਰਿਆਂ ਮੌਕੇ ਬਿਕਰਮ ਸਿੰਘ ਮਜੀਠੀਆ ਉਤੇ ਨਸ਼ਿਆਂ ਦੇ ਕਾਰੋਬਾਰ ਵਿਚ ਸ਼ਾਮਲ ਹੋਣ ਅਤੇ ਪੰਜਾਬ ਦੇ ਨੌਜਵਾਨਾਂ ਨੂੰ ਰੋਲਣ ਦੇ ਦੋਸ਼ ਲਾਏ ਸਨ। ਇਨ੍ਹਾਂ ਦੋਸ਼ਾਂ ਤੋਂ ਔਖੇ ਹੋ ਕੇ ਮਜੀਠੀਆ ਨੇ ਕੇਜਰੀਵਾਲ ਖਿਲਾਫ ਮਾਣਹਾਨੀ ਦਾ ਕੇਸ ਅੰਮ੍ਰਿਤਸਰ ਦੀ ਅਦਾਲਤ ਵਿਚ ਦਾਇਰ ਕਰਵਾ ਦਿੱਤਾ ਸੀ। ਹੁਣ ਕੇਜਰੀਵਾਲ ਵੱਲੋਂ ਸਾਰੇ ਦੋਸ਼ ਬਿਨਾ ਸ਼ਰਤ ਵਾਪਸ ਲਏ ਜਾਣ ਅਤੇ ਇਸ ਸਬੰਧੀ ਮੁਆਫੀਨਾਮਾ ਅਦਾਲਤ ਵਿਚ ਦਾਖਲ ਕਰਨ ਤੋਂ ਬਾਅਦ ਮਜੀਠੀਆ ਨੇ ਵੀ ਮਾਣਹਾਨੀ ਦਾ ਕੇਸ ਵਾਪਸ ਲੈਣ ਦਾ ਐਲਾਨ ਕੀਤਾ ਹੈ। ਕੇਜਰੀਵਾਲ ਨੇ ਇਸੇ ਤਰਜ਼ ਉਤੇ ਭਾਰਤੀ ਜਨਤਾ ਪਾਰਟੀ ਦੇ ਆਗੂ ਨਿਤਿਨ ਗਡਕਰੀ ਅਤੇ ਕਾਂਗਰਸ ਦੇ ਆਗੂ ਕਪਿਲ ਸਿੱਬਲ ਤੋਂ ਵੀ ਮੁਆਫੀ ਮੰਗ ਲਈ ਹੈ। ਇਨ੍ਹਾਂ ਆਗੂਆਂ ਨੇ ਵੀ ਉਨ੍ਹਾਂ ਖਿਲਾਫ ਮਾਣਹਾਨੀ ਦੇ ਕੇਸ ਦਰਜ ਕਰਵਾਏ ਹੋਏ ਸਨ। ਇਸ ਤੋਂ ਇਲਾਵਾ ਉਨ੍ਹਾਂ ਦਿੱਲੀ ਵਿਚ ਚੱਲ ਰਹੇ ਮਾਣਹਾਨੀ ਦੇ ਇਕ ਹੋਰ ਕੇਸ ਵਿਚ ਕੇਂਦਰੀ ਖਜ਼ਾਨਾ ਮੰਤਰੀ ਅਰੁਣ ਜੇਤਲੀ ਤੋਂ ਮੁਆਫੀ ਮੰਗਣ ਦਾ ਇਰਾਦਾ ਵੀ ਪ੍ਰਗਟਾਇਆ ਹੈ। ਯਾਦ ਰਹੇ, ਇਸ ਵਕਤ ਅਰਵਿੰਦ ਕੇਜਰੀਵਾਲ ਖਿਲਾਫ ਮੁਲਕ ਦੀਆਂ ਵੱਖ ਵੱਖ ਅਦਾਲਤਾਂ ਵਿਚ ਮਾਣਹਾਨੀ ਦੇ ਤਕਰੀਬਨ 33 ਕੇਸ ਚੱਲ ਰਹੇ ਹਨ। ਪਾਰਟੀ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਕੇਜਰੀਵਾਲ ਆਪਣਾ ਧਿਆਨ ਬੇਲੋੜੀਆਂ ਅਦਾਲਤੀ ਪੇਸ਼ੀਆਂ ਵਿਚ ਨਹੀਂ ਭਟਕਾਉਣਾ ਚਾਹੁੰਦੇ। ਉਹ ਅਜਿਹੇ ਮਾਮਲੇ ਮੁਕਾ ਕੇ ਇਕ ਤਾਂ ਆਪਣਾ ਧਿਆਨ ਦਿੱਲੀ ਦੇ ਸ਼ਾਸਨ ਉਪਰ ਲਾਉਣਾ ਚਾਹੁੰਦੇ ਹਨ; ਦੂਜੇ, ਅਗਲੇ ਸਾਲ ਲੋਕ ਸਭਾ ਚੋਣਾਂ ਦੀ ਤਿਆਰੀ ਲਈ ਵੀ ਉਨ੍ਹਾਂ ਨੂੰ ਸਮਾਂ ਚਾਹੀਦਾ ਹੈ। ਇਸ ਲਈ ਇਹੀ ਫੈਸਲਾ ਕੀਤਾ ਗਿਆ ਕਿ ਅਜਿਹੇ ਅਦਾਲਤੀ ਝਮੇਲਿਆਂ ਵਿਚ ਸਮਾਂ ਬਰਬਾਦ ਨਾ ਹੀ ਕੀਤਾ ਜਾਵੇ ਤਾਂ ਬਿਹਤਰ ਰਹੇਗਾ।

ਆਮ ਆਦਮੀ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਦੇ ਇਸ ਫੈਸਲੇ ਖਿਲਾਫ ਪੰਜਾਬ ਇਕਾਈ ਵਿਚ ਰੱਫੜ ਪੈ ਗਿਆ ਹੈ। ਇਸ ਮਸਲੇ ਬਾਰੇ ਦਿੱਲੀ ਵਿਚ ਬੁਲਾਈ ਮੀਟਿੰਗ ਵਿਚ ਪੰਜਾਬ ਦੇ ਸੀਨੀਅਰ ਲੀਡਰ ਸ਼ਾਮਲ ਹੀ ਨਹੀਂ ਹੋਏ। ਪਾਰਟੀ ਦੇ ਕੁਝ ਲੀਡਰ ਤਾਂ ਕੇਜਰੀਵਾਲ ਦੇ ਇਸ ਕਦਮ ਨੂੰ ਵਿਸ਼ਵਾਸਘਾਤ ਦੱਸ ਰਹੇ ਹਨ। ਸੰਸਦ ਮੈਂਬਰ ਭਗਵੰਤ ਮਾਨ ਨੇ ਰੋਸ ਵਜੋਂ ਪੰਜਾਬ ਇਕਾਈ ਦੇ ਕਨਵੀਨਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਕੇਂਦਰੀ ਲੀਡਰਸ਼ਿਪ ਵੱਲੋਂ ਅਸਤੀਫਾ ਨਾਮਨਜ਼ੂਰ ਕਰਨ ਦੇ ਬਾਵਜੂਦ ਉਹ ਆਪਣੇ ਫੈਸਲੇ 'ਤੇ ਡਟੇ ਹੋਏ ਹਨ। ਪਾਰਟੀ ਦੇ ਵਿਧਾਨਕ ਦਲ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਅਤੇ ਪੰਜਾਬ ਇਕਾਈ ਦੇ ਸਹਿ-ਕਨਵੀਨਰ ਅਮਨ ਅਰੋੜਾ ਤੇ ਵਿਧਾਇਕ ਕੰਵਰ ਸੰਧੂ ਦੀਆਂ ਸੁਰਾਂ ਵੀ ਤਿੱਖੀਆਂ ਹਨ। ਇਹ ਚਰਚਾ ਵੀ ਚੱਲ ਰਹੀ ਹੈ ਕਿ ਕੁਝ ਲੀਡਰ ਪੰਜਾਬ ਇਕਾਈ ਵੱਲੋਂ ਦਿੱਲੀ ਇਕਾਈ ਨਾਲੋਂ ਨਾਤਾ ਤੋੜਨ ਬਾਰੇ ਕਹਿ ਰਹੇ ਹਨ। ਪੰਜਾਬ ਦੇ ਲੀਡਰਾਂ ਦਾ ਇਕ ਇਤਰਾਜ਼ ਇਹ ਵੀ ਕਿ ਇਸ ਮਸਲੇ ਉਤੇ ਫੈਸਲਾ ਕਰਨ ਤੋਂ ਉਨ੍ਹਾਂ ਨਾਲ ਵਿਚਾਰ-ਵਟਾਂਦਰਾ ਤਾਂ ਕੀ ਕਰਨਾ ਸੀ, ਉਨ੍ਹਾਂ ਨੂੰ ਭਿਣਕ ਤੱਕ ਨਹੀਂ ਪੈਣ ਦਿੱਤੀ ਗਈ। ਇਸੇ ਦੌਰਾਨ ਆਮ ਆਦਮੀ ਪਾਰਟੀ ਦੇ ਇਸ ਅੰਦਰੂਨੀ ਕਲੇਸ਼ ਵਿਚੋਂ ਸੱਤਾਧਾਰੀ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਸਿਆਸੀ ਲਾਹਾ ਲੈਣ ਦੀ ਤਾਕ ਵਿਚ ਹਨ। ਤੇਜ਼ੀ ਨਾਲ ਵਾਪਰੇ ਇਸ ਘਟਨਾਕ੍ਰਮ ਦਾ ਅਸਰ ਪੰਜਾਬ ਵਿਧਾਨ ਸਭਾ ਦੀ ਕਾਰਵਾਈ ਉਤੇ ਪੈਣਾ ਵੀ ਸੁਭਾਵਿਕ ਹੈ। ਸਦਨ ਵਿਚ ਮੁੱਖ ਵਿਰੋਧੀ ਵਜੋਂ ਆਮ ਆਦਮੀ ਪਾਰਟੀ ਨੇ ਜੋ ਵੀ ਨੀਤੀ-ਰਣਨੀਤੀ ਘੜੀ ਹੋਵੇਗੀ, ਉਹ ਜੇ ਪੂਰੀ ਤਰ੍ਹਾਂ ਠੁੱਸ ਨਹੀਂ ਹੋਈ, ਤਾਂ ਘੱਟੋ-ਘੱਟ ਇਸ ਦਾ ਤਾਣ ਤਾਂ ਘੱਟ ਹੋਇਆ ਹੀ ਹੈ। ਉਂਜ, ਕੁਝ ਸਿਆਸੀ ਮਾਹਿਰ ਮੁਆਫੀ ਮੰਗਣ ਦੇ ਸਮੇਂ ਬਾਰੇ ਵੀ ਸਵਾਲ ਕਰ ਰਹੇ ਹਨ। ਉਨ੍ਹਾਂ ਦਾ ਸਵਾਲ ਹੈ ਕਿ ਇਹ ਮੁਆਫੀ ਵਿਧਾਨ ਸਭਾ ਸੈਸ਼ਨ ਤੋਂ ਐਨ ਪਹਿਲਾਂ ਹੀ ਕਿਉਂ ਮੰਗੀ ਗਈ ਹੈ? ਇਹ ਮਾਹਿਰ ਇਸ ਵਿਚੋਂ ਵੀ ਕੋਈ ਸਿਆਸੀ ਘੁੰਡੀ ਦੀ ਦੱਸ ਪਾ ਰਹੇ ਹਨ।

ਇਸ ਸਾਰੇ ਘਟਨਾਕ੍ਰਮ 'ਤੇ ਨਿਗ੍ਹਾ ਮਾਰਦਿਆਂ ਇਕ ਤੱਥ ਤਾਂ ਸਪਸ਼ਟ ਹੀ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਨੇ ਕੇਜਰੀਵਾਲ ਅਤੇ ਦਿੱਲੀ ਸਰਕਾਰ ਦੇ ਨੱਕ ਵਿਚ ਦਮ ਕੀਤਾ ਹੋਇਆ ਹੈ। ਕੇਂਦਰ ਦੀ ਕਥਿਤ ਸ਼ਹਿ ਉਤੇ ਹੀ ਦਿੱਲੀ ਦੀ ਅਫਸਰਸ਼ਾਹੀ ਕੇਜਰੀਵਾਲ ਸਰਕਾਰ ਨੂੰ ਸਹਿਯੋਗ ਨਹੀਂ ਦੇ ਰਹੀ। ਇਹੀ ਨਹੀਂ, ਪਾਰਟੀ ਦੇ ਆਗੂਆਂ ਖਿਲਾਫ ਕਿਸੇ ਨਾ ਕਿਸੇ ਬਹਾਨੇ ਕੇਸ ਬਣਾਏ ਜਾ ਰਹੇ ਹਨ। ਇਸ ਦੇ ਨਾਲ ਹੀ ਇਹ ਤੱਥ ਵੀ ਗੌਲਣ ਵਾਲਾ ਹੈ ਕਿ ਪਾਰਟੀ ਦੇ ਪੁਰਾਣੇ ਹਮਾਇਤੀ ਹੁਣ ਪਾਰਟੀ ਤੋਂ ਦੂਰ ਜਾ ਚੁਕੇ ਹਨ। ਪਾਰਟੀ ਦੇ ਆਗੂਆਂ ਨੇ ਪਹਿਲਾਂ ਰੁੱਸੇ ਅਹਿਮ ਲੀਡਰਾਂ ਨੂੰ ਮਨਾਉਣ ਲਈ ਕਦੀ ਯਤਨ ਨਹੀਂ ਕੀਤੇ। ਅਜਿਹੀਆਂ ਸੂਰਤਾਂ ਵਿਚ ਪਾਰਟੀ ਕੋਲ ਜੂਝਣ ਦੀ ਤਾਕਤ ਬਹੁਤ ਸੀਮਤ ਹੋ ਗਈ। ਸਿੱਟੇ ਵਜੋਂ ਪਾਰਟੀ ਆਗੂਆਂ ਨੂੰ ਕੁਝ ਮੋਰਚਿਆਂ ਤੋਂ ਪਿੱਛੇ ਹਟਣ ਲਈ ਮਜਬੂਰ ਹੋਣਾ ਪੈ ਰਿਹਾ ਹੈ ਤਾਂ ਕਿ ਆਪਣੀ ਤਾਕਤ ਨੂੰ ਬਿਹਤਰ ਢੰਗ ਨਾਲ ਲਾਮਬੰਦ ਕਰਨ ਦਾ ਮੌਕਾ ਮਿਲ ਸਕੇ। ਅਸਲ ਵਿਚ ਪੰਜਾਬ ਇਕਾਈ ਦੇ ਆਗੂਆਂ ਨੂੰ ਭਰੋਸੇ ਵਿਚ ਨਾ ਲੈਣਾ ਵੀ ਕੇਂਦਰੀ ਲੀਡਰਸ਼ਿਪ ਦੀ ਵੱਡੀ ਕੁਤਾਹੀ ਜਾਪਦੀ ਹੈ। ਪੰਜਾਬ ਵਿਚ ਨਸ਼ਿਆਂ ਦਾ ਪਸਾਰਾ ਵੱਡਾ ਮੁੱਦਾ ਹੈ। ਨਸ਼ਿਆਂ ਦੇ ਮਾਮਲੇ ਦੀ ਜਾਂਚ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਬਣਾਈ ਵਿਸ਼ੇਸ਼ ਟਾਸਕ ਫੋਰਸ ਦੀ ਲੀਕ ਹੋਈ ਰਿਪੋਰਟ ਵਿਚ ਬਿਕਰਮ ਸਿੰਘ ਮਜੀਠੀਆ ਦਾ ਨਾਂ ਬੋਲਣ ਦੀ ਚਰਚਾ ਹੈ। ਇਸੇ ਕਰ ਕੇ ਹੁਣ ਵੱਡਾ ਸਵਾਲ ਇਹ ਹੈ ਕਿ ਚੋਣ ਜਿੱਤਣ ਦੇ ਆਲੇ-ਦੁਆਲੇ ਸੁੰਗੜ ਰਹੀ ਸਿਆਸਤ ਦੇ ਇਸ ਦੌਰ ਵਿਚ ਨਸ਼ਿਆਂ ਵਾਲਾ ਮੁੱਦਾ ਕਿਵੇਂ ਨਜਿੱਠਿਆ ਜਾਵੇਗਾ ਅਤੇ ਇਸ ਨੂੰ ਨਜਿੱਠੇਗਾ ਕੌਣ?

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਨੀਲੇ-ਚਿੱਟੇ ਦੋ ਪੁੜ?*

ਮੂੰਹ-ਮੱਥਾ ਜਦ 'ਤੀਜੇ' ਦਾ ਬਣਨ ਲੱਗੇ, ਪਿੱਸੂ ਪੈਂਦੇ ਨੇ ਨੀਲਿਆਂ-ਚਿੱਟਿਆਂ ਨੂੰ।
ਤੁਰੇ ਹੋਏ 'ਰੰਗਰੂਟ' ਬੇ-ਪੇਸ਼ ਹੁੰਦੇ, ਪੈਖੜ ਏਦਾਂ ਦਾ ਪਾਉਂਦੇ ਨੇ ਗਿੱਟਿਆਂ ਨੂੰ।
ਕੱਚੇ ਕੰਨਾਂ ਦੇ ਆਪੋ ਵਿਚ ਪਾਟ ਜਾਂਦੇ, ਬਿਨ ਵਿਚਾਰਿਆਂ ਨਿਕਲਦੇ ਸਿੱਟਿਆਂ ਨੂੰ।
ਢਾਹੁਣਾ 'ਦੋਂਹ' ਨੂੰ 'ਤੀਜੇ' ਲਈ ਬਹੁਤ ਔਖਾ, ਰਾਜ-ਮਦ ਹੰਕਾਰ ਵਿਚ ਫਿੱਟਿਆਂ ਨੂੰ।
ਖਾਣ ਖਤਾ ਤਜ਼ਰਬੇ ਦੀ ਘਾਟ ਕਰਕੇ, ਸੱਦਾ ਖੁਦ ਦੇ ਦੇਣ ਖਰਾਬੀਆਂ ਨੂੰ।
ਚੱਕੀ ਨੀਲੇ ਤੇ ਚਿੱਟੇ ਦੋ ਪੁੜਾਂ ਵਾਲੀ, ਲੱਗਦੈ ਪੀਂਹਦੀ ਹੀ ਰਹੂ ਪੰਜਾਬੀਆਂ ਨੂੰ!

# ਸਿਆਸਤ ਦੇ ਨਵੇਂ ਸਮੀਕਰਨ, ਨਵੇਂ ਪੈਂਤੜੇ

ਸਿਆਸਤ ਵਿਚ ਇੱਕ ਹਫਤਾ ਵੀ ਬੜਾ ਲੰਮਾ ਸਮਾਂ ਹੋ ਨਿੱਬੜਦਾ ਹੈ। ਅਜੇ ਪਿਛਲੇ ਹਫਤੇ ਤ੍ਰਿਪੁਰਾ ਜਿੱਤਣ ਅਤੇ ਉਤਰ-ਪੂਰਬੀ ਭਾਰਤ ਵਿਚ ਸਿਆਸੀ ਸੰਨ੍ਹ ਲਾ ਲੈਣ ਕਾਰਨ ਭਾਜਪਾ ਦੀ ਚੜ੍ਹਤ ਅਤੇ ਪੱਕੇ-ਪੈਰੀਂ ਚੜ੍ਹਾਈ ਦਾ ਰੌਲਾ ਸੁਰਖੀਆਂ ਵਿਚ ਸੀ, ਪਰ ਦਸਾਂ ਦਿਨਾਂ ਦੇ ਅੰਦਰ ਅੰਦਰ ਉਤਰ ਪ੍ਰਦੇਸ਼ ਅਤੇ ਬਿਹਾਰ ਵਿਚ ਤਿੰਨ ਥਾਂ ਤੋਂ ਪਾਰਲੀਮੈਂਟ ਲਈ ਹੋਈਆਂ ਜ਼ਿਮਨੀ ਚੋਣਾਂ ਵਿਚ ਹਾਰ ਜਾਣ ਨਾਲ ਉਸ ਦੇ ਬਾਦਬਾਨਾਂ ਵਿਚੋਂ ਹਵਾ ਨਿਕਲ ਜਾਣ ਦੇ ਚਰਚੇ ਭਾਰੂ ਹਨ। ਭਾਜਪਾ ਇਸ ਸਮੇਂ ਕੇਂਦਰ ਵਿਚ ਪੂਰਨ ਬਹੁਮਤ ਵਿਚ ਹੈ, ਦੋ ਸੀਟਾਂ ਘਟਣ

**ਸੁਕੀਰਤ**

ਨਾਲ (ਬਿਹਾਰ ਵਾਲੀ ਤੀਜੀ ਸੀਟ ਪਹਿਲਾਂ ਹੀ ਰਾਸ਼ਟਰੀ ਜਨਤਾ ਦੀ ਝੋਲੀ ਵਿਚ ਸੀ) ਉਸ ਦੀ ਤਾਕਤ ਵਿਚ ਤਰੇੜ ਨਹੀਂ ਪੈਣੀ, ਪਰ ਇਸ ਹਾਰ ਨਾਲ ਉਸ ਦਾ ਵਕਾਰ ਚੋਖਾ ਤਿੜਕਿਆ ਹੈ। 2019 ਦੀਆਂ ਆਮ ਚੋਣਾਂ ਤੋਂ ਸਿਰਫ ਇੱਕ ਸਾਲ ਪਹਿਲਾਂ ਹੋਈਆਂ ਇਨ੍ਹਾਂ ਜ਼ਿਮਨੀ ਚੋਣਾਂ ਦੇ ਨਤੀਜੇ ਇਸ ਗੱਲ ਦੇ ਸੂਚਕ ਵੀ ਹਨ ਕਿ 2014 ਵਿਚ ਖੁਦ ਭਾਜਪਾ ਲਈ ਜਿਹੜੇ 'ਅੱਛੇ ਦਿਨਾਂ' ਦਾ ਮਾਹੌਲ ਬਣਿਆ ਹੋਇਆ ਸੀ, ਉਹ ਹੁਣ ਤਕਰੀਬਨ ਉਡ-ਪੁਡ ਗਿਆ ਹੈ। ਰਾਜਸਥਾਨ ਦੀਆਂ ਜ਼ਿਮਨੀ ਚੋਣਾਂ ਤੋਂ ਬਾਅਦ ਹੋਈ ਇਹ ਉਤੋ-ੜਿਤੀ ਹਾਰ ਭਾਜਪਾ ਲਈ ਖਤਰੇ ਦੀ ਸੂਚਕ ਹੈ।

2014 ਵਿਚ ਇਕੱਲੀ ਭਾਜਪਾ ਦੇ ਪੱਲੇ 282 ਸੀਟਾਂ ਪਈਆਂ ਸਨ, ਜਿਨ੍ਹਾਂ ਵਿਚੋਂ 93 (ਯਾਨਿ ਇੱਕ ਤਿਹਾਈ) ਸੀਟਾਂ ਸਿਰਫ ਉਤਰ ਪ੍ਰਦੇਸ਼ ਅਤੇ ਬਿਹਾਰ ਵਿਚੋਂ ਆਈਆਂ। ਇਨ੍ਹਾਂ 93 ਵਿਚੋਂ ਵੀ ਇਕੱਲੇ ਉਤਰ ਪ੍ਰਦੇਸ਼ ਨੇ ਭਾਜਪਾ ਦੀ ਝੋਲੀ 71 ਸੀਟਾਂ ਪਾਈਆਂ, ਯਾਨਿ ਭਾਜਪਾ ਦਾ ਹਰ ਚੌਥਾ ਪਾਰਲੀਮੈਂਟ ਮੈਂਬਰ ਇਸੇ ਸੂਬੇ ਤੋਂ ਹੈ। 2014 ਵਿਚ ਉਤਰ ਪ੍ਰਦੇਸ਼ ਦੀਆਂ 80 ਵਿਚੋਂ 71 ਸੀਟਾਂ ਜਿੱਤਣ ਵਾਲੀ ਭਾਜਪਾ ਲਈ ਆਪਣੇ ਪਿਛਲੇ ਮਾਅਰਕੇ ਨੂੰ ਦੋਹਰਾ ਸਕਣਾ ਪਹਿਲਾਂ ਹੀ ਔਖਾ ਜਾਪਦਾ ਸੀ, ਹੁਣ ਹਾਲੀਆ ਨਤੀਜਿਆਂ ਤੋਂ ਦੇਖਦਿਆਂ ਇਸ ਨੂੰ ਅਸੰਭਵ ਕਿਹਾ ਜਾ ਸਕਦਾ ਹ।

ਗੋਰਖਪੁਰ ਤੋਂ ਭਾਜਪਾ ਉਹ ਸੀਟ ਹਾਰ ਗਈ ਹੈ ਜੋ 1960 ਤੋਂ ਲਗਾਤਾਰ ਉਸੇ ਦੀ ਵਿਚਾਰਧਾਰਾ (ਹਿੰਦੂ ਮਹਾਂਸਭਾ, ਜਨਸੰਘ) ਵਾਲਿਆਂ ਦੀ ਝੋਲੀ ਪੈਂਦੀ ਆਈ ਹੈ। ਸਿਰਫ 1984 ਵਿਚ, ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਹੋਈਆਂ ਚੋਣਾਂ ਵਿਚ ਜਦੋਂ ਭਾਜਪਾ ਕੇਵਲ 2 ਸੀਟਾਂ ਤਕ ਸੁੰਗੜ ਕੇ ਰਹਿ ਗਈ ਸੀ, ਇਹ ਸੀਟ ਇਕ ਵਾਰ ਉਸ ਦੇ ਹੱਥੋਂ ਕਿਰੀ, ਪਰ 1989 ਤੋਂ ਮਗਰੋਂ ਇਹ ਹਮੇਸ਼ਾ ਫੇਰ ਉਸੇ ਦੇ ਕਬਜ਼ੇ ਵਿਚ ਰਹੀ ਹੈ। ਯੋਗੀ ਅਦਿਤਿਆਨਾਥ ਤਾਂ ਲਗਾਤਾਰ ਪੰਜ ਵਾਰ ਇਸੇ ਸੀਟ ਤੋਂ ਜੇਤੂ ਤੁਰਿਆ ਆ ਰਿਹਾ ਸੀ। ਅੱਧੀ ਸਦੀ ਤੋਂ ਵਧ ਇਕੋ ਵਿਚਾਰਧਾਰਾ ਵਾਲੇ ਦਲਾਂ ਦੇ ਕਬਜ਼ੇ ਰਹੀ ਹੇਠ ਇਸ ਸੀਟ ਦਾ ਖੁਸ ਜਾਣਾ ਵੱਡੀ ਮਾਰ ਨਹੀਂ ਤਾਂ ਹੋਰ ਕੀ ਹੋ ਸਕਦੀ ਹੈ! ਆਪਣੇ ਪੱਕੇ ਸੰਸਦ ਮੈਂਬਰ (ਜੋ ਅਜੇ ਸਾਲ ਪਹਿਲਾਂ ਹੀ ਉਨ੍ਹਾਂ ਦੇ ਸੂਬੇ ਦਾ ਮੁਖ ਮੰਤਰੀ ਥਾਪਿਆ ਗਿਆ ਸੀ) ਵਾਲੀ ਸੀਟ ਵਿਰੋਧੀ ਧਿਰਾਂ ਦੀ ਝੋਲੀ ਪਾ ਕੇ ਗੋਰਖਪੁਰ ਦੀ ਜਨਤਾ ਨੇ ਆਪਣੀ ਸੂਬਾਈ ਸਰਕਾਰ ਨਾਲ ਮੋਹ-ਭੰਗ ਦਾ ਸਾਫ ਪ੍ਰਗਟਾਵਾ ਵੀ ਕੀਤਾ ਹੈ। ਤਕਰੀਬਨ ਇੰਨ ਬਿੰਨ, ਇਨ੍ਹਾਂ ਹੀ ਹਾਲਤਾਂ ਵਿਚ ਕੈਪਟਨ ਅਮਰਿੰਦਰ ਸਿੰਘ ਦੇ ਹਲਕੇ ਅੰਮ੍ਰਿਤਸਰ ਵਿਚ ਜ਼ਿਮਨੀ ਚੋਣ ਹੋਈ ਸੀ, ਪਰ ਉਥੋਂ ਇੱਕ ਅਣਜਾਣੇ ਕਾਂਗਰਸੀ ਉਮੀਦਵਾਰ ਨੂੰ ਖੜ੍ਹਾ ਕਰ ਕੇ ਵੀ ਕਾਂਗਰਸ ਨੇ ਭਾਰੀ ਬਹੁਮਤ ਲੈ ਲਿਆ ਸੀ, ਤੇ ਸਾਬਤ ਕਰ ਦਿਤਾ ਸੀ ਕਿ ਲੋਕ ਅਜੇ ਵੀ ਸੂਬਾਈ ਸਰਕਾਰ ਦੇ ਨਾਲ ਖੜ੍ਹੇ ਹਨ। ਯੋਗੀ ਅਦਿਤਿਆਨਾਥ ਅਤੇ ਭਾਜਪਾ ਲਈ ਏਦੂੰ ਵੱਡੀ ਸਿਆਸੀ ਚਪੇੜ ਕੀ ਹੋ ਸਕਦੀ ਹੈ? ਇਹੋ ਹਾਲ ਫੂਲਪੁਰ ਦਾ ਹੋਇਆ ਹੈ, ਜਿਥੋਂ ਦੇ ਸੰਸਦ ਮੈਂਬਰ ਮੌਰਿਆ ਨੂੰ ਉਪ ਮੁਖ ਮੰਤਰੀ ਥਾਪਿਆ ਗਿਆ ਸੀ। ਨਾ ਸੂਬੇ ਦਾ ਮੁੱਖ ਮੰਤਰੀ, ਤੇ ਨਾ ਹੀ ਉਪ ਮੁੱਖ ਮੰਤਰੀ ਆਪਣੇ ਹਲਕੇ ਦੇ ਵੋਟਰਾਂ ਵਿਚ ਕਿਸੇ ਕਿਸਮ ਦਾ ਵਿਸ਼ਵਾਸ ਜਗਾ ਸਕੇ।

ਆਪਣੇ ਉਤੇ ਆਣ ਪਈ ਇਸ ਬਿੱਜ ਲਈ ਭਾਜਪਾ ਸਮਾਜਵਾਦੀ ਪਾਰਟੀ ਅਤੇ ਬਸਪਾ ਦੇ 'ਗੈਰ-ਅਸੂਲੀ' ਗਠਜੋੜ ਨੂੰ ਕਸੂਰਵਾਰ ਠਹਿਰਾ ਰਹੀ ਹੈ। ਭਾਜਪਾ ਦੇ ਆਪਣੇ ਗਠਜੋੜ ਕਿੰਨੇ ਕੁ ਅਸੂਲੀ ਹਨ, ਉਹ ਇੱਕ ਹਾਸੋਹੀਣੀ ਅਤੇ ਵੱਖਰੀ ਬਹਿਸ ਦਾ ਵਿਸ਼ਾ ਹੋ ਸਕਦੇ ਹਨ, ਪਰ ਹਾਲ ਦੀ ਘੜੀ ਇਸ ਗੱਲ ਵੱਲ ਨਾ ਜਾਂਦੇ ਹੋਏ, ਧਿਆਨਯੋਗ ਗੱਲ ਇਹ ਹੈ ਕਿ ਇਨ੍ਹਾਂ ਚੋਣਾਂ ਵਿਚ ਸਮਾਜਵਾਦੀ ਪਾਰਟੀ ਨੂੰ ਜਿੰਨੀਆਂ ਵੋਟਾਂ ਪਈਆਂ, ਉਹ 2014 ਵਿਚ ਬਸਪਾ ਅਤੇ ਸਮਾਜਵਾਦੀ ਪਾਰਟੀ ਨੂੰ ਪਈਆਂ ਕੁਲ ਵੋਟਾਂ ਨਾਲੋਂ 10 ਪ੍ਰਤੀਸ਼ਤ ਵਧ ਹਨ। ਐਤਕੀਂ ਜੇਤੂ ਰਹੀ ਸਮਾਜਵਾਦੀ ਪਾਰਟੀ ਨੂੰ ਗੋਰਖਪੁਰ ਤੋਂ 49 ਫੀਸਦ ਅਤੇ ਫੂਲਪੁਰ ਤੋਂ 47 ਫੀਸਦ ਵੋਟਾਂ ਪਈਆਂ ਹਨ, ਜਦਕਿ ਪਿਛਲੀਆਂ ਚੋਣਾਂ ਵਿਚ ਸਮਾਜਵਾਦੀ ਪਾਰਟੀ ਅਤੇ ਬਸਪਾ ਦੇ ਉਮੀਦਵਾਰਾਂ ਦੀਆਂ ਰਲਵੀਆਂ ਵੋਟਾਂ ਵੀ 38 ਫੀਸਦ ਤਕ ਨਹੀਂ ਸਨ ਪਹੁੰਚ ਸਕੀਆਂ; ਯਾਨਿ ਇਸ ਗਠਜੋੜ ਨੇ 10 ਫੀਸਦ ਵੋਟਾਂ ਉਹ ਖਿਚੀਆਂ ਜੋ ਪਿਛਲੀ ਵਾਰ ਭਾਜਪਾ ਦੇ ਖਾਤੇ ਪਈਆਂ ਸਨ।

ਉਤਰ ਪ੍ਰਦੇਸ਼ ਵਾਲੀਆਂ ਵਕਾਰੀ ਚੋਣਾਂ ਵਿਚ ਗੂੰਜਵੀਂ ਹਾਰ ਕਾਰਨ ਬਿਹਾਰ ਦੀ ਜ਼ਿਮਨੀ ਚੋਣ ਦੀ ਗਲ ਘਟ ਹੋਈ ਹੈ, ਪਰ ਮਹਤਵ ਉਸ ਦਾ ਵੀ ਘਟ ਨਹੀਂ। ਅਰਰੀਆ ਹਲਕੇ ਦੀ ਇਹ ਸੀਟ ਰਾਸ਼ਟਰੀ ਜਨਤਾ ਦਲ ਦੇ ਸੰਸਦ ਮੈਂਬਰਦੀ ਮੌਤ ਕਾਰਨ ਖਾਲੀ ਹੋਈ ਸੀ। ਪਿਛਲੀ ਵਾਰ ਇਥੋਂ ਤਿਕੋਣਾ ਮੁਕਾਬਲਾ ਸੀ (ਰਾਸ਼ਟਰੀ ਜਨਤਾ ਦਲ, ਭਾਜਪਾ ਅਤੇ ਜਨਤਾ ਦਲ(ਯੂ) ਵਿਚਕਾਰ) ਜਿਸ ਵਿਚ 41.8 ਫੀਸਦ ਵੋਟਾਂ ਲੈ ਕੇ ਲਾਲੂ ਦੀ ਪਾਰਟੀ ਜੇਤੂ ਰਹੀ, ਪਰ ਉਸ ਵੇਲੇ ਰਾਸ਼ਟਰੀ ਜਨਤਾ ਦਲ ਅਤੇ ਭਾਜਪਾ ਦੀਆਂ ਰਲਵੀਆਂ ਵੋਟਾਂ 50 ਫੀਸਦ ਤਕ ਪਹੁੰਚ ਗਈਆਂ ਸਨ। ਇਸ ਵਾਰ ਪਾਰਟੀ ਦਾ ਆਗੂ ਲਾਲੂ ਪ੍ਰਸਾਦ ਜੇਲ੍ਹ ਵਿਚ ਹੈ, ਰਾਸ਼ਟਰੀ ਜਨਤਾ ਦਲ ਦਾ ਨਿਤੀਸ਼ ਕੁਮਾਰ ਸੂਬੇ ਦਾ ਮੁਖ ਮੰਤਰੀ ਹੈ ਅਤੇ ਹੁਣ ਭਾਜਪਾ ਦੇ ਨਾਲ ਜੁੜ ਚੁਕਾ ਹੈ, ਸੋ ਉਸ ਨੇ ਮੈਦਾਨ ਰਾਸ਼ਟਰੀ ਜਨਤਾ ਦਲ ਅਤੇ ਭਾਜਪਾ ਵਿਚਕਾਰ ਦੁਵੱਲੇ ਮੁਕਾਬਲੇ ਲਈ ਤਿਆਰ ਕਰ ਦਿਤਾ, ਪਰ ਵੋਟਾਂ ਤਾਂ ਵੀ ਲਾਲੂ ਦੀ ਪਾਰਟੀ ਨੂੰ ਵਧ ਪਈਆਂ ਅਤੇ ਉਹ 50 ਫੀਸਦ ਦੇ ਗੇੜ ਵਿਚ ਪਹੁੰਚ ਕੇ ਮੁੜ ਜੇਤੂ ਰਹੀ। ਰਾਸ਼ਟਰੀ ਜਨਤਾ ਦਲ ਦੀਆਂ ਵੋਟਾਂ ਵਿਚ 8 ਫੀਸਦ ਦਾ ਇਜ਼ਾਫਾ ਨਾ ਸਿਰਫ ਨਿਤੀਸ਼ ਕੁਮਾਰ ਦੀ ਸੂਬਾਈ ਸਰਕਾਰ ਵਿਚ ਬੇਭਰੋਸਗੀ ਦਰਸਾਉਂਦਾ ਹੈ, ਸਗੋਂ ਲਾਲੂ ਯਾਦਵ ਦੀ ਲੋਕਪ੍ਰਿਅਤਾ ਵਲ ਵੀ ਇਸ਼ਾਰਾ ਕਰਦਾ ਹੈ।

ਇਹੋ ਜਿਹੀ ਗਿਣਤੀ-ਮਿਣਤੀ ਤੋਂ ਪਰ੍ਹਾਂ ਜਾ ਕੇ ਇਨ੍ਹਾਂ ਜ਼ਿਮਨੀ ਚੋਣਾਂ ਨੂੰ ਦੇਖੀਏ ਤਾਂ ਦੋ ਗੱਲਾਂ ਸਪਸ਼ਟ ਤੌਰ 'ਤੇ ਉਭਰਦੀਆਂ ਹਨ। ਪਹਿਲੀ ਇਹ ਕਿ 2019 ਦੀਆਂ ਚੋਣਾਂ ਵਿਚ ਭਾਜਪਾ ਦੀ ਜਿੱਤ ਹੁਣ ਓਨੀ ਯਕੀਨੀ ਨਹੀਂ ਕਹੀ ਜਾ ਸਕਦੀ, ਕਿਉਂਕਿ ਮੋਦੀ-ਸ਼ਾਹ ਦੀ ਅਗਵਾਈ ਹੇਠ ਘੜੇ ਗਏ ਉਸ ਦੇ ਜਾਤ-ਆਧਾਰਤ ਸਮੀਕਰਨ ਅਤੇ ਪੈਂਤੜੇ ਹੁਣ ਖੁੰਢੇ ਪੈਂਦੇ ਦਿਸਣ ਲੱਗ ਪਏ ਹਨ। ਦੂਜੀ ਗੱਲ ਇਹ ਕਿ ਸਮਾਜਵਾਦੀ ਪਾਰਟੀ-ਬਸਪਾ ਵਰਗੇ ਵਿਰੋਧੀਆਂ (ਵਿਚਾਰਧਾਰਕ ਪੱਖੋਂ ਨਹੀਂ, ਜਾਤ-ਹਿਤਾਂ ਦੀ ਨੁਮਾਇੰਦਗੀ ਪੱਖੋਂ ਵਿਰੋਧੀ ਪਾਰਟੀਆਂ) ਦਾ ਆਪਣੀ ਹੋਂਦ ਨੂੰ ਬਚਾਉਣ ਲਈ ਇੱਕਮੁਠ ਹੋ ਕੇ ਚੋਣਾਂ ਲੜਨਾ ਅਤੇ ਜਿੱਤਣਾ ਇਸ ਗਲ ਦਾ ਸੂਚਕ ਹੈ ਕਿ ਭਾਜਪਾ ਨੂੰ ਭਾਂਜ ਦੇਣ ਲਈ ਦੇਸ਼ ਦੀ ਸਿਆਸੀ ਫਿਜ਼ਾ ਵਿਚ ਨਵੀਂ ਕਿਸਮ ਦੀ ਹਲਚਲ ਦਾ ਮੁੱਢ ਬੱਝ ਰਿਹਾ ਹੈ।

> ***ਆਪਣੇ ਪੱਕੇ ਸੰਸਦ ਮੈਂਬਰ (ਜੋ ਅਜੇ ਸਾਲ ਪਹਿਲਾਂ ਹੀ ਉਨ੍ਹਾਂ ਦੇ ਸੂਬੇ ਦਾ ਮੁਖ ਮੰਤਰੀ ਥਾਪਿਆ ਗਿਆ ਸੀ) ਵਾਲੀ ਸੀਟ ਵਿਰੋਧੀ ਧਿਰਾਂ ਦੀ ਝੋਲੀ ਪਾ ਕੇ ਗੋਰਖਪੁਰ ਦੀ ਜਨਤਾ ਨੇ ਆਪਣੀ ਸੂਬਾਈ ਸਰਕਾਰ ਨਾਲ ਮੋਹ-ਭੰਗ ਦਾ ਸਾਫ ਪ੍ਰਗਟਾਵਾ ਵੀ ਕੀਤਾ ਹੈ। ਤਕਰੀਬਨ ਇੰਨ ਬਿੰਨ, ਇਨ੍ਹਾਂ ਹੀ ਹਾਲਤਾਂ ਵਿਚ ਕੈਪਟਨ ਅਮਰਿੰਦਰ ਸਿੰਘ ਦੇ ਹਲਕੇ ਅੰਮ੍ਰਿਤਸਰ ਵਿਚ ਜ਼ਿਮਨੀ ਚੋਣ ਹੋਈ ਸੀ, ਪਰ ਉਥੋਂ ਇੱਕ ਅਣਜਾਣੇ ਕਾਂਗਰਸੀ ਉਮੀਦਵਾਰ ਨੂੰ ਖੜ੍ਹਾ ਕਰ ਕੇ ਵੀ ਕਾਂਗਰਸ ਨੇ ਭਾਰੀ ਬਹੁਮਤ ਲੈ ਲਿਆ ਸੀ, ਤੇ ਸਾਬਤ ਕਰ ਦਿਤਾ ਸੀ ਕਿ ਲੋਕ ਅਜੇ ਵੀ ਸੂਬਾਈ ਸਰਕਾਰ ਦੇ ਨਾਲ ਖੜ੍ਹੇ ਹਨ। ਯੋਗੀ ਅਦਿਤਿਆਨਾਥ ਅਤੇ ਭਾਜਪਾ ਲਈ ਏਦੂੰ ਵੱਡੀ ਸਿਆਸੀ ਚਪੇੜ ਕੀ ਹੋ ਸਕਦੀ ਹੈ?***

ਪਰ, ਸਿਆਸਤ ਵਿਚ ਤਾਂ ਇੱਕ ਹਫਤਾ ਵੀ ਬੜਾ ਲੰਮਾ ਸਮਾਂ ਹੋ ਨਿਬੜਦਾ ਹੈ। ਦੇਸ਼ ਅਤੇ ਦੇਸ਼ ਦੇ ਦਲਾਂ ਦੀ ਸਿਆਸਤ 2019 ਤਕ ਕਈ ਨਵੇਂ ਮੋੜ ਕੱਟ ਸਕਦੀ ਹੈ। ਇਸ ਲਈ ਇਨ੍ਹਾਂ ਜਿੱਤਾਂ ਦੇ ਖੁਮਾਰ ਕਾਰਨ ਅਵੇਸਲੇ ਹੋ ਕੇ ਬਹਿ ਸਕਣ ਦੀ ਕੋਈ ਗੁੰਜਾਇਸ਼ ਨਹੀਂ ਹੋਣੀ ਚਾਹੀਦੀ।

ਟ੍ਰਿਬਿਊਨ ਅਖਬਾਰ ਦੇ ਸੰਪਾਦਕ ਹਰੀਸ਼ ਖਰੇ ਦੇ ਅਚਾਨਕ ਅਸਤੀਫੇ ਕਾਰਨ ਜਾਗਰੂਕ ਪਾਠਕਾਂ ਅਤੇ ਪੱਤਰਕਾਰਾਂ ਨੂੰ ਬਹੁਤ ਧੱਕਾ ਲੱਗਾ ਹੈ। ਜੂਨ 2015 ਵਿਚ ਅਖਬਾਰ ਦੇ ਸੰਪਾਦਕ ਥਾਪੇ ਗਏ ਸ੍ਰੀ ਖਰੇ ਨੇ ਆਮ ਤੌਰ ਤੇ ਬੇਧਾਰ ਰਹਿਣ ਵਾਲੇ ਇਸ ਅਖਬਾਰ ਦੀ ਤੇਜ਼ਧਾਰ ਸੇਧ ਅਤੇ ਦਿਖ ਬਣਾਈ। ਉਨ੍ਹਾਂ ਦੇ ਆਪਣੇ ਹਫਤਾਵਾਰੀ ਲੇਖ ਇਨ੍ਹਾਂ ਬੇਕਿਰਕ ਸਮਿਆਂ ਵਿਚ ਸੰਪਾਦਕੀ ਜੁਰੱਅਤ ਅਤੇ ਸਪਸ਼ਟ ਬਿਆਨੀ ਦਾ ਮਿਆਰੀ ਨਮੂਨਾ ਬਣ ਕੇ ਸਾਹਮਣੇ ਆਂਦੇ ਰਹੇ। ਕਿਸੇ ਵੀ ਕਿਸਮ ਦੇ ਸੰਭਾਵਤ ਦਬਾਅ ਜਾਂ ਡਰਾਅ ਅੱਗੇ ਝੁਕੇ ਬਿਨਾ ਉਨ੍ਹਾਂ ਨੇ ਪੰਜਾਬ ਵਿਚ ਰੇਤ ਮਾਫੀਏ ਅਤੇ ਆਧਾਰ ਕਾਰਡਾਂ ਵਿਚ ਵਿਚ ਸੁਰੱਖਿਆ-ਮੋਰੀਆਂ ਦੇ ਵੱਡੇ ਸਕੈਂਡਲਾਂ ਨੂੰ ਅਖਬਾਰ ਰਾਹੀਂ ਉਭਾਰਿਆ ਅਤੇ ਡਟ ਕੇ ਆਪਣੇ ਪੱਤਰਕਾਰਾਂ ਦੇ ਨਾਲ ਖੜ੍ਹੇ ਰਹੇ। ਆਧਾਰ ਕਾਰਡ ਵਾਲਾ ਮਾਮਲਾ ਇਸ ਸਮੇਂ ਸੁਪਰੀਮ ਕੋਰਟ ਦੇ ਵਿਚਾਰਅਧੀਨ ਹੋਣ ਕਾਰਨ ਕੇਂਦਰੀ ਸਰਕਾਰ ਨੂੰ ਹੋਰ ਵੀ ਵੱਧ ਚੁਭਿਆ ਹੈ, ਕਿਉਂਕਿ ਟ੍ਰਿਬਿਊਨ ਦੇ ਇਸ 'ਸਟਿੰਗ' ਨੇ ਇਕੋ ਵਾਰ ਨਾਲ ਸਰਕਾਰ ਦੇ ਸਾਰੇ ਸੁਰੱਖਿਆ ਦਾਅਵੇ ਢਹਿ-ਢੇਰੀ ਕਰ ਦਿੱਤੇ।

ਪਿਛਲੇ ਕੁਝ ਮਹੀਨਿਆਂ ਤੋਂ, ਸਰਕਾਰੀ ਦਬਾਅ ਜਾਂ ਧਮਕੀਆਂ ਕਾਰਨ ਬਹੁਤ ਸਾਰੇ ਮੋਦੀ-ਸਰਕਾਰ ਵਿਰੋਧੀ ਰਿਸਾਲਿਆਂ, ਅਖਬਾਰਾਂ ਜਾਂ ਟੀ.ਵੀ. ਪ੍ਰੋਗਰਾਮਾਂ ਦੇ ਸੰਪਾਦਕਾਂ ਦੇ ਅਸਤੀਫੇ (ਜਾਂ ਦਰੋਂ ਬਾਹਰ ਕਰਨ ਦੇ ਕਿੱਸੇ) ਸਾਹਮਣੇ ਆਏ ਹਨ। 'ਇਕਨੌਮਿਕ ਐਂਡ ਪੋਲਿਟਿਕਲ ਵੀਕਲੀ' ਦੇ ਪਰੌਂਜੌਇ ਗੁਹਾ ਠਾਕੁਰਤਾ, 'ਆਊਟਲੁਕ' ਦੇ ਨੀਲਾਭ ਮਿਸ਼ਰਾ, 'ਹਿੰਦੁਸਤਾਨ ਟਾਈਮਜ਼' ਦੇ ਬੌਬੀ ਘੋਸ਼ ਨੂੰ ਅਸਤੀਫੇ ਦੇਣੇ ਪਏ। 'ਦਿ ਵਾਇਰ' ਉਤੇ ਅਮਿਤ ਸ਼ਾਹ ਦੇ ਬੇਟੇ ਨੇ ਮੁਕੱਦਮਾ ਦਾਇਰ ਕੀਤਾ ਹੋਇਆ ਹੈ, ਜਸਟਿਸ ਲੋਇਆ ਦਾ ਕੇਸ ਖੋਲ੍ਹਣ ਕਾਰਨ 'ਦਿ ਕੈਰੇਵੈਨ' ਸ਼ਿਕੰਜੇ ਵਿਚ ਹੈ। ਇਹੋ ਜਿਹੀਆਂ ਰੋਜ਼ ਨਵੀਆਂ ਮਿਸਾਲਾਂ ਸਾਹਮਣੇ ਆ ਰਹੀਆਂ ਹਨ।

ਵੱਡੇ ਪ੍ਰਿੰਟ ਮੀਡੀਆ ਵਿਚ ਅਜੇ ਤੀਕ ਟ੍ਰਿਬਿਊਨ ਹੀ ਇਸ ਦਬਾਅ ਤੋਂ ਬਚਿਆ ਦਿਸਦਾ ਸੀ। ਇਸ ਦਾ ਇੱਕ ਕਾਰਨ ਇਹ ਵੀ ਹੈ ਕਿ ਹੋਰ ਅਖਬਾਰਾਂ ਤੋਂ ਉਲਟ ਇਹ ਪਰਚਾ ਵਪਾਰਕ ਘਰਾਣਿਆਂ ਜਾਂ ਹਿਤਾਂ ਨਾਲ ਨਹੀਂ ਜੁੜਿਆ ਹੋਇਆ ਅਤੇ ਇਸ ਨੂੰ ਇੱਕ ਟਰਸਟ ਚਲਾਉਂਦਾ ਹੈ ਜਿਸ ਦੇ ਮੈਂਬਰ ਵੀ ਬਦਲਦੇ ਰਹਿੰਦੇ ਹਨ। ਇਸ ਘੜੀ ਇਹ ਕਹਿਣਾ ਔਖਾ ਹੈ ਕਿ ਹਰੀਸ਼ ਖਰੇ ਦੇ ਇਸ ਅਸਤੀਫੇ ਪਿਛੇ ਕੋਈ ਸਰਕਾਰੀ ਦਬਾਅ ਹੈ ਜਾਂ ਇਸ ਨੂੰ ਚਲਾਉਣ ਵਾਲੇ ਟਰਸਟੀਆਂ ਵਿਚ ਕੋਈ ਅੰਦਰੂਨੀ ਖਿਚੋਤਾਣ। ਸਮੇਂ ਨਾਲ ਇਹ ਸਭ ਸਪਸ਼ਟ ਹੋ ਜਾਵੇਗਾ, ਪਰ ਅਜੋਕੇ ਸਮਿਆਂ ਵਿਚ, ਜਦੋਂ ਬੇਖੌਫ ਹੋ ਕੇ ਸਰਕਾਰਾਂ ਨੂੰ ਆਰਸੀ ਦਿਖਾਉਣ ਵਾਲੇ ਸੰਪਾਦਕਾਂ ਦੀ ਹੋਰ ਵੀ ਵਧੇਰੇ ਲੋੜ ਹੈ, ਹਰੀਸ਼ ਖਰੇ ਦਾ ਅਸਤੀਫਾ ਬਹੁਤ ਮੰਦਭਾਗੀ ਘਟਨਾ ਹੈ।

ਪਾਠਕਾਂ ਨੂੰ ਮੁਖਾਤਬ ਹੁੰਦੇ ਹੋਏ ਹਰੀਸ਼ ਖਰੇ ਨੇ ਲਿਖਿਆ ਹੈ, "ਪਿਛਲੇ ਤਿੰਨ ਸਾਲ ਸਾਡੇ ਰਾਸ਼ਟਰ ਦੀ ਹੋਣੀ ਲਈ ਬਹੁਤ ਔਖੇ ਰਹੇ ਹਨ। ਹਰ ਅਖਬਾਰ ਅਤੇ ਹਰ ਪੱਤਰਕਾਰ ਉਤੇ ਦੇਸ਼ ਦੀਆਂ ਸੰਵਿਧਾਨਕ ਰਵਾਇਤਾਂ ਅਤੇ ਜਮਹੂਰੀ ਸੰਸਥਾਵਾਂ ਨੂੰ ਬਚਾਉਣ ਦੀ ਜ਼ਿੰਮੇਵਾਰੀ ਰਹੀ ਹੈ। ਸਾਨੂੰ 'ਦਿ ਟ੍ਰਿਬਿਊਨ' ਨੂੰ ਵਾਜਬ ਮਾਣ ਹੈ ਕਿ ਅਸੀਂ ਆਪਣੇ ਪਾਠਕਾਂ ਵਾਸਤੇ ਇਸ ਭੂਮਿਕਾ ਨੂੰ ਪੂਰੀ ਤਰ੍ਹਾਂ ਨਿਭਾਇਆ"। ਆਸ ਕਰਦੇ ਹਾਂ ਕਿ ਹਰੀਸ਼ ਖਰੇ ਦੇ ਜਾਣ ਤੋਂ ਬਾਅਦ ਵੀ ਅਦਾਰਾ ਟ੍ਰਿਬਿਊਨ ਇਸ ਭੂਮਿਕਾ ਨੂੰ ਉਸੇ ਦ੍ਰਿੜ੍ਹਤਾ ਅਤੇ ਸੁਹਿਰਦਤਾ ਨਾਲ ਨਿਭਾਉਂਦਾ ਰਹੇਗਾ।

# 'ਆਪ' ਦਾ ਆਪਸੀ ਘਮਸਾਣ

ਕਾਲਜ ਵੇਲੇ ਸੁਣਦੇ ਹੁੰਦੇ ਸਾਂ ਕਿ ਮਾਰਸੀਅਨ ਨਤੀਜੇ ਮੁਤਾਬਕ ਸਰਮਾਏਦਾਰੀ ਨੂੰ ਉਸ ਦੇ ਆਪਣੇ ਹੀ ਕੀਟਾਣੂ ਅੰਦਰੋਂ ਖਾਂਦੇ ਰਹਿੰਦੇ ਹਨ। ਇਹ ਕਹਾਵਤ ਇਸ ਤਰ੍ਹਾਂ ਸਮਝ ਆਉਂਦੀ ਰਹੀ ਕਿ ਬੇਗਾਨੇ ਓਨਾ ਨਹੀਂ ਮਾਰਦੇ, ਜਿੰਨਾ ਆਪਣੇ ਮਾਰਦੇ ਹਨ। ਸਵਾਲ ਹੈ, ਕੀ ਆਮ ਆਦਮੀ ਪਾਰਟੀ (ਆਪ) ਦਾ ਸੁਪਰੀਮੋ ਅਰਵਿੰਦ ਕੇਜਰੀਵਾਲ ਆਪ ਹੀ 'ਆਪ' ਨੂੰ ਪੰਜਾਬ ਵਿਚ ਕਮਜ਼ੋਰ ਕਰਨ ਵਾਲੇ ਰਾਹ ਪਿਆ ਹੋਇਆ ਹੈ? ਕੇਜਰੀਵਾਲ ਦੇ ਪੈਰੋਂ ਪੈਦਾ ਹੋ ਗਈ ਸਿਆਸੀ ਸਥਿਤੀ ਨੂੰ ਸਮਝਣ ਲਈ ਪੰਜਾਬੀ ਦਾ ਇਹ ਮੁਹਾਵਰਾ ਵਰਤਿਆ ਜਾ ਸਕਦਾ ਹੈ ਕਿ ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ? 'ਆਪ' ਦੇ ਸਿਆਸੀ ਸੰਕਟ ਦਾ ਹੱਲ ਹੋ ਵੀ ਜਾਵੇ ਤਾਂ ਵੀ ਇਹ ਨਾ ਹੋਇਆਂ ਵਰਗਾ ਹੀ ਹੋਣਾ ਹੈ। ਇਸ ਨਾਲ ਇਕ ਵਾਰ ਫਿਰ ਦਿੱਲੀ ਬਨਾਮ ਪੰਜਾਬ ਦਾ ਮਸਲਾ ਨਾ ਸੁਲਝਣ ਵਾਲੇ ਰਾਹ ਪੈ ਗਿਆ ਹੈ। ਕਿਸੇ ਵੀ ਦ੍ਰਿਸ਼ਟੀ ਤੋਂ ਵੇਖਣ ਲਈ ਇਸ ਸੱਚਾਈ



**ਬਲਕਾਰ ਸਿੰਘ**
**ਪ੍ਰੋਫੈਸਰ ਆਫ ਐਮੀਨੈਂਸ**
**ਫੋਨ: 91-93163-01328**

ਨੂੰ ਧਿਆਨ ਵਿਚ ਰੱਖ ਲੈਣਾ ਚਾਹੀਦਾ ਹੈ ਕਿ ਸਿਆਸਤ ਵਿਚ ਜੋ ਚੜ੍ਹਤ ਅਚਾਨਕ ਅਤੇ ਅਚੰਭਿਤ ਹੁੰਦੀ ਹੈ, ਉਸ ਦੀ ਉਮਰ ਬਹੁਤੀ ਲੰਬੀ ਨਹੀਂ ਹੁੰਦੀ। ਕੇਜਰੀਵਾਲ-ਸਿਆਸਤ ਵੀ ਅਜਿਹੀ ਸਪੇਸ ਵਿਚੋਂ ਪੈਦਾ ਹੋਈ ਸੀ, ਜਿਸ ਦਾ ਆਧਾਰ ਆਲੇ-ਦੁਆਲੇ ਖਿਲਰੀ ਸਿਆਸੀ ਲੋੜ ਤਾਂ ਸੀ, ਪਰ ਇਸ ਦਾ ਕੋਈ ਸਿਧਾਂਤਕੀ ਆਧਾਰ ਸਾਹਮਣੇ ਨਹੀਂ ਆ ਸਕਿਆ।

'ਆਪ' ਦੀ ਧਰਾਤਲ ਅੰਨਾ ਹਜ਼ਾਰੇ ਦੀ ਭਾਈਚਾਰਕ ਮੁਹਿੰਮ ਨਾਲ ਪੈਸੇ ਵਾਲੇ, ਸੋਚਣ ਵਾਲੇ ਅਤੇ ਬਦਲਾਵ ਦੇ ਇੱਛੁਕ ਆਪਣੇ ਆਪ ਆ ਜੁੜੇ ਸਨ। ਇਸ ਅਚਨਚੇਤੀ ਉਭਾਰ ਨਾਲ ਜੋ ਵੀ ਰਲਦੇ ਗਏ, ਉਨ੍ਹਾਂ ਸਭ ਨੂੰ ਕੇਜਰੀਵਾਲ ਨੇ ਸਾਥੀਆਂ ਦੇ ਵਿਰੋਧ ਦੇ ਬਾਵਜੂਦ ਸਿਆਸੀ ਪਾਰਟੀ ਦੇ ਐਲਾਨ ਵਾਸਤੇ ਆਧਾਰ ਮੰਨ ਲਿਆ ਸੀ। ਅਜਿਹੇ ਭਾਵੁਕ ਰੋੜ੍ਹ ਦੇ ਨਤੀਜੇ, ਅਜਿਹੇ ਹੀ ਨਿਕਲਦੇ ਹਨ, ਜਿਹੋ ਜਿਹੇ ਕੇਜਰੀਵਾਲ ਦੇ ਹੱਕ ਅਤੇ ਵਿਰੋਧ ਵਿਚ ਉਸੇ ਤਰ੍ਹਾਂ ਭੁਗਤਣ ਵਾਲੇ ਰਾਹ ਪੈਂਦੇ ਰਹੇ ਹਨ, ਜਿਹੋ ਜਿਹੇ ਰਾਹ ਪੈਣ ਦਾ ਲਾਹਾ ਦਿੱਲੀ ਦੀ ਅਣਕਿਆਸੀ ਵਿਧਾਨ ਸਭਾਈ ਜਿੱਤ ਨਾਲ ਸਾਹਮਣੇ ਆ ਗਿਆ ਸੀ। ਅਜਿਹੀ ਚੜ੍ਹਤ ਦਾ ਪਹਿਲਾ ਇਮਤਿਹਾਨ ਚੜ੍ਹਤ ਦੀ ਪਹਿਲੀ ਕਤਾਰ ਨੂੰ ਅਕਸਰ ਦੇਣਾ ਪੈਂਦਾ ਹੈ। ਇਸ ਦਾ ਅੰਦਾਜ਼ਾ ਜੋਗਿੰਦਰ ਯਾਦਵ ਅਤੇ ਕੁਮਾਰ ਵਿਸ਼ਵਾਸ਼ ਵਰਗੇ ਬਹੁਤ ਸਾਰਿਆਂ ਨਾਲ ਵਾਪਰੀਆਂ ਘਟਨਾਵਾਂ ਤੋਂ ਲਾਇਆ ਜਾ ਸਕਦਾ ਹੈ। ਇਸ ਸਥਿਤੀ ਦਾ ਲਾਹਾ ਉਹ ਲੋਕ ਲੈਣ ਲੱਗ ਪੈਂਦੇ ਹਨ, ਜਿਨ੍ਹਾਂ ਨੂੰ ਆਪਣੀਆਂ ਲੱਤਾਂ ਦੀ ਥਾਂ ਲੀਡਰ ਦੀਆਂ ਲੱਤਾਂ ਨਾਲ ਭੱਜ ਸਕਣ ਦਾ ਯਕੀਨ ਹੋ ਜਾਂਦਾ ਹੈ। ਅਜਿਹੀ ਭੀੜ ਕੋਲ ਗੁਆਉਣ ਨੂੰ ਕੁਝ ਨਹੀਂ ਹੁੰਦਾ ਅਤੇ ਜਦੋਂ ਕਦੇ ਕੀਮਤ ਦੇਣ ਦੀ ਲੋੜ ਪਵੇ ਤਾਂ ਉਹ ਨਾਲ ਵੀ ਨਹੀਂ ਨਿਭਦੇ ਤੇ ਨਤੀਜਿਆਂ ਦੀ ਕੀਮਤ ਪਾਰਟੀ ਦੀ ਥਾਂ ਲੀਡਰ ਨੂੰ ਹੀ ਦੇਣੀ ਪੈਂਦੀ ਹੈ।

ਸਿਧਾਂਤਹੀਣ ਭਾਵੁਕ ਸਿਆਸਤ ਦਾ ਨਤੀਜਾ ਇਹੀ ਨਿਕਲਦਾ ਹੈ। ਇਸ ਵਿਚ ਵਾਧਾ ਇਹ ਹੁੰਦਾ ਰਹਿੰਦਾ ਹੈ ਕਿ ਲੀਡਰ ਨੂੰ ਹਰ ਕੋਈ ਇਕ ਦੂਜੇ ਦੇ ਖਿਲਾਫ ਵਰਤਣਾ ਸ਼ੁਰੂ ਕਰ ਦਿੰਦਾ ਹੈ। ਅਜਿਹੀ ਹਾਲਤ ਵਿਚ ਉਲਾਰ ਨਾਬਰੀ ਤੇ ਬੇਲਗਾਮ ਭੀੜ ਹੀ ਸਿਆਸੀ ਲੋੜ ਅਤੇ ਲੋੜੀਂਦੀ ਸਿਆਸੀ ਸਿਧਾਂਤਕੀ ਲੱਗਣ ਲੱਗ ਪੈਂਦੀ ਹੈ। 'ਆਪ' ਨਾਲ ਇਹ ਸਭ ਕੁਝ ਵਾਪਰ ਚੁਕਾ ਹੈ ਅਤੇ ਇਸ ਦੇ ਨਤੀਜੇ ਸਾਹਮਣੇ ਆ ਹੀ ਰਹੇ ਸਨ ਕਿ ਕੇਜਰੀਵਾਲ ਦਾ ਮੁਆਫੀਨਾਮਾ ਪੰਜਾਬ ਦੇ ਹਵਾਲੇ ਨਾਲ ਸਿਆਸੀ ਮੁੱਦਾ ਬਣ ਗਿਆ ਹੈ।

'ਆਪ' ਦੀ ਸਿਆਸਤ ਵਿਚ ਕੇਂਦਰ ਵਿਚ ਕੀ ਰੱਖਣਾ ਹੈ ਅਤੇ ਹਾਸ਼ੀਏ 'ਤੇ ਕੀ ਰੱਖਣਾ ਹੈ, ਇਸ ਬਾਰੇ ਸੋਚੇ ਜਾਣ ਦੀ ਕਿਸੇ ਨੂੰ ਕਦੇ ਲੋੜ ਹੀ ਮਹਿਸੂਸ ਨਹੀਂ ਹੋਈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਸਿਧਾਂਤ ਮੁਕਤ ਸਿਆਸਤ ਵਿਚ ਅਜਿਹੀਆਂ ਬਾਰੀਕੀਆਂ ਦੀ ਕੋਈ ਸੰਭਾਵਨਾ ਹੀ ਨਹੀਂ ਹੁੰਦੀ।



*ਅਰਵਿੰਦ ਕੇਜਰੀਵਾਲ*

ਅਜਿਹੀਆਂ ਸਥਿਤੀਆਂ ਸਿਧਾਂਤਕੀ ਦੁਆਲੇ ਉਸਰੀਆਂ ਲਹਿਰਾਂ ਵਿਚ ਵੀ ਪੈਦਾ ਹੁੰਦੀਆਂ ਰਹੀਆਂ ਹਨ ਅਤੇ ਵੱਡੀ ਕੀਮਤ ਦੇ ਕੇ ਸੰਭਲਦੀਆਂ ਵੀ ਰਹੀਆਂ ਹਨ। ਕੇਜਰੀਵਾਲ ਨੇ ਮੁਲੰਕਣ ਕਰਕੇ ਨਿਰਣਾ ਲੈਣ ਦਾ ਕਿਸੇ ਨੂੰ ਮੌਕਾ ਹੀ ਨਹੀਂ ਦਿੱਤਾ। ਇਸੇ ਦਾ ਸਿੱਟਾ ਹੈ ਕਿ ਕੇਜਰੀਵਾਲ, ਮਹਾਤਮਾ ਗਾਂਧੀ ਹੋਏ ਬਿਨਾ 'ਆਪ' ਦੇ ਗਾਂਧੀ ਵਜੋਂ ਵਿਚਰਨ ਲੱਗ ਪਿਆ ਸੀ ਅਤੇ ਬੇਲੋੜੀਆਂ ਸਿਆਸੀ ਧੂਰਲੀਆਂ ਮਾਰਦਾ ਮਾਰਦਾ ਭਾਜਪਾ ਦਾ ਮੋਦੀ ਹੋਣ ਦਾ ਭਰਮ ਪਾਲਣ ਲੱਗ ਪਿਆ ਹੈ। ਪਤਾ ਨਹੀਂ ਕਿਉਂ, ਉਸ ਨੂੰ ਇਹ ਸੋਚਣ ਦੀ ਕਦੇ ਲੋੜ ਹੀ ਨਹੀਂ ਜਾਪਦੀ ਕਿ ਉਸ ਨਾਲ ਆਈ ਖੱਬੀ ਮਾਨਸਿਕਤਾ, ਸਿੱਖ ਮਾਨਸਿਕਤਾ, ਹਿੰਦੂ ਮਾਨਸਿਕਤਾ ਅਤੇ ਸਿਆਸੀ ਮੌਕਾਪ੍ਰਸਤੀ ਵਾਲੀ ਭੀੜ ਦੇ ਵਜੂਦ ਸਮੋਏ ਪਰਸਪਰ ਭੇੜ ਨੂੰ ਇਕੱਠਿਆਂ ਕਿਵੇਂ ਤੋਰਨਾ ਹੈ?

ਇਸ ਵਿਚ ਵਾਧਾ ਇਹ ਹੋ ਗਿਆ ਕਿ ਦਿੱਲੀ ਦੀ ਗੱਦੀ ਹੱਥ ਆ ਜਾਣ ਨਾਲ ਸਿਆਸਤ ਦੇ ਖੁਸ਼ਾਮਦੀ ਸਭਿਆਚਾਰ ਦਾ ਉਹ ਸਿਆਸੀ ਮਸੀਹਾ ਹੋ ਗਿਆ ਸੀ। ਜਿਨ੍ਹਾਂ ਨੇ ਉਸ ਨੂੰ ਇਥੋਂ ਤੱਕ ਪਹੁੰਚਾਇਆ ਸੀ, ਉਨ੍ਹਾਂ ਵੱਲ ਮੁੜ ਕੇ ਵੇਖਣ ਦੇ ਮੌਕੇ ਉਸ ਦੇ ਹੱਥੋਂ ਲਗਾਤਾਰ ਖਿਸਕਦੇ ਗਏ ਅਤੇ ਉਹ ਭਾਰਤੀ ਪ੍ਰਸੰਗ ਵਿਚ ਵਿਚਰਦੇ ਆਮ ਸਿਆਸਤਦਾਨਾਂ ਵਰਗਾ ਸਿਆਸਤਦਾਨ ਹੋਣ ਵਾਲੇ ਰਾਹ ਮੁੱਖ ਮੰਤਰੀ ਬਣਦਿਆਂ ਹੀ ਪੈ ਗਿਆ ਸੀ।

ਜੋ ਹੁੰਗਾਰਾ ਉਸ ਨੂੰ ਪੰਜਾਬ ਵਿਚੋਂ ਮਿਲਿਆ, ਉਸ ਨੂੰ ਸਮਝਣ ਦੀ ਥਾਂ ਉਸ ਨੇ ਇਸ ਨੂੰ ਨਿਜੀ ਪ੍ਰਾਪਤੀ ਵਾਂਗ ਵਰਤਣਾ ਸ਼ੁਰੂ ਕਰ ਦਿੱਤਾ। ਪੰਜਾਬ ਨੂੰ ਸਮਝੇ ਬਿਨਾ ਪੰਜਾਬ ਬਾਰੇ ਸਿਆਸੀ ਭਰਮ ਪਾਲਣ ਵਾਲਿਆਂ ਬਾਰੇ ਉਸ ਨੇ ਜਾਣਨ ਦੀ ਕਦੇ ਕੋਸ਼ਿਸ਼ ਹੀ ਨਹੀਂ ਕੀਤੀ। ਉਸ ਨੂੰ ਇਹ ਪਤਾ ਹੋਣਾ ਚਾਹੀਦਾ ਸੀ ਕਿ ਪੰਜਾਬ ਵਿਚ ਲਗਾਤਾਰ ਕਾਂਗਰਸੀ ਹਕੂਮਤਾਂ ਰਹਿਣ ਦੇ ਬਾਵਜੂਦ ਪੰਜਾਬ ਦਾ ਬਾਪੂ ਮਹਾਤਮਾ ਗਾਂਧੀ ਨਹੀਂ, ਗੁਰੂ ਸਾਹਿਬਾਨ ਹੀ ਰਹੇ ਹਨ। ਉਸ ਨੂੰ ਬਿਨਾ ਮਿਹਨਤ ਕੀਤਿਆਂ ਜਿਹੋ ਜਿਹਾ ਪੰਜਾਬੀਆਂ ਦਾ ਹੁੰਗਾਰਾ ਮਿਲ ਗਿਆ ਸੀ, ਉਸ ਨਾਲ ਉਸ ਨੂੰ ਇਹ ਵੀ ਸਮਝਣਾ ਚਾਹੀਦਾ ਸੀ ਕਿ ਪੰਜਾਬ ਕੇਂਦਰੀਕਰਣ ਦੀ ਸਿਆਸਤ ਦੇ ਵਿਰੁਧ ਲਗਾਤਾਰ ਭੁਗਤਿਆ ਹੈ। ਇਸ ਨੂੰ ਮਾਡਲ ਵਾਂਗ ਵਰਤਣ ਦੀ ਸਿਆਸਤ ਕਰਨ ਦੀ ਥਾਂ ਉਸ ਨੇ ਇਸ ਨੂੰ ਜਿਸ ਤਰ੍ਹਾਂ ਈਸਟ ਇੰਡੀਆ ਕੰਪਨੀ ਵਾਂਗ ਮਧੋਲਣਾ ਸ਼ੁਰੂ ਕਰ ਦਿੱਤਾ ਸੀ, ਉਸ ਤਰ੍ਹਾਂ ਤਾਂ ਕਾਂਗਰਸ ਅਤੇ ਭਾਜਪਾ ਨੇ ਵੀ ਨਹੀਂ ਸੀ ਕੀਤਾ। ਉਸ ਨੂੰ ਕੌਣ ਦੱਸੇ ਕਿ ਜਿਹੜੇ ਕਾਰਨਾਂ ਕਰਕੇ ਪੰਜਾਬ ਵਿਚ ਕਾਮਰੇਡਾਂ ਦੇ ਪੈਰ ਨਹੀਂ ਲੱਗੇ, ਉਨ੍ਹਾਂ ਦਾ ਸ਼ਿਕਾਰ ਹੋ ਜਾਣ ਵਾਲੇ ਰਾਹ ਉਹ ਕਿਉਂ ਪੈ ਗਿਆ ਹੈ? ਸਿਆਸਤ ਵਿਚ ਨਾ ਸਮਝਣ ਦੇ ਨਤੀਜੇ ਅਜਿਹੇ ਹੀ ਨਿਕਲਦੇ ਹਨ, ਜਿਹੋ ਜਿਹੇ ਕੇਜਰੀਵਾਲ ਨੂੰ ਭੁਗਤਣੇ ਪੈ ਰਹੇ ਹਨ।

ਅਜੇ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ ਕਿਉਂਕਿ ਕੈਪਟਨ ਸਰਕਾਰ ਦੇ ਵਿਰੁਧ ਜਿਸ ਤਰ੍ਹਾਂ ਦੇ ਭੰਡੀ ਪ੍ਰਚਾਰ ਵਿਚ ਪੰਜਾਬ ਦੀਆਂ ਸਾਰੀਆਂ ਵਿਰੋਧੀ ਪਾਰਟੀਆਂ ਪੈ ਗਈਆਂ ਹਨ ਅਤੇ ਇਸ ਦੀ ਮਦਦ ਜਿਸ ਤਰ੍ਹਾਂ ਅਕਾਲੀਆਂ ਦੀ ਸ਼ਹਿ 'ਤੇ ਕੇਂਦਰ ਵਿਚ ਭਾਜਪਾ ਵਲੋਂ ਹੋਣ ਲੱਗੀ ਹੈ, ਉਸ ਨਾਲ ਸਿਆਸੀ ਮਾਹੌਲ ਉਹੋ ਜਿਹਾ ਹੀ ਪੈਦਾ ਹੁੰਦਾ ਜਾ ਰਿਹਾ ਹੈ, ਜਿਹੋ ਜਿਹਾ ਪੰਜਾਬ ਦੀਆਂ 2017 ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੀ। ਇਸੇ ਵਿਚੋਂ ਪੰਜਾਬ ਵਿਚ ਤੀਜੀ ਧਿਰ ਦੀ ਸਿਆਸੀ ਭੂਮਿਕਾ 'ਆਪ' ਨੇ ਨਿਭਾਈ ਸੀ ਅਤੇ ਉਹ ਮੁੱਖ ਵਿਰੋਧੀ ਪਾਰਟੀ ਹੋ ਗਏ ਹਨ। ਪਹਿਲਾਂ ਹੀ ਲੋਕ ਮਾਨਸਿਕਤਾ ਵਿਚ ਹਰ ਰੰਗ ਦੇ ਸਿਆਸਤਦਾਨ ਦੀ ਸਾਖ ਬੁਰੀ ਤਰ੍ਹਾਂ ਖੁਰ ਚੁਕੀ ਹੈ, ਕੇਜਰੀਵਾਲ ਦੇ ਮੁਆਫੀਨਾਮੇ ਨੇ ਇਸ ਨੂੰ ਹੋਰ ਵੀ ਪੱਕਾ ਕਰ ਦਿੱਤਾ ਹੈ। ਪੰਜਾਬ ਨੂੰ ਸਮਝਣ ਵਾਲੇ 'ਆਪ' ਦੇ ਲੀਡਰਾਂ ਨੇ ਜਿਸ ਤਰ੍ਹਾਂ ਇਸ ਵਰਤਾਰੇ ਨਾਲੋਂ ਆਪਣੇ ਆਪ ਨੂੰ ਤੁਰਤ ਅੱਡ ਕੀਤਾ ਹੈ, ਉਸ ਨੂੰ ਜੇ ਕੇਜਰੀਵਾਲ ਸਮਝ ਲਵੇ ਤਾਂ ਉਸ ਦਾ ਪੰਜਾਬ 'ਚ ਆਉਣ-ਜਾਣ ਦਾ ਦਰਵਾਜਾ ਖੁਲ੍ਹਾ ਰਹਿ ਸਕਦਾ ਹੈ। ਨਹੀਂ ਸਮਝਿਆ ਤਾਂ ਕੇਜਰੀਵਾਲ ਦਾ ਇਸ਼ਤਿਹਾਰ ਲਾ ਸਕਣ ਦੀਆਂ ਸੰਭਾਵਨਾਵਾਂ ਵੀ ਪੰਜਾਬ ਵਿਚੋਂ ਖਤਮ ਹੋ ਸਕਦੀਆਂ ਹਨ।

ਪੰਜਾਬ ਦੀ 'ਆਪ' ਲੀਡਰਸ਼ਿਪ ਨੂੰ ਪੰਜਾਬ ਦੇ ਮਾਮਲਿਆਂ ਵਿਚ ਸੁਤੰਤਰ ਪਾਰਟੀ ਵਾਂਗ ਫੈਸਲੇ ਲੈ ਸਕਣ ਦਾ ਰਾਹ ਪੱਧਰਾ ਕਰਕੇ ਪੰਜਾਬ, ਕੌਮੀ ਰਾਜਨੀਤੀ ਵਿਚ ਕੇਜਰੀਵਾਲ ਦੇ ਬਹੁਤ ਕੰਮ ਆ ਸਕਦਾ ਹੈ। ਇਸ ਦਾ ਰਾਹ ਉਸ ਨੇ 'ਆਪ' ਦੇ ਵਿਧਾਇਕਾਂ ਨੂੰ ਦਿੱਲੀ ਸੱਦ ਕੇ ਮੁਆਫੀ ਮੰਗਣ ਵਰਗੀ ਹੀ ਇਕ ਹੋਰ ਸਿਆਸੀ ਗਲਤੀ ਕਰ ਲਈ ਹੈ। ਇਸ ਤੋਂ ਜੇ ਮੁੜਨ ਦੀਆਂ ਸੰਭਾਵਨਾਵਾਂ ਜਿਵੇਂ ਜਿਵੇਂ ਕਮਜ਼ੋਰ ਹੁੰਦੀਆਂ ਜਾਣਗੀਆਂ, ਤਿਵੇਂ ਤਿਵੇਂ ਪੰਜਾਬ ਵਿਚੋਂ 'ਆਪ' ਦਾ ਭਵਿਖ ਧੁੰਦਲਾ ਹੁੰਦਾ ਜਾਵੇਗਾ।

# ਅਰਵਿੰਦ ਕੇਜਰੀਵਾਲ ਦੀ ਮੁਆਫੀ ਤਬਾਹੀ ਜਾਂ ਸਿਰਜਣਾ !

ਆਮ ਆਦਮੀ ਪਾਰਟੀ (ਆਪ) ਦੇ ਪ੍ਰਧਾਨ ਅਰਵਿੰਦ ਕੇਜਰੀਵਾਲ ਵੱਲੋਂ ਮਾਨਹਾਨੀ ਦੇ ਕੇਸ ਵਿਚ ਬਿਕਰਮ ਸਿੰਘ ਮਜੀਠੀਆ ਤੋਂ ਮੁਆਫੀ ਮੰਗਣ ਪਿੱਛੋਂ ਸਿਆਸੀ ਹਲਕਿਆਂ ਵਿਚ ਇਸ ਮੁਆਫੀ ਨਾਲ ਜੁੜੇ ਵੱਖ-ਵੱਖ ਪਹਿਲੂਆਂ ਉਤੇ ਤਿੱਖੀ ਅਤੇ ਕੌੜੀ-ਮਿੱਠੀ ਪਰ ਜਾਗਰੂਕ ਬਹਿਸ ਸ਼ੁਰੂ ਹੋ ਗਈ ਹੈ। ਹਾਲਾਂਕਿ ਮੁਆਫੀ ਦੀ ਪਰਿਭਾਸ਼ਾ ਬਾਰੇ ਜਾਣਕਾਰੀ ਵਿਚ ਵਾਧਾ ਕਰਨ ਲਈ ਸਿਆਸਤਦਾਨਾਂ ਅਤੇ ਆਮ ਲੋਕਾਂ ਵਿਚ ਕੋਈ ਖਾਸ ਦਿਲਚਸਪੀ ਨਹੀਂ ਹੈ, ਪਰ ਹੁਣ ਤਾਂ ਜਿਥੇ ਇਕ ਪਾਸੇ ਮੁਆਫੀ ਮੰਗਣ ਵਾਲੇ ਉਤੇ ਤਿਖੇ ਅਤੇ ਤੇਜ਼ ਤਰਾਰ ਹਮਲੇ ਹੋ ਰਹੇ ਹਨ, ਉਥੇ ਦੂਜੇ ਪਾਸੇ ਮੁਆਫੀ ਮੰਗਣ ਵਾਲੇ ਨੂੰ ਠੀਕ ਅਤੇ ਗਲਤ ਕਹਿਣ ਵਾਲਿਆਂ ਦਰਮਿਆਨ ਦੋਸ਼ਾਂ ਅਤੇ ਜੁਆਬੀ ਦੋਸ਼ਾਂ

**ਕਰਮਜੀਤ ਸਿੰਘ ਚੰਡੀਗੜ੍ਹ**
**ਫੋਨ: 91-9915091063**

ਦੀ ਬਾਰਿਸ਼ ਹੋ ਰਹੀ ਹੈ।

ਵੈਸੇ ਸਿਆਸੀ ਖੇਤਰ ਵਿਚ ਸਿਆਸਤਦਾਨਾਂ ਵਲੋਂ ਆਪਣੀ ਕਿਸੇ ਵਿਵਾਦਗ੍ਰਸਤ ਟਿੱਪਣੀ ਜਾਂ ਬਿਆਨ 'ਤੇ ਰੌਲਾ ਪੈਣ ਮਗਰੋਂ ਮੁਆਫੀ ਮੰਗਣੀ ਇੱਕ ਆਮ ਜਿਹੀ ਗੱਲ ਹੈ, ਪਰ ਭਾਰਤ ਦੇ ਸਿਆਸੀ ਇਤਿਹਾਸ ਵਿਚ ਸ਼ਾਇਦ ਇਹ ਪਹਿਲੀ ਘਟਨਾ ਹੈ, ਜਦੋਂ ਕੇਜਰੀਵਾਲ ਦੀ ਮੁਆਫੀ ਨੂੰ ਲੈ ਕੇ ਬਹਿਸ ਦਾ ਦਾਇਰਾ ਸਾਰੇ ਦੇਸ਼ ਵਿਚ ਫੈਲ ਗਿਆ ਹੈ। ਮੁਆਫੀ ਕਿਉਂਕਿ ਇੱਕ ਮੁੱਖ ਮੰਤਰੀ ਵੱਲੋਂ ਮੰਗੀ ਗਈ ਹੈ ਅਤੇ ਮੰਗੀ ਵੀ ਉਸ ਮੁੱਖ ਮੰਤਰੀ ਨੇ ਹੈ, ਜਿਸ ਨੇ ਪੰਜਾਬ ਅਸੈਂਬਲੀ ਦੀ ਚੋਣ ਮੁਹਿੰਮ ਵਿਚ ਬਿਕਰਮ ਸਿੰਘ ਮਜੀਠੀਆ ਉਤੇ ਦੋਸ਼ ਲਾਉਣ ਸਮੇਂ ਆਪਣੀ ਆਵਾਜ਼ ਅਤੇ ਬੋਲਬਾਣੀ ਦੀ ਗੂੰਜ ਨੂੰ ਅਸਮਾਨ ਦੀਆਂ ਕੰਧਾਂ ਤੱਕ ਪਹੁੰਚਾ ਦਿਤਾ ਸੀ। ਇਸ ਮੁੱਦੇ ਨੂੰ ਕੇਂਦਰ ਵਿਚ ਰੱਖ ਕੇ ਚੋਣ ਵੀ ਲੜੀ ਗਈ ਅਤੇ 80 ਸਾਲ ਪੁਰਾਣੀ ਅਕਾਲੀ ਪਾਰਟੀ ਨੂੰ ਤੀਜੇ ਸਥਾਨ 'ਤੇ ਲਿਆ ਸੁੱਟਿਆ ਅਤੇ ਆਮ ਆਦਮੀ ਪਾਰਟੀ ਵਿਧਾਨ ਸਭਾ ਵਿਚ ਮੁੱਖ ਵਿਰੋਧੀ ਧਿਰ ਦੇ ਰੂਪ ਵਿਚ ਵੀ ਉਭਰ ਕੇ ਸਾਹਮਣੇ ਆਈ।

ਹੁਣ ਉਸੇ ਹੀ ਮੁੱਦੇ ਉਤੇ ਮੁਆਫੀ ਮੰਗ ਲੈਣ ਨਾਲ ਵਿਰੋਧੀਆਂ ਨੇ ਤਾਂ ਅਰਵਿੰਦ ਕੇਜਰੀਵਾਲ ਵਿਰੁਧ ਮੋਰਚੇ ਖੋਲ੍ਹੇ ਹੀ ਹਨ, ਪਾਰਟੀ ਦੇ ਅੰਦਰ ਵੀ ਬਗਾਵਤ ਹੋ ਗਈ ਹੈ। ਆਕਸਫੋਰਡ ਯੂਨੀਵਰਸਿਟੀ ਦੇ ਇੱਕ ਪੰਜਾਬੀ ਪ੍ਰੋਫੈਸਰ ਨੇ ਸਿਆਸੀ ਅਰਥਚਾਰੇ ਦੇ ਇੱਕ ਵਿਦਵਾਨ ਦੇ ਹਵਾਲੇ ਨਾਲ ਮੌਜੂਦਾ ਬਹਿਸ ਨੂੰ 'ਮੌਲਿਕ ਜਾਂ ਸਿਰਜਣਾਤਮਕ ਤਬਾਹੀ' ਦਾ ਨਾਂ ਦਿੱਤਾ ਹੈ। ਇੱਸ ਟਿੱਪਣੀ ਦੇ ਵੀ ਕਈ ਅਰਥ ਕੱਢੇ ਜਾ ਸਕਦੇ ਹਨ। ਇੱਕ ਅਰਥ ਤਾਂ ਇਹ ਹੈ ਕਿ ਭਵਿੱਖ ਵਿਚ ਸਿਆਸਤ ਦੇ ਖੇਤਰ ਵਿਚ 'ਮੌਲਿਕਤਾ' ਤੇ 'ਜ਼ਿਮੇਵਾਰੀ' ਦਾ ਮਾਹੌਲ ਪੈਦਾ ਹੋਵੇਗਾ ਅਤੇ ਸਿਆਸਤਦਾਨ ਊਲ ਜਲੂਲ ਜਾਂ ਬੇਬੁਨਿਆਦ ਗੱਲਾਂ ਕਹਿਣ ਤੋਂ ਪਹਿਲਾਂ ਸੌ ਵਾਰ ਸੋਚਿਆ ਕਰਨਗੇ। ਦੂਜਾ 'ਤਬਾਹੀ' ਦਾ ਸ਼ਿਕਾਰ ਤਾਂ ਇਹੋ ਜਿਹੀ ਜੰਗ ਵਿਚ ਕਿਸੇ ਨਾ ਕਿਸੇ ਨੇ ਹੋਣਾ ਹੀ ਹੈ ਅਤੇ ਮੁਆਫੀ ਦੇ ਮਾਮਲੇ ਵਿਚ ਕੇਜਰੀਵਾਲ ਦਾ ਸਿਆਸੀ ਭਵਿੱਖ ਜੇ 'ਤਬਾਹ' ਨਹੀਂ ਹੋਇਆ ਤਾਂ ਇਸ ਦੀ ਸ਼ੁਰੂਆਤ ਤਾਂ ਹੋ ਹੀ ਗਈ ਹੈ।

ਵੈਸੇ ਹਾਲਾਤ ਪਾਰਟੀ ਲਈ ਉਸ ਵਕਤ ਹੋਰ ਵੀ ਗੰਭੀਰ ਤੇ ਨਾਜ਼ੁਕ ਹੋ ਜਾਣਗੇ ਜਦੋਂ ਅਰਵਿੰਦ ਕੇਜਰੀਵਾਲ ਦੋ ਦਰਜਨ ਤੋਂ ਵੱਧ ਚੱਲ ਰਹੇ ਮੁਕੱਦਮਿਆਂ ਵਿਚ ਵਾਰੀ ਵਾਰੀ ਮੁਆਫੀਆਂ ਮੰਗਦੇ ਨਜ਼ਰ ਆਉਣਗੇ ਤੇ ਇਹ ਮੁਆਫੀ-ਮੁਹਿੰਮ ਸ਼ੁਰੂ ਹੋ ਵੀ ਗਈ ਹੈ। ਅਜਿਹੀ ਹਾਲਤ ਵਿਚ ਨਾਇਕ ਦੇ ਤੌਰ 'ਤੇ ਇੱਕ ਵਿਅਕਤੀ ਦਾ ਸਿਆਸੀ ਰੁਤਬਾ ਸਵਾਲਾਂ ਦੇ ਘੇਰੇ ਵਿਚ ਆ ਜਾਏਗਾ।

ਸਿਆਸੀ ਹਲਕਿਆਂ ਵਿਚ ਮੁਆਫੀ ਮੰਗਣ ਦੀ ਕਲਾ ਉਤੇ ਵੀ ਦਿਲਚਸਪ ਬਹਿਸ ਸ਼ੁਰੂ ਹੋ ਗਈ ਹੈ। ਬਹੁਤੀ ਵਾਰ ਜਦੋਂ ਸਿਆਸਤਦਾਨ ਮੁਆਫੀ ਮੰਗਦੇ ਹਨ ਤਾਂ ਮੁਆਫੀ ਦੀ ਸ਼ਬਦਾਵਲੀ ਇੰਨੀ ਧੁੰਦਲੀ ਅਤੇ ਇੰਨੀ ਅਸਪੱਸ਼ਟ ਹੁੰਦੀ ਹੈ ਕਿ ਉਹ ਇੱਕ ਫੋਕੀ ਰਸਮ ਜਿਹੀ ਹੀ ਬਣ ਜਾਂਦੀ ਹੈ। ਅਜਿਹੇ ਮੌਕਿਆਂ 'ਤੇ ਸਬੰਧਿਤ ਵਿਅਕਤੀ ਇਹੋ ਜਿਹੇ ਸ਼ਬਦਾਂ ਦੀ ਚੋਣ ਕਰਦਾ ਹੈ ਕਿ ਮੁਆਫੀ ਦੀ ਵਿਆਖਿਆ ਕਰਨ ਵਾਲੇ ਯੂਰਪੀਨ ਅਤੇ ਅਮਰੀਕੀ ਵਿਦਵਾਨਾਂ ਨੇ ਇਸ ਇਕੱਲੇ ਵਿਸ਼ੇ ਉਤੇ ਹੀ ਲੇਖ ਅਤੇ ਕਿਤਾਬਾਂ ਲਿਖ ਛੱਡੀਆਂ ਹਨ। ਜੇ ਰਤਾ ਪਿਛਲੀ ਸਦੀ ਦੇ 90ਵਿਆਂ ਦੇ ਸਿਆਸੀ ਇਤਿਹਾਸ ਉਤੇ ਝਾਤ ਮਾਰੀ ਜਾਵੇ ਤਾਂ ਤਤਕਾਲੀ ਰਾਸ਼ਟਰਪਤੀ ਬਿੱਲ ਕਲਿੰਟਨ ਜਦੋਂ ਮੋਨਿਕਾ ਲਵਿੰਸਕੀ ਨਾਲ ਇੱਕ ਸੈਕਸ ਸਕੈਂਡਲ ਵਿਚ ਉਲਝ ਗਏ ਸਨ ਤਾਂ ਮੋਨਿਕਾ ਲਵਿੰਸਕੀ ਨੇ ਮੁਆਫੀ ਦੀ ਸ਼ਬਦਾਵਲੀ ਕੁਝ ਇਸ ਤਰ੍ਹਾਂ ਵਰਤੀ ਕਿ ਉਹ ਸ਼ਬਦਾਵਲੀ ਹੀ ਵਿਦਵਾਨਾਂ ਵਿਚ ਬਹਿਸ ਦਾ ਕੇਂਦਰ ਬਣੀ ਗਈ। ਮੁਆਫੀ ਦੀ ਸ਼ਬਦਾਵਲੀ ਸੁਣੋ: ''ਮੈਨੂੰ ਉਸ ਘਟਨਾ ਲਈ ਬੇਹੱਦ ਅਫਸੋਸ ਹੈ, ਜੋ ਮੇਰੇ ਅਤੇ ਰਾਸ਼ਟਰਪਤੀ ਬਿੱਲ ਕਲਿੰਟਨ ਵਿਚਕਾਰ ਵਾਪਰੀ।'' 'ਵਾਪਰੀ' ਕਹਿਣ ਨਾਲ ਗੱਲ ਕਿਸੇ ਵੀ ਤੱਣ-ਪੱਤਣ ਨਹੀਂ ਸੀ ਲੱਗੀ। ਇਹ ਗੋਲਮੋਲ ਸ਼ਬਦਾਵਲੀ ਪੂਰੀ ਤਰ੍ਹਾਂ ਅਸਪੱਸ਼ਟ ਹੈ ਅਤੇ ਵਿਦਵਾਨਾਂ ਵਿਚ ਇਹ ਬਹਿਸ ਛਿੜ ਗਈ ਕਿ ਇਹ ਮੁਆਫੀਨਾਮਾ ਅਸਲ ਵਿਚ ਮੁਆਫੀ ਹੈ ਵੀ? ਪਰ ਮੋਨਿਕਾ ਲਵਿੰਸਕੀ ਨੇ ਮੁਆਫੀਨਾਮੇ ਦੀ ਕਲਾ ਬਾਰੇ ਵਿਦਵਾਨਾਂ ਵਿਚ ਇਕ ਬਹਿਸ ਜ਼ਰੂਰ ਛੇੜ ਦਿੱਤੀ ਸੀ। ਪਰ ਜਿਥੋਂ ਤੱਕ ਅਰਵਿੰਦ ਕੇਜਰੀਵਾਲ ਦੀ ਮੁਆਫੀ ਦਾ ਸਬੰਧ ਹੈ ਉਹ ਸ਼ਬਦਾਵਲੀ ਪੂਰੀ ਤਰ੍ਹਾਂ ਸਪੱਸ਼ਟ ਹੈ ਪਰ ਪਾਰਟੀ ਦੇ ਕਾਰਕੁਨਾਂ ਨੂੰ ਸ਼ਰਮਸਾਰ ਜ਼ਰੂਰ ਕਰਦੀ ਹੈ। ਇਹ ਸ਼ਬਦਾਵਲੀ ਵੀ ਕੁਝ ਇਸ ਤਰ੍ਹਾਂ ਦੀ ਸੀ: 'ਹੁਣ ਮੈਨੂੰ ਇਹ ਸਮਝ ਆ ਗਈ ਕਿ ਮੈਂ ਜੋ ਦੋਸ਼ ਲਾਏ ਸਨ, ਉਹ ਸਾਰੇ ਦੇ ਸਾਰੇ ਬੇਬੁਨਿਆਦ ਸਨ। ਇਸ ਲਈ ਇਹੋ ਜਿਹੇ ਮਾਮਲਿਆਂ 'ਤੇ ਹੁਣ ਕੋਈ ਰਾਜਨੀਤੀ ਨਹੀਂ ਹੋਣੀ ਚਾਹੀਦੀ। ਮੈਂ ਵੱਖ-ਵੱਖ ਸਿਆਸੀ ਰੈਲੀਆਂ, ਪਬਲਿਕ ਜਲਸਿਆਂ, ਟੀਪ੍ਰੋਗਰਾਮਾਂ, ਪ੍ਰਿੰਟ ਮੀਡੀਆ, ਇਲੈਕਟ੍ਰੋਨਿਕ ਮੀਡੀਆ ਅਤੇ ਸੋਸ਼ਲ ਮੀਡੀਆ ਉਤੇ ਤੁਹਾਡੇ 'ਤੇ ਦੋਸ਼ ਲਾਉਂਦਾ ਰਿਹਾ ਅਤੇ ਫਿਰ ਤੁਸੀਂ ਅੰਮ੍ਰਿਤਸਰ ਦੀ ਅਦਾਲਤ ਵਿਚ ਮੇਰੇ ਖਿਲਾਫ ਮਾਨਹਾਨੀ ਦਾ ਕੇਸ ਦਾਇਰ ਕਰ ਦਿੱਤਾ। ਮੈਂ ਹੁਣ ਤੁਹਾਡੇ ਵਿਰੁੱਧ ਦਿੱਤੇ ਬਿਆਨ ਅਤੇ ਦੋਸ਼ ਵਾਪਸ ਲੈਂਦਾ ਹਾਂ ਅਤੇ ਤੁਹਾਡੇ ਕੋਲੋਂ ਮੁਆਫੀ ਮੰਗਦਾ ਹਾਂ। (ਪਰ) ਇਸ ਨਾਲ ਜੋ ਤੁਹਾਡੇ ਪਰਿਵਾਰ, ਸਾਥੀਆਂ, ਸ਼ੁਭਚਿੰਤਕਾਂ ਅਤੇ ਪੈਰੋਕਾਰਾਂ ਦੇ ਮਾਣ ਸਤਿਕਾਰ ਨੂੰ ਢਾਹ ਲੱਗੀ ਹੈ, ਉਸ ਉਤੇ ਮੈਂ ਅਫਸੋਸ ਪ੍ਰਗਟ ਕਰਦਾ ਹਾਂ।'

ਕੇਜਰੀਵਾਲ ਵੱਲੋਂ ਮੁਆਫੀ ਮੰਗੇ ਜਾਣ ਬਾਰੇ ਕੁਝ ਹੈਰਾਨਜਨਕ ਤੱਥ। ਕਿਸੇ ਨੂੰ ਵੀ ਪਤਾ ਨਹੀਂ। ਨਾ ਉਸ ਦੇ ਸਭ ਤੋਂ ਨਜ਼ਦੀਕੀ ਸਾਥੀ ਸੰਜੇ ਸਿੰਘ ਨੂੰ ਅਤੇ ਨਾ ਹੀ ਉਸ ਦੇ ਡਿਪਟੀ ਮੁੱਖ ਮੰਤਰੀ ਨੂੰ। ਨਾ ਹੀ ਪੰਜਾਬ ਦੀ ਪਾਰਟੀ ਨੂੰ ਅਤੇ ਨਾ ਹੀ ਪਾਰਟੀ ਦੇ ਕਿਸੇ ਵਿਧਾਇਕ ਨੂੰ ਰਤਾ-ਮਾਸਾ ਵੀ ਮੁਆਫੀ ਦੀ ਸੂਹ ਮਿਲੀ। ਨਾ ਹੀ ਕੇਜਰੀਵਾਲ ਨੇ ਕਿਸੇ ਨੂੰ ਮੁਆਫੀ ਦਾ ਕਾਰਨ ਦੱਸਣ ਦੀ ਲੋੜ ਸਮਝੀ। ਚੁੱਪ ਚੁਪੀਤੇ ਮੰਗੀ ਇਸ ਮੁਆਫੀ ਦੇ ਡੂੰਘੇ ਅਰਥ ਤਾਂ ਇਹੋ ਹੀ ਹਨ ਕਿ ਕੇਜਰੀਵਾਲ ਦੇ ਤਾਨਾਸ਼ਾਹੀ ਸੁਭਾਅ ਦੀ ਸਿਖਰ ਸਾਰਿਆਂ ਨੇ ਵੇਖ ਲਈ। ਨਾਇਕ ਦਾ ਹਨੇਰਾ ਪੱਖ ਪੂਰੀ ਤਰ੍ਹਾਂ ਰੌਸ਼ਨ ਹੋ ਗਿਆ। ਪਰ ਤਾਨਾਸ਼ਾਹੀ ਦੇ ਸਿਖਰ ਨੂੰ ਛੋਹ ਕੇ ਜਦੋਂ ਇਹ ਮੁਆਫੀ ਮੰਗੀ ਗਈ ਤਾਂ ਨਵਾਂ ਉਭਰਿਆ ਇਹ ਨਾਇਕ ਧਰਤੀ 'ਤੇ ਆਣ ਡਿੱਗਿਆ।

ਕਿਸੇ ਯੂਰਪੀਨ ਵਿਦਵਾਨ ਦੀ ਇਹ ਚੇਤਾਵਨੀ ਧਿਆਨ ਨਾਲ ਸੁਣਨ ਵਾਲੀ ਹੈ ਕਿ ਨਾਇਕ ਜਦੋਂ ਆਪਣੀ ਨੇਕ ਕਮਾਈ ਦੀ ਸਿਖਰ 'ਤੇ ਪਹੁੰਚਦਾ ਹੈ ਤਾਂ ਉਸ ਨੂੰ ਬੜੇ ਤਹੱਮਲ, ਧੀਰਜ ਅਤੇ ਠੰਡੇ ਦਿਮਾਗ ਨਾਲ ਅਗਲੇ ਸਫਰ ਬਾਰੇ ਯੋਜਨਾ ਬਣਾਉਣੀ ਚਾਹੀਦੀ ਹੈ, ਨਹੀਂ ਤਾਂ ਇਹੋ ਜਿਹੇ ਮੌਕੇ ਇੱਕ ਨਿੱਕੀ ਜਿਹੀ ਗਲਤੀ ਵੀ ਉਸ ਦੀ ਸ਼ਾਨਾਂਮੱਤੀ ਕਮਾਈ ਨੂੰ ਬਰਬਾਦ ਕਰਕੇ ਰੱਖ ਸਕਦੀ ਹੈ। ਇਸ ਮੁਆਫੀ ਨੇ ਵੀ ਅਰਵਿੰਦ ਕੇਜਰੀਵਾਲ ਨੂੰ ਉਸੇ ਮੁਕਾਮ 'ਤੇ ਲਿਆ ਖੜਾ ਕੀਤਾ ਹੈ।

ਹੁਣ ਜਦੋਂ 10 ਵਿਧਾਇਕ ਮੁਆਫੀ ਦਾ ਕਾਰਨ ਪੁੱਛਣ ਲਈ ਦਿੱਲੀ ਗਏ ਤਾਂ ਜਵਾਬ ਮਿਲਿਆ ਕਿ ਕੇਜਰੀਵਾਲ ਵਿਰੁੱਧ 33 ਤੋਂ ਵੱਧ ਮੁਕੱਦਮੇ ਵੱਖ ਵੱਖ ਅਦਾਲਤਾਂ ਵਿਚ ਚੱਲ ਰਹੇ ਹਨ। ਇਸ ਲਈ ਉਨ੍ਹਾਂ ਦੀ ਕਾਰਗੁਜ਼ਾਰੀ ਵਿਚ ਵੱਡਾ ਵਿਘਨ ਪੈਂਦਾ ਹੈ। ਉਹ ਕਿਥੇ ਕਿਥੇ ਤਰੀਕਾਂ ਭੁਗਤਦੇ ਰਹਿਣ? ਦੂਜੇ ਬੰਨੇ ਸਰਕਾਰ ਵੀ ਕਿਸੇ ਨਾ ਕਿਸੇ ਢੰਗ ਨਾਲ ਜੇਲ੍ਹ ਵਿਚ ਸੁੱਟਣ ਲਈ ਸਾਜ਼ਿਸ਼ਾਂ ਰਚਦੀ ਰਹਿੰਦੀ ਹੈ। ਇਸ ਲਈ ਮੁਆਫੀ ਦਾ ਰਾਹ ਚੁਣਿਆ।

ਦਿਲਚਸਪ ਹਕੀਕਤ ਇਹ ਸੀ ਕੀ ਪੰਜਾਬ ਦੀ ਰਾਜਨੀਤੀ ਦੇ ਨਵੇਂ ਰੰਗਰੂਟ ਵਿਧਾਇਕ ਕਿੰਨੇ ਭੋਲੇ ਅਤੇ ਮਾਸੂਮ ਸਨ ਕਿ ਉਨ੍ਹਾਂ ਨੇ ਬਿਨਾਂ ਕੋਈ ਜਿਰਹਾ ਕੀਤੇ 'ਮੌਜ' ਨਾਲ ਹੀ ਆਪਣੇ ਪ੍ਰਧਾਨ ਦੀ ਮੁਆਫੀ ਨੂੰ ਮੁਆਫ ਕਰ ਦਿੱਤਾ। ਵੈਸੇ ਇਥੇ ਟਕਸਾਲੀ ਅਕਾਲੀ ਆਗੂਆਂ ਅਤੇ ਕਾਰਕੁਨਾਂ ਨੂੰ ਸਲਾਮ ਕਰਨਾ ਬਣਦਾ ਹੈ ਜਿਨ੍ਹਾਂ ਨੂੰ ਬਚਪਨ ਵਿਚ ਹੀ ਇਹ ਸੁਣਾ ਦਿੱਤਾ ਜਾਂਦਾ ਸੀ ਕਿ ਤੁਹਾਡਾ ਦੂਜਾ ਘਰ ਜੇਲ੍ਹ ਹੈ। ਪਰ ਜੇਲ੍ਹ ਹੀ ਤਾਂ ਇਕ ਅਜਿਹੀ ਥਾਂ ਹੁੰਦੀ ਹੈ ਜਿਥੋਂ ਲੀਡਰਾਂ ਦੀ ਸ਼ਖਸੀਅਤ ਨਿਖਰ ਕੇ ਸਾਹਮਣੇ ਆਉਂਦੀ ਹੈ ਅਤੇ ਉਹ ਕੁੰਦਨ ਬਣ ਕੇ ਚਮਕਦੇ ਹਨ।

ਇਹ ਸਾਡੀ ਰਾਜਨੀਤੀ ਦਾ ਇੱਕ ਦੁਖਾਂਤ ਹੀ ਸਮਝੋ ਕਿ ਇੱਕ ਅਜਿਹਾ ਵਿਅਕਤੀ ਜਿਸ ਨੇ ਇੱਕ ਸਮੇਂ ਹਿੰਦੁਸਤਾਨ ਦੀ ਸਿਆਸਤ ਵਿਚ ਭੁਚਾਲ ਲਿਆਂਦਾ ਸੀ ਅਤੇ ਇੱਕ ਬਦਲਵੀਂ ਰਾਜਨੀਤੀ ਦਾ ਪੈਗਾਮ ਦਿੱਤਾ ਸੀ, ਉਹ ਵਿਅਕਤੀ ਇੱਕ ਛੋਟੀ ਜਿਹੀ ਲਹਿਰ ਅੱਗੇ ਹੀ ਦਮ ਤੋੜ ਕੇ ਰਹਿ ਗਿਆ। ਅਸਲ ਵਿਚ ਇਸ ਬਦਲਵੀਂ ਰਾਜਨੀਤੀ ਵਿਚ ਸਿਆਸੀ, ਸਮਾਜਿਕ ਅਤੇ ਧਾਰਮਿਕ ਮਾਨਸਿਕਤਾ ਦੇ ਭਿੰਨ ਭਿੰਨ ਰੰਗ ਆਮ ਆਦਮੀ ਦਾ ਰੂਪ ਧਾਰ ਕੇ ਕੇਜਰੀਵਾਲ ਦੇ ਝਾੜੂ ਥੱਲੇ ਇਕੱਠੇ ਹੋ ਗਏ ਸਨ। ਇਹ ਚਮਤਕਾਰ ਹਿੰਦੁਸਤਾਨ ਦੇ ਇਤਹਾਸ ਵਿਚ ਪਹਿਲੀ ਵਾਰ ਵਾਪਰਿਆ ਹੈ। ਉਹ ਜਦੋਂ ਬੋਲਦਾ ਸੀ ਤਾਂ ਲੋਕਾਂ ਨੂੰ ਇਉਂ ਲੱਗਦਾ ਸੀ ਕਿ ਉਹ ਨਿਰਭਉ ਵੀ ਹੈ ਤੇ ਨਿਰਵੈਰ ਵੀ ਹੈ ਅਤੇ ਹਰ ਮੁਸ਼ਕਲ ਅੱਗੇ ਪਹਾੜ ਬਣ ਕੇ ਖਲੋ ਜਾਏਗਾ। ਇਹੋ ਜਿਹੇ ਵਿਅਕਤੀ ਵਿਰੁੱਧ ਮੁਕੱਦਮੇ ਤਾਂ ਹੋਣੇ ਹੀ ਸਨ ਕਿਉਂਕਿ ਸਿਆਸਤ ਦੀਆਂ ਸਭ ਧਿਰਾਂ ਅੰਦਰਖਾਤੇ ਉਸ ਦੇ ਵਿਰੁਧ ਹੋ ਗਈਆਂ ਸਨ। ਕੇਜਰੀਵਾਲ ਨੂੰ ਇਹ ਪਤਾ ਹੋਣਾ ਚਾਹੀਦਾ ਸੀ ਕਿ ਜਦੋਂ ਤੁਸੀਂ ਕਿਸ਼ਤੀ ਦੀ ਸਵਾਰੀ ਕਰ ਰਹੇ ਹੋ ਤਾਂ ਭਿੱਜਣ ਦਾ ਖਤਰਾ ਤਾਂ ਬਣਿਆ ਹੀ ਰਹੇਗਾ।

ਹੁਣ ਸਾਰੀ ਸਿਆਸੀ ਸਤ੍ਹਾ ਪਾਰਟੀ ਦੇ ਵਿਧਾਇਕਾਂ ਉਤੇ ਕੇਂਦਰਿਤ ਹੋ ਗਈ ਹੈ ਜਦਕਿ ਪਾਰਟੀ ਦੀ ਪੰਜਾਬ ਇਕਾਈ ਦਾ ਵਜੂਦ ਹੁੰਦੇ ਹੋਏ ਵੀ ਨਹੀਂ ਹੈ। ਜੇਕਰ ਪੰਜਾਬ ਦੀ ਰਾਜਨੀਤੀ ਨੂੰ ਮੌਜੂਦਾ ਹਕੀਕਤਾਂ ਨਾਲ ਮੇਲ ਕੇ ਦੇਖਿਆ ਜਾਏ ਤਾਂ ਇੱਕ ਸਾਲ ਪਹਿਲਾਂ ਸੱਤਾ ਵਿਚ ਆਈ ਕਾਂਗਰਸ ਪਾਰਟੀ ਲੋਕਾਂ ਦਾ ਭਰੋਸਾ ਗੁਆ ਚੁੱਕੀ ਹੈ। ਜਿਥੋਂ ਤੱਕ ਅਕਾਲੀ ਦਲ ਦਾ ਸਬੰਧ ਹੈ, ਅੰਦਰੋਂ ਲੋਕ ਅਜੇ ਵੀ ਅਕਾਲੀ ਦਲ ਵੱਲ ਉਸ ਤਰ੍ਹਾਂ ਮੁੜਨ ਦੇ ਰੌਂਅ ਵਿਚ ਨਹੀਂ ਹਨ, ਜਿਵੇਂ ਕਿ ਅਕਸਰ ਇੱਕ ਪਾਰਟੀ ਤੋਂ ਟੁੱਟ ਕੇ ਲੋਕ ਦੂਜੀ ਪਾਰਟੀ ਨਾਲ ਜੁੜਦੇ ਰਹੇ ਹਨ। ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਫਿਲਹਾਲ ਪੰਜਾਬ ਦੀ ਰਾਜਨੀਤੀ ਵਿਚ ਇੱਕ ਵੱਡਾ ਖਲਾਅ ਹੈ ਅਤੇ ਮੈਦਾਨ ਇੱਕ ਤਰ੍ਹਾਂ ਨਾਲ ਖਾਲੀ ਪਿਆ ਹੈ। ਤਮਾਮ ਝਟਕਿਆਂ ਪਿਛੋਂ ਅਜੇ ਵੀ ਇਹ ਸੰਭਾਵਨਾ ਮੌਜੂਦ ਹੈ ਕਿ ਜੇ ਆਮ ਆਦਮੀ ਪਾਰਟੀ ਸਿਆਸੀ ਅਤੇ ਨੈਤਿਕ ਮੁਹਾਜ਼ ਉਤੇ ਇੱਕਮੁਠ ਹੋ ਕੇ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਉਤੇ ਖਰੀ ਉਤਰਦੀ ਹੈ ਤਾਂ ਇੱਕ ਵਾਰ ਮੁੜ ਇਹ ਪਾਰਟੀ ਪੰਜਾਬ ਦੀ ਰਾਜਨੀਤੀ ਦੇ ਇਸ ਖਲਾਅ ਨੂੰ ਭਰਨ ਦੀ ਸਥਿਤੀ ਵੀ ਹਾਸਲ ਕਰ ਸਕਦੀ ਹੈ। ਵੈਸੇ ਅਗਲੇ ਕੁਝ ਦਿਨ ਪੰਜਾਬ ਦੀ ਤਕਦੀਰ ਲਈ ਫੈਸਲਾਕੁਨ ਹੋ ਸਕਦੇ ਹਨ।

# ਬੈਂਕ ਘੁਟਾਲਾ: ਤਕਨੀਕੀ ਵਿਧੀ ਨਾਲ ਲਾਇਆ ਬੈਂਕ ਨੂੰ ਚੂਨਾ

ਮੁੰਬਈ ਦੇ ਪੰਜਾਬ ਨੈਸ਼ਨਲ ਬੈਂਕ ਘੁਟਾਲੇ ਦਾ ਮੁੱਦਾ ਪਿਛਲੇ ਦਿਨੀਂ ਦੁਨੀਆਂ ਭਰ ਦੇ ਮੀਡੀਏ ਵਿਚ ਸਨਸਨੀਖੇਜ਼ ਚਰਚਾ ਦਾ ਵਿਸ਼ਾ ਬਣਿਆ ਰਿਹਾ ਹੈ। ਇਹ ਘੁਟਾਲਾ ਮੁੰਬਈ ਦੇ ਹੀਰੇ-ਮੋਤੀਆਂ ਦੇ ਦੋ ਵਪਾਰੀਆਂ ਚਾਚਾ-ਭਤੀਜਾ ਨੀਰਵ ਮੋਦੀ ਅਤੇ ਮਾਹੁਲ ਚੋਕਸੀ ਨੇ ਕੀਤਾ ਹੈ। ਇਹ ਘੁਟਾਲਾ ਬਹੁਤ ਗੁੰਝਲਦਾਰ ਹੈ, ਜੋ ਕਿਸੇ ਦੇ ਨਜ਼ਰੀਂ ਪਏ ਬਿਨਾ ਲਗਾਤਾਰ 6-7 ਸਾਲ ਤੋਂ ਚੱਲ ਰਿਹਾ ਸੀ। ਪੰਜਾਬ ਨੈਸ਼ਨਲ ਬੈਂਕ ਭਾਰਤ ਸਰਕਾਰ ਦਾ ਸਟੇਟ ਬੈਂਕ ਆਫ ਇੰਡੀਆ ਤੋਂ ਬਾਅਦ ਦੂਜਾ ਸਭ ਤੋਂ ਵੱਡਾ



ਦਰਸ਼ਨ ਸਿੰਘ ਪੰਨੂ
ਕੋਲੰਬਸ, ਓਹਾਇਓ
ਫੋਨ: 614-795-3747

ਬੈਂਕਿੰਗ ਅਦਾਰਾ ਮੰਨਿਆ ਜਾਂਦਾ ਹੈ। ਇਸ ਅਦਾਰੇ ਵਿਚ ਚੌਕਸੀ ਵਿਭਾਗ ਅਤੇ ਮੁਦਰਾ ਦੇ ਲੇਖੇ-ਜੋਖੇ ਲਈ ਪੂਰਨ ਆਡਿਟ ਵਿਭਾਗ ਮੌਜੂਦ ਹੈ। ਇਸ ਤੋਂ ਇਲਾਵਾ ਸਾਰੇ ਬੈਂਕਾਂ ਦੇ ਸਿਰ ਉਤੇ ਭਾਰਤ ਸਰਕਾਰ ਦਾ 'ਰਿਜ਼ਰਵ ਬੈਂਕ ਆਫ ਇੰਡੀਆ' ਅਤੇ ਆਰਥਿਕ ਵਿਭਾਗ ਬੈਠਾ ਹੈ। ਇਸ ਦੇ ਬਾਵਜੂਦ ਪੰਜਾਬ ਨੈਸ਼ਨਲ ਬੈਂਕ ਦੀ ਮਰਾਂਡੀ ਹਾਊਸ ਬ੍ਰਾਂਚ ਮੁੰਬਈ ਰਾਹੀਂ ਪੰਜਾਬ ਨੈਸ਼ਨਲ ਬੈਂਕ ਦੇ ਸਮੁੱਚੇ ਖਾਤੇ ਵਿਚੋਂ 12717 ਕਰੋੜ ਰੁਪਏ ਦਾ ਘੁਟਾਲਾ ਕਿਵੇਂ ਹੋ ਗਿਆ? ਆਓ ਇਸ ਘੁਟਾਲੇ ਨੂੰ ਘੋਖਣ ਦੀ ਕੋਸ਼ਿਸ਼ ਕਰਦੇ ਹਾਂ।

ਹੁਣ ਤਕ ਇਹ ਮੰਨਿਆ ਜਾਂਦਾ ਹੈ ਕਿ ਇਸ ਘੁਟਾਲੇ ਵਾਸਤੇ ਪੰਜਾਬ ਨੈਸ਼ਨਲ ਬੈਂਕ ਦੀ ਮਰਾਂਡੀ ਹਾਊਸ ਬ੍ਰਾਂਚ ਮੁੰਬਈ ਦੇ ਸਿਰਫ 2 ਛੋਟੀ ਪੱਧਰ ਦੇ ਕਰਮਚਾਰੀ ਹੀ ਮੁੱਖ ਤੌਰ 'ਤੇ ਜਿੰਮੇਵਾਰ ਹਨ। ਇਹ ਕਥਿਤ ਦੋਸ਼ੀ ਕਰਮਚਾਰੀ ਗੋਕਲ ਨਾਥ ਸ਼ੈਟੀ ਅਤੇ ਮਨੋਜ ਕਾਰਤ ਹੀ 'ਲੈਟਰ ਆਫ ਅੰਡਰਸਟੈਂਡਿੰਗ' (ਐਲ. ਓ. ਯੂ.) ਅਤੇ 'ਫੌਰਨ ਲੈਟਰ ਆਫ ਕਰੈਡਿਟ' (ਐਫ. ਐਲ. ਸੀ.) ਜਾਰੀ ਕਰ ਦਿੰਦੇ ਸਨ। ਦਰਅਸਲ ਬੈਂਕ ਦੀ ਇਹ ਇੱਕ ਗਾਰੰਟੀ ਹੁੰਦੀ ਹੈ, ਜਿਸ ਦੇ ਆਧਾਰ ਉਤੇ ਦੂਜੇ ਬੈਂਕ ਗਾਰੰਟੀ ਵਿਚ ਲਿਖੀ ਰਕਮ ਅਦਾ ਕਰ ਦਿੰਦੇ ਹਨ। ਇਨ੍ਹਾਂ ਗਾਰੰਟੀ ਪੱਤਰਾਂ ਦੀ ਸੂਚਨਾ ਇਹ ਦੋਵੇਂ ਕਰਮਚਾਰੀ ਕਿਸੇ ਨੂੰ ਵੀ ਨਹੀਂ ਸਨ ਦਿੰਦੇ, ਅਰਥਾਤ ਇਹ ਜਾਅਲੀ ਗਾਰੰਟੀਆਂ ਹੁੰਦੀਆਂ ਸਨ। ਇਹ ਦੋਵੇਂ ਕਰਮਚਾਰੀ ਮੋਦੀ ਅਤੇ ਚੋਕਸੀ ਦੀਆਂ ਕੰਪਨੀਆਂ ਦੇ ਨਾਂ ਉਤੇ ਉਨ੍ਹਾਂ ਦੀ ਮਿਲੀਭੁਗਤ ਨਾਲ ਅਜਿਹੀਆਂ ਗਾਰੰਟੀਆਂ ਬਣਾਇਆ ਕਰਦੇ ਸਨ। ਇਹ ਕਰਮਚਾਰੀ ਕਈ ਸੌ ਤੋਂ ਵਧੇਰੇ ਐਲ. ਓ. ਯੂ. ਅਤੇ ਐਫ. ਐਲ. ਸੀ. ਮੋਦੀ ਤੇ ਚੋਕਸੀ ਦੀਆਂ ਕੰਪਨੀਆਂ ਦੇ ਨਾਂ ਉਤੇ ਦਿੰਦੇ ਰਹੇ।

ਹੈਰਾਨੀ ਦੀ ਗੱਲ ਹੈ ਕਿ ਕਿਸੇ ਨੂੰ ਇਸ ਦੀ ਭਿਣਕ ਤੱਕ ਨਾ ਪਈ। ਅਜਿਹੇ ਗਾਰੰਟੀ ਪੱਤਰ ਜਾਰੀ ਕਰਨ ਲਈ ਬੈਂਕ ਨੇ ਨਾ ਤਾਂ ਕੋਈ 'ਇੰਪੋਰਟ ਡਾਕੂਮੈਂਟ' ਲਏ ਅਤੇ ਨਾ ਹੀ ਇਸ ਦੀ ਮਨਜ਼ੂਰੀ ਹੈਡ ਆਫਿਸ ਤੋਂ ਲਈ ਗਈ, ਜੋ ਕਿ ਬੈਂਕਾਂ ਦੀ ਕਾਰਜ-ਵਿਧੀ ਵਿਚ ਸ਼ਾਮਿਲ ਹੈ। ਅਗਲਾ ਸਵਾਲ ਹੈ ਕਿ ਬੈਂਕ ਦੇ ਸਾਰੇ ਕਰਮਚਾਰੀ/ਅਫਸਰ (ਕਰੀਬ 70 ਹਜ਼ਾਰ), ਡਿਵੀਜ਼ਨਲ ਦਫਤਰ, ਰਿਜ਼ਨਲ ਦਫਤਰ ਅਤੇ ਹੈਡ ਦਫਤਰ ਮੌਜੂਦ ਹੋਣ ਦੇ ਬਾਵਜੂਦ ਕਿਸੇ ਨੂੰ ਇਸ ਘੁਟਾਲੇ ਦੀ ਸੂਹ ਨਾ ਲੱਗੀ? ਕੀ ਜਿਸ ਵਿਅਕਤੀ ਨੂੰ ਇਸ ਦੀ ਜਾਣਕਾਰੀ ਜਾਂ ਸੂਹ ਮਿਲਦੀ, ਉਸ ਦਾ ਮੂੰਹ ਰਿਸ਼ਵਤ ਦੇ ਕੇ ਬੰਦ ਕਰ ਦਿੱਤਾ ਜਾਂਦਾ ਸੀ?

ਸਵਾਲ ਤਾਂ ਇਹ ਵੀ ਹੈ ਕਿ ਕੀ ਬੈਂਕ ਦੇ ਛੋਟੇ ਪੱਧਰ ਦੇ ਦੋ ਕਰਮਚਾਰੀ ਇਕੱਲੇ ਹੀ 12,717 ਕਰੋੜ ਰੁਪਏ ਦਾ ਘੁਟਾਲਾ ਕਰ ਸਕਦੇ ਹਨ? ਇਸ ਸਬੰਧੀ ਇਹ ਜਾਣਕਾਰੀ ਵੀ ਮਿਲੀ ਹੈ ਕਿ ਇਨ੍ਹਾਂ ਦੋਵੇਂ ਕਰਮਚਾਰੀਆਂ ਦੀ ਸੱਤ ਸਾਲਾਂ ਵਿਚ ਬਦਲੀ ਹੀ ਨਹੀਂ ਕੀਤੀ ਗਈ, ਜਦਕਿ ਬੈਂਕ ਦੇ ਨਿਯਮਾਂ ਮੁਤਾਬਕ ਕਰਮਚਾਰੀਆਂ ਦੀਆਂ ਡਿਊਟੀਆਂ ਉਸੇ ਬ੍ਰਾਂਚ ਵਿਚ ਵੀ ਬਦਲਦੀਆਂ ਰਹਿੰਦੀਆਂ ਹਨ ਤਾਂ ਕਿ ਕਿਸੇ ਕਿਸਮ ਦਾ ਘਪਲਾ ਨਾ ਹੋਵੇ। ਇਨ੍ਹਾਂ ਦੋਹਾਂ ਹੀ ਕਰਮਚਾਰੀਆਂ ਦੀ ਨਾ ਤਾਂ ਕੰਮ-ਕਾਜ ਦੀ ਡਿਊਟੀ ਬਦਲੀ ਗਈ ਅਤੇ ਨਾ ਹੀ ਬੈਂਕ ਦੀ ਬ੍ਰਾਂਚ ਵਿਚੋਂ ਬਦਲੀ ਕੀਤੀ ਗਈ। ਸੋ, ਬੈਂਕ ਦੇ ਸਮੁੱਚੇ ਪ੍ਰਬੰਧਕਾਂ ਦੀ ਇਸ ਸਾਜ਼ਿਸ਼ ਵਿਚ ਹਿੱਸੇਦਾਰੀ ਹੋ ਸਕਦੀ ਹੈ।

ਜਾਅਲੀ ਐਲ. ਓ. ਯੂ. ਅਤੇ ਐਫ. ਐਲ. ਸੀ. ਜਾਰੀ ਕਰਨ ਵਾਲੇ ਉਕਤ ਦੋਵੇਂ ਕਰਮਚਾਰੀ ਇੱਕ ਇੱਕ ਕਰਕੇ ਇਹ ਗਾਰੰਟੀ ਪੱਤਰ 'ਸਵਿਫਟ ਮੈਸੇਜ਼' ਰਾਹੀਂ ਵੱਖ ਵੱਖ ਦੇਸ਼ਾਂ ਅਤੇ ਭਾਰਤ ਦੇ ਵੱਖ ਵੱਖ ਬੈਂਕਾਂ ਨੂੰ ਭੇਜਦੇ ਸਨ। ਜਿਸ ਕੰਪਨੀ ਦੇ ਨਾਂ ਉਤੇ ਸਬੰਧਤ ਐਲ. ਓ. ਯੂ. ਜਾਂ ਐਫ. ਐਲ. ਸੀ. ਜਾਰੀ ਹੁੰਦਾ ਸੀ ਅਤੇ ਜਿਸ ਬਾਹਰਲੇ ਦੇਸ਼ ਵਿਚ ਭਾਰਤੀ ਬੈਂਕ ਦੇ ਨਾਂ ਉਤੇ ਹੁੰਦਾ ਸੀ, ਉਹ ਬੈਂਕ ਸਬੰਧਤ ਕੰਪਨੀ ਨੂੰ ਗਾਰੰਟੀ ਪੱਤਰ ਵਿਚ ਲਿਖੀ ਹੋਈ ਰਾਸ਼ੀ ਦੇ ਦਿੰਦਾ ਸੀ। ਕਈ ਸੌ ਗਾਰੰਟੀ ਪੱਤਰ ਭੇਜੇ ਗਏ ਅਤੇ ਇਨ੍ਹਾਂ ਵਿਚ ਦਰਸਾਈ ਰਾਸ਼ੀ ਦੀ ਨੀਰਵ ਮੋਦੀ ਅਤੇ ਮਾਹੁਲ ਚੋਕਸੀ ਦੀ ਜੁੰਡਲੀ ਆਪਣੀ ਇੱਛਾ ਅਨੁਸਾਰ ਡਾਲਰਾਂ ਵਿਚ ਜਾਂ ਉਸ ਦੇਸ਼ ਦੀ ਮੁਦਰਾ ਵਿਚ ਅਦਾਇਗੀ ਲੈ ਲਿਆ ਕਰਦੀ। ਉਹ ਉਥੋਂ ਹੀ ਸੋਨਾ/ਹੀਰੇ ਜਾਂ ਹੋਰ ਨਫੇਦਾਰ ਸਮਾਨ ਖਰੀਦ ਕੇ ਭਾਰਤ ਲੈ ਆਉਂਦੇ ਅਤੇ ਅੱਗੋਂ ਇਸ ਦੇ ਗਹਿਣੇ ਬਣਾ ਕੇ ਭਾਰਤ ਜਾਂ ਵਿਦੇਸ਼ਾਂ ਵਿਚ ਵੇਚਿਆ ਕਰਦੇ ਸਨ।

ਮਿਲੀਭੁਗਤ ਵਾਲੀ ਇਹ ਜੁੰਡਲੀ ਬੜੀ ਚਾਲਾਕੀ ਨਾਲ ਜ਼ਿਆਦਾ ਮਾਤਰਾ ਦੀ ਰਾਸ਼ੀ ਦੀਆਂ ਐਲ. ਓ. ਯੂ. ਜਾਂ ਐਫ. ਐਲ. ਸੀ. ਆਦਿ ਦਾ ਇੰਦਰਾਜ ਵਿਦੇਸ਼ਾਂ ਵਿਚ ਚਲਦੇ ਭਾਰਤੀ ਬੈਂਕਾਂ ਦੇ 'ਗਲੋਬਲ ਸਵਿਫਟ ਮੈਸੇਜਿੰਗ ਸਰਵਰ' ਵਿਚ ਸਵਿਫਟ ਮੈਸੇਜਿੰਗ ਰਾਹੀਂ ਭੇਜ ਦਿੰਦੇ ਸਨ, ਪਰ ਇਨ੍ਹਾਂ ਗਾਰੰਟੀ ਪੱਤਰਾਂ ਦਾ ਇੰਦਰਾਜ ਭਾਰਤ ਵਿਚ ਪੰਜਾਬ ਨੈਸ਼ਨਲ ਬੈਂਕਾਂ ਵਿਚ ਚੱਲਦੇ ਪੁਰਾਣੇ 'ਫਿਨਾਕਲ ਸਾਫਟਵੇਅਰ ਸਰਵਰ' ਵਿਚ ਨਹੀਂ ਸਨ ਕਰਦੇ। ਇੰਜ ਵੱਧ ਰਾਸ਼ੀ ਦੀਆਂ ਗਾਰੰਟੀਆਂ ਦਾ ਇੰਦਰਾਜ ਭਾਰਤ ਵਿਚ ਚੱਲਦੇ ਸਿਸਟਮ ਕਰਦੇ ਹੀ ਨਹੀਂ ਸਨ, ਜਿਸ ਨਾਲ ਆਨਲਾਈਨ ਬੈਂਕਾਂ ਦਾ ਆਪਸ ਵਿਚ ਰਕਮਾਂ ਦਾ ਲੈਣ-ਦੇਣ ਚੱਲਦਾ ਸੀ। ਇਸ ਤਰ੍ਹਾਂ ਉਪਰੋਕਤ ਗਾਰੰਟੀ ਪੱਤਰਾਂ ਦੀ ਪੂਰਨ ਰਾਸ਼ੀ ਮੋਦੀ ਅਤੇ ਚੋਕਸੀ ਵਿਦੇਸ਼ਾਂ ਵਿਚ ਚੱਲਦੇ ਭਾਰਤੀ ਬੈਂਕਾਂ ਰਾਹੀਂ ਲੈ ਗਏ, ਪਰ ਇਸ ਰਾਸ਼ੀ ਦੀ ਦੇਣਦਾਰੀ ਨਹੀਂ ਸੀ ਹੋਈ।

ਇਕ ਹੋਰ ਚਾਲਾਕੀ ਇਹ ਕੀਤੀ ਜਾਂਦੀ ਸੀ ਕਿ ਛੋਟੀ ਰਾਸ਼ੀ ਦੇ ਐਲ. ਓ. ਯੂ. ਜਾਂ ਐਫ. ਐਲ. ਸੀ. ਆਦਿ ਦੇ ਇੰਦਰਾਜ ਵਿਦੇਸ਼ਾਂ ਵਿਚ ਚਲਦੇ 'ਗਲੋਬਲ ਸਵਿਫਟ ਮੈਸੇਜਿੰਗ ਸਰਵਰ' ਵਿਚ ਸਵਿਫਟ ਮੈਸੇਜਿੰਗ ਰਾਹੀਂ ਪਾ ਦਿੱਤੇ ਜਾਂਦੇ ਅਤੇ ਇਨ੍ਹਾਂ ਦਾ ਇੰਦਰਾਜ ਬੜੀ ਇਹਤਿਆਤ ਨਾਲ ਭਾਰਤ ਵਿਚ ਚੱਲਦੇ ਪੁਰਾਣੇ ਸਾਫਟਵੇਅਰ ਸਿਸਟਮ ਵਿਚ ਪਾ ਦਿੰਦੇ। ਪਰ ਇਨ੍ਹਾਂ ਗਾਰੰਟੀ ਪੱਤਰਾਂ ਦੀ ਪੇਮੈਂਟ ਚਾਚਾ-ਭਤੀਜਾ ਬਿਲਕੁਲ ਸਮੇਂ ਸਿਰ ਬੈਂਕ ਨੂੰ ਅਦਾ ਕਰ ਕੇ ਬੈਂਕ ਦੇ ਚੰਗੇ ਗਾਹਕ ਬਣੇ ਰਹਿੰਦੇ। ਇਸ ਰਾਸ਼ੀ ਦੇ ਸਬੰਧ ਵਿਚ ਇੰਪੋਰਟ ਡਾਕੂਮੈਂਟ ਵੀ ਲਏ ਜਾਂਦੇ ਅਤੇ ਉਪਰਲੇ ਦਫਤਰਾਂ ਤੋਂ ਵੀ ਮਨਜ਼ੂਰੀ ਲਈ ਜਾਂਦੀ।

ਹੈਰਾਨੀਜਨਕ ਗੱਲ ਹੈ ਕਿ ਭਾਰਤ ਵਿਚ ਪੰਜਾਬ ਨੈਸ਼ਨਲ ਬੈਂਕ ਨੇ ਇਨਫੋਸਿਸ ਦਾ 'ਫਿਨਾਕਲ ਸਾਫਟਵੇਅਰ ਸਰਵਰ' 2001 ਤੋਂ ਚਾਲੂ ਕਰ ਦਿੱਤਾ ਸੀ, ਜਿਸ ਵਿਚ ਬੈਂਕਾਂ ਦਾ ਲੈਣ-ਦੇਣ ਆਨਲਾਈਨ ਕੀਤਾ ਜਾਂਦਾ ਸੀ। ਇਨਫੋਸਿਸ ਨੇ ਆਪਣਾ ਨਵਾਂ ਸਾਫਟਵੇਅਰ 'ਗਲੋਬਲ ਮੈਸੇਜਿੰਗ ਸਰਵਰ' 2008 ਵਿਚ ਵਿਦੇਸ਼ੀ ਬੈਂਕਾਂ ਵਿਚ ਚਾਲੂ ਕਰ ਦਿੱਤਾ ਸੀ, ਪਰ ਭਾਰਤ ਵਿਚ ਪੰਜਾਬ ਨੈਸ਼ਨਲ ਬੈਂਕ ਵਿਚ ਇਹ ਨਵਾਂ ਸਿਸਟਮ ਲਾਗੂ ਨਹੀਂ ਕੀਤਾ ਗਿਆ। ਇਹੀ ਕਾਰਨ ਹੈ, ਜਿਸ ਨੇ ਐਨੇ ਵੱਡੇ ਘੁਟਾਲੇ ਨੂੰ ਜਨਮ ਦਿੱਤਾ। ਇਸ ਲਗਾਤਾਰ 6-7 ਸਾਲ ਚੱਲੇ ਘੁਟਾਲੇ ਦੇ ਪਿੱਛੇ ਲਾਜ਼ਮੀ ਉਚ ਪੱਧਰ ਦੇ ਪੂੰਜੀਪਤੀਆਂ, ਭ੍ਰਿਸ਼ਟ ਸਿਆਸਤਦਾਨਾਂ ਅਤੇ ਭ੍ਰਿਸ਼ਟ ਨੌਕਰਸ਼ਾਹਾਂ ਦੀ ਜੁੰਡਲੀ ਦੀ ਮਿਲੀਭੁਗਤ ਰਹੀ ਹੈ।

ਸਾਲ 2017 ਵਿਚ ਅਜਿਹੀਆਂ ਬੈਂਕ ਗਾਰੰਟੀਆਂ ਦੀ ਪੜਤਾਲ ਕਰਨ ਤੋਂ ਪਤਾ ਲੱਗਾ ਕਿ ਚਾਚੇ-ਭਤੀਜੇ ਦੀ ਇਸ ਜੁੰਡਲੀ ਨੇ ਇੱਕਦਮ ਵੱਡੀ ਮਾਤਰਾ ਵਿਚ ਘੁਟਾਲਾ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਸਮੇਂ ਹੀ 140 ਜਾਅਲੀ ਐਲ. ਓ. ਯੂ. ਵੱਖ ਵੱਖ ਦੇਸ਼ਾਂ ਦੇ 7 ਬੈਂਕਾਂ ਦੇ ਨਾਂ ਉਤੇ ਭੇਜੀਆਂ ਗਈਆਂ, ਜਿਨ੍ਹਾਂ ਨਾਲ ਮੋਦੀ ਅਤੇ ਚੋਕਸੀ ਦੀਆਂ ਕੰਪਨੀਆਂ ਨੂੰ 473 ਮਿਲੀਅਨ ਡਾਲਰ ਦਾ ਭੁਗਤਾਨ ਕੀਤਾ ਗਿਆ। ਇਨ੍ਹਾਂ ਹੀ 5 ਮਹੀਨਿਆਂ ਦੇ ਸਮੇਂ ਵਿਚ 200 ਐਫ. ਐਲ. ਸੀ. ਅਧੀਨ 359 ਮਿਲੀਅਨ ਡਾਲਰ ਦੀ ਅਦਾਇਗੀ ਕੀਤੀ ਗਈ। ਇਸ ਤਰ੍ਹਾਂ ਇਨ੍ਹਾਂ 340 ਬੈਂਕ ਗਾਰੰਟੀਆਂ ਨਾਲ ਸਿਰਫ ਪੰਜ ਮਹੀਨਿਆਂ ਵਿਚ 796 ਮਿਲੀਅਨ ਡਾਲਰ ਯਾਨਿ 2320 ਕਰੋੜ ਰੁਪਏ ਦਾ ਘੁਟਾਲਾ ਕੀਤਾ ਗਿਆ। ਇਹ 2320 ਕਰੋੜ ਰੁਪਏ ਲੈ ਕੇ ਨੀਰਵ ਮੋਦੀ ਅਤੇ ਮਾਹੁਲ ਚੋਕਸੀ ਦੇਸ਼ ਛੱਡ ਕੇ ਵਿਦੇਸ਼ ਵਿਚ ਜਾ ਵਸੇ।

ਇੰਨੀ ਜਲਦੀ 340 ਬੈਂਕ ਗਾਰੰਟੀਆਂ ਨਾਲ 2320 ਕਰੋੜ ਰੁਪਏ ਦਾ ਘੁਟਾਲਾ ਕਰਨਾ ਇੱਕ ਗਿਣੀ-ਮਿਥੀ ਸਾਜ਼ਿਸ਼ ਲੱਗਦੀ ਹੈ। ਇਸ 12,717 ਕਰੋੜ ਰੁਪਏ ਦੇ ਘੁਟਾਲੇ ਅਤੇ ਅੰਕੜਿਆਂ ਅਨੁਸਾਰ ਭਾਰਤ ਸਰਕਾਰ ਦੇ ਬੈਂਕ ਵਿਚ 31 ਦਸੰਬਰ 2017 ਨੂੰ 6,09,222 ਕਰੋੜ ਰੁਪਏ ਨਾ ਮੁੜਨ ਵਾਲੇ ਲੋਨ ਦੇ ਖਾਤੇ ਹਨ। ਅਜਿਹੇ ਹਾਲਾਤ ਵਿਚ ਭਾਰਤ ਦੀ ਅਰਥ-ਵਿਵਸਥਾ ਡਾਂਵਾਂਡੋਲ ਹੋਣੀ ਸੁਭਾਵਿਕ ਹੈ।

###



ਨੀਰਵ ਮੋਦੀ






ਮਾਹੁਲ ਚੋਕਸੀ

# 'ਸ਼ਹਿਰ ਪਟਿਆਲੇ ਵਾਲਾ' ਗੀਤਕਾਰ ਗਿੱਲ ਸੁਰਜੀਤ

"ਸ਼ਹਿਰ ਪਟਿਆਲੇ ਦੇ
ਮੁੰਡੇ ਮੁੱਛ ਫੁੱਟ ਗੱਭਰੂ ਤੇ ਸੋਹਣੇ,
ਪੱਗਾਂ ਪੋਚਵੀਆਂ
ਯਾਰੋ ਦਿਲ ਵੱਟੇ ਦਿਲ ਨੇ ਵਟਾਉਣੇ...!"

ਇੱਕ ਦਿਨ ਇਹ ਗੀਤ ਐਫ. ਐਮ. 'ਤੇ ਚੱਲ ਪਿਆ। ਇਤਫਾਕਨ ਮੈਂ ਪਟਿਆਲਾ ਦੇ 22 ਨੰਬਰ ਫਾਟਕ ਵਾਲੇ ਫਲਾਈਓਵਰ ਤੋਂ ਲੰਘ ਰਿਹਾ ਸਾਂ ਤਾਂ ਅੱਖਾਂ ਮੂਹਰੇ ਗਿੱਲ ਹਰਦੀਪ ਦੇ ਗਾਏ ਇਸ ਗੀਤ ਦੇ ਸੀਨ ਘੁੰਮਣ ਲੱਗੇ। ਇਸ ਗੀਤ ਨੇ ਵਿਰਾਸਤੀ ਸ਼ਹਿਰ ਪਟਿਆਲਾ ਦੀ ਸ਼ੋਹਰਤ ਨੂੰ ਦੁਨੀਆਂ ਭਰ 'ਚ ਵਿਲੱਖਣ ਥਾਂ ਦਿਵਾਈ ਹੈ। ਪੰਜਾਬੀ ਗੀਤਕਾਰੀ ਅਤੇ ਗਾਇਕੀ ਦੇ ਪਿੜ 'ਚ ਇਹ ਗੀਤ



ਸਤਨਾਮ ਸਿੰਘ ਮੱਟੂ
ਫੋਨ: 91-97797-08257

ਮੀਲ ਪੱਥਰ ਸਾਬਿਤ ਹੋਇਆ ਹੈ। ਗੀਤ ਸੁਣ ਕੇ ਹਰ ਪਟਿਆਲਵੀ ਮਾਣ ਤੇ ਫਕਰ ਮਹਿਸੂਸ ਕਰਦਾ ਹੈ। ਇਸ ਗੀਤ ਦੇ ਗੀਤਕਾਰ ਨੂੰ ਮਿਲਣ ਦੀ ਦਿਲੀ ਸਿੱਕ ਉਮਡ ਪਈ। ਸ਼ਬਦਾਂ ਦੇ ਮਣਕਿਆਂ ਨੂੰ ਇਸ ਗੀਤ ਰੂਪੀ ਮਾਲਾ 'ਚ ਪ੍ਰੋਣ ਵਾਲੇ ਜਾਦੂਗਰ ਦਾ ਨਾਮ ਹੈ, ਗਿੱਲ ਸੁਰਜੀਤ।

ਗਿੱਲ ਸੁਰਜੀਤ ਨੇ ਜਿੰਨੀ ਸ਼ਿੱਦਤ ਨਾਲ ਸੱਭਿਆਚਾਰਕ ਕਦਰਾਂ ਕੀਮਤਾਂ ਨੂੰ ਮੱਦੇਨਜ਼ਰ ਰੱਖ ਕੇ ਰੂਹ ਨਾਲ ਇਹ ਗੀਤ ਲਿਖਿਆ ਹੈ, ਗਾਇਕ ਗਿੱਲ ਹਰਦੀਪ ਨੇ ਇਸ ਨੂੰ ਉਨੀ ਹੀ ਸੁਰੀਲੀ, ਮਿੱਠੀ ਤੇ ਸੁਹਜਮਈ ਆਵਾਜ਼ ਵਿਚ ਗਾਇਆ ਹੈ।

ਪੰਜਾਬੀ ਗੀਤਕਾਰੀ ਦੇ ਥੰਮ, ਪੰਜਾਬ, ਪੰਜਾਬੀ, ਪੰਜਾਬੀਅਤ ਤੇ ਸੱਭਿਆਚਾਰ ਦੇ ਮੁੱਦਈ ਅਤੇ ਪੰਜਾਬੀਆਂ ਦੇ ਹਰਮਨ ਪਿਆਰੇ ਇਸ ਬਾਬਾ ਬੋਹੜ ਗੀਤਕਾਰ ਗਿੱਲ ਸੁਰਜੀਤ ਨੇ ਮਾਲਵੇ ਦੇ ਜਿਲ੍ਹਾ ਮੋਗਾ ਦੇ ਪਿੰਡ ਚੜਿੱਕ (ਨੇੜੇ ਬੱਧਨੀ ਕਲਾਂ) ਵਿਖੇ ਬਾਪੂ ਜਗਤ ਸਿੰਘ ਗਿੱਲ ਦੇ ਵਿਹੜੇ ਅਤੇ ਬੇਬੇ ਕਰਤਾਰ ਕੌਰ ਦੀ ਬੁੱਕਲ 'ਚ ਇਸ ਵਾਤਾਵਰਣ ਦੀ ਖੁਸ਼ਬੋਈ 'ਚੋਂ ਪਹਿਲੀ ਹਿਚਕੀ ਭਰੀ। ਮੁਢਲੀ ਪੜ੍ਹਾਈ ਦੌਰਾਨ ਹੀ ਉਹ ਸਕੂਲ, ਕਾਲਜ 'ਚ ਭੰਗੜੇ ਦੀਆਂ ਤਾਲਾਂ ਦਾ ਵਣਜਾਰਾ ਬਣ ਗਿਆ। ਮਾਤ ਭਾਸ਼ਾ ਪੰਜਾਬੀ 'ਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਮਾਸਟਰ ਡਿਗਰੀ ਕਰਦਿਆਂ ਭੰਗੜੇ ਦੇ ਕਈ ਇਨਾਮ ਜਿੱਤੇ।

ਮੁਢਲੀ ਪੜ੍ਹਾਈ ਦੌਰਾਨ ਗਿੱਲ ਸੁਰਜੀਤ ਨੇ ਸਾਹਿਤ ਦੀ ਹਰ ਵੰਨਗੀ 'ਤੇ ਜ਼ੋਰ ਅਜ਼ਮਾਇਆ ਪਰ ਪੈਰਾਂ 'ਚ ਰਿਦਮ ਅਤੇ ਗਾਇਕ ਗੁਰਦਾਸ ਮਾਨ ਨਾਲ ਮਿਲਣੀ ਪਿਛੋਂ ਉਸ ਅੰਦਰ ਸ਼ਬਦਾਂ ਤੇ ਵਿਚਾਰਾਂ ਦਾ ਗੀਤਕਾਰ ਰੂਪੀ ਤੂਫਾਨ ਬਣ ਗਿਆ। ਉਹ ਮਨ ਅੰਦਰ ਉਠ ਰਹੇ ਵਿਚਾਰਾਂ ਤੇ ਵਲਵਲਿਆਂ ਨੂੰ ਕੋਰੇ ਕਾਗਜ਼ ਦੀ ਹਿੱਕ 'ਤੇ ਝਰੀਟਣ ਲੱਗ ਪਿਆ ਅਤੇ ਪੰਜਾਬੀ ਗੀਤਕਾਰੀ ਦੇ ਇਸ ਤਿਲਕਣੇ ਪਿੜ ਵਿਚ ਗਿੱਲ ਸੁਰਜੀਤ ਇਕ ਅਜਿਹੇ ਸਫਲ ਦੌੜਾਕ ਵਾਂਗ ਦੌੜਿਆ ਤੇ ਪੱਕੇ ਪੈਰੀਂ ਜਮ ਗਿਆ।

ਸਫਲਤਾ ਦਾ ਪਹਿਲਾ ਸਥਾਨ ਹਮੇਸ਼ਾ ਉਸ ਦੀ ਉਡੀਕ ਕਰਦਾ ਜਾਪਿਆ। ਉਸ ਨੇ ਪਹਿਲਾ ਗੀਤ 'ਕੁੜੀ ਦੇਖੀ ਪਤਲੀ ਪਤੰਗ ਵਰਗੀ, ਰੂਪ ਦੀ ਪਟਾਰੀ ਨਿਰੀ ਚੰਦ ਵਰਗੀ' ਲਿਖਿਆ, ਜੋ ਗਿੱਲ ਹਰਦੀਪ ਦੀ ਆਵਾਜ਼ 'ਚ ਰਿਕਾਰਡ ਹੋਇਆ, ਤੇ ਕਾਫੀ ਮਕਬੂਲ ਹੋਇਆ।

ਗੀਤ 'ਸ਼ਹਿਰ ਪਟਿਆਲੇ ਦੇ' ਨੇ ਤਾਂ 'ਗਿੱਲ ਸੁਰਜੀਤ, ਗਿੱਲ ਸੁਰਜੀਤ' ਕਰਵਾ ਦਿੱਤੀ। ਉਸ ਦੇ ਗੀਤਾਂ ਨੂੰ ਜਿੱਥੇ ਪੰਜਾਬ ਦੇ ਅਨੇਕਾਂ ਕਲਾਕਾਰਾਂ



ਗਿੱਲ ਸੁਰਜੀਤ

ਨੇ ਆਵਾਜ਼ ਦਿੱਤੀ, ਉਥੇ ਬਾਲੀਵੁੱਡ ਦੇ ਕਈ ਨਾਮਵਰ ਗਾਇਕਾਂ ਨੇ ਵੀ ਗਾਇਆ। ਉਸ ਦੇ ਗੀਤਾਂ ਨੂੰ ਪੰਜਾਬੀ ਗਾਇਕਾਂ 'ਚੋਂ ਸੁਰਿੰਦਰ ਕੌਰ, ਸੁਰਿੰਦਰ ਛਿੰਦਾ, ਸੁਰੇਸ਼ ਵਾਡੇਕਰ, ਮਹਿੰਦਰ ਕਪੂਰ, ਹਰਭਜਨ ਮਾਨ, ਸਵਿਤਾ ਸਾਥੀ, ਗਿੱਲ ਹਰਦੀਪ ਚੰਡੀਗੜ੍ਹ, ਜਸਪਿੰਦਰ ਨਰੂਲਾ, ਗੁਰਸੇਵਕ ਮਾਨ, ਪੰਮੀ ਬਾਈ, ਗੋਲਡਨ ਸਟਾਰ ਮਲਕੀਤ ਸਿੰਘ, ਗੁਰਮੀਤ ਬਾਵਾ, ਸਰਬਜੀਤ ਚੀਮਾ, ਮਨਜੀਤ ਰੂਪੋਵਾਲੀਆ, ਸੁਖਵਿੰਦਰ ਸੁੱਖੀ, ਜੀਤ ਜਗਜੀਤ, ਰਾਜ ਬਰਾੜ, ਮਨਪ੍ਰੀਤ ਅਖਤਰ, ਅਮਰ ਨੂਰੀ, ਕੁਲਦੀਪ ਪਾਰਸ, ਸਰਬਜੀਤ ਕੌਰ, ਭੁਪਿੰਦਰ ਕੌਰ ਮੁਹਾਲੀ, ਮਕਬੂਲ, ਪਲਵਿੰਦਰ ਧਾਮੀ, ਸਰਦਾਰਾ ਗਿੱਲ, ਗੁਰਬਖਸ਼, ਚੰਨੀ ਸਿੰਘ, ਰੰਜਨਾ, ਜੱਸੀ ਜਸਪਾਲ, ਸੁਰਿੰਦਰ ਕੋਹਲੀ, ਮੰਗਲ ਸਿੰਘ, ਜਸਪਾਲ ਸਿੰਘ, ਡੌਲੀ ਗੁਲੇਰੀਆ ਆਦਿ ਨੇ ਸੁਰੀਲੀ ਤੇ ਮਧੁਰ ਆਵਾਜ਼ ਦਿੱਤੀ ਹੈ।

ਇਸ ਤੋਂ ਇਲਾਵਾ ਗਿੱਲ ਸੁਰਜੀਤ ਪੰਜਾਬੀ ਫਿਲਮਾਂ 'ਜੀ ਆਇਆਂ ਨੂੰ', 'ਕੌਣ ਦਿਲਾਂ ਦੀਆਂ ਜਾਣੇ', 'ਜ਼ੋਰ ਜੱਟ ਦਾ', 'ਜੱਟ ਪੰਜਾਬੀ', 'ਜੱਟ ਵਲੈਤੀ' ਅਤੇ 'ਅਸਾਂ ਨੂੰ ਮਾਣ ਵਤਨਾਂ ਦਾ' ਲਈ ਗੀਤ ਲਿਖ ਚੁਕਾ ਹੈ। ਗੀਤਕਾਰੀ ਦੇ ਨਾਲ ਗਿੱਲ ਸੁਰਜੀਤ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟਰੇਲੀਆ, ਸਿੰਗਾਪੁਰ, ਦੁਬਈ, ਥਾਈਲੈਂਡ, ਅਲਜ਼ੀਰੀਆ, ਟੂਨੇਸ਼ੀਆ, ਇਟਲੀ, ਲਿਬਨਾਨ, ਕੁਵੈਤ, ਇਰਾਕ, ਜਾਰਡਨ ਵਰਗੇ ਦੇਸ਼ਾਂ ਵਿਚ ਸੱਭਿਆਚਾਰਕ ਗਤੀਵਿਧੀਆਂ ਜਿਵੇਂ ਗਿੱਧਾ, ਭੰਗੜਾ, ਕੋਰਿਓਗ੍ਰਾਫੀ ਪੇਸ਼ ਕਰਨ ਹਿਤ ਦੌਰੇ ਵੀ ਕਰ ਚੁਕਾ ਹੈ।

ਗਿੱਲ ਸੁਰਜੀਤ ਦੀ ਕਲਮ ਵਿਚੋਂ ਨਿਕਲੇ ਲਫਜ਼ ਕਿਤਾਬਾਂ ਦੇ ਰੂਪ 'ਚ ਪਾਠਕਾਂ ਦੇ ਸਨਮੁੱਖ ਹੋ ਚੁਕੇ ਹਨ। ਉਸ ਦੇ ਗੀਤਾਂ ਦੇ ਮੁੱਖੜਿਆਂ 'ਚੋਂ ਪੰਜਾਬੀ ਮਾਂ ਬੋਲੀ ਅਤੇ ਪੰਜਾਬੀਅਤ ਦਾ ਝਲਕਾਰਾ ਪੈਂਦਾ ਹੈ। ਖੁੰਭ ਕੇ ਲਿਖੀਆਂ ਗੀਤਾਂ ਦੀਆਂ ਲਾਈਨਾਂ ਨਾਲ ਰੂਹ ਨੂੰ ਨਸ਼ਾ ਚੜ੍ਹਦਾ ਹੈ, ਸੁਹਜ ਅਤੇ ਕਲਾ ਦਾ ਜਲੌ ਪੈਦਾ ਹੁੰਦਾ ਹੈ। ਉਸ ਨੇ ਆਪਣੇ ਪਿਤਰੀ ਪਿੰਡ ਅਤੇ ਨਾਨਕੇ ਪਿੰਡ ਨੂੰ ਗੀਤ 'ਚ ਬਾਕਮਾਲ ਲਿਖਿਆ ਹੈ:

ਗਿੱਲ ਸੁਰਜੀਤ ਕਦੇ ਭੁੱਲੇ ਨਾ ਭੁਲਾਇਆ ਮੈਨੂੰ
ਦਿਲ ਵਿਚੋਂ ਹੂਕ ਉਠੇ ਜਦੋਂ ਯਾਦ ਆਇਆ ਮੈਨੂੰ
ਚੜਿੱਕ ਪਿੰਡ ਨਾਨਕਾ ਲੁਹਾਰਾ ਯਾਦ ਆਉਂਦਾ ਏ
ਮੈਨੂੰ ਮੇਰੇ ਪਿੰਡ ਦਾ ਨਜ਼ਾਰਾ ਯਾਦ ਆਉਂਦਾ ਏ।

ਉਸ ਦੇ ਗੀਤਾਂ 'ਚੋਂ ਕਦੇ ਲੱਚਰਤਾ ਦੀ ਬੋਅ ਨਹੀਂ ਆਈ। ਵਲਗਣਾਂ ਵਾੜਿਆ 'ਚ ਕੈਦ ਰਹਿਣਾ ਉਸ ਨੂੰ ਗਵਾਰਾ ਨਹੀਂ ਸੀ, ਇਸੇ ਕਾਰਨ ਉਸ ਨੂੰ ਨਾਰਥ ਜੋਨ ਕਲਚਰਲ ਸੈਂਟਰ ਦੀ ਸੀਨੀਅਰ ਪ੍ਰੋਗਰਾਮ ਦੀ ਨੌਕਰੀ ਰਾਸ ਨਾ ਆਈ।

ਹਰਭਜਨ ਮਾਨ ਅਤੇ ਜਸਪਿੰਦਰ ਨਰੂਲਾ ਵਲੋਂ ਫਿਲਮ 'ਅਸਾਂ ਨੂੰ ਮਾਣ ਵਤਨਾਂ ਦਾ' ਵਿਚ ਗਾਇਆ ਗਿੱਲ ਸੁਰਜੀਤ ਦਾ ਦੋਗਾਣਾ 'ਮਾਹੀਆ ਮੈਂ ਲੌਂਗ ਗਵਾ ਆਈ ਆਂ' ਕਿਸੇ ਲੋਕ-ਗੀਤ ਦਾ ਭੁਲੇਖਾ ਪਾਉਂਦਾ ਹੈ। ਸੁਰਿੰਦਰ ਛਿੰਦਾ ਦੇ ਗਾਏ ਗੀਤ 'ਯੈਕੀ ਲਵ ਯੂ ਲਵ ਯੂ ਕਰਦੇ' ਨੇ ਨੌਜਵਾਨ ਪੀੜ੍ਹੀ ਦੇ ਦਿਲਾਂ 'ਚ ਨਿਵੇਕਲੀ ਥਾਂ ਬਣਾਈ। ਉਹ 'ਮੇਲਾ ਮੁੰਡੇ ਕੁੜੀਆਂ ਦਾ', 'ਵੰਗਾਂ ਦੀ ਛਣਕਾਰ', 'ਝਾਂਜਰ ਦਾ ਛਣਕਾਟਾ', 'ਚੇਤੇ ਕਰ ਬਚਪਨ ਨੂੰ', 'ਚੀਰੇ ਵਾਲਿਆ ਗੱਭਰੂਆ' ਅਤੇ 'ਏਕਮ' ਨਾਮੀ ਸੱਭਿਆਚਾਰਕ, ਸਮਾਜਿਕ, ਪਰਿਵਾਰਕ ਗੀਤਾਂ ਦੀਆਂ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾ ਚੁਕਾ ਹੈ। ਚੰਨੀ ਨਕਲੀਆ, ਭਜਨ ਸਿੰਘ, ਬਿੰਦੀ ਬਰਾੜ ਉਸ ਦੀ ਭੰਗੜਾ ਟੀਮ 'ਚ ਸਮਕਾਲੀ ਰਹੇ।

ਗੀਤਕਾਰੀ, ਭੰਗੜਾ ਅਤੇ ਸਾਹਿਤਕ ਖੇਤਰ ਦੀਆਂ ਪ੍ਰਾਪਤੀਆਂ ਸਦਕਾ ਅਨੇਕਾਂ ਐਵਾਰਡ ਗਿੱਲ ਸੁਰਜੀਤ ਦੇ ਨਾਮ ਹਨ, ਜਿਨ੍ਹਾਂ ਵਿਚੋਂ 'ਪਟਿਆਲਾ ਰਤਨ ਐਵਾਰਡ', 'ਨੰਦ ਲਾਲ ਨੂਰਪੁਰੀ ਐਵਾਰਡ', 'ਸੁਰ ਪੰਜਾਬ ਦੇ ਐਵਾਰਡ', 'ਫੋਕ ਡਾਂਸ ਐਵਾਰਡ' ਅਤੇ 'ਹਰਭਜਨ ਸਿੰਘ ਅਣਖੀ ਐਵਾਰਡ' ਪ੍ਰਮੁਖ ਹਨ। ਗਿੱਲ ਸੁਰਜੀਤ ਪਾਠਕਾਂ ਅਤੇ ਸਰੋਤਿਆਂ ਵਲੋਂ ਮਿਲੇ ਪਿਆਰ ਸਤਿਕਾਰ ਨੂੰ ਸਭ ਤੋਂ ਵੱਡਾ ਸਨਮਾਨ ਮੰਨਦਾ ਹੈ:

ਰੱਬ ਕਰੇ ਦਿਲ ਦਾ ਤੂੰ ਮੀਤ ਬਣ ਜੇਂ,
ਫੇਰ ਗਿੱਲ ਸੁਰਜੀਤ ਵਾਲਾ ਗੀਤ ਬਣ ਜੇਂ।

# ਸ਼ਹੀਦਾਂ ਦੇ ਬੁੱਤ ਉਸਾਰਨ ਤੱਕ ਹੀ ਸੀਮਤ ਰਹੀਆਂ ਸਰਕਾਰਾਂ

## ਸਰਕਾਰੀ ਰਿਕਾਰਡ ਅੱਜ ਵੀ ਊਧਮ ਸਿੰਘ ਨੂੰ ਨਹੀਂ ਮੰਨਦਾ ਕੌਮੀ ਸ਼ਹੀਦ



**ਅੰਮ੍ਰਿਤਸਰ:** ਸੱਤ ਸਮੁੰਦਰ ਪਾਰ ਲੰਡਨ ਵਿਚ ਜਲ੍ਹਿਆਂਵਾਲਾ ਬਾਗ ਦੇ ਖੂਨੀ ਸਾਕੇ ਦਾ ਬਦਲਾ ਲੈਣ ਲਈ ਪੰਜਾਬ ਦੇ ਤੱਤਕਾਲੀ ਲੈਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਨੂੰ ਮੌਤ ਦੇ ਘਾਟ ਉਤਾਰਨ ਵਾਲੇ ਯੋਧੇ ਸ਼ਹੀਦ ਊਧਮ ਸਿੰਘ ਨੂੰ ਹੁਣ ਤੱਕ ਦੀਆਂ ਸਰਕਾਰਾਂ ਕੌਮੀ ਸ਼ਹੀਦ ਦਾ ਦਰਜਾ ਦੇਣ ਤੋਂ ਆਨਾਕਾਨੀ ਕਰਦੀਆਂ ਰਹੀਆਂ ਹਨ। ਇਕ ਪਾਸੇ ਸ਼ਹੀਦ ਨੂੰ ਸਨਮਾਨ ਭੇਟ ਕਰਦਿਆਂ ਦੇਸ਼ ਦੀਆਂ ਵੱਖ-ਵੱਖ ਜਥੇਬੰਦੀਆਂ ਵੱਲੋਂ ਇਸ ਯੋਧੇ ਦੇ ਲਗਭਗ 47 ਬੁੱਤ ਦੇਸ਼ ਦੇ ਸਮਾਰਕਾਂ, ਬਾਗਾਂ, ਚੌਕਾਂ ਅਤੇ ਹੋਰਨਾਂ ਜਨਤਕ ਸਥਾਨਾਂ ਉਤੇ ਸਥਾਪਤ ਕੀਤੇ ਜਾ ਚੁੱਕੇ ਹਨ, ਦੂਜੇ ਪਾਸੇ ਕੇਂਦਰ 'ਚ ਰਹੀਆਂ ਵੱਖ-ਵੱਖ ਸਰਕਾਰਾਂ ਅਜੇ ਤੱਕ ਸ਼ਹੀਦ ਊਧਮ ਸਿੰਘ ਸਮੇਤ ਹੋਰਨਾਂ ਸ਼ਹੀਦਾਂ ਨੂੰ 'ਕੌਮੀ ਸ਼ਹੀਦ' ਐਲਾਨਣ ਉਤੇ ਸਹਿਮਤੀ ਨਹੀਂ ਬਣਾ ਸਕੀਆਂ।

ਪਿਛਲੇ ਹਫਤੇ ਜਲ੍ਹਿਆਂਵਾਲਾ ਬਾਗ ਸਮਾਰਕ ਵਿਚ ਸਥਾਪਤ ਕੀਤੇ ਸ਼ਹੀਦ ਊਧਮ ਸਿੰਘ ਦੇ ਬੁੱਤ ਦਾ ਉਦਘਾਟਨ ਕਰਨ ਪਹੁੰਚੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਤੋਂ ਇਹ ਪੁੱਛੇ ਜਾਣ 'ਤੇ ਕਿ ਮੋਦੀ ਸਰਕਾਰ ਊਧਮ ਸਿੰਘ ਨੂੰ 'ਕੌਮੀ ਸ਼ਹੀਦ' ਦਾ ਦਰਜਾ ਦੇਵੇਗੀ ਜਾਂ ਨਹੀਂ, ਉਹ ਕੋਈ ਜਵਾਬ ਨਾ ਦੇ ਸਕੇ।

ਕੇਂਦਰ ਸਰਕਾਰ ਦਾ ਵਤੀਰਾ ਅਤੇ ਇਸ ਮਾਮਲੇ ਵਿਚ ਵੱਟੀ ਚੁੱਪ ਸਪਸ਼ਟ ਕਰਦੀ ਹੈ ਕਿ ਸ਼ਹੀਦੀ ਸਮਾਗਮਾਂ ਤੇ ਚੋਣ ਰੈਲੀਆਂ ਵਿਚ ਸ਼ਹੀਦ ਕਰਤਾਰ ਸਿੰਘ ਸਰਾਭਾ, ਊਧਮ ਸਿੰਘ, ਭਗਤ ਸਿੰਘ, ਰਾਜਗੁਰੂ, ਸੁਖਦੇਵ, ਅਸ਼ਫਾਕ ਉੱਲਾ, ਰਾਮ ਪ੍ਰਸਾਦ ਬਿਸਮਿਲ, ਚੰਦਰ ਸ਼ੇਖਰ ਆਜ਼ਾਦ ਆਦਿ ਨੂੰ 'ਸ਼ਹੀਦ' ਸੰਬੋਧਨ ਕਰਦਿਆਂ ਵਾਹ-ਵਾਹ ਲੁੱਟਣ ਵਾਲੀਆਂ ਸਰਕਾਰਾਂ ਨੂੰ ਦੇਸ਼ ਦੇ ਇਨ੍ਹਾਂ ਸਪੂਤਾਂ ਨੂੰ 'ਸ਼ਹੀਦ' ਸਵੀਕਾਰਨਾ ਜਾਂ ਐਲਾਨਣਾ ਹਰਗਿਜ਼ ਮਨਜ਼ੂਰ ਨਹੀਂ ਹੈ।

ਜਲ੍ਹਿਆਂਵਾਲਾ ਬਾਗ ਵਿਚ ਸਮਾਰੋਹ ਦੌਰਾਨ ਪਹੁੰਚੇ ਵੱਖ-ਵੱਖ ਬੁਲਾਰਿਆਂ ਵੱਲੋਂ ਗ੍ਰਹਿ ਮੰਤਰੀ ਦੀ ਹਾਜ਼ਰੀ 'ਚ ਅੰਗਰੇਜ਼ਾਂ ਅਤੇ ਮੁਗਲ ਸ਼ਾਸਕਾਂ ਦੇ ਨਾਂਵਾਂ ਉਤੇ ਰੱਖੀਆਂ ਦੇਸ਼ ਦੀਆਂ ਸੜਕਾਂ ਸਮੇਤ ਕਾਲੇ ਪਾਣੀ ਜੇਲ੍ਹ ਦੇ ਟਾਪੂਆਂ ਦੇ ਅੰਗਰੇਜ਼ਾਂ ਦੇ ਨਾਂਵਾਂ ਉਤੇ ਰੱਖੇ ਟਾਪੂਆਂ ਵਿਚੋਂ ਇਕ ਟਾਪੂ ਦਾ ਨਾਂ ਸ਼ਹੀਦ ਊਧਮ ਸਿੰਘ ਦੇ ਨਾਮ ਉਤੇ ਰੱਖਣ, ਦੇਸ਼ ਦੀ ਕਿਸੇ ਵੀ ਕੌਮੀ ਯੂਨੀਵਰਸਿਟੀ 'ਚ ਸ਼ਹੀਦ ਊਧਮ ਸਿੰਘ ਚੇਅਰ ਸਥਾਪਤ ਕਰਨ, ਸੰਸਦ 'ਚ ਸ਼ਹੀਦ ਦਾ ਬੁੱਤ ਸਥਾਪਤ ਕਰਨ ਅਤੇ ਕੌਮੀ ਸ਼ਹੀਦ ਦਾ ਦਰਜਾ ਦੇਣ ਆਦਿ ਦੀ ਮੰਗ ਕੀਤੀ ਗਈ, ਜਦੋਂ ਕਿ ਬੁਲਾਰਿਆਂ ਦੀਆਂ ਇਨ੍ਹਾਂ ਮੰਗਾਂ ਦੇ ਜਵਾਬ 'ਚ ਗ੍ਰਹਿ ਮੰਤਰੀ ਰਾਜਨਾਥ ਸਿੰਘ ਵੱਲੋਂ ਸਿਰਫ ਇਹੋ ਭਰੋਸਾ ਦਿੱਤਾ ਗਿਆ ਕਿ ਜਲ੍ਹਿਆਂਵਾਲਾ ਬਾਗ ਦੇ ਖੂਨੀ ਸਾਕੇ ਦੇ ਸ਼ਤਾਬਦੀ ਵਰ੍ਹੇ ਮੌਕੇ ਦੇਸ਼ ਭਰ ਵਿਚ ਸਮਾਰੋਹ ਕਰਵਾਏ ਜਾਣਗੇ ਅਤੇ ਬਾਗ ਦੇ ਸੁੰਦਰੀਕਰਨ ਲਈ ਹੋਰ ਉਪਰਾਲੇ ਕੀਤੇ ਜਾਣਗੇ।

## ਕਾਂਗਰਸ ਤੇ ਭਾਜਪਾ ਦੇ ਵਿਧਾਇਕ ਭਿੜੇ

**ਨਵੀਂ ਦਿੱਲੀ:** ਗੁਜਰਾਤ ਵਿਧਾਨ ਸਭਾ ਵਿਚ ਜੰਮ ਕੇ ਹੰਗਾਮਾ ਹੋਇਆ। ਭਾਜਪਾ ਤੇ ਕਾਂਗਰਸੀ ਵਿਧਾਇਕਾਂ ਨੇ ਇਕ-ਦੂਜੇ ਨੂੰ ਚੰਗਾ ਫੰਡਿਆ। ਕਾਂਗਰਸ ਦੇ ਇਕ ਵਿਧਾਇਕ ਨੇ ਭਾਜਪਾ ਵਿਧਾਇਕ ਨੂੰ ਬੈਲਟ ਨਾਲ ਕੁੱਟਿਆ। ਸਦਨ ਅੰਦਰ ਹੋਈ ਕੁੱਟਮਾਰ ਦੀ ਇਸ ਘਟਨਾ ਤੋਂ ਸਾਰੇ ਹੈਰਾਨ ਹਨ। ਗੁਜਰਾਤ ਵਿਧਾਨ ਸਭਾ ਵਿਚ ਕਾਂਗਰਸ ਦੇ ਵਿਧਾਇਕ ਪ੍ਰਤਾਪ ਦੁਧਾਤ ਨੇ ਬੀ.ਜੇ.ਪੀ. ਦੇ ਵਿਧਾਇਕ ਜਗਦੀਸ਼ ਪੰਚਾਲ ਨੂੰ ਵਿਧਾਨ ਸਭਾ ਵਿਚ ਹੀ ਢਾਅ ਲਿਆ। ਉਸ ਨੇ ਬੈਲਟ ਖੋਲ੍ਹ ਲਈ ਤੇ ਖੂਬ ਕੁਟਾਪਾ ਚਾੜ੍ਹਿਆ। ਇਕ ਹੋਰ ਵਿਧਾਇਕ ਵਿਕਰਮ ਮਾਡਲ ਨੇ ਮਾਈਕ ਤੋੜ ਦਿੱਤਾ।

# ਤੇਜ਼ਾਬ ਪੀੜਤ ਔਰਤਾਂ ਵੱਲੋਂ ਬੁਲੰਦ ਹੌਸਲੇ ਦਾ ਸੁਨੇਹਾ



**ਚੰਡੀਗੜ੍ਹ:** ਪਹਿਲੀ ਵਾਰ ਤੇਜ਼ਾਬੀ ਹਮਲਿਆਂ ਤੋਂ ਪੀੜਤ ਮਹਿਲਾਵਾਂ ਰੈਂਪ ਉਤੇ ਚੱਲੀਆਂ ਤੇ ਸੋਹਣੀ ਸੀਰਤ ਤੇ ਬੁਲੰਦ ਹੌਸਲੇ ਦਾ ਸੁਨੇਹਾ ਦਿੱਤਾ ਹੈ। ਇਹ ਸ਼ਲਾਘਾਯੋਗ ਕਦਮ ਰੌਇਲ ਔਰਾ ਈਵੈਂਟਸ, ਆਈ ਐਮ ਸਟਿੱਲ ਹਿਊਮਨ ਤੇ ਜੀ.ਆਈ.ਡੀ. ਪਲੈਨਰਸ ਨੇ ਸਾਂਝੇ ਤੌਰ ਉਤੇ ਚੁੱਕਿਆ ਤੇ ਇਸ ਨੂੰ 'ਕਦਮ ਇਕ ਪਹਿਲ: ਵਿਮੈੱਨ ਆਫ ਵਰਥ ਐਵਾਰਡਜ਼' ਦਾ ਨਾਮ ਦਿੱਤਾ ਗਿਆ।

ਇਹ ਅਜਿਹਾ ਪਹਿਲਾ ਫੈਸ਼ਨ ਸ਼ੋਅ ਸੀ, ਜਿਸ ਵਿਚ ਸਟੇਜ ਪਿੱਛੇ ਗੀਤ-ਸੰਗੀਤ ਨਹੀਂ, ਬਲਕਿ ਕਵਿਤਾਵਾਂ ਚੱਲੀਆਂ। ਇਸ ਫੈਸ਼ਨ ਸ਼ੋਅ ਵਿਚ ਲਖਨਊ ਅਤੇ ਆਗਰਾ ਦੀਆਂ ਪੰਜ ਤੇਜ਼ਾਬ ਪੀੜਤ ਮਹਿਲਾਵਾਂ ਫਰਹਾ, ਰਕੈਆ, ਕੁੰਤੀ, ਬਾਲਾ ਤੇ ਗੁਡੀਆ ਨੇ ਹਿੱਸਾ ਲਿਆ। ਇਸ ਮੌਕੇ ਉਨ੍ਹਾਂ ਇਕ ਸੁਰ ਵਿਚ ਕਿਹਾ ਕਿ ਜੇ ਉਹ ਹਿੰਮਤ ਨਾ ਜੁਟਾਉਂਦੀਆਂ ਤਾਂ ਸ਼ਾਇਦ ਘਰੋਂ ਬਾਹਰ ਹੀ ਨਾ ਨਿਕਲ ਸਕਦੀਆਂ। ਉਨ੍ਹਾਂ ਕਿਹਾ ਕਿ ਅਸਲ ਖੂਬਸੂਰਤੀ ਚਿਹਰੇ ਦੀ ਨਹੀਂ ਹੁੰਦੀ, ਹਿੰਮਤ ਅਤੇ ਵਿਸ਼ਵਾਸ ਨਾਲ ਹੁੰਦੀ ਹੈ। ਤੇਜ਼ਾਬੀ ਹਮਲਿਆਂ ਤੋਂ ਪੀੜਤ ਇਹ ਮਹਿਲਾਵਾਂ ਬਹੁਤ ਖੂਬਸੂਰਤੀ ਨਾਲ ਰੈਂਪ ਉਤੇ ਚੱਲੀਆਂ। ਪਰਦੇ ਦੇ ਪਿੱਛੇ ਸੁਣਾਈ ਦੇ ਰਹੀਆਂ ਦਿਲ ਨੂੰ ਛੂਹਣ ਵਾਲੀਆਂ ਕਵਿਤਾਵਾਂ ਦੀ ਰਚਨਾ ਚੰਡੀਗੜ੍ਹ ਦੀ ਉਭਰਦੀ ਕਵਿਤਰੀ ਸੌਮਿਆ ਜੋਸ਼ੀ ਨੇ ਕੀਤੀ ਸੀ।

Michigan Truck Driving School
6405 Middlebelt Road, Romulus, MI 48174
ਸਭ ਸਹੂਲਤਾਂ ਨਾਲ ਲੈਸ ਨਵਾਂ ਟਰੱਕ ਡਰਾਈਵਿੰਗ ਸਕੂਲ


*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai Cell:734-644-1010 Office:734-747-4298

TRUCK STOP 40
SAYRE, OK 73662
ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ

ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ
ਸੰਪਰਕ ਕਰੋ:
ਫੋਨ: 832-512-7172
580-447-9366

ਕਲਾਸ 'ਏ' CDL ਡਰਾਈਵਰ ਓਨਰ ਆਪਰੇਟਰ ਚਾਹੀਦੇ ਹਨ
(OTC/Regional)

ਇਕੱਲੇ ਡਰਾਈਵਰ
55 ਸੈਂਟ ਪ੍ਰਤੀ ਮੀਲ ਤੱਕ
ਟੀਮ ਡਰਾਈਵਰ
70 ਸੈਂਟ ਪ੍ਰਤੀ ਮੀਲ ਤੱਕ
ਲੋੜੀਂਦੀਆਂ ਸ਼ਰਤਾਂ
*ਕਲਾਸ 'ਏ' CDL ਅਤੇ ਦੋ ਸਾਲ ਦਾ ਤਜਰਬਾ
*ਪਿਛਲੇ ਤਿੰਨ ਸਾਲ ਤੋਂ ਕੋਈ ਡੀ. ਯੂ. ਆਈ./ਡੀ. ਡਬਲਿਊ. ਆਈ. ਜਾਂ ਕੋਈ ਹੋਰ ਸਜ਼ਾ ਨਾ ਹੋਈ ਹੋਵੇ
*ਪਿਛਲੇ ਤਿੰਨ ਸਾਲਾਂ ਵਿਚ ਦੋ ਵਾਰ ਤੋਂ ਵੱਧ ਮੂਵਿੰਗ ਵਾਇਲੇਸ਼ਨ ਜਾਂ ਐਟ ਫਾਲਟ, ਜਾਂ ਦੋਵੇਂ ਨਾ ਹੋਈਆਂ ਹੋਣ
*ਡੀ. ਓ. ਟੀ. ਫੰਕਸ਼ਨਲ ਕੈਪੇਸਟੀ ਪ੍ਰੀਖਿਆ ਅਤੇ ਡਰੱਗ ਸਕਰੀਨ ਪਾਸ ਕਰਨ ਦੇ ਯੋਗ ਹੋਵੇ
ਸੰਪਰਕ ਕਰੋ: ਨਵਦੀਪ ਸਿੱਧੂ ਜਾਂ ਹਰਦੀਪ ਸਿੰਘ
ਫੋਨ: 856-562-0052, 614-949-4672
info@5aabtransport.com www.5aabtransport.com

# ਗੁਰਦੁਆਰਾ ਸੰਤ ਸਾਗਰ ਵਿਖੇ ਨਾਨਕਸ਼ਾਹੀ 550ਵਾਂ ਨਵਾਂ ਸਾਲ ਮਨਾਇਆ

**ਨਿਊ ਯਾਰਕ (ਬਿਊਰੋ):** ਗੁਰਦੁਆਰਾ ਸੰਤ ਸਾਗਰ ਵਿਖੇ ਨਾਨਕਸ਼ਾਹੀ ਸੰਮਤ 550ਵਾਂ ਨਵਾਂ ਸਾਲ ਬੜੀ ਸ਼ਰਧਾ ਨਾਲ ਮਨਾਇਆ ਗਿਆ। ਦੀਵਾਨ 5:45 ਵਜੇ ਸੋਦਰ ਦੀ ਚੌਕੀ ਤੋਂ ਸ਼ੁਰੂ ਹੋ ਕੇ ਰਾਤ 12 ਵਜੇ ਆਰਤੀ ਤੇ ਫੁਲਾਂ ਦੀ ਵਰਖਾ ਤੋਂ ਬਾਅਦ ਅਰਦਾਸ ਨਾਲ ਸਮਾਪਤ ਹੋਇਆ।

ਇਸ ਮੌਕੇ ਭਾਈ ਗੁਰਿੰਦਰਵੀਰ ਸਿੰਘ (ਹਜ਼ੂਰੀ ਰਾਗੀ), ਭਾਈ ਬਲਜੀਤ ਸਿੰਘ ਦਿੱਲੀ, ਭਾਈ ਹਰਿੰਦਰ ਸਿੰਘ ਬੰਬੇ, ਭਾਈ ਗੁਰਪ੍ਰੀਤ ਸਿੰਘ ਬੱਲੜਵਾਲ ਦੇ ਪੰਥ ਪ੍ਰਸਿਧ ਰਾਗੀ ਜਥਿਆਂ ਤੋਂ ਇਲਾਵਾ ਬੀਬੀ ਜਸਵਿੰਦਰ ਕੌਰ ਰਾਮਾ ਮੰਡੀ ਦੇ








ਢਾਡੀ ਜਥੇ ਅਤੇ ਕਥਾਵਾਚਕ ਗਿਆਨੀ ਗੁਰਚੇਤਨ ਸਿੰਘ ਹਰਿਆਓ ਨੇ ਸੰਗਤ ਨੂੰ ਗੁਰਬਾਣੀ ਕੀਰਤਨ, ਢਾਡੀ ਵਾਰਾਂ ਤੇ ਗੁਰ ਇਤਿਹਾਸ ਨਾਲ ਜੋੜਿਆ। ਇਸ ਮੌਕੇ ਗੁਰੂ ਕੇ ਵਜ਼ੀਰ ਭਾਈ ਸ਼ਿੰਗਾਰਾ ਸਿੰਘ ਨੇ ਨਵਾਂ ਸਾਲ ਸਰਬ ਲੋਕਾਈ ਵਾਸਤੇ ਸੁਖ ਸ਼ਾਤੀ ਤੇ ਖੁਸ਼ੀਆਂ ਭਰਿਆ ਹੋਣ ਦੀ ਮਹਾਰਾਜ ਅੱਗੇ ਅਰਦਾਸ ਕੀਤੀ। ਲੰਗਰ ਦੀ ਸੇਵਾ ਗੁਰੂਘਰ ਦੇ ਨੌਜਵਾਨ ਸੇਵਾਦਾਰਾਂ ਵਲੋਂ ਕੀਤੀ ਗਈ। ਇਸ ਸਾਰੇ ਪ੍ਰੋਗਰਾਮ 'ਚ ਸੰਗਤ ਨੇ ਵਧ ਚੜ੍ਹ ਕੇ ਹਿੱਸਾ ਲਿਆ।










## ਗੁਰਦੁਆਰਾ ਕਮੇਟੀਆਂ ਦੀ ਬਿਆਨਬਾਜ਼ੀ 'ਤੇ ਸਰਕਾਰ ਦੀ ਤਿੱਖੀ ਨਜ਼ਰ

**ਨਵੀਂ ਦਿੱਲੀ:** ਭਾਰਤ ਸਰਕਾਰ ਨੇ ਕਿਹਾ ਕਿ ਉਹ ਕੈਨੇਡਾ, ਅਮਰੀਕਾ ਅਤੇ ਬਰਤਾਨੀਆ ਜਿਹੇ ਦੇਸ਼ਾਂ ਵਿਚਲੀਆਂ ਕੁਝ ਗੁਰਦੁਆਰਾ ਕਮੇਟੀਆਂ ਵੱਲੋਂ ਸਿੱਖਾਂ ਦੇ ਮਾਮਲਿਆਂ ਵਿਚ ਉਸ (ਸਰਕਾਰ) ਵੱਲੋਂ ਦਖਲਅੰਦਾਜ਼ੀ ਬਾਰੇ ਲਾਏ ਦੋਸ਼ਾਂ ਦੇ ਬਿਆਨ ਉਸ ਦੇ ਧਿਆਨ ਵਿਚ ਹਨ। ਵਿਦੇਸ਼ ਮਾਮਲਿਆਂ ਬਾਰੇ ਰਾਜ ਮੰਤਰੀ ਵੀ.ਕੇ. ਸਿੰਘ ਨੇ ਰਾਜ ਸਭਾ ਵਿਚ ਲਿਖਤੀ ਜਵਾਬ ਦਿੰਦਿਆਂ ਕਿਹਾ ਕਿ ਇਨ੍ਹਾਂ ਕਮੇਟੀਆਂ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਉਨ੍ਹਾਂ ਨਾਲ ਸਬੰਧਤ ਬਹੁਤ ਸਾਰੇ ਗੁਰਦੁਆਰਿਆਂ ਨੇ ਭਾਰਤ ਸਰਕਾਰ ਦੇ ਕਿਸੇ ਵੀ ਅਧਿਕਾਰੀ ਨੂੰ ਦਾਖਲ ਨਾ ਹੋਣ ਦੇਣ ਦੀ ਹਾਮੀ ਭਰੀ ਸੀ।

ਮੰਤਰੀ ਨੇ ਆਖਿਆ ਕਿ ਸਰਕਾਰ ਕੈਨੇਡਾ, ਅਮਰੀਕਾ, ਬਰਤਾਨੀਆ ਤੇ ਕੁਝ ਹੋਰ ਮੁਲਕਾਂ ਵਿਚਲੀਆਂ ਗੁਰਦੁਆਰਾ ਕਮੇਟੀਆਂ ਤੇ ਜਥੇਬੰਦੀਆਂ ਵੱਲੋਂ ਦਿੱਤੇ ਬਿਆਨਾਂ ਤੋਂ ਜਾਣੂ ਹਨ, ਜਿਨ੍ਹਾਂ ਇਹ ਦੋਸ਼ ਲਾਇਆ ਸੀ ਕਿ ਭਾਰਤ ਸਰਕਾਰ ਦੇ ਨੁਮਾਇੰਦਿਆਂ ਵੱਲੋਂ ਸਿੱਖ ਭਾਈਚਾਰੇ ਦੇ ਮਾਮਲਿਆਂ ਵਿਚ ਦਖਲਅੰਦਾਜ਼ੀ ਕੀਤੀ ਜਾਂਦੀ ਹੈ। ਵੀ.ਕੇ. ਸਿੰਘ ਨੇ ਕਿਹਾ ਕਿ ਸਰਕਾਰ ਅਤਿਵਾਦੀ ਅਨਸਰਾਂ ਵੱਲੋਂ ਕੀਤੀਆਂ ਜਾਂਦੀਆਂ ਭਾਰਤ ਵਿਰੋਧੀ ਸਰਗਰਮੀਆਂ ਨਾਲ ਸਬੰਧਤ ਭਾਰਤ ਦੇ ਸਰੋਕਾਰਾਂ ਨੂੰ ਮੁਖਾਤਬ ਹੋਣ ਲਈ ਇਨ੍ਹਾਂ ਦੇਸ਼ਾਂ ਦੀਆਂ ਸਰਕਾਰ ਨਾਲ ਤਾਲਮੇਲ ਕੀਤਾ ਜਾ ਰਿਹਾ ਹੈ। ਪਰਵਾਸੀ ਸਿੱਖਾਂ ਦੀ ਬਹੁਗਿਣਤੀ ਭਾਰਤ ਨਾਲ ਜਜ਼ਬਾਤੀ ਸਾਂਝ ਰੱਖਦੀ ਹੈ ਤੇ ਭਾਰਤ ਤੇ ਉਨ੍ਹਾਂ ਦੇ ਵਸੇਬੇ ਦੇ ਮੁਲਕ ਦਰਮਿਆਨ ਸਬੰਧਾਂ ਨੂੰ ਬਿਹਤਰ ਬਣਾਉਣ ਲਈ ਯਤਨਸ਼ੀਲ ਰਹਿੰਦੀ ਹੈ। ਸਰਕਾਰ ਮੁੱਠੀ ਭਰ ਅਨਸਰਾਂ ਵੱਲੋਂ ਨਫਰਤ ਤੇ ਫਿਰਕੂ ਦੁਰਭਾਵ ਪੈਦਾ ਕਰਨ ਲਈ ਕੀਤੀ ਜਾਂਦੀ ਬਿਆਨਬਾਜ਼ੀ ਵੱਲ ਬਹੁਤਾ ਧਿਆਨ ਨਹੀਂ ਦਿੰਦੀ। ਇਕ ਹੋਰ ਸਵਾਲ ਦਾ ਜਵਾਬ ਦਿੰਦਿਆਂ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਐਮ.ਜੇ. ਅਕਬਰ ਨੇ ਕਿਹਾ ਕਿ ਵਿਦੇਸ਼ੀ ਜੇਲ੍ਹਾਂ ਵਿਚ ਇਸ ਸਮੇਂ 7850 ਭਾਰਤੀ ਨਜ਼ਰਬੰਦ ਹਨ।

## ਸੁਰਿੰਦਰ ਸੋਹਲ ਦੀ ਪੁਸਤਕ 'ਕਿਤਾਬ ਆਸਮਾਨ ਦੀ' ਨੂੰ ਸ੍ਰੀ ਕੰਵਰ ਚੌਹਾਨ ਯਾਦਗਾਰੀ ਗਜ਼ਲ ਪੁਰਸਕਾਰ

**ਨਾਭਾ (ਬਿਊਰੋ):** ਭਾਈ ਕਾਨ੍ਹ ਸਿੰਘ ਨਾਭਾ ਰਚਨਾ ਵਿਚਾਰ ਮੰਚ (ਰਜਿ.) ਵਲੋਂ ਦਿੱਤੇ ਜਾਂਦੇ 'ਸ੍ਰੀ ਕੰਵਰ ਚੌਹਾਨ ਯਾਦਗਾਰੀ ਪੁਰਸਕਾਰ' 21ਵੇਂ ਨਾਭਾ ਕਵਿਤਾ ਉਤਸਵ-2018 ਵੇਲੇ ਪ੍ਰਦਾਨ ਕੀਤੇ ਗਏ। ਇਸ ਵਾਰ 'ਸ੍ਰੀ ਕੰਵਰ ਚੌਹਾਨ ਯਾਦਗਾਰੀ ਗਜ਼ਲ ਪੁਰਸਕਾਰ' ਅਮਰੀਕਾ ਵਸਦੇ ਪੰਜਾਬੀ ਗਜ਼ਲਗੋ ਸੁਰਿੰਦਰ ਸੋਹਲ ਦੇ ਗਜ਼ਲ ਸੰਗ੍ਰਿਹ 'ਕਿਤਾਬ ਆਸਮਾਨ ਦੀ' ਨੂੰ ਦਿੱਤਾ ਗਿਆ। ਸੁਰਜੀਤ ਪਾਤਰ ਵਲੋਂ ਭੇਟ ਕੀਤਾ ਗਿਆ ਇਹ ਪੁਰਸਕਾਰ ਸੁਰਿੰਦਰ ਸੋਹਲ ਦੀ ਗੈਰਹਾਜ਼ਰੀ 'ਚ ਉਸਤਾਦ ਸ਼ਾਇਰ ਤੇ ਸਿਰਜਣਾ ਕੇਂਦਰ ਕਪੂਰਥਲਾ ਦੇ ਪ੍ਰਧਾਨ ਸੁਰਜੀਤ ਸਾਜਨ ਨੇ ਪ੍ਰਾਪਤ ਕੀਤਾ।

ਜ਼ਿਕਰਯੋਗ ਹੈ ਕਿ ਸੁਰਿੰਦਰ ਸੋਹਲ ਦਾ ਜਨਮ ਪਿੰਡ ਸੰਗਲ ਸੋਹਲ, ਜ਼ਿਲ੍ਹਾ ਜਲੰਧਰ 'ਚ ਸ. ਜਗੀਰ ਸਿੰਘ ਤੇ ਬੀਬੀ ਪ੍ਰੀਤਮ ਕੌਰ ਦੇ ਘਰ ਹੋਇਆ। ਉਸ ਨੇ ਮੁਢਲੀ ਵਿਦਿਆ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਹਾਸਿਲ ਕੀਤੀ। ਦਸਵੀਂ ਗੌਰਮਿੰਟ ਹਾਈ ਸਕੂਲ ਮੰਡ ਤੋਂ ਅਤੇ ਪ੍ਰੈਪ ਤੇ ਬੀ. ਏ. (ਭਾਗ ਪਹਿਲਾ) ਡੀ. ਏ. ਵੀ. ਕਾਲਜ, ਜਲੰਧਰ ਤੋਂ ਕੀਤੀ। ਬੀ. ਏ. ਖਾਲਸਾ ਕਾਲਜ ਜਲੰਧਰ ਤੋਂ ਕੀਤੀ। ਐਮ. ਏ. (ਪੰਜਾਬੀ) ਡੀ.




ਏ. ਵੀ. ਕਾਲਜ, ਜਲੰਧਰ ਤੋਂ ਕਰਨ ਉਪਰੰਤ ਐਮ. ਫਿਲ. ਦੀ ਡਿਗਰੀ ਰਿਜਨਲ ਸੈਂਟਰ ਜਲੰਧਰ ਤੋਂ ਪ੍ਰਾਪਤ ਕੀਤੀ। ਅਕਾਲੀ ਪਤ੍ਰਿਕਾ ਤੇ ਜੱਗਬਾਣੀ ਵਿਚ ਕੁਝ ਦੇਰ ਨੌਕਰੀ ਕਰਨ ਤੋਂ ਬਾਅਦ ਜਨਤਾ ਕਾਲਜ ਕਰਤਾਰਪੁਰ ਤੇ ਡੀ. ਏ. ਵੀ. ਕਾਲਜ ਜਲੰਧਰ ਵਿਚ ਲੈਕਚਰਾਰ ਵਜੋਂ ਸੇਵਾ ਨਿਭਾਈ।

1997 ਤੋਂ ਨਿਊ ਯਾਰਕ ਵਿਚ ਵਸਦਾ ਸੁਰਿੰਦਰ ਸੋਹਲ ਲਗਾਤਾਰ ਸਾਹਿਤ-ਅਧਿਐਨ ਤੇ ਸਾਹਿਤ-ਸਿਰਜਣਾ ਨਾਲ ਜੁੜਿਆ ਹੋਇਆ ਹੈ। ਉਸ ਦਾ ਇਕ ਗਜ਼ਲ ਸੰਗ੍ਰਿਹ 'ਖੰਡਰ, ਖਾਮੋਸ਼ੀ ਤੇ ਰਾਤ' ਅਤੇ ਕਾਵਿ-ਸੰਗ੍ਰਿਹ 'ਚਿਹਰੇ ਦੀ ਤਲਾਸ਼' ਪਹਿਲਾਂ ਪ੍ਰਕਾਸ਼ਿਤ ਹੋ ਚੁਕੇ ਹਨ। ਉਸ ਦਾ ਦੂਜਾ ਕਾਵਿ ਸੰਗ੍ਰਿਹ 'ਇਬਾਰਤ ਚੁੱਪ ਕਿਉਂ ਹੈ?' ਅਤੇ ਕਟਾਖਸ਼-ਭਰਪੂਰ, ਪ੍ਰਤੀਕਮਈ ਸ਼ੈਲੀ ਤੇ ਨਿਵੇਕਲੇ ਅੰਦਾਜ਼ ਦਾ ਨਾਵਲ 'ਸਿੰਘਾਸਣ' ਛਪਾਈ ਅਧੀਨ ਹਨ।

ਸੁਰਿੰਦਰ ਸੋਹਲ ਦਾ ਮੁੱਢਲਾ ਇਸ਼ਕ ਭਾਵੇਂ ਗਜ਼ਲ ਹੈ ਪਰ ਉਸ ਨੇ ਨਜ਼ਮਾਂ, ਕਹਾਣੀਆਂ, ਲੇਖਕਾਂ ਦੇ ਸ਼ਬਦ-ਚਿੱਤਰਾਂ ਤੋਂ ਇਲਾਵਾ ਢੇਰ ਸਾਰੀਆਂ ਉਰਦੂ ਪੁਸਤਕਾਂ ਦਾ ਪੰਜਾਬੀ ਅਨੁਵਾਦ ਤੇ ਗੁਰਮੁਖੀ ਵਿਚ ਲਿਪੀਅੰਤਰ ਵੀ ਕੀਤਾ ਹੈ। ਉਸ ਦਾ ਇਕ ਕਾਵਿ ਸੰਗ੍ਰਿਹ ਹਿੰਦੀ ਵਿਚ ਅਤੇ ਚੋਣਵੀਆਂ ਪੰਜਾਬੀ ਗਜ਼ਲਾਂ ਦਾ ਸੰਗ੍ਰਿਹ ਸ਼ਾਹਮੁਖੀ ਵਿਚ ਲਾਹੌਰ ਤੋਂ ਪ੍ਰਕਾਸ਼ਿਤ ਹੋ ਚੁਕੇ ਹਨ। ਅੱਧੀ ਤੋਂ ਵੱਧ ਦਰਜਨ ਕਿਤਾਬਾਂ ਦੇ ਸੰਪਾਦਨ ਵਿਚ ਸੰਪਾਦਕ ਤੇ ਸਹਿ-ਸੰਪਾਦਕ ਵਜੋਂ ਉਸ ਦੀ ਅਹਿਮ ਭੂਮਿਕਾ ਰਹੀ ਹੈ।

ਸ਼ੁਰੂ ਤੋਂ ਹੀ 'ਪੰਜਾਬ ਟਾਈਮਜ਼' ਨਾਲ ਜੁੜੇ ਸੁਰਿੰਦਰ ਸੋਹਲ ਨੂੰ ਅਦਾਰੇ ਵਲੋਂ ਵਧਾਈ।

ਬਾਕੀ ਇਨਾਮਾਂ ਵਿਚ 'ਸ੍ਰੀ ਕੰਵਰ ਚੌਹਾਨ ਯਾਦਗਾਰੀ ਨਜ਼ਮ ਪੁਰਸਕਾਰ' ਸ਼ਾਇਰ ਗੁਰਪ੍ਰੀਤ (ਮਾਨਸਾ) ਦੀ ਕਾਵਿ-ਪੁਸਤਕ 'ਓਕ' ਲਈ ਪ੍ਰਦਾਨ ਕੀਤਾ ਗਿਆ। 'ਸ੍ਰੀ ਕੰਵਰ ਚੌਹਾਨ ਯਾਦਗਾਰੀ ਨਵ-ਪ੍ਰਤਿਭਾ ਗਜ਼ਲ ਪੁਰਸਕਾਰ-2018 ਵਾਸਤੇ ਕੁਲਵਿੰਦਰ ਬੱਛੋਆਣਾ ਦਾ ਗਜ਼ਲ ਸੰਗ੍ਰਿਹ 'ਵਕਤ ਜੋ ਸਾਡਾ ਨਹੀਂ' ਨੂੰ ਅਤੇ 'ਸ੍ਰੀ ਕੰਵਰ ਚੌਹਾਨ ਯਾਦਗਾਰੀ ਨਵ-ਪ੍ਰਤਿਭਾ ਨਜ਼ਮ ਪੁਰਸਕਾਰ' ਸ਼ਾਇਰ ਇੰਦਰਜੀਤ ਜਾਦੂ ਦੇ ਕਾਵਿ ਸੰਗ੍ਰਿਹ 'ਸਿਲਵਟਾਂ' ਨੂੰ ਦਿੱਤਾ ਗਿਆ।

## ਪੰਜ ਮੈਂਬਰੀ ਕਮੇਟੀ ਚੁੱਕੇਗੀ ਕੇਂਦਰ ਕੋਲ ਸਿੱਖ ਮਸਲੇ

**ਸ਼ੇਰਪੁਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਹੈ ਕਿ ਲੰਗਰ ਉਤੇ ਜੀ.ਐਸ.ਟੀ. ਨਾ ਲਾਏ ਜਾਣ, ਸਾਕਾ ਨੀਲਾ ਤਾਰਾ ਮੌਕੇ ਰੈਫਰੈਂਸ ਲਾਇਬਰੇਰੀ ਵਿਚੋਂ ਖਰੜੇ ਉਤੇ ਚੁੱਕਿਆ ਕੀਮਤੀ ਸਾਮਾਨ ਵਾਪਸ ਲੈਣ, ਸੈਕਸ਼ਨ 87 ਅਧੀਨ ਆਉਂਦੇ ਗੁਰਦੁਆਰਿਆਂ ਨੂੰ ਸੈਕਸ਼ਨ 85 ਅਧੀਨ ਲਿਆਉਣ ਸਬੰਧੀ ਨੋਟੀਫਿਕੇਸ਼ਨ ਕਰਵਾਏ ਜਾਣ ਤੇ ਰਾਸ਼ਟਰਪਤੀ ਕੋਲ ਬਲਵੰਤ ਸਿੰਘ ਰਾਜੋਆਣਾ ਦੀ ਬਕਾਇਆ ਅਪੀਲ ਸਮੇਤ ਹੋਰ ਸਿੱਖ ਮਸਲਿਆਂ ਸਬੰਧੀ ਪੰਜ ਮੈਂਬਰੀ ਕਮੇਟੀ ਛੇਤੀ ਹੀ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਕਰੇਗੀ।

ਉਨ੍ਹਾਂ ਦੱਸਿਆ ਕਿ ਇਸ ਕਮੇਟੀ ਵਿਚ ਉਹ ਖੁਦ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ, ਪ੍ਰੇਮ ਸਿੰਘ ਚੰਦੂਮਾਜਰਾ ਤੇ ਰਾਜ ਸਭਾ ਮੈਂਬਰ ਬਲਵਿੰਦਰ ਸਿੰਘ ਭੂੰਦੜ ਸ਼ਾਮਲ ਹੋਣਗੇ। ਭਾਈ ਲੌਂਗੋਵਾਲ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਤ ਸਮਾਗਮ ਦੀ ਤਿਆਰੀ ਵਜੋਂ ਕਰਵਾਏ ਜਾ ਰਹੇ ਗੁਰਮਤਿ ਸਮਾਗਮਾਂ ਦੀ ਲੜੀ ਤਹਿਤ ਗੁਰਦੁਆਰਾ ਮੰਜੀ ਸਾਹਿਬ ਮੂਲੋਵਾਲ ਵਿਚ ਗੁਰਮਤਿ ਸਮਾਗਮ ਵਿੱਚ ਪੁੱਜੇ ਸਨ।

**ਜੰਮੂ ਵਿਚ ਸਿੱਖਾਂ ਨੂੰ ਘੱਟ ਗਿਣਤੀ ਦੇ ਦਰਜੇ ਲਈ ਚਾਰਾਜੋਈ:** ਸ਼੍ਰੋਮਣੀ ਕਮੇਟੀ ਜੰਮੂ ਕਸ਼ਮੀਰ ਵਿਚ ਸਿੱਖਾਂ ਨੂੰ ਘੱਟ ਗਿਣਤੀ ਦਾ ਦਰਜਾ ਦਿਵਾਉਣ ਲਈ ਉਥੋਂ ਦੇ ਮੁੱਖ ਮੰਤਰੀ ਨਾਲ ਵੀ ਮੁਲਾਕਾਤ ਕਰੇਗੀ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਗੁਰਮਤਿ ਲਹਿਰ ਹੋਰ ਤੇਜ਼ ਕਰਨ ਕਰਨ ਲਈ ਇਕ ਸੌ ਵਿਦਵਾਨ ਪ੍ਰਚਾਰਕ, ਢਾਡੀ ਜਥੇ ਤੇ ਕਵੀਸ਼ਰੀ ਜਥਿਆਂ ਦੀਆਂ ਨਿਯੁਕਤੀਆਂ ਕਰਕੇ ਲਹਿਰ ਨੂੰ ਪ੍ਰਚੰਡ ਕਰਨ ਲਈ ਤਿੰਨ ਤਖਤਾਂ ਦੇ ਸਕੱਤਰ ਨਿਯੁਕਤ ਕੀਤੇ ਗਏ ਹਨ ਤਾਂ ਜੋ ਪਿੰਡ-ਪਿੰਡ ਪ੍ਰਚਾਰ ਕਰਕੇ ਪਰਿਵਾਰਾਂ ਤੇ ਉਨ੍ਹਾਂ ਦੇ ਬੱਚਿਆਂ ਨੂੰ ਬਾਣੀ ਤੇ ਬਾਣੇ ਨਾਲ ਜੋੜਿਆ ਜਾ ਸਕੇ।

## ਸੌ ਵਰ੍ਹਿਆਂ ਮਗਰੋਂ ਇਨਕਲਾਬੀ ਆਵਾਜ਼ ਖਾਮੋਸ਼

**ਜਲੰਧਰ:** ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਦੇ ਸਾਬਕਾ ਜਨਰਲ ਸਕੱਤਰ, ਸੀਨੀਅਰ ਟਰੱਸਟੀ ਕਾਮਰੇਡ ਗੰਧਰਵ ਸੇਨ ਕੋਛੜ ਦਾ ਦੇਹਾਂਤ ਹੋ ਗਿਆ। ਉਹ 100 ਵਰ੍ਹਿਆਂ ਦੇ ਸਨ।

ਕਮਰੇਡ ਗੰਧਰਵ ਸੇਨ ਕੋਛੜ ਨੇ ਆਪਣੇ ਜੀਵਨ ਦਾ ਬਹੁਤਾ ਸਮਾਂ ਇਨਕਲਾਬੀ ਸੰਗਰਾਮ ਦੇ ਲੇਖੇ ਲਾਇਆ। ਆਖਰੀ ਸਮੇਂ ਤੱਕ ਵੀ ਉਨ੍ਹਾਂ ਦੀ ਸੁਰਤ ਕਾਇਮ ਰਹੀ ਤੇ ਉਹ ਦੇਸ਼ ਦੀ ਮੌਜੂਦਾ ਹਾਲਤ ਤੋਂ ਕਾਫੀ ਫਿਕਰਮੰਦ ਸਨ। ਉਨ੍ਹਾਂ ਨੇ ਗਦਰ ਪਾਰਟੀ ਦੀ ਵਿਚਾਰਧਾਰਾ ਨੂੰ ਕਿਰਤੀ ਪਾਰਟੀ ਦੇ ਝੰਡੇ ਹੇਠ ਅੱਗੇ ਤੋਰਿਆ। ਉਹ ਸਦਾ ਲੋਕ ਮੁਕਤੀ ਸੰਗਰਾਮ ਦੇ ਸਫਰ ਉਤੇ ਰਹੇ।

ਸੀ. ਪੀ. ਆਈ., ਸੀ. ਪੀ. ਐਮ., ਲਾਲ ਪਾਰਟੀ, ਨਕਸਲਬਾੜੀ ਲਹਿਰਾਂ ਵਿਚ ਕੰਮ ਕਰਦਿਆਂ ਆਖਰੀ ਦਮ ਤੱਕ ਉਹ ਮਾਰਕਸੀ ਫਲਸਫੇ, ਜਮਾਤੀ-ਸੰਗਰਾਮ ਤੇ ਇਨਕਲਾਬੀ ਸਮਾਜਿਕ ਤਬਦੀਲੀ ਦੇ ਮਾਰਗ ਉਤੇ ਡਟੇ ਰਹੇ। ਉਨ੍ਹਾਂ ਨੇ ਦੋ ਦਰਜਨ ਤੋਂ ਵੱਧ ਪੁਸਤਕਾਂ ਵੱਖ-ਵੱਖ ਵਿਸ਼ਿਆਂ ਉਤੇ ਛਪਵਾ ਕੇ ਬਿਨਾਂ ਕਿਸੇ ਰਾਸ਼ੀ ਤੋਂ ਹਜ਼ਾਰਾਂ ਲੋਕਾਂ ਤੱਕ ਪੁੱਜਦੀਆਂ ਕੀਤੀਆਂ।

# ਬਾਰਸ਼-ਬਰਕਤਾਂ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਹੈ ਤਾਂ ਫਿਜ਼ਿਕਸ ਜਿਹੇ ਖੁਸ਼ਕ ਵਿਸ਼ੇ ਦੇ ਅਧਿਆਪਕ ਪਰ ਉਨ੍ਹਾਂ ਦੀ ਵਾਰਤਕ ਵਿਚ ਕਵਿਤਾ ਜਿਹੀ ਰਵਾਨਗੀ ਹੈ। ਉਹ ਸ਼ਬਦਾਂ ਦੀ ਅਜਿਹੀ ਜੁਗਤ ਵਰਤਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਇਸ ਲੇਖ ਲੜੀ ਵਿਚ ਉਨ੍ਹਾਂ ਕੁਦਰਤ ਦੀਆਂ ਨਿਆਮਤਾਂ ਨੂੰ ਸਲਾਮ ਕੀਤਾ ਹੈ ਅਤੇ ਮਨੁੱਖ ਦੀ ਇਨ੍ਹਾਂ ਪ੍ਰਤੀ ਅਕ੍ਰਿਤਘਣਤਾ ਉਤੇ ਅਫਸੋਸ ਜ਼ਾਹਰ ਕੀਤਾ ਹੈ। ਪਿਛਲੇ ਲੇਖ ਵਿਚ ਉਨ੍ਹਾਂ ਪਰਬਤਾਂ ਦੀਆਂ ਉਚਾਣਾਂ ਅਤੇ ਉਨ੍ਹਾਂ ਦੀ ਪਾਕੀਜ਼ਗੀ ਦੀ ਗੱਲ ਕਰਦਿਆਂ ਕਿਹਾ ਸੀ, "ਪਰਬਤ, ਪਾਕੀਜ਼ਗੀ ਅਤੇ ਪਹਿਲਕਦਮੀ ਦਾ ਸੁੱਚਾ ਨਾਮ। ਪਰ ਪਰਬਤਾਂ 'ਤੇ ਮਨੁੱਖੀ ਹੋਂਦ ਨੇ ਇਸ ਦੇ ਬਿਰਖਾਂ, ਵਾਦੀਆਂ, ਝਾੜੀਆਂ ਅਤੇ ਪਰਬਤ-ਪਿੰਡੇ ਨੂੰ ਪ੍ਰਦੂਸ਼ਤ ਕਰਕੇ ਪਰਬਤੀ-ਨੈਣਾਂ ਵਿਚ ਹਿੰਝ ਭਰੀ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਬਾਰਸ਼ ਦੀਆਂ ਨਿਆਮਤਾਂ ਦੇ ਖਿਆਨਤਾਂ ਦੀ ਬਾਤ ਪਾਈ ਹੈ, "ਮੁਖੜਿਆਂ 'ਤੇ ਖੁਸ਼ਹਾਲੀ, ਸੋਚ ਵਿਚ ਰੱਜ ਅਤੇ ਬਿਰਖ-ਝੋਲੀ ਵਿਚ ਹਰਿਆਵਲ ਦਾ ਨਿਉਂਦਾ ਧਰਨ ਵਾਲੀ ਬਾਰਸ਼ ਜਦ ਬੇਮੌਸਮੀ ਜਾਂ ਬਹੁਤਾਤ ਵਿਚ ਹੁੰਦੀ ਤਾਂ ਇਹ ਕਹਿਰਵਾਨ ਵੀ ਹੋ ਜਾਂਦੀ। ਕੱਚੇ ਕੋਠਿਆਂ, ਢਾਰਿਆਂ, ਕੁਲੀਆਂ ਨੂੰ ਢਾਹੁੰਦੀ, ਮਨੁੱਖ ਨੂੰ ਸਿਰ ਦੀ ਛੱਤ ਤੋਂ ਬੇਵਾ ਕਰ, ਦੋ ਡੰਗ ਦੀ ਰੋਟੀ ਦਾ ਫਿਕਰ ਬਣ ਜਾਂਦੀ।" ਉਹ ਪਾਠਕਾਂ ਨੂੰ ਚੇਤੇ ਕਰਾਉਂਦੇ ਹਨ, "ਬਾਰਸ਼ ਵਿਚ ਭਿੱਜੋ ਤਾਂ ਕਿ ਤੁਹਾਡੇ ਗੁਨਾਹ ਧੋਤੇ ਜਾਣ, ਤੁਹਾਡੀਆਂ ਕੁਤਾਹੀਆਂ ਦੇ ਦਾਗ ਮਿਟ ਜਾਣ, ਅਣਜਾਣੇ ਹੀ ਦੁਖਾਏ ਦਿਲਾਂ ਦੀ ਚੀਸ ਕੁਝ ਘੱਟ ਜਾਵੇ ਅਤੇ ਤੁਹਾਡੇ ਮਨ ਵਿਚ ਦਾਨਿਆਈ ਅਤੇ ਭਲਿਆਈ ਦਾ ਬੂਟਾ ਮੌਲਣ ਲੱਗ ਪਵੇ।" -ਸੰਪਾਦਕ***

## ਨਿਆਮਤਾਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਬਾਰਸ਼, ਬੱਦਲਾਂ ਦਾ ਆਪਣੇ ਪਿੰਡੇ ਤੋਂ ਜਲ-ਵਾਸ਼ਪਾਂ ਦਾ ਬੋਝ ਉਤਾਰਨਾ ਅਤੇ ਸੜ ਰਹੀ ਧਰਤ ਦੇ ਪਿੰਡੇ ਨੂੰ ਠਾਰਨਾ, ਪਾਣੀ ਲੋਚਦੀਆਂ ਫਸਲਾਂ, ਜੀਵ-ਜੰਤੂਆਂ ਦੀ ਪਿਆਸ ਮਿਟਾਉਣੀ ਅਤੇ ਖਲਕਤ ਦੇ ਮੂੰਹ ਵਿਚ ਰਿਜਕ-ਰੋਟੀ ਪਾਉਣੀ।

ਬਾਰਸ਼, ਬੱਦਲਾਂ ਸੰਗ ਇਕਮਿੱਕ ਹੋਏ ਵਾਸ਼ਪਾਂ ਦਾ ਵਜੂਦ। ਨਿੱਕੀਆਂ ਕਣੀਆਂ ਜਾਂ ਭੂਰ ਦਾ ਰੂਪ ਧਾਰ, ਇਕ ਸੰਗੀਤਕ ਆਬਸ਼ਾਰ ਨੂੰ ਪਾਣੀ ਲਈ ਆਹਾਂ ਭਰਦੇ ਰੱਕੜ ਦੇ ਨਾਮ ਕਰਨਾ।

ਬਾਰਸ਼ ਧਰਤੀ ਨੂੰ ਗਲੇ ਮਿਲਦੀ ਤਾਂ ਧਰਤੀ ਵਿਚੋਂ ਉਠ ਰਹੀ ਗੰਧਮੀ ਮਹਿਕ, ਮੁਹੱਬਤੀ ਮਿਲਾਪ ਦੇ ਪਲਾਂ 'ਚ ਚਿਰੰਜੀਵਤਾ ਸਿਰਜ ਜਾਂਦੀ। ਇਉਂ ਲੱਗਦਾ ਜਿਉਂ ਧਰਤੀ ਗੱਭਣ ਹੋ, ਨਵੀਂ ਉਮੀਦ ਅਤੇ ਆਸ ਸਮੁੱਚੇ ਕਾਇਨਾਤੀ ਪਸਾਰੇ ਦੇ ਨਾਮ ਕਰਨ ਲਈ ਤਤਪਰਤਾ ਦਾ ਚੋਲਾ ਪਾਉਂਦੀ।

ਕਾਲੀਆਂ ਘਟਾਵਾਂ ਬਾਰਸ਼ ਦੀ ਆਮਦ ਦਾ ਸੁਖਦ ਸੁਨੇਹਾ। ਇਹ ਘਟਾਵਾਂ ਹੀ ਮੋਰਾਂ ਦੇ ਪੈਰਾਂ ਵਿਚ ਨਾਚ, ਪਰਿੰਦਿਆਂ ਦੇ ਖੰਭਾਂ ਵਿਚ ਫੈਲਾਅ ਅਤੇ ਕੋਇਲ ਦੀ ਹੂਕ ਵਿਚ ਪੀਆ ਮਿਲਣ ਦਾ ਹੋਕਰਾ ਧਰ ਜਾਂਦੀ।

ਬਾਰਸ਼, ਕਿਸਾਨ ਦੇ ਉਦਾਸ ਚਿਹਰੇ ਵਿਚ ਆਸ ਦਾ ਟਟਹਿਣਾ, ਹਰਾਸੀਆਂ ਆਸਾਂ ਦੀ ਝੋਲੀ ਵਿਚ ਉਮੀਦ ਦਾ ਜਾਗ ਅਤੇ ਤਿੜਕ ਰਹੇ ਸੁਪਨਿਆਂ ਨੂੰ ਸਿਉਣ ਦਾ ਸਬੱਬ। ਸਮੇਂ, ਸਥਾਨ ਅਤੇ ਸਥਿਤੀ ਅਨੁਸਾਰ ਇੰਦਰ ਦੇਵਤਾ ਮਿਹਰਬਾਨ ਹੋ ਜਾਵੇ ਤਾਂ ਧਰਤੀ 'ਤੇ ਹੋਣ ਵਾਲੀ ਜਲਥਲ, ਮਨੁੱਖੀ ਚਿਹਰਿਆਂ ਦੀ ਰੌਣਕ, ਭੜੋਲੀਆਂ ਨੂੰ ਭਰ ਜਾਣ ਦੀ ਆਸ, ਘਰ ਦੇ ਬਨੇਰਿਆਂ ਨੂੰ ਲਿਪੇ ਜਾਣ ਦਾ ਚਾਅ ਅਤੇ ਘਰ ਬੈਠੀ ਕੋਠੇ ਜਿੱਡੀ ਧੀ ਨੂੰ ਘਰ ਤੋਂ ਵਿਦਾ ਕਰਨ ਦੇ ਖੁਆਬ ਦੀ ਅੰਗੜਾਈ।

ਬਾਰਸ਼ ਨਾਲ ਜੁੜੀਆਂ ਹੁੰਦੀਆਂ ਨੇ ਸਮੁੱਚੇ ਕੁਦਰਤੀ ਪਸਾਰੇ ਦੀਆਂ ਆਸਾਂ, ਉਮੀਦਾਂ ਅਤੇ ਉਮੰਗਾਂ ਦੀਆਂ ਤੰਦਾਂ। ਬਾਰਸ਼ ਸਿਰਫ ਧਰਤੀ ਦੇ ਪਿੰਡੇ ਨੂੰ ਹੀ ਨਮ ਨਹੀਂ ਕਰਦੀ ਸਗੋਂ ਅਧੇੜ ਸੁਪਨਿਆਂ, ਅਸਾਵੀਆਂ ਸੱਧਰਾਂ ਅਤੇ ਅਲਿਪਤ ਸਰੋਕਾਰਾਂ ਨੂੰ ਵੀ ਸੰਪੂਰਨਤਾ ਦਾ ਪੈਗਾਮ ਦਿੰਦੀ।

ਬਾਰਸ਼ ਹੀ ਬਿਰਖ ਦੇ ਪਿੰਡੇ ਨੂੰ ਧੋਂਦੀ, ਪੱਤਿਆਂ ਤੋਂ ਗਰਦ ਸਾਫ ਕਰਕੇ ਲਿਸ਼ਕੋਰਦੀ ਅਤੇ ਨਵੀਆਂ ਕਰੂੰਬਲਾਂ ਦਾ ਰੈਣ-ਬਸੇਰਾ ਸਿਰਜਦੀ। ਨਵੇਂ ਫੁੱਲਾਂ ਅਤੇ ਫਲਾਂ ਦਾ ਸੰਧਾਰਾ ਬਿਰਖ ਦੀ ਜੂਹੇ ਧਰਦੀ ਅਤੇ ਬਿਰਖ ਦੀ ਸੱਥ ਵਿਚ ਮਜਲਸਾਂ ਤੇ ਹਾਸੇ-ਖੇੜਿਆਂ ਦਾ ਇਕੱਠ ਕਰਦੀ।

ਬਾਰਸ਼, ਅਸੀਮ ਬਰਕਤਾਂ, ਬੇਗਿਣਤ ਨਿਆਮਤਾਂ ਅਤੇ ਬੇਹਿਸਾਬ ਮਾਨਵੀ ਸਰੋਕਾਰਾਂ ਦਾ ਸਬੱਬ। ਤੀਆਂ ਦਾ ਮੇਲਾ ਬਾਰਸ਼ ਦੇ ਦਿਨਾਂ ਦਾ ਸਭ ਤੋਂ ਸੁੰਦਰ ਸਮਾਂ, ਜਦੋਂ ਜਵਾਨ ਦਿਲਾਂ ਦੀਆਂ ਅੰਗੜਾਈਆਂ ਨੂੰ ਬੋਲਾਂ ਦੀ ਜ਼ੁਬਾਨ ਮਿਲਦੀ ਅਤੇ ਉਹ ਟਾਹਣ ਦੀ ਬਾਂਹ ਫੜ੍ਹ, ਅੰਬਰ ਨੂੰ ਗਲਵਕੜੀ ਵਿਚ ਲੈ ਲੈਂਦੀਆਂ। ਸਾਵਣ ਮਹੀਨੇ ਕਿਸਾਨ ਧਰਤੀ ਦੀ ਨੀਂਦ ਨੂੰ ਨਹੀਂ ਸੀ ਹੰਗਾਲਦਾ। ਸਾਵਣ ਮਹੀਨੇ ਕੱਠੀਆਂ ਹੋਣ ਵਾਲੀਆਂ ਸਖੀਆਂ, ਭਾਦਰੋਂ ਚੜ੍ਹਦੇ ਸਾਰ ਹੀ ਸਾਲ ਬਾਅਦ ਫਿਰ ਮਿਲਣ ਦੀ ਆਸ ਲੈ ਕੇ ਆਪੋ-ਆਪਣੇ ਆਲ੍ਹਣਿਆਂ ਨੂੰ ਉਡਾਰੀ ਮਾਰ ਜਾਂਦੀਆਂ।

'ਸਾਵਣ ਆਇਆ ਰੀ ਸਖੀ...' ਵਿਚ ਵਣ-ਤ੍ਰਿਣ ਮੌਲਦਾ, ਆਲੇ ਦੁਆਲੇ 'ਚ ਬਹਾਰਾਂ ਦਾ ਝੁਰਮਟ ਅਤੇ ਹਰਿਆਵਲੇ ਪਲਾਂ ਵਿਚ ਜ਼ਿੰਦਗੀ ਦਾ ਹਰ ਪਲ ਜਿਉਣ ਯੋਗਾ ਹੁੰਦਾ।

ਬਾਰਸ਼, ਬੰਦਿਆਈ ਦਾ ਸੰਦੇਸ਼ ਜੋ ਰੱਕੜ, ਪਹਾੜ, ਰੇਗਿਸਤਾਨ ਅਤੇ ਉਬੜ-ਖਾਬੜ ਧਰਤੀ ਦੀ ਹਿੱਕੜੀ ਨੂੰ ਇਕਸਾਰ ਸਿੰਜਦੀ, ਉਚ ਨੀਚ ਤੋਂ ਬੇਨਿਆਜ਼। ਬਰਾਬਰੀ ਦੀ ਸੰਦੇਸ਼-ਵਾਹਕ ਬਣ ਕੇ ਮਨੁੱਖੀ ਸੋਚ ਵਿਚ ਪਏ ਪਾੜੇ ਪੂਰਦੀ, 'ਸਭੈ ਸਾਂਝੀਵਾਲ ਸਦਾਇਨ' ਦਾ ਹੋਕਰਾ ਬਣਦੀ।

ਬਾਰਸ਼ ਵਿਚ ਭਿੱਜਣ ਦਾ ਆਪਣਾ ਵਿਸਮਾਦ, ਅਕਹਿ ਅਨੰਦ। ਨਿੱਕੇ ਹੁੰਦਿਆਂ ਜਾਣ-ਬੁਝ ਕੇ ਬਾਰਸ਼ ਵਿਚ ਭਿੱਜਣਾ, ਮਾਪਿਆਂ ਤੋਂ ਝਿੜਕਾਂ ਖਾਣੀਆਂ, ਕਈ ਵਾਰ ਤਾਂ ਬਿਮਾਰ ਵੀ ਹੋਣਾ। ਪਰ ਆਪਣੀਆਂ ਬਚਪਨੀ ਸ਼ਰਾਰਤਾਂ ਤੋਂ ਕਦੇ ਵੀ ਬਾਜ ਨਾ ਆਉਣਾ। ਵਿਹੜੇ ਦੇ ਪਾਣੀ ਵਿਚ ਕਾਗਜ਼ ਦੀਆਂ ਬੇੜੀਆਂ ਚਲਾਉਣਾ, ਓਟਿਆਂ ਦੀਆਂ ਖੁਰ ਰਹੀਆਂ ਚਿੜੀਆਂ ਨੂੰ ਬਚਾਉਣ ਲਈ ਅਹੁਲਣਾ। ਕਦੇ ਕਦਾਈਂ ਸਕੂਲ ਤੋਂ ਆਉਂਦਿਆਂ ਵਰ੍ਹਦੇ ਮੀਂਹ ਵਿਚ ਪੱਗ ਦੇ ਕੱਚੇ ਰੰਗ ਦਾ ਸਾਰੇ ਕਪੜਿਆਂ ਨੂੰ ਆਪਣੇ ਰੰਗ ਵਿਚ ਰੰਗਣਾ ਅਤੇ ਮਾਂ ਦਾ ਤੜਫ ਕੇ ਰਹਿ ਜਾਣਾ, ਜਦ ਚੇਤਿਆਂ ਵਿਚ ਸਿਰ ਚੁੱਕਦਾ ਤਾਂ ਬੀਤੀਆਂ ਤੰਗੀਆਂ-ਤੁਰਸ਼ੀਆਂ ਦੇ ਦਿਨਾਂ ਵਿਚ ਖੁਦ ਨੂੰ ਇਨ੍ਹਾਂ ਵਿਚੋਂ ਉਭਰਨ ਦੀ ਯਾਦ, ਮਨ-ਬੀਹੀ ਨੂੰ ਸਰਸ਼ਾਰ ਕਰ ਜਾਂਦੀ। ਵਿਰਲੇ ਹੁੰਦੇ ਜੋ ਆਪਣੇ ਅਤੀਤ ਨੂੰ ਯਾਦ ਕਰਦੇ ਅਤੇ ਅਤੀਤ ਵਿਚੋਂ ਹੀ ਆਪਣੇ ਆਪ ਨੂੰ ਵਿਸਥਾਰਤ ਕਰਦੇ। ਬੜੇ ਪਿਆਰੇ ਸਨ ਉਹ ਦਿਨ ਅਤੇ ਉਨ੍ਹਾਂ ਨਾਲ ਜੁੜੀਆਂ ਫੁਲਝੜੀਆਂ ਵਰਗੀਆਂ ਯਾਦਾਂ। ਚਾਹੁਣ 'ਤੇ ਵੀ ਉਹ ਦਿਨ ਕਦੇ ਵਾਪਸ ਪਰਤ ਕੇ ਨਹੀਂ ਆਉਂਦੇ। ਨਾਦਾਨੀ ਭਰੇ ਉਹ ਦਿਨ ਸਿਰਫ ਯਾਦਾਂ ਤੀਕ ਹੀ ਸੀਮਤ ਹੋ ਕੇ ਰਹਿ ਗਏ ਅਤੇ ਉਨ੍ਹਾਂ ਯਾਦਾਂ ਦਾ ਆਸਰਾ ਲੈ ਕੇ ਜਿਉਣ ਲਈ ਯਾਦਾਂ ਦੀ ਕੰਨੀ ਨੂੰ ਘੁੱਟ ਕੇ ਫੜ੍ਹਨਾ ਪੈਂਦਾ।

***ਬਾਰਸ਼ ਵਿਚ ਭਿੱਜਣ ਦਾ ਆਪਣਾ ਵਿਸਮਾਦ, ਅਕਹਿ ਅਨੰਦ। ਨਿੱਕੇ ਹੁੰਦਿਆਂ ਜਾਣ-ਬੁਝ ਕੇ ਬਾਰਸ਼ ਵਿਚ ਭਿੱਜਣਾ, ਮਾਪਿਆਂ ਤੋਂ ਝਿੜਕਾਂ ਖਾਣੀਆਂ, ਕਈ ਵਾਰ ਤਾਂ ਬਿਮਾਰ ਵੀ ਹੋਣਾ। ਪਰ ਆਪਣੀਆਂ ਬਚਪਨੀ ਸ਼ਰਾਰਤਾਂ ਤੋਂ ਕਦੇ ਵੀ ਬਾਜ ਨਾ ਆਉਣਾ। ਵਿਹੜੇ ਦੇ ਪਾਣੀ ਵਿਚ ਕਾਗਜ਼ ਦੀਆਂ ਬੇੜੀਆਂ ਚਲਾਉਣਾ, ਓਟਿਆਂ ਦੀਆਂ ਖੁਰ ਰਹੀਆਂ ਚਿੜੀਆਂ ਨੂੰ ਬਚਾਉਣ ਲਈ ਅਹੁਲਣਾ। ਕਦੇ ਕਦਾਈਂ ਸਕੂਲ ਤੋਂ ਆਉਂਦਿਆਂ ਵਰ੍ਹਦੇ ਮੀਂਹ ਵਿਚ ਪੱਗ ਦੇ ਕੱਚੇ ਰੰਗ ਦਾ ਸਾਰੇ ਕਪੜਿਆਂ ਨੂੰ ਆਪਣੇ ਰੰਗ ਵਿਚ ਰੰਗਣਾ ਅਤੇ ਮਾਂ ਦਾ ਤੜਫ ਕੇ ਰਹਿ ਜਾਣਾ, ਜਦ ਚੇਤਿਆਂ ਵਿਚ ਸਿਰ ਚੁੱਕਦਾ ਤਾਂ ਬੀਤੀਆਂ ਤੰਗੀਆਂ-ਤੁਰਸ਼ੀਆਂ ਦੇ ਦਿਨਾਂ ਵਿਚ ਖੁਦ ਨੂੰ ਇਨ੍ਹਾਂ ਵਿਚੋਂ ਉਭਰਨ ਦੀ ਯਾਦ, ਮਨ-ਬੀਹੀ ਨੂੰ ਸਰਸ਼ਾਰ ਕਰ ਜਾਂਦੀ।***




ਬੰਬਈ ਵਿਚ ਬਾਰਸ਼ ਕਾਰਨ ਸੜਕਾਂ 'ਤੇ ਹੋਈ ਜਲ ਥਲ

ਬਾਰਸ਼ ਵਿਚ ਭਿੱਜਦੇ ਜਵਾਨ ਜਿਸਮਾਂ ਵਿਚ



ਜਦ ਅੱਗ ਬਲਦੀ ਤਾਂ ਇਹ ਦੋ ਰੂਹਾਂ ਦਾ ਮਿਲਾਪ ਬਣ ਕੇ ਨਵੇਂ ਪੈਂਡਿਆਂ ਦੇ ਰਾਹੀਆਂ ਦੇ ਨਵੇਂ ਸੁਪਨਿਆਂ ਦਾ ਸੱਚ ਅਤੇ ਨਵੀਂ ਕਰਮਭੂਮੀ ਦਾ ਸਿਰਜਕ ਹੁੰਦੇ। ਬੜਾ ਅਚਰਜ ਲੱਗਦਾ ਏ ਪਾਣੀ ਹੇਠ ਅੱਗ ਦਾ ਬਲਣਾ, ਸੇਕ ਨਾਲ ਖੁਦ ਨੂੰ ਸੇਕਣਾ ਅਤੇ ਇਸ ਵਿਚੋਂ ਖੁਦ ਦੀ ਨਿਸ਼ਾਨਦੇਹੀ ਕਰਕੇ, ਨਵੀਨਤਮ ਦਿਸਹੱਦਿਆਂ ਦਾ ਰਾਹੀ ਬਣਨਾ।

ਮੁਖੜਿਆਂ 'ਤੇ ਖੁਸ਼ਹਾਲੀ, ਸੋਚ ਵਿਚ ਰੱਜ ਅਤੇ ਬਿਰਖ-ਝੋਲੀ ਵਿਚ ਹਰਿਆਵਲ ਦਾ ਨਿਉਂਦਾ ਧਰਨ ਵਾਲੀ ਬਾਰਸ਼ ਜਦ ਬੇਮੌਸਮੀ ਜਾਂ ਬਹੁਤਾਤ ਵਿਚ ਹੁੰਦੀ ਤਾਂ ਇਹ ਕਹਿਰਵਾਨ ਵੀ ਹੋ ਜਾਂਦੀ। ਕੱਚੇ ਕੋਠਿਆਂ, ਢਾਰਿਆਂ, ਕੁਲੀਆਂ ਨੂੰ ਢਾਹੁੰਦੀ, ਮਨੁੱਖ ਨੂੰ ਸਿਰ ਦੀ ਛੱਤ ਤੋ ਬੇਵਾ ਕਰ, ਦੋ ਡੰਗ ਦੀ ਰੋਟੀ ਦਾ ਫਿਕਰ ਬਣ ਜਾਂਦੀ।

ਬਾਰਸ਼, ਪਾਣੀ ਦਾ ਧਰਤ ਤੋਂ ਧਰਤ ਤੀਕ ਦਾ ਸਫਰ, ਪਾਣੀ ਤੋਂ ਪਾਣੀ ਤੀਕ ਦਾ ਸਫਰਨਾਮਾ। ਇਕ ਪਾਣੀ ਪਹਾੜਾਂ ਤੋਂ ਸ਼ੁਰੂ ਹੋ ਧਰਤ ਦੀ ਛੂਹ ਮਾਣਦਾ, ਸਮੁੰਦਰ ਵਿਚ ਸਮਾਉਂਦਾ ਅਤੇ ਫਿਰ ਉਹੀ ਪਾਣੀ ਸਮੁੰਦਰ ਤੋਂ ਉਡਾਰੀ ਭਰ ਆਪਣੀ ਜਨਮ ਭੋਂ ਨੂੰ ਕਰਮ ਭੂਮੀ ਬਣਾਉਣ ਲਈ ਲੰਮੀ ਉਡਾਰੀ ਭਰਦਾ। ਬੱਦਲਾਂ ਦਾ ਰੂਪ ਧਾਰ, ਪਾਣੀ-ਪਾਣੀ ਹੋ ਕੇ ਧਰਤ ਦੇ ਸੇਕ ਨੂੰ ਖੁਦ 'ਚ ਰਚਾ ਕੇ ਖੁਦ ਦੀ ਹੋਂਦ ਮਿਟਾਉਣਾ, ਪਾਣੀ ਦਾ ਪਾਣੀ-ਧਰਮ।

ਬਾਰਸ਼, ਬਾਹਰੀ ਰੂਪ ਵਿਚ ਬਾਹਰਲੀ ਧਰਾਤਲ ਨੂੰ ਸਿੰਜਦੀ, ਨੀਰ ਨਾਲ ਗੜੁੱਚ ਕਰਦੀ ਅਤੇ ਪਾਣੀ ਦਾ ਬੰਦਗੀ-ਵਰਦਾਨ ਵਰਦੀ। ਪਰ ਬਹੁਤੀ ਵਾਰ ਸਾਡਾ ਅੰਦਰਲਾ ਇਸ ਬਾਹਰੀ ਬਾਰਸ਼ ਤੋਂ ਅਣਭਿੱਜ ਰਹਿੰਦਾ। ਬਾਹਰੀ ਬਾਰਸ਼ ਨਾਲੋਂ ਸਾਡੇ ਅੰਦਰਲੇ ਬਾਰਸ਼ ਦੀ ਜ਼ਿਆਦਾ ਜਰੂਰਤ।

ਬਾਰਸ਼ ਰੂਹ ਨੂੰ ਲਬਰੇਜ਼ ਕਰੇ, ਆਤਮਿਕ ਉਡਾਣ ਦਾ ਸਬੱਬ ਬਣੇ, ਮਾਨਸਿਕ ਖਾਹਸ਼ਾਂ ਭਾਵਨਾਵਾਂ ਅਤੇ ਚਾਹਤਾਂ ਨੂੰ ਸੰਪੂਰਨ ਕਰੇ ਅਤੇ ਸਾਡੇ ਵਿਚੋਂ ਖੁਦੀ ਦਾ ਨਾਸ਼ ਕਰੇ। ਬਾਰਸ਼ ਜੋ ਸਾਡੇ ਹਿਰਦੇ ਦਾ ਸਾਥ ਮਾਣੇ, ਮਨ ਆਪਣਾ ਮੂਲ ਪਛਾਣੇ ਅਤੇ ਇਸ ਵਿਚੋਂ ਬਹੁ-ਪਰਤੀ ਅਤੇ ਬਹੁ-ਅਰਥੀ ਸਰੂਪਾਂ ਦੀ ਸਾਰ ਜਾਣੇ। ਬਾਰਸ਼ ਜੋ ਅਤ੍ਰਿਪਤ ਰੂਹ ਨੂੰ ਤ੍ਰਿਪਤ ਕਰੇ, ਜੋ ਆਤਮਾ ਨੂੰ ਸਬਰ-ਸੰਤੋਖ ਨਾਲ ਭਰੇ ਤੇ ਸਾਡੇ ਅੰਤਰੀਵ ਦੀ ਤਲੀ 'ਤੇ ਸਕੂਨ, ਸੁਖਦ ਅਤੇ ਸਹਿਜ ਦਾ ਸੁੱਚਾ ਹਰਫ ਧਰੇ।

ਕਦੇ ਬਾਰਸ਼ ਵਿਚ ਭਿੱਜੇ ਹੋਏ ਪਰਿੰਦਿਆਂ ਨੂੰ ਅਠਖੇਲੀਆਂ ਕਰਦੇ ਦੇਖਣਾ, ਜਾਨਵਰਾਂ ਨੂੰ ਸਰੂਰ ਵਿਚ ਦੁੜੰਗੇ ਲਾਉਂਦੇ ਦੇਖਣਾ ਅਤੇ ਬਿਰਖ ਤੋਂ ਟਪਕਦੇ ਪਾਣੀ ਬੂੰਦਾਂ ਦੀ ਸੰਗੀਤਕਤਾ ਨੂੰ ਅੰਤਰੀਵ ਵਿਚ ਉਤਾਰਨਾ, ਤੁਹਾਨੂੰ ਬਾਰਸ਼ ਨਾਲ ਪੈਦਾ ਹੋਏ ਵਿਸਮਾਦ ਦਾ ਅਹਿਸਾਸ ਜਰੂਰ ਹੋਵੇਗਾ।

ਬਾਰਸ਼ ਦੇ ਦਿਨਾਂ ਵਿਚ ਮਾਂ ਦਾ ਹੁਕਮ ਮੰਨ ਕੇ ਪੂੜੇ ਬਣਾਉਣ ਲਈ ਪਿੱਪਲ ਦੇ ਪੱਤੇ ਤੋੜ ਕੇ ਲਿਆਉਣਾ, ਫਿਰ ਢਾਰੇ ਹੇਠ ਜਾਂ ਆਰਜੀ ਚੁੱਲੇ ਦੁਆਲੇ ਬੈਠ ਕੇ ਆਪਣੇ ਪੂੜੇ ਦੀ ਉਡੀਕ ਕਰਨਾ ਜਾਂ ਇਕ ਹੀ ਪੂੜੇ ਨੂੰ ਨਿੱਕੇ ਨਿੱਕੇ ਹਿਸਿਆਂ ਵਿਚ ਵੰਡ ਕੇ ਖਾਣ ਦਾ ਚੇਤਾ, 'ਵੰਡ ਖਾ, ਖੰਡ ਖਾ' ਦੀ ਕਹਾਵਤ ਨੂੰ ਸੱਚ ਕਰ ਜਾਂਦਾ ਸੀ। ਬਾਰਸ਼ ਦੇ ਦਿਨਾਂ ਵਿਚ ਅਜਿਹੀ ਮੌਜ ਹੁਣ ਕਿੱਥੇ? ਕਿਥੇ ਚਲੇ ਗਈਆਂ ਨੇ ਬੱਚਿਆਂ ਨੂੰ ਆਪਣੀ ਬੁੱਕਲ ਵਿਚ ਲਕੋ, ਕੁਝ ਨਾ ਵੀ ਹੁੰਦਿਆਂ ਬਹੁਤ ਕੁਝ ਹੋਣ ਦਾ ਧਰਵਾਸ ਬੱਚਿਆਂ ਦੇ ਮਨਾਂ ਵਿਚ ਧਰਨ, ਹਰ ਔਕੜ-ਕਠਿਨਾਈ ਨੂੰ ਸਹਿਜ ਨਾਲ ਜਰਨ ਅਤੇ ਆਸ ਨੂੰ ਸਦਾ ਚਿਰੰਜੀਵ ਰੱਖਣ ਵਾਲੀਆਂ ਬਿਰਖ ਜਿਡੀਆਂ ਮਾਂਵਾਂ।

ਬਾਰਸ਼ ਦੇ ਦਿਨਾਂ ਵਿਚ ਅੰਬਰ ਦੀ ਸਤਰੰਗੀ ਸਾਡੇ ਅੰਦਰਲੇ ਰੰਗਾਂ ਦਾ ਹਾਣ ਭਾਲਦੀ ਅਤੇ ਇਨ੍ਹਾਂ ਵਿਚ ਖੁਦ ਨੂੰ ਰੰਗੇ ਜਾਣ ਦੀ ਚਾਹਤ ਪੈਦਾ ਕਰ ਜਾਂਦੀ। ਅਸੀਂ ਅਚੇਤ ਰੂਪ ਵਿਚ ਪੈਦਾ ਹੋਈ ਉਸ ਚਾਹਤ ਦਾ ਹੀ ਅਜੋਕਾ ਪ੍ਰਤੱਖ ਰੂਪ ਹਾਂ।

ਬਾਰਸ਼ ਵਿਚ ਭਿੱਜੋ ਤਾਂ ਕਿ ਤੁਹਾਡੇ ਗੁਨਾਹ ਧੋਤੇ ਜਾਣ, ਤੁਹਾਡੀਆਂ ਕੁਤਾਹੀਆਂ ਦੇ ਦਾਗ ਮਿੱਟ ਜਾਣ, ਅਣਜਾਣੇ ਹੀ ਦੁਖਾਏ ਦਿਲਾਂ ਦੀ ਚੀਸ ਕੁਝ ਘੱਟ ਜਾਵੇ ਅਤੇ ਤੁਹਾਡੇ ਮਨ ਵਿਚ ਦਾਨਿਆਈ ਅਤੇ ਭਲਿਆਈ ਦਾ ਬੂਟਾ ਮੌਲਣ ਲੱਗ ਪਵੇ।

ਕਣੀਆਂ ਦੀ ਰਿਮ-ਝਿਮ ਜਦ ਮਨ-ਕਬਰਾਂ ਦੀ ਚੁੱਪ ਤੋੜਦੀ ਤਾਂ ਬਹੁਤ ਕੁਝ ਹਰਫਾਂ ਦੇ ਹਵਾਲੇ ਹੁੰਦਾ, ਬੋਲਾਂ ਵਿਚ ਸਮਾਉਂਦਾ ਅਤੇ ਅਰਥਾਂ ਦੀ ਜੂਨੇ ਪੈ ਕੇ ਰੂਹ-ਰਾਗ ਦੀ ਧਰਾਤਲ ਸਜਾਉਂਦਾ।

ਬਾਰਸ਼ ਦੀ ਅਜਬ ਤਾਸੀਰ ਕਿ ਉਹ ਬਿਰਖਾਂ ਦੇ ਸੱਦੇ 'ਤੇ ਬਿਰਖ-ਜੂਹ ਵਿਚ ਆਉਂਦੀ। ਪਰ ਕਈ ਵਾਰ ਉਸੇ ਬਿਰਖ ਨੂੰ ਲਾਸ਼ ਬਣਾ ਧਰਤੀ 'ਤੇ ਲਿਟਾਉਂਦੀ, ਆਪਣੀ ਭਵਿੱਖੀ ਹਾਕ 'ਤੇ ਪ੍ਰਸ਼ਨ ਚਿੰਨ੍ਹ ਖੁਣ ਜਾਂਦੀ।

ਬਾਰਸ਼ ਦੀਆਂ ਕਣੀਆਂ ਨਾਲ ਵਿਹੜੇ ਦੇ ਪਾਣੀ ਵਿਚ ਪੈਂਦੇ ਬੁਲਬੁਲੇ ਅਤੇ ਉਨ੍ਹਾਂ ਦਾ ਹੌਲੀ ਹੌਲੀ ਅਲੋਪ ਹੋਈ ਜਾਣਾ, ਬੱਚਿਆਂ ਦੇ ਮਨ ਵਿਚ ਗੁੱਝੇ ਭੇਤ ਧਰ ਜਾਂਦੇ ਜਿਨ੍ਹਾਂ ਦੀ ਅਸਲੀਅਤ ਵੱਡੇ ਹੋਣ 'ਤੇ ਸਮਝ ਆਉਂਦੀ ਕਿ ਮਨੁੱਖਾ ਜੀਵਨ ਵੀ ਤਾਂ ਪਾਣੀ ਦਾ ਇਕ ਬੁਲਬੁਲਾ ਹੀ ਹੈ।

ਬਾਰਸ਼ ਦਾ ਅਨੰਦ ਮਾਣੋ। ਇਸ ਵਿਚ ਭਿੱਜ ਕੇ ਆਪਣੇ ਦੁੱਖੜਿਆਂ ਨੂੰ ਨਚੋੜੋ। ਇਸ ਵਿਚ ਦਰਦਾਂ ਨੂੰ ਵਹਾਓ ਅਤੇ ਹੋਠਾਂ 'ਤੇ ਬਾਰਸ਼ ਬੂੰਦਾਂ ਦੀ ਕਿਣਮਿਣ ਵਰਸਾਓ।

ਬਾਰਸ਼ ਦਾ ਪੈਣਾ ਇਕ ਅਚੇਤ ਸੁਨੇਹਾ ਵੀ ਮਨੁੱਖੀ ਮਨ ਵਿਚ ਧਰ ਜਾਂਦਾ ਏ ਕਿ ਬੱਦਲ ਕਿੰਨਾ ਵੀ ਉਚਾ ਹੋਵੇ। ਉਸ ਨੇ ਆਪਣੇ ਹੀ ਭਾਰ ਨਾਲ ਧਰਤੀ 'ਤੇ ਬਰਸਣਾ ਹੁੰਦਾ ਕਿਉਂਕਿ ਧਰਤ ਹੀ ਉਸ ਲਈ ਸਦੀਵੀ ਠਾਹਰ ਹੁੰਦੀ ਹੈ। ਅੰਬਰਾਂ ਵਿਚ ਰਹਿਣ ਵਾਲਿਆਂ ਨੂੰ ਵੀ ਆਖਰ ਵਿਚ ਧਰਤ-ਵਸੇਬੇ ਦੀ ਲੋੜ ਜੁ ਹੁੰਦੀ ਏ। ਹੌਲੇ ਵਾਸ਼ਪ ਉਪਰ ਉਠਦੇ ਜਦ ਕਿ ਭਾਰੀਆਂ ਕਣੀਆਂ ਮਿੱਟੀ ਵਿਚ ਰਚਣ ਲਈ ਕਾਹਲੀਆਂ ਹੁੰਦੀਆਂ ਨੇ।

ਜਦ ਨੈਣ ਹੰਝੂਆਂ ਨਾਲ ਭਰੇ ਹੋਣ ਤੇ ਮਨ ਖਾਰੇ ਪਾਣੀਆਂ 'ਚ ਡੁੱਬਣ ਲਈ ਬੇਤਾਬ ਹੋਵੇ ਤਾਂ ਬਾਰਸ਼ ਵਿਚ ਤੁਰੋ ਕਿਉਂਕਿ ਤੁਹਾਡੇ ਹੰਝੂ ਬਾਰਸ਼ ਦੇ ਹਵਾਲੇ ਹੋ ਜਾਣਗੇ ਅਤੇ ਕੋਈ ਵੀ ਤੁਹਾਡੇ ਹੰਝੂਆਂ ਨੂੰ ਦੇਖ ਨਹੀਂ ਸਕੇਗਾ ਅਤੇ ਨਾ ਹੀ ਇਨ੍ਹਾਂ ਦੀ ਖਾਰੀ ਤਾਸੀਰ ਤੁਹਾਡੇ ਤਨ ਨੂੰ ਖਾਰੇਗੀ।

ਬਾਰਸ਼ ਵਿਚ ਮਨ ਦੇ ਮੋਰ ਸੰਗ ਨੱਚਣਾ, ਸਾਰੀ ਖਲਕਤ ਹੀ ਤੁਹਾਡੇ ਨਾਲ ਨਾਚ ਵਿਚ ਸ਼ਾਮਲ ਹੋਈ ਨਜ਼ਰ ਆਉਂਦੀ। ਤੁਸੀਂ ਇਕ ਇਲਾਹੀ ਅਨੰਦ ਦੀ ਲਬਰੇਜ਼ਤਾ ਮਾਣਦੇ, ਅਕਹਿ ਅਤੇ ਅਸੀਮਤ ਅਨੰਦਿਤ ਪਲਾਂ ਦਾ ਸ਼ਗੂਫਾ ਆਪਣੇ ਨਾਮ ਕਰ ਜਾਂਦੇ ਹੋ।

ਬਾਰਸ਼ ਜੀਵਨੀ ਧਰਾਤਲ, ਅੰਬਰ ਦਾ ਧਰਤੀ ਦੇ ਵਿਹੜੇ ਆਉਣਾ, ਇਸ ਦੀਆਂ ਬਾਹਾਂ ਵਿਚ ਸਮਾਉਣਾ ਅਤੇ ਇਸ ਦੀ ਹਿੱਕ 'ਤੇ ਸਗਵੇਂ ਚਾਵਾਂ ਅਤੇ ਸੱਧਰਾਂ ਦਾ ਬੂਟਾ ਲਾਉਣਾ।

ਇਕ ਬਾਰਸ਼ ਪੀੜਾ ਦੀ ਹੁੰਦੀ ਜੋ ਰੂਹ ਨੂੰ ਹਲੂਣਦੀ ਅਤੇ ਇਸ ਵਿਚੋਂ ਉਭਰਨ ਦਾ ਵੱਲ ਸਿਖਾਉਂਦੀ। ਇਕ ਬਾਰਸ਼ ਟੁੱਟੇ ਸੁਪਨਿਆਂ ਦੀ ਹੁੰਦੀ ਜੋ ਪਰਵਾਜ਼ ਭਰਨ ਦੇ ਹੁਨਰ ਨੂੰ ਸਾਡੀ ਸੋਝੀ ਦੇ ਨਾਮ ਲਾਉਂਦੀ, ਬਾਰਸ਼ ਰਿਸ਼ਤਿਆਂ ਵਿਚ ਭਰਮ-ਭੁਲੇਖਿਆਂ ਦੀ ਵੀ ਹੁੰਦੀ ਜਿਸ ਨਾਲ ਆਪਣੇ-ਪਰਾਏ ਦੀ ਪਛਾਣ ਭੁੱਲ ਜਾਂਦੀ। ਇਕ ਬਾਰਸ਼ ਅੱਖਾਂ ਵਿਚ ਉਗੀ ਸਿੱਲ੍ਹ ਦੀ ਹੁੰਦੀ ਜੋ ਸਾਡੇ ਅੰਦਰੋਂ ਖਾਰਾਪਣ ਖਤਮ ਕਰ, ਅੰਮ੍ਰਿਤ ਬੂੰਦਾਂ ਦਾ ਸੰਚਾਰ ਕਰਦੀ। ਇਕ ਬਾਰਸ਼, ਬਹੁਰੂਪੀ ਦੁਨੀਆਂ ਦੀ ਵੀ ਹੁੰਦੀ ਜੋ ਸਾਡੇ ਲਈ ਪਰਖ ਦੀ ਘੜੀ ਲੈ ਕੇ ਆਉਂਦੀ। ਤੁਸੀਂ ਕਿਹੜੀ ਬਾਰਸ਼ ਵਿਚ ਭਿੱਜਦੇ ਹੋ ਅਤੇ ਕਿਹੜੀ ਬਾਰਸ਼ ਨੂੰ ਆਪਣੇ ਲਈ ਸਫਲਤਾ ਦੀ ਪੌੜੀ ਬਣਾਉਂਦੇ ਹੋ, ਇਹ ਤੁਹਾਡੀ ਸ਼ਖਸੀਅਤ 'ਤੇ ਨਿਰਭਰ।

ਬੋਰੇ ਦਾ ਝੁੰਬ ਮਾਰ ਕੇ ਬਾਰਸ਼ ਤੋਂ ਬਚਣ ਦੇ ਪਲ, ਬਾਰਸ਼ ਦੇ ਪਾਣੀ 'ਚ ਆਪਣੇ ਜਹਾਜ ਚਲਾਉਣ ਦਾ ਵਕਤ ਅਤੇ ਬਾਰਸ਼ ਵਿਚ ਬਾਰਸ਼ੀ ਪਲ ਬਣ ਜਾਣ ਦਾ ਲੁਤਫ, ਮਨ-ਦਰ ਦੀ ਦਸਤਕ ਬਣਦਾ ਤਾਂ ਬੇਤਾਬ ਮਨ ਵਾਸਤਾ ਪਾਉਂਦਾ ਕਿ ਕੋਈ ਤਾਂ ਸਾਡਾ ਬਚਪਨ ਮੋੜ ਲਿਆਵੇ ਅਤੇ ਵਕਤ ਤਲੀ 'ਤੇ ਬੀਤੇ ਵਕਤਾਂ ਨੂੰ ਦੁਬਾਰਾ ਉਗਾਵੇ।

ਬਾਰਸ਼ ਕਿਸੇ ਲਈ ਰੋਜ਼ੀ-ਰੋਟੀ, ਕਿਸੇ ਲਈ ਭੁੱਖ-ਪਿਆਸ। ਕਿਸੇ ਲਈ ਵਿਛੋੜਾ ਸਿਰਜੇ, ਕਿਸੇ ਲਈ ਮਾਹੀ-ਮਿਲਾਪ। ਬਾਰਸ਼ ਦੀ ਜੂਹੇ ਫੁੱਲਾਂ ਦੀ ਗੁਫਤਗੂ ਤੇ ਤਿਤਲੀਆਂ ਦਾ ਵਾ-ਵੇਲਾ। ਬਾਰਸ਼ ਦੇ ਦਿਨੀਂ ਜੁਗਨੂੰ ਜਗਦੇ, ਤੇ ਰਾਤ ਨੂੰ ਚਾਨਣ-ਮੇਲਾ। ਬਾਰਸ਼ ਵਿਚ ਹੀ ਬੀਂਡੇ ਬੋਲਣ ਅਤੇ ਡੱਡੂ ਦੇਣ ਅਵਾਜ਼ਾਂ। ਬਾਰਸ਼ ਵਿਚ ਹੀ ਰਿਦਮ ਉਪਜਦੀ, ਮਨ ਦੇ ਸੁੰਨੇ ਸਾਜਾਂ। ਬਾਰਸ਼ ਵਿਚ ਕਲਮ ਦੀ ਹਿੱਕ 'ਚ, ਲੱਗਦੀ ਸ਼ਬਦੀ-ਜਾਗ। ਬਾਰਸ਼ ਵਿਚ ਹੀ ਅਰਥੀਂ ਗੂੰਜੇ, ਰਹਿਮਤਾਂ ਭਰਿਆ ਰਾਗ। ਬਾਰਸ਼ ਦੀ ਬਰਕਤੀ-ਕਾਇਨਾਤ, ਦੂਰ ਫੈਲਦੀ ਜਾਵੇ। ਕਿਹੜਾ ਇਸ ਦੀਆਂ ਤਹਿਆਂ ਫਰੋਲੇ, ਤੇ ਹਾਥ ਇਸ ਦੀ ਪਾਵੇ। ਬਾਰਸ਼ ਹੋਣੀ, ਬਾਰਸ਼ ਹਾਸਲ, ਬਾਰਸ਼ ਮਨ ਦੀ ਬੀਹੀ। ਬਾਰਸ਼ ਹੀ ਇਸ ਜੱਗ ਦੇ ਅੰਦਰ, ਸਭ ਤੋਂ ਅਮੁੱਲ ਤਰਜ਼ੀਹੀ।

ਬਾਰਸ਼ ਤੋਂ ਬੰਦਗੀ, ਬੰਦਿਆਈ ਅਤੇ ਭਲਿਆਈ ਦਾ ਪਾਠ ਆਪਣੇ ਚੇਤਿਆਂ ਵਿਚ ਸਮਾਵੋਗੇ ਤਾਂ ਤੁਹਾਨੂੰ ਰੂਹ ਦਾ ਸਕੂਨ, ਮਨ ਦੀ ਤ੍ਰਿਪਤੀ ਅਤੇ ਜਿਉਣ-ਸ਼ੈਲੀ ਦੀ ਸਮਝ ਆਵੇਗੀ। ਅਜਿਹੀ ਉਮੀਦ ਸੂਝਵਾਨ ਪਾਠਕਾਂ ਤੋਂ ਤਾਂ ਕੀਤੀ ਹੀ ਜਾ ਸਕਦੀ ਏ।

# ਮੌਸੀਕੀ ਦਾ ਨਾਜ਼

## ਮੁਹੰਮਦ ਰਫੀ ਦੀ ਸੰਗੀਤ ਦੀ ਦੁਨੀਆਂ

ਕਲਾ ਪਰਿਕਰਮਾ

ਪਰਮਜੀਤ ਸਿੰਘ ਪਰਵਾਨਾ

ਭਾਰਤ ਦਾ ਮਹਾਨ ਗਾਇਕ, ਸੁਰਾਂ ਦਾ ਸ਼ਹਿਨਸ਼ਾਹ ਅਤੇ ਫਰਿਸ਼ਤਾ ਰੂਪੀ ਇਨਸਾਨ ਸੀ ਮੁਹੰਮਦ ਰਫ਼ੀ। ਇਹ ਉਹ ਆਵਾਜ਼ ਸੀ ਜਿਸ ਬਿਨਾਂ ਹਿੰਦੀ ਫ਼ਿਲਮ ਸੰਗੀਤ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਦੀ ਗਾਇਕੀ ਦਾ ਅੰਦਾਜ਼ ਅਤੇ ਅਦਾਇਗੀ ਹਰ ਫ਼ਿਲਮੀ ਨਾਇਕ ਜਾਂ ਕਲਾਕਾਰ 'ਤੇ ਢੁੱਕਦੀ ਸੀ ਅਤੇ ਦਰਸ਼ਕ ਨੂੰ ਲੱਗਦਾ ਸੀ ਕਿ ਗੀਤ ਰਫ਼ੀ ਸਾਹਿਬ ਨਹੀਂ, ਉਹ ਕਲਾਕਾਰ ਖ਼ੁਦ ਗਾ ਰਿਹਾ ਹੈ। ਉਨ੍ਹਾਂ ਦੇ ਗਾਏ ਸੈਂਕੜੇ ਗੀਤ ਦਿਲ ਦੀਆਂ ਡੂੰਘਾਈਆਂ ਵਿਚ ਉਤਰ ਜਾਣ ਵਾਲੇ ਹਨ। ਉਨ੍ਹਾਂ ਦਾ ਜਾਦੂ ਅੱਜ ਵੀ ਹਰ ਉਮਰ ਵਰਗ ਦੇ ਸੰਗੀਤ ਪ੍ਰੇਮੀਆਂ ਦੇ ਸਿਰ ਚੜ੍ਹ ਕੇ ਬੋਲਦਾ ਹੈ।

ਮੁਹੰਮਦ ਰਫ਼ੀ ਦਾ ਜਨਮ (24 ਦਸੰਬਰ, 1924) ਪਿੰਡ ਕੋਟਲਾ ਸੁਲਤਾਨ ਸਿੰਘ (ਨੇੜੇ ਮਜੀਠਾ, ਅੰਮ੍ਰਿਤਸਰ) ਵਿਖੇ ਹੋਇਆ।



ਮੁਹੰਮਦ ਰਫੀ ਅਤੇ ਸੰਗੀਤਕਾਰ ਨੌਸ਼ਾਦ

ਪਰਿਵਾਰ ਦਾ ਗਾਇਕੀ ਨਾਲ ਰਿਸ਼ਤਾ ਨਹੀਂ ਸੀ, ਪਰ ਖ਼ੁਦਾ ਨੇ ਰਫ਼ੀ ਨੂੰ ਤਾਂ ਸੰਗੀਤ ਲਈ ਹੀ ਇਸ ਜਹਾਨ ਵਿਚ ਭੇਜਿਆ ਸੀ। ਉਨ੍ਹਾਂ ਜੋ ਵੀ ਗਾਇਆ, ਬਸ ਕਮਾਲ ਹੀ ਕੀਤੀ। ਬੇਸ਼ੱਕ ਉਨ੍ਹਾਂ ਆਪਣੀ ਮਾਂ ਬੋਲੀ ਪੰਜਾਬੀ ਤੇ ਮੁੱਖ ਤੌਰ 'ਤੇ ਹਿੰਦੀ ਫ਼ਿਲਮਾਂ ਲਈ ਹੀ ਗਾਇਆ, ਪਰ ਕੋਂਕਣੀ, ਭੋਜਪੁਰੀ, ਬੰਗਲਾ, ਮਰਾਠੀ, ਸਿੰਧੀ, ਮੈਥਿਲੀ, ਤੇਲਗੂ, ਕੰਨੜ, ਗੁਜਰਾਤੀ, ਅੰਗਰੇਜ਼ੀ, ਅਰਬੀ, ਫਾਰਸੀ, ਸਿੰਹਾਲੀ ਤੇ ਡੱਚ ਭਾਸ਼ਾਵਾਂ ਵਿਚ ਵੀ ਗੀਤ ਗਾਏ। ਅਜਿਹਾ ਐਜਾਜ਼ ਕਿਸੇ ਹੋਰ ਗਾਇਕ ਦੇ ਹਿੱਸੇ ਨਹੀਂ ਆਇਆ।

ਰਫ਼ੀ ਸਾਹਿਬ ਨੇ ਪਹਿਲੀ ਵਾਰ 13 ਸਾਲ ਦੀ ਛੋਟੀ ਜਿਹੀ ਉਮਰ ਵਿਚ ਲਾਹੌਰ ਦੀ ਇੱਕ ਸਟੇਜ 'ਤੇ ਗਾਉਣਾ ਸ਼ੁਰੂ ਕੀਤਾ ਅਤੇ 1941 ਤੋਂ 1944 ਤਕ ਲਾਹੌਰ ਰੇਡੀਓ ਸਟੇਸ਼ਨ 'ਤੇ ਲਗਾਤਾਰ ਗਾਉਂਦੇ ਰਹੇ। ਉਨ੍ਹਾਂ ਆਪਣੀ ਪਹਿਲੀ ਫ਼ਿਲਮ 'ਗੁਲ ਬਲੋਚ' ਲਈ ਜ਼ੀਨਤ ਬੇਗਮ ਨਾਲ ਦੋਗਾਣਾ ਗਾਇਆ। ਬੋਲ ਸਨ 'ਸੋਹਣੀਏ ਨੀਂ ਹੀਰੀਏ ਨੀਂ, ਤੇਰੀ ਯਾਦ ਨੇ ਬੜਾ ਸਤਾਇਆ'। 1944 ਵਿਚ ਉਹ ਮੁੰਬਈ ਆ ਗਏ ਤੇ ਇਥੇ ਆਉਂਦਿਆਂ ਹੀ ਫ਼ਿਲਮ 'ਗਾਉਂ ਕੀ ਗੋਰੀ' ਲਈ ਗਾਉਣ ਦਾ ਮੌਕਾ ਮਿਲ ਗਿਆ।

1950 ਤੋਂ 1960 ਵਿਚਕਾਰ ਸੰਗੀਤ ਨਿਰਦੇਸ਼ਕ ਨੌਸ਼ਾਦ ਅਲੀ ਅਤੇ ਰਫ਼ੀ ਸਾਹਿਬ ਦੀ ਜੋੜੀ ਨੇ ਅਨੇਕਾਂ ਅਮਰ ਗੀਤ ਦਿੱਤੇ। ਫ਼ਿਲਮ 'ਬੈਜੂ ਬਾਵਰਾ' ਦੇ ਦੋ ਮਕਬੂਲ ਸੈਮੀ-ਕਲਾਸੀਕਲ ਗੀਤਾਂ 'ਓ ਦੁਨੀਆ ਕੇ ਰਖਵਾਲੇ' ਤੇ 'ਮਨ ਤਰਪਤ ਹਰੀ ਦਰਸ਼ਨ ਕੋ ਆਜ' ਗਾ ਕੇ ਰਫ਼ੀ ਸਾਹਿਬ ਨੇ ਆਪਣੀ ਸਮਰੱਥਾ ਦਾ ਲੋਹਾ ਮਨਵਾ ਲਿਆ ਸੀ। ਇਸ ਦੌਰ ਦੀਆਂ ਫ਼ਿਲਮਾਂ 'ਮੁਗ਼ਲ-ਏ-ਆਜ਼ਮ', 'ਪਹਿਲੇ ਆਪ', 'ਅਨਮੋਲ ਘੜੀ', 'ਦੁਲਾਰੀ', 'ਸ਼ਾਹਜਹਾਂ', 'ਦੀਦਾਰ', 'ਦੀਵਾਨਾ', 'ਉੜਨ ਖਟੋਲਾ' ਤੇ ਇਸ ਤੋਂ ਬਾਅਦ ਦੀਆਂ ਫ਼ਿਲਮਾਂ 'ਨਯਾ ਦੌਰ', 'ਤੁਮਸਾ ਨਹੀਂ ਦੇਖਾ', 'ਕਸ਼ਮੀਰ ਕੀ ਕਲੀ', 'ਪ੍ਰੋਫ਼ੈਸਰ', 'ਜੰਗਲੀ', 'ਕਾਲਾ ਪਾਨੀ', 'ਤੇਰੇ ਘਰ ਕੇ ਸਾਮਨੇ' ਤੇ 'ਗਾਈਡ' ਦੇ ਮਕਬੂਲ ਗੀਤਾਂ ਨੂੰ ਕੌਣ ਭੁਲਾ ਸਕਦਾ ਹੈ।

ਰਫ਼ੀ ਸਾਹਿਬ ਨੇ ਛੇ ਤੋਂ ਵੱਧ ਵਾਰ ਫਿਲਮਫੇਅਰ ਐਵਾਰਡ, 1977 ਵਿਚ ਕੌਮੀ ਫ਼ਿਲਮ ਐਵਾਰਡ ਅਤੇ ਤਿੰਨ ਵਾਰ ਬੰਗਾਲੀ ਫ਼ਿਲਮ ਜਰਨਲਿਸਟਸ ਐਵਾਰਡ ਜਿੱਤੇ। 1967 ਵਿਚ ਭਾਰਤ ਸਰਕਾਰ ਨੇ ਉਨ੍ਹਾਂ ਨੂੰ ਵੱਕਾਰੀ ਪਦਮਸ੍ਰੀ ਦੀ ਉਪਾਧੀ ਨਾਲ ਸਨਮਾਨਿਤ ਕੀਤਾ।

1948 ਵਿਚ ਮਹਾਤਮਾ ਗਾਂਧੀ ਦੇ ਕਤਲ ਤੋਂ ਬਾਅਦ ਸੰਗੀਤਕਾਰ ਹੁਸਨ ਲਾਲ ਭਗਤ ਰਾਮ, ਗੀਤਕਾਰ ਰਾਜਿੰਦਰ ਕ੍ਰਿਸ਼ਨ ਤੇ ਗਾਇਕ ਰਫ਼ੀ ਸਾਹਿਬ ਨੇ ਰਾਤੋ-ਰਾਤ ਮਕਬੂਲ ਗੀਤ ਰਚਿਆ: 'ਸੁਨੋ ਸੁਨੋ ਐ ਦੁਨੀਆ ਵਾਲੋ ਬਾਪੂ ਕੀ ਯੇ ਅਮਰ ਕਹਾਨੀ'। ਉਸ ਵੇਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰਲਾਲ ਨਹਿਰੂ ਨੇ ਇਹੋ ਗੀਤ ਆਪਣੇ ਬੰਗਲੇ 'ਤੇ ਆ ਕੇ ਗਾਉਣ ਲਈ ਰਫ਼ੀ ਸਾਹਿਬ ਨੂੰ ਬੇਨਤੀ ਕੀਤੀ ਜੋ ਉਨ੍ਹਾਂ ਕਬੂਲ ਕੀਤੀ। ਜੁਲਾਈ (ਮਹਾਨ ਗਾਇਕ ਦੀ ਬਰਸੀ ਵਾਲਾ ਮਹੀਨਾ) 2011 ਵਿਚ ਉਨ੍ਹਾਂ ਨੂੰ ਸ਼ਰਧਾਂਜਲੀ ਵਜੋਂ ਦੇਸ਼ ਭਰ ਵਿਚ 9 ਹਜ਼ਾਰ ਤੋਂ ਵੱਧ ਸੰਗੀਤਕ ਪ੍ਰੋਗਰਾਮਾਂ ਦਾ ਪ੍ਰਬੰਧ ਕੀਤਾ ਗਿਆ ਜੋ ਇੱਕ ਮਿਸਾਲ ਹੈ।

ਰਫ਼ੀ ਸਾਹਿਬ ਦੇ ਗਾਏ ਮਕਬੂਲ ਗੀਤ 'ਬਹਾਰੋ ਫੂਲ ਬਰਸਾਓ ਮੇਰਾ ਮਹਿਬੂਬ ਆਯਾ ਹੈ' ਨੂੰ ਬੀ ਬੀ ਸੀ ਏਸ਼ੀਆ ਨੈੱਟਵਰਕ ਵੱਲੋਂ ਕਰਵਾਈ ਚੋਣ ਵਿਚ ਸਭ ਤੋਂ ਵੱਧ ਹਰਦਿਲਅਜ਼ੀਜ਼ ਗੀਤ ਐਲਾਨਿਆ ਗਿਆ। ਸੀ ਐਨ ਐਨ ਟੀ ਵੀ ਚੈਨਲ ਵੱਲੋਂ ਕਰਵਾਏ ਗਏ ਸਰਵੇਖਣ ਵਿਚ ਰਫ਼ੀ ਸਾਹਿਬ ਦੀ ਆਵਾਜ਼ ਨੂੰ 'ਹਿੰਦੀ ਸਿਨਮਾ ਦੀ ਮਹਾਨ ਆਵਾਜ਼' ਐਲਾਨਿਆ ਗਿਆ।

ਰਫ਼ੀ ਦੇ ਗਾਏ 'ਨੀਲ ਕਮਲ' ਫ਼ਿਲਮ ਦੇ ਵਿਦਾਇਗੀ ਗੀਤ 'ਬਾਬੁਲ ਕੀ ਦੁਆਏਂ ਲੇਤੀ ਜਾ' ਨੂੰ ਕੌਮੀ ਐਵਾਰਡ ਮਿਲਿਆ। ਇਸ ਗੀਤ ਬਾਰੇ ਮਹਾਨ ਗਾਇਕ ਨੇ ਆਪਣੇ ਇੰਤਕਾਲ ਤੋਂ ਪਹਿਲਾਂ ਇੱਕ ਇੰਟਰਵਿਊ ਵਿਚ ਕਿਹਾ ਸੀ: "ਜਦੋਂ ਮੈਂ ਇਹ ਗੀਤ ਰਿਕਾਰਡ ਕਰਵਾ ਰਿਹਾ ਸੀ ਤਾਂ ਸੱਚੀਂ ਮੇਰੀਆਂ ਅੱਖਾਂ ਵਿਚ ਹੰਝੂ ਸਨ, ਕਿਉਂਕਿ ਦੋ ਦਿਨਾਂ ਬਾਅਦ ਮੈਂ ਖ਼ੁਦ ਆਪਣੀ ਬੇਟੀ ਨੂੰ ਉਸ ਦੇ ਸਹੁਰੇ ਘਰ ਵਿਦਾ ਕਰਨਾ ਸੀ।" ਰਫ਼ੀ ਨੇ ਇਸ ਸੰਸਾਰ ਨੂੰ ਅਲਵਿਦਾ ਕਹਿਣ ਤੋਂ ਪਹਿਲਾਂ ਆਪਣੀ ਗਾਇਕੀ ਦੇ ਸਫ਼ਰ ਦਾ ਆਖ਼ਰੀ ਗੀਤ 'ਸ਼ਾਮ ਫਿਰ ਕਿਊਂ ਉਦਾਸ ਹੈ ਦੋਸਤ, ਤੂ ਕਹੀਂ ਆਸ-ਪਾਸ ਹੈ ਦੋਸਤ' (ਫ਼ਿਲਮ 'ਆਸ-ਪਾਸ', ਸੰਗੀਤ ਲਕਸ਼ਮੀ ਕਾਂਤ ਪਿਆਰੇ ਲਾਲ) ਗਾਇਆ ਸੀ। ਇਸ ਮਹਾਨ ਗਾਇਕ ਨੂੰ ਸਪੁਰਦ-ਏ-ਖ਼ਾਕ ਕਰਨ ਤੋਂ ਪਹਿਲਾਂ ਮਾਨੋ ਇੰਦਰ ਦੇਵਤਾ ਵੀ ਖ਼ੂਬ ਰੋਇਆ ਸੀ; ਉਸ ਦਿਨ ਬਹੁਤ ਬਾਰਿਸ਼ ਹੋਈ। ਦਸ ਹਜ਼ਾਰ ਤੋਂ ਵੱਧ ਦਾ ਇਕੱਠ ਆਪਣੀਆਂ ਛਤਰੀਆਂ ਲੈ ਕੇ ਜਨਾਜ਼ੇ ਵਿਚ ਸ਼ਾਮਿਲ ਹੋਇਆ। ਇਹ ਕਿਸੇ ਵੀ ਜਨਾਜ਼ੇ ਵਿਚ ਸ਼ਾਮਿਲ ਲੋਕਾਂ ਦੀ ਸਭ ਤੋਂ ਵੱਡੀ ਗਿਣਤੀ ਦੱਸੀ ਜਾਂਦੀ ਹੈ।

ਰਫ਼ੀ ਸਾਹਿਬ ਬਹੁਤ ਹੌਲੀ ਹੌਲੀ ਬੋਲਦੇ ਸਨ, ਹਮੇਸ਼ਾ ਮੁਸਕੁਰਾਉਂਦਾ ਚਿਹਰਾ। ਐਚ ਐਮ ਵੀ ਕੰਪਨੀ ਨੇ ਰਫ਼ੀ ਸਾਹਿਬ ਦੇ ਗੀਤਾਂ ਦੀ ਐਲਬਮ ਰਿਲੀਜ਼ ਕਰਨੀ ਸੀ, ਐਲਬਮ ਦੇ ਕਵਰ 'ਤੇ ਉਨ੍ਹਾਂ ਦੀ ਕੋਈ ਉਦਾਸ ਤਸਵੀਰ ਛਾਪਣੀ ਸੀ ਪਰ ਇਸ ਤਰ੍ਹਾਂ ਦੀ ਕੋਈ ਵੀ ਤਸਵੀਰ ਨਾ ਮਿਲੀ। ਉਹ ਪੈਸੇ ਦੇ ਪੀਰ ਵੀ ਨਹੀਂ ਸਨ। ਗਾਉਣ ਦਾ ਮਿਹਨਤਾਨਾ ਕਦੇ ਵੀ ਪਹਿਲਾਂ ਤੈਅ ਨਹੀਂ ਸੀ ਕਰਦੇ। ਉਨ੍ਹਾਂ ਕਈ ਹਿੰਦੀ ਤੇ ਪੰਜਾਬੀ ਫ਼ਿਲਮਾਂ ਲਈ ਮੁਫ਼ਤ ਵਿਚ ਗਾਇਆ।

ਗਾਇਕਾ ਊਸ਼ਾ ਤਿਮੋਥੀ, ਜਿਨ੍ਹਾਂ ਨੂੰ ਮੁਹੰਮਦ ਰਫ਼ੀ ਸਾਹਿਬ ਨੇ ਆਪਣੀ ਧੀ ਦਾ ਦਰਜਾ ਦਿੱਤਾ ਹੋਇਆ ਸੀ, ਨੇ ਦੱਸਿਆ ਕਿ ਰਫੀ ਸਾਹਿਬ ਕਿਤੇ ਵੀ ਆਪਣੇ ਕੰਸਰਟ ਲਈ ਜਾਂਦੇ ਸਨ ਤਾਂ ਆਪਣੇ ਸਾਜ਼ਿੰਦਿਆਂ ਤੇ ਬਾਕੀ ਟੀਮ ਦਾ ਬਹੁਤ ਖ਼ਿਆਲ ਰੱਖਦੇ ਸਨ ਅਤੇ ਉਨ੍ਹਾਂ ਨੂੰ ਵੀ ਬਰਾਬਰ ਸਹੂਲਤਾਂ ਦੇਣ ਦੀ ਪ੍ਰਬੰਧਕਾਂ ਤੋਂ ਮੰਗ ਕਰਦੇ ਸਨ। ਰਫ਼ੀ ਸਾਹਿਬ ਤੇ ਕਿਸ਼ੋਰ ਕੁਮਾਰ ਚੰਗੇ ਦੋਸਤ ਸਨ। ਕਿਸ਼ੋਰ ਕੁਮਾਰ ਭਾਵੇਂ ਖ਼ੁਦ ਗਾਇਕ ਸਨ, ਫਿਰ ਵੀ ਦੋ ਫ਼ਿਲਮਾਂ 'ਸ਼ਰਾਰਤ' ਤੇ 'ਰਾਗਿਨੀ' ਵਿਚ ਅਭਿਨੇਤਾ ਕਿਸ਼ੋਰ ਕੁਮਾਰ 'ਤੇ ਰਫ਼ੀ ਸਾਹਿਬ ਦੇ ਗਾਏ ਗੀਤ ਫ਼ਿਲਮਾਏ ਗਏ। ਇੰਤਕਾਲ ਵੇਲੇ ਕਿਸ਼ੋਰ ਕੁਮਾਰ ਬਹੁਤ ਦੇਰ ਤਕ ਰਫ਼ੀ ਸਾਹਿਬ ਦੇ ਪੈਰਾਂ ਵੱਲ ਬੈਠ ਕੇ ਹੰਝੂ ਵਹਾਉਂਦੇ ਰਹੇ। ਇਹ ਅਨੂਠੀ ਅਕੀਦਤ ਸੀ।



ਮੁਹੰਮਦ ਰਫੀ ਦੀ ਇਕ ਦੁਰਲੱਭ ਤਸਵੀਰ

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ **ਦੋ ਤੋਂ ਚਾਰ ਸਤਰਾਂ** 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ **ਕੈਪਸ਼ਨ ਭੇਜਣ ਲਈ ਆਖਰੀ ਤਾਰੀਖ ਪਹਿਲੀ ਅਪਰੈਲ 2018** ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-318



*ਨੀਂ ਦਾਦੀ ਫਿਰ ਬੁਣ ਲਈਂ ਮੰਜਾ, ਪਹਿਲਾਂ ਕਰੀਏ ਲਾਡੀ।*
*ਮੰਮੀ-ਪਾਪਾ ਖੇਤਾਂ ਵਿਚ ਨੇ, ਤੂੰ ਏਂ ਰਖਵਾਲੀ ਸਾਡੀ।*

## ਕੈਪਸ਼ਨ ਮੁਕਾਬਲਾ-316



ਪੰਜੀਂ ਸਾਲੀਂ ਰੰਗ ਬਦਲਦੇ
ਪਰ ਕਦੇ ਨਾ ਢੰਗ ਬਦਲਦੇ।
ਪਹਿਲਾਂ ਜੋ ਸੀ ਰੌਲਾ ਪਾਂਦੇ
ਕੁਰਸੀ ਮਿਲੀ ਤੋਂ ਭੁੱਲ ਨੇ ਜਾਂਦੇ।
ਗੱਲਾਂ ਵਿਚ ਮਹਾਨ ਹੈ ਔਰਤ
ਹੱਕ ਮੰਗੇ ਤਾਂ 'ਸ਼ੈਤਾਨ' ਹੈ ਔਰਤ।
ਘੜੀਸੋ ਇਹਨੂੰ ਸਬਕ ਸਿਖਾਓ
ਨਾਲ ਲਾਠੀਆਂ ਪੜ੍ਹਨੇ ਪਾਓ।

**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਸਰਕਾਰੀ ਖਜ਼ਾਨਾ ਤਾਂ ਹੈ ਖਾਲੀ,
ਮਹਾਰਾਜਾ ਹੁਣ ਕਿੱਥੋਂ ਲਿਆਵੇ।
ਮੰਤਰੀਆਂ, ਸੰਤਰੀਆਂ ਦੀ ਫੌਜ ਬਥੇਰੀ,
ਥੋਨੂੰ ਉਹ ਕਿਵੇਂ ਰਜਾਵੇ?
ਉਪਰੋਂ ਹੁਕਮ ਹੋਇਆ ਹੈ ਸਾਨੂੰ
ਮਾਰ ਮਾਰ ਡੰਡੇ ਭਜਾਓ,
ਹੱਕ ਮੰਗਣ ਦਾ ਬੀਬੀਆਂ ਨੂੰ
ਚੰਗੀ ਤਰ੍ਹਾਂ ਸਬਕ ਪੜ੍ਹਾਓ।

**-ਦਵਿੰਦਰ ਕੌਰ**

---

ਰਾਜਿਆ ਰਾਜ ਕਰੇਂਦਿਆ
ਹੱਦਾਂ ਬੰਨੇ ਕਿਉਂ ਕਰਦੈਂ ਪਾਰ।
ਹੱਕ ਮੰਗਦੇ ਲੋਕਾਂ 'ਤੇ ਨਿੱਤ
ਲਾਠੀ ਗੋਲੀ ਦੇ ਹੁੰਦੇ ਵਾਰ।
ਧੀ ਧਿਆਣੀ ਅਬਲਾ ਨਾਰੀ
ਕੁੱਟ ਸੁੱਟੇਂ ਤੂੰ ਸ਼ੱਰੇ ਬਾਜ਼ਾਰ।
ਰੱਖ ਕੇ ਤੈਂ ਮੁਕੱਦਮ ਕੁੱਤੇ
ਪਹਿਰਾ ਲਾ ਲਿਆ ਘਰ ਦੇ ਬਾਹਰ।
ਰਾਖਿਆਂ ਦੇ ਧੀ ਭੈਣ ਨਹੀਂ ਹੋਣੀ
ਹੁੰਦੀ ਤਾਂ ਕਰਦੇ ਜਰੂਰ ਵਿਚਾਰ।

**-ਗੁਰਦੇਵ ਸਿੰਘ ਢਿਪਾਲੀ, ਬਠਿੰਡਾ**
**ਫੋਨ: 91-94176-49275**

---

ਬੜਾ ਨਾ-ਸ਼ੁਕਰਾ ਕੰਮ ਪੁਲਿਸ ਦਾ,
ਹਰਦਮ ਸੂਲੀ ਟੰਗੇ ਰਹਿਣਾ।
ਹੁਕਮ ਅਦੂਲੀ ਕਰ ਨਹੀਂ ਸਕਦੇ,
ਸਦਾ ਹਾਂ ਜੀ ਹਾਂ ਜੀ ਕਹਿਣਾ।
ਪਰ ਜਦੋਂ ਲੋਕੀਂ ਕਾਨੂੰਨ ਤੋੜਦੇ,
ਤਦ ਆਉਂਦੀ ਹੈ ਇਨ੍ਹਾਂ ਦੀ ਵਾਰੀ।
ਹੱਥ ਡੰਡਾ ਚੁੱਕ ਲੰਮੇ ਪਾਉਂਦੇ,
ਫਿਰ ਨਰ ਹੋਵੇ, ਭਾਵੇਂ ਹੋਵੇ ਨਾਰੀ।

**-ਸੇਵਾ ਸਿੰਘ ਨੂਰਪੁਰੀ, ਬੰਗਾ**

---

ਆਖਰ ਔਰਤ ਸੋਚਦੀ ਹੋਊ
ਕਿਥੇ ਜਨਮ ਲਿਆ,
ਨਾ ਘਰ, ਨਾ ਬਾਹਰ
ਕਿਧਰੇ ਵੀ ਨਹੀਂ ਸਤਿਕਾਰ।
ਪੁਰਾਣੇ ਸਮਿਆਂ ਵਾਲਾ
ਜਾਤ-ਪਾਤ 'ਤੇ ਆਧਾਰਤ,
ਖਤਮ ਨਾ ਹੋਇਆ ਸਭਿਆਚਾਰ।
ਆਪਣੇ ਹੱਕ ਮੰਗਣ 'ਤੇ ਵੀ
ਪੁਲਿਸ ਦੀ ਭੂਮਿਕਾ ਨਾ ਚੰਗੀ।
ਕਿਸ ਨੂੰ ਦੱਸੀਏ ਦਿਲ ਦੇ ਦੁਖੜੇ
ਸਿਆਸਤ ਵਾਲੇ ਬਣ ਗਏ ਦੰਭੀ।

**-ਅਮਰਜੀਤ ਸਿੰਘ ਤੂਰ**
**ਫੋਨ: 91-98784-69639**

---

ਰੱਬ ਨੇ ਮਨੁੱਖਾ ਜਨਮ ਦਿੱਤਾ
ਗੁੱਸਾ ਰੱਬ 'ਤੇ ਉਤਾਰੋ ਨਾ।
'ਜਿਤ ਜੰਮੇ ਰਾਜਾਨ' ਉਤੇ
ਇਤਨੇ ਜ਼ੁਲਮ ਚਿਤਾਰੋ ਨਾ।
ਔਰਤ ਵਾਲਾਂ ਤੋਂ ਘਸੀਟੀ ਜਾਂਦੀ
ਪੁਲਿਸ ਦੀ ਤਾਨਾਸ਼ਾਹੀ ਚੱਲੇ।
ਜ਼ਾਲਮਾਂ ਦੇ ਜ਼ੁਲਮ ਦੇ ਕਹਿਰ
ਆਮ ਬੰਦੇ ਤੋਂ ਨਾ ਜਾਂਦੇ ਝੱਲੇ।

**-ਜਗਜੀਤ ਕੌਰ ਤੂਰ, ਚੰਡੀਗੜ੍ਹ**

---

ਬਸਤੀਵਾਦੀ ਕਾਨੂੰਨ ਅੱਜ ਵੀ
ਤਸ਼ੱਦਦ ਦਾ ਖਾਸਾ ਇਕ ਹੀ ਹੈ।
ਹੱਕ ਮੰਗੇ ਜੋ ਆਪਣਾ
ਤੀਵੀਂ ਹੋਵੇ ਜਾਂ ਬੰਦਾ
ਹਕੂਮਤ ਦੇ ਰਾਖੇ ਡੰਡੇ ਵਰ੍ਹਾਉਂਦੇ।
ਵਾਲਾਂ ਤੋਂ ਫੜ੍ਹ ਘੜੀਸਦੇ
ਪੁੱਛ-ਪੜਤਾਲਾਂ, ਤਸੀਹੇ ਦਿੰਦੇ
ਬਣਾ ਬਣਾ ਡੱਡੂ
ਹੱਡ ਪੱਸਣੀਆਂ ਅੰਦਰ ਪਾਉਂਦੇ
ਖਾ ਪੁਲਿਸ ਦੀਆਂ ਕੁੱਟਾਂ
ਕਦੇ ਨਾ ਕਮਰ ਸਿੱਧੀ ਹੁੰਦੀ।
ਤਸ਼ੱਦਦ ਦੇ ਜ਼ਖਮ ਰਿਸਦੇ ਰਹਿਣ
ਬਣਦੇ ਪ੍ਰਮਾਣ ਹੋਰ ਜੂਝਣ ਲਈ।

**-ਦਰਸ਼ਨ ਪਾਲ ਦੋਸਾਂਝ**

# ਅਖੀਂ ਵੇਖੇ ਵਿਸ਼ਵ ਲੇਖਕ ਮੇਲੇ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਚੰਡੀਗੜ੍ਹ ਵਿਖੇ ਚੱਲੀ ਦੋ ਰੋਜ਼ਾ ਵਿਸ਼ਵ ਪੰਜਾਬੀ ਕਾਨਫਰੰਸ ਨੇ ਮੈਨੂੰ ਅੱਖੀਂ ਤੱਕੀਆਂ ਵਿਸ਼ਵ ਲੇਖਕ ਮਿਲਣੀਆਂ ਚੇਤੇ ਕਰਵਾ ਦਿੱਤੀਆਂ। ਮੈਂ ਤਿੰਨ ਕਾਨਫਰੰਸਾਂ ਦੀ ਵਿਲੱਖਣਤਾ ਦੱਸਣੀ ਚਾਹਾਂਗਾ। ਪਹਿਲੀ ਵਿਸ਼ਵ ਪੰਜਾਬੀ ਕਾਨਫਰੰਸ 6 ਜੂਨ ਤੋਂ 21 ਜੂਨ 1980 ਵਿਚ ਪੂਰੇ ਦੋ ਹਫਤੇ ਬਰਤਾਨੀਆ ਵਿਚ ਚੱਲੀ। ਇਸ ਵਿਚ ਦੁਨੀਆਂ ਭਰ ਤੋਂ ਤਿੰਨ ਦਰਜਨ ਲੇਖਕ ਆਏ, ਜਿਨ੍ਹਾਂ ਨੂੰ ਪ੍ਰਬੰਧਕਾਂ ਨੇ ਬਰਤਾਨੀਆ ਦੇ ਸਾਰੇ ਵੱਡੇ ਸ਼ਹਿਰਾਂ ਵਿਚ ਘੁਮਾਇਆ ਅਤੇ ਹਰ ਥਾਂ ਸਾਂਝੇ ਵਿਸ਼ੇ ਉਤੇ ਸੈਮੀਨਾਰ ਵੀ ਰਚਾਏ। ਦਿਨ ਦੇ ਸਮੇਂ ਸੈਮੀਨਾਰ ਹੁੰਦੇ ਤੇ ਸ਼ਾਮ ਨੂੰ ਕਵੀ ਦਰਬਾਰ ਤੇ ਨਾਟਕ। ਪੰਜਾਬ ਤੋਂ ਭਾਗ ਲੈਣ ਵਾਲੇ ਸੋਹਣ ਸਿੰਘ ਜੋਸ਼, ਸੰਤ ਸਿੰਘ ਸੇਖੋਂ, ਜਸਵੰਤ ਸਿੰਘ ਕੰਵਲ, ਹਰਿਭਜਨ ਸਿੰਘ ਆਦਿ ਸਾਰੇ ਹੀ ਉਸ ਕਾਨਫਰੰਸ ਰਾਹੀਂ ਪਹਿਲੀ ਵਾਰ ਬਰਤਾਨੀਆ ਗਏ ਸਨ। ਏਨਾ ਵੱਡਾ ਮੇਲਾ ਰਚਾਉਣ ਵਾਲੀ ਬਰਤਾਨੀਆ ਦੀ ਪ੍ਰਗਤੀਸ਼ੀਲ ਲੇਖਕ ਸਭਾ ਸੀ ਜੋ ਰਣਜੀਤ ਧੀਰ, ਜੁਗਿੰਦਰ ਸ਼ਮਸ਼ੇਰ, ਅਵਤਾਰ ਜੰਡਿਆਲਵੀ ਤੇ ਸ਼ਿਵਚਰਨ ਗਿੱਲ ਦੇ ਸਾਂਝੇ ਉਦਮ ਨਾਲ ਵਿਉਂਤੀ ਗਈ।

ਇਸ ਕਾਨਫਰੰਸ ਲਈ ਆਪਣੀਆਂ ਕਾਰਾਂ, ਕੋਠੀਆਂ ਤੋਂ ਬਿਨਾ ਯੂਨੀਵਰਸਿਟੀਆਂ, ਗੁਰਦੁਆਰਿਆਂ ਤੇ ਮਸੀਤਾਂ ਦੇ ਮਹਿਮਾਨਖਾਨਿਆਂ ਦੀਆਂ ਕੁੰਜੀਆਂ ਆਪਣੇ ਕਬਜ਼ੇ ਵਿਚ ਕਰ ਰੱਖੀਆਂ ਸਨ। ਮਜ਼ਾ ਆ ਗਿਆ।

1983 ਵਿਚ ਭਾਰਤ ਸਰਕਾਰ ਨੇ ਮੈਨੂੰ ਤੇ ਤਾਮਿਲ ਲੇਖਿਕਾ ਵਾਸੰਤੀ ਸੁੰਦਰਮ ਨੂੰ ਫਰਾਂਸ ਵਿਖੇ ਹੋ ਰਹੀ ਵਿਸ਼ਵ ਲੇਖਕ ਮਿਲਣੀ ਵਿਚ ਸ਼ਾਮਲ ਹੋਣ ਲਈ ਭੇਜਿਆ।

ਫਰਾਂਸ ਦੇ ਸ਼ਹਿਰ ਨੀਸ ਵਿਖੇ ਹੋਈ ਇਸ ਲੇਖਕ ਮਿਲਣੀ ਵਿਚ ਦੁਨੀਆਂ ਭਰ ਦੇ ਕਵੀ, ਕਹਾਣੀਕਾਰ, ਨਾਵਲਕਾਰ, ਨਾਟਕਕਾਰ, ਜੀਵਨੀ ਲੇਖਕ ਤੇ ਪੱਤਰਕਾਰ-ਸਭ ਸ਼ਾਮਲ ਹੋਏ। ਮੈਨੂੰ ਤੇ ਵਾਸੰਤੀ ਨੂੰ ਵੀ ਭਾਰਤ ਦੇ ਮਹਾਨ ਲੇਖਕ ਦੱਸ ਕੇ ਪੇਸ਼ ਕੀਤਾ ਗਿਆ। ਸਾਨੂੰ ਸਮੁੰਦਰ ਦੇ ਕੰਢੇ ਆਲੀਸ਼ਾਨ ਬੈਂਡ ਵਜਾ ਕੇ ਸ਼ਾਮ ਦੇ ਖਾਣੇ ਲਈ ਲਿਜਾਇਆ ਗਿਆ। ਅਸੀਂ ਸਾਗਰ ਤੱਟ ਦੇ ਕਿਸੇ ਵੀ ਹੋਟਲ ਵਿਚ ਪਰਵੇਸ਼ ਕਰਕੇ ਕੁਝ ਵੀ ਖਾ ਪੀ ਸਕਦੇ ਸਾਂ। ਹੋਟਲਾਂ ਵਿਚ ਤਿਆਰ ਕੀਤੇ ਖਾਣਿਆਂ ਤੇ ਵਰਤਾਈਆਂ ਜਾਣ ਵਾਲੀਆਂ ਸ਼ਰਾਬਾਂ ਦੇ ਨਾਂ ਮੋਟੇ ਅੱਖਰਾਂ ਵਿਚ ਲਿਖੇ ਹੋਏ ਸਨ। ਸਾਡੇ ਰਹਿਣ ਦਾ ਪ੍ਰਬੰਧ ਪੰਜ-ਤਾਰਾ ਹੋਟਲ ਮੈਰੀਡੀਅਨ ਵਿਚ ਕੀਤਾ ਹੋਇਆ ਸੀ। ਨੀਸ ਦੇ ਮੇਅਰ ਮਾਰਸ਼ਲ ਜੂਲੀਅਨ ਦਾ ਹੁਕਮ ਸੀ ਕਿ ਕਿਸੇ ਡੈਲੀਗੇਟ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਹੋਈ ਤਾਂ ਜ਼ਿੰਮੇਵਾਰ ਵਿਅਕਤੀ ਵਿਰੁਧ ਸਖਤ ਕਾਰਵਾਈ ਕੀਤੀ ਜਾਵੇਗੀ।

ਜਿਸ ਆਡੀਟੋਰੀਅਮ ਵਿਚ ਕਾਨਫਰੰਸ ਹੋਣੀ ਸੀ, ਉਹ ਨਵੀਂ ਦਿੱਲੀ ਦੀ ਖੁੱਲ੍ਹੀ ਰਾਬਿੰਦਰਾ ਰੰਗਸ਼ਾਲਾ ਜਿੰਨਾ ਵਿਸ਼ਾਲ ਸੀ। ਭਾਗ ਲੈਣ ਵਾਲਿਆਂ ਲਈ ਰੱਖੀਆਂ ਮੇਜ-ਕੁਰਸੀਆਂ ਦੀ ਕੋਈ ਤਰਤੀਬ ਨਹੀਂ ਸੀ।

ਹਰ ਮੇਜ 'ਤੇ ਬੀਅਰ, ਜਿੰਨ ਤੇ ਠੰਡੀਆਂ ਬੋਤਲਾਂ ਵਰਤਾਈਆਂ ਜਾ ਰਹੀਆਂ ਸਨ। ਸਹਿਜੇ ਸਹਿਜੇ ਭੀੜ ਭੜੱਕਾ ਤੇ ਰੌਲਾ ਗੌਲਾ ਵੱਧ ਰਿਹਾ ਸੀ। ਮੇਜ ਵਾਲੇ ਕੀ ਕਹਿ ਰਹੇ ਸਨ ਤੇ ਕਿਸ ਨੂੰ, ਇਸ ਦੀ ਕਿਸੇ ਨੂੰ ਕੋਈ ਪਰਵਾਹ ਨਹੀਂ ਸੀ।

ਕਾਨਫਰੰਸ ਦੀ ਖਿੱਚ ਦਾ ਕੇਂਦਰ ਫਰਾਂਸੀਸੀ ਬੈਲੇ ਡਾਂਸਰ ਲੁਡਮਿਲਾ ਚੈਰੀਨਾ ਸੀ। ਉਹ ਜਿਸ ਮੇਜ ਉਤੇ ਜਾ ਕੇ ਬਹਿੰਦੀ, ਦੂਰੋਂ ਨੇੜਿਓਂ ਕੁਰਸੀਆਂ ਲਿਆ ਕੇ ਸਾਰੇ ਉਸ ਦੇ ਆਲੇ ਦੁਆਲੇ ਬਹਿ ਜਾਂਦੇ। ਉਹ 50ਵਿਆਂ ਦੀ ਹੋ ਕੇ ਵੀ ਪੰਝੀਆਂ ਦੀ ਲੱਗ ਰਹੀ ਸੀ।

ਮੇਰੀ ਦਾੜ੍ਹੀ, ਪਗੜੀ ਅਤੇ ਵਾਸੰਤੀ ਦੀਆਂ ਕਾਲੀਆਂ ਤੇ ਵੱਡੀਆਂ ਅੱਖਾਂ ਖਿੱਚ ਦਾ ਕਾਰਨ ਬਣੀਆਂ। ਇਕ ਯੁਵਤੀ ਮੇਰੇ ਕੋਲ ਬਹਿ ਕੇ ਖੁਸ਼ਵੰਤ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਬਾਰੇ ਗੱਲਾਂ ਕਰਨ ਲੱਗ ਪਈ; ਤੇ ਇੱਕ ਵਾਸੰਤੀ ਨਾਲ ਤਾਮਿਲ ਲੇਖਕਾਂ ਬਾਰੇ। ਉਨ੍ਹਾਂ ਦੇ ਸਾਡੇ ਕੋਲ ਆ ਕੇ ਬੈਠਣ ਨਾਲ ਸਾਡੀ ਕਾਫੀ ਇੱਜਤ ਬਣ ਗਈ ਸੀ, ਜਿਹੜੀ ਕਾਨਫਰੰਸ ਦੇ ਪੰਜੇ ਦਿਨ ਜਾਰੀ ਰਹੀ।



*ਚੰਡੀਗੜ੍ਹ 'ਚ ਹੋਈ 6ਵੀਂ ਵਿਸ਼ਵ ਪੰਜਾਬੀ ਕਾਨਫਰੰਸ ਦੇ ਮੰਚ 'ਤੇ ਬੈਠੇ ਲੇਖਕ ਤੇ ਹੋਰ ਸੱਜਣ*

ਚੰਡੀਗੜ੍ਹ ਵਾਲੀ ਕਾਨਫਰੰਸ ਦੀ ਵਿਲੱਖਣਤਾ ਇਹਦੇ ਵੱਲੋਂ ਪ੍ਰਦਾਨ ਕੀਤੇ ਖਾਸ ਸੇਵਾ ਸਨਮਾਨਾਂ ਕਾਰਨ ਹੈ। ਸਰਦਾਰਾ ਸਿੰਘ ਜੌਹਲ ਨੂੰ ਅਰਥ-ਸ਼ਾਸਤਰੀ ਤੇ ਸਿਖਿਆ-ਸ਼ਾਸਤਰੀ ਵਜੋਂ ਅੰਤਰਰਾਸ਼ਟਰੀ ਪੱਧਰ ਉਤੇ ਪਾਏ ਯੋਗਦਾਨ ਲਈ ਚੁਣਿਆ ਗਿਆ। ਪਿੰਡ ਜੰਡਿਆਲਾ ਦੇ ਇੱਕ ਸਾਧਾਰਨ ਪਰਿਵਾਰ ਵਿਚੋਂ ਉਠ ਕੇ ਭਾਰਤ ਦੇ ਖੇਤੀ ਕਮਿਸ਼ਨ, ਪ੍ਰਧਾਨ ਮੰਤਰੀ ਦੇ ਆਰਥਕ ਸਲਾਹਕਾਰ, ਅਤੇ ਰਿਸ਼ਰਵ ਬੈਂਕ ਆਫ ਇੰਡੀਆ ਦੀ ਗਵਰਨਿੰਗ ਬਾਡੀ ਦੇ ਮੈਂਬਰ ਵਜੋਂ ਹੀ ਨਹੀਂ, ਪੰਜਾਬ ਸਟੇਟ ਪਲਾਨਿੰਗ ਬੋਰਡ ਦੇ ਮੈਂਬਰ ਤੱਕ ਪਹੁੰਚਣ ਵਾਲੀ ਇਸ ਹਸਤੀ ਦਾ ਸਨਮਾਨ ਕਰਨਾ ਉਚਿੱਤ ਹੈ।

ਚਾਰ ਦਹਾਕਿਆਂ ਤੋਂ ਫਿਲੀਪੀਨ, ਥਾਈਲੈਂਡ, ਕੈਨੇਡਾ ਵਿਚ ਸਮਾਜ ਸੇਵਾ ਵਿਚ ਮਗਨ 'ਸੁੱਖੀ ਬਾਠ ਫਾਊਂਡੇਸ਼ਨ' ਸਥਾਪਤ ਕਰਨ ਉਪਰੰਤ ਹੁਣ ਕੈਨੇਡਾ ਵਿਚ ਪੰਜਾਬ ਦੀ ਉਸਾਰੀ ਕਰ ਕੇ ਇਸ ਨੂੰ ਸਾਹਿਤਕ ਤੇ ਸਭਿਆਚਾਰਕ ਸਰਗਰਮੀਆਂ ਦਾ ਕੇਂਦਰ ਬਣਾਉਣ ਵਾਲਾ ਸੁੱਖੀ ਬਾਠ ਵੀ ਇਨ੍ਹਾਂ ਵਿਚ ਸ਼ਾਮਲ ਹੈ। ਕਪੂਰਥਲਾ ਦੇ ਸ਼ਾਹੀ ਘਰਾਣੇ ਵਿਚ ਜਨਮੀ ਅਨੀਤਾ ਸਿੰਘ ਨੇ ਅਲਾਇੰਸ ਫਰਾਂਸੇ ਤੇ ਇਨਟੈਕ ਦੀ ਅਗਵਾਈ ਕਰਦਿਆਂ ਸ਼ਾਸਤਰੀ ਸੰਗੀਤ ਦੀਆਂ ਪੰਜਾਬੀ ਵਿਚ ਲਿਖੀਆਂ ਮੂਲ ਬੰਦਿਸ਼ਾਂ ਦੀ ਸਾਂਭ ਸੰਭਾਲ ਲਈ ਅਦੁੱਤੀ ਕੰਮ ਕੀਤਾ ਹੈ। ਟੋਰਾਂਟੋ ਵਿਚ ਪ੍ਰਥਮ ਰੇਡੀਓ ਸ਼ੋਅ ਸ਼ੁਰੂ ਕਰਕੇ ਇਕਬਾਲ ਮਾਹਲ ਨੇ ਜਗਜੀਤ, ਚਿੱਤਰਾ ਤੇ ਸੁਰਿੰਦਰ ਕੌਰ ਵਰਗੇ ਉਚ ਕੋਟੀ ਦੇ ਕਲਾਕਾਰਾਂ ਨੂੰ ਅੰਤਰਰਾਸ਼ਟਰੀ ਮੰਚ ਪ੍ਰਦਾਨ ਕਰਕੇ ਕੈਨੇਡਾ ਵਿਚ ਬੇਸਹਾਰਾ ਬੱਚਿਆਂ ਦੇ ਇਲਾਜ ਲਈ ਰਕਮਾਂ ਜੁਟਾਉਣ ਦਾ ਵਿਲੱਖਣ ਕੰਮ ਕੀਤਾ ਹੈ।

ਜੈਤੋ ਦੇ ਜੰਮਪਲ ਜੰਗ ਬਹਾਦਰ ਗੋਇਲ ਨੇ ਵਿਸ਼ਵ ਸਾਹਿਤ ਦੇ ਸ਼ਾਹਕਾਰ ਨਾਵਲਾਂ ਨੂੰ ਚਾਰ ਜਿਲਦਾਂ ਵਿਚ ਪੇਸ਼ ਕਰਨ ਤੋਂ ਬਿਨਾ 56 ਕਲਾਸੀਕਲ ਰਚਨਾਵਾਂ ਦਾ ਪੰਜਾਬੀ ਅਨੁਵਾਦ ਕਰਕੇ ਪੰਜਾਬੀ ਪਾਠਕਾਂ ਦੀ ਅੰਤਰਰਾਸ਼ਟਰੀ ਸੋਚ ਨੂੰ ਚਮਕਾਇਆ ਤੇ ਵਧਾਇਆ ਹੈ। ਹੋਰਨਾਂ ਪ੍ਰਾਪਤੀਆਂ ਤੋਂ ਬਿਨਾ ਮੈਂ ਚੰਡੀਗੜ੍ਹ ਦੀ ਵਿਸ਼ਵ ਪੰਜਾਬੀ ਕਾਨਫਰੰਸ ਨੂੰ ਉਨ੍ਹਾਂ ਵੱਲੋਂ ਕੀਤੀ ਗਈ ਸੁਚੱਜੀ ਚੋਣ ਨੂੰ ਵਿਲਖਣ ਮੰਨਦਾ ਹਾਂ।

ਬਰਤਾਨੀਆ ਦੀ ਕਾਨਫਰੰਸ ਵਿਚ ਉਥੋਂ ਦੇ ਗੁਰਦੁਆਰਿਆਂ ਦਾ ਅਹਿਮ ਯੋਗਦਾਨ ਸੀ। ਪੈਰਿਸ ਵਾਲੀ ਕਾਨਫਰੰਸ ਵਿਚ ਪੈਰਿਸ ਸਰਕਾਰ ਦਾ ਅਤੇ ਚੰਡੀਗੜ੍ਹ ਵਾਲੀ ਕਾਨਫਰੰਸ ਵਿਚ ਨਾਮਧਾਰੀ ਦਰਬਾਰ, ਭੈਣੀ ਸਾਹਿਬ ਦਾ।

**ਭਾਰਤ-ਪਾਕਿ ਆਉਣ-ਜਾਣ ਦੀ ਗੱਲ:** ਅਸੀਂ ਚੰਡੀਗੜ੍ਹ ਵਾਲੀ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਪਾਕਿਸਤਾਨ ਦੇ ਪੰਜਾਬੀ ਪਿਆਰੇ ਫਖਰ ਜਮਾਂ ਨੂੰ ਭਾਰਤ ਸਰਕਾਰ ਵੱਲੋਂ ਲੋੜੀਂਦਾ ਵੀਜ਼ਾ ਨਾ ਦਿੱਤੇ ਜਾਣ 'ਤੇ ਹੈਰਾਨ ਹੋ ਰਹੇ ਸਾਂ ਕਿ ਮਾਨਸਾ ਤੋਂ ਇਸ ਤਰ੍ਹਾਂ ਦੀ ਨਵੀਂ ਖਬਰ ਆਈ ਹੈ। 23 ਤੋਂ 28 ਮਾਰਚ ਤੱਕ ਸੀ. ਪੀ. ਆਈ. (ਐਮ. ਐਲ.) ਲਿਬਰੇਸ਼ਨ ਵੱਲੋਂ ਰਚਾਏ ਜਾ ਰਹੇ 10ਵੇਂ ਮਹਾਂ ਸੰਮੇਲਨ ਵਿਚ ਸ਼ਾਮਲ ਹੋਣ ਲਈ ਉਤਾਵਲੇ ਪਾਕਿਸਤਾਨੀਆਂ ਵਿਚੋਂ ਕਿਸੇ ਇੱਕ ਨੂੰ ਵੀ ਵੀਜ਼ਾ ਨਹੀਂ ਦਿੱਤਾ ਜਾ ਰਿਹਾ। ਦੇਸ਼ ਵੰਡ ਦੇ ਸੱਤਰ ਸਾਲ ਲੰਘ ਜਾਣ ਪਿੱਛੋਂ ਵੀ ਇਸ ਤਰ੍ਹਾਂ ਦਾ ਵਰਤਾਰਾ ਨਿੰਦਣਯੋਗ ਹੈ।

**ਅੰਤਿਕਾ:** ਫਿਰਾਕ਼ ਗੋਰਖਪੁਰੀ
ਹੈਰਾਂ ਹੂਏ ਨਾ ਥੇ ਜੋ ਤਸੱਵੁਰ ਮੇਂ ਭੀ ਕਭੀ,
ਤਸਵੀਰ ਹੋ ਗਏ ਤੇਰੀ ਤਸਵੀਰ ਦੇਖ ਕਰ।

## ਨਵਾਜ਼ ਸ਼ਰੀਫ਼ ਦੇ ਘਰ ਨੇੜੇ ਧਮਾਕਾ, 9 ਹਲਾਕ

**ਇਸਲਾਮਾਬਾਦ:** ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੇ ਘਰ ਦੇ ਨੇੜੇ ਬੰਬ ਧਮਾਕਾ ਹੋਇਆ ਜਿਸ ਵਿਚ ਘੱਟੋ ਘੱਟ ਨੌਂ ਜਣੇ ਮਾਰੇ ਗਏ। ਮਰਨ ਵਾਲਿਆਂ ਵਿਚ ਤਿੰਨ ਪੁਲਿਸ ਮੁਲਾਜ਼ਮ ਵੀ ਸ਼ਾਮਲ ਹਨ। ਇਹ ਧਮਾਕਾ ਪੁਲਿਸ ਚੈੱਕ ਪੋਸਟ ਦੇ ਨੇੜੇ ਹੋਇਆ।

TRUCK STOP 40
SAYRE, OK 73662

ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ



ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ

ਸੰਪਰਕ ਕਰੋ:
ਫੋਨ: 832-512-7172
580-447-9366

Friends Of Punjab Foundation




ਤੁਹਾਡੇ ਬਚਪਨ ਦੀਆਂ ਯਾਦਾਂ ਸਾਂਭੀ ਬੈਠੇ ਪਿੰਡ ਦੇ ਗਰੀਬ ਲੋਕ ਮਦਦ ਲਈ ਤੁਹਾਡੇ ਵੱਲ ਝਾਕ ਰਹੇ ਹਨ

ਮੇਰਾ ਪਿੰਡ

ਸਾਡੇ ਪਿੰਡਾਂ (ਮੇਰਾ ਪਿੰਡ) ਦੇ ਜ਼ਿੰਦਗੀ ਨਾਲ ਜੂਝ ਰਹੇ ਗਰੀਬ ਪਰਿਵਾਰਾਂ ਲਈ ਤੁਹਾਡੀ ਮਦਦ ਕੀ ਕਰ ਸਕਦੀ ਹੈ?

*ਹੁਸ਼ਿਆਰ ਬੱਚਿਆਂ ਲਈ ਉਚੇਰੀ ਸਿੱਖਿਆ
*ਵਿਧਵਾ ਔਰਤਾਂ, ਜਿਨ੍ਹਾਂ ਨੂੰ ਦਿਹਾੜੀ ਕਰਨ ਅਤੇ ਛੋਟੇ ਛੋਟੇ ਬਾਲਾਂ ਦੀ ਸੰਭਾਲ ਵਿਚੋਂ ਇਕ ਨੂੰ ਚੁਣਨਾ ਪੈਂਦਾ ਹੈ, ਲਈ ਮਾਲੀ ਮਦਦ
*ਤਰਸ ਦਾ ਪਾਤਰ ਬਣੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਨਕਾਰਾ ਲੋਕਾਂ ਲਈ ਮਦਦ
*ਮਾੜੀ ਸਿਹਤ ਤੇ ਪੈਸੇ ਦੀ ਤੰਗੀ ਨਾਲ ਜੂਝ ਰਹੇ ਸੰਤਾਨਹੀਣ ਬਜ਼ੁਰਗਾਂ ਲਈ ਆਸਰਾ
*ਉਨ੍ਹਾਂ ਛੋਟੇ ਕਿਸਾਨਾਂ ਲਈ ਮਦਦ, ਜੋ ਆਪਣੀਆਂ ਰੋਜ਼ ਦੀਆਂ ਲੋੜਾਂ ਪੂਰੀਆਂ ਕਰਨ ਅਤੇ ਜ਼ਿੰਦਗੀ ਨੂੰ ਅੱਗੇ ਤੋਰਨ ਦੇ ਅਸਮਰਥ ਹਨ।

ਕੁਝ ਪਿੰਡਾਂ ਦੇ ਕਈ ਅਜਿਹੇ ਪਰਿਵਾਰ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਆਪਣੇ ਪਿੰਡ ਦੇ ਪਰਵਾਸੀਆਂ ਤੋਂ ਮਦਦ ਮਿਲ ਰਹੀ ਹੈ। ਹੋਰ ਕਈਆਂ ਨੂੰ ਜਲਦ ਹੀ 'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਵਲੋਂ ਮਦਦ ਮਿਲਣ ਲੱਗੇਗੀ।

ਆਪਣਾ ਪਿੰਡ ਅਪਨਾਓ, ਅਸੀਸਾਂ ਪਾਓ।

ਫਾਊਂਡੇਸ਼ਨ ਆਪ ਪੈਸੇ ਨਹੀਂ ਉਗਰਾਹੁੰਦੀ, ਸਿਰਫ ਸਹੀ ਤਰੀਕੇ ਨਾਲ ਮਦਦ ਪਹੁੰਚਾਉਣ ਵਿਚ ਸਹਾਈ ਹੁੰਦੀ ਹੈ।

ਜ਼ਿੰਦਗੀ ਨਾਲ ਜੂਝ ਰਹੇ ਪਰਿਵਾਰਾਂ ਲਈ ਤੁਹਾਡੀ ਮਦਦ ਛੋਟੀ ਹੋਵੇ ਜਾਂ ਵੱਡੀ, ਸਭ ਤੋਂ ਕਾਰਗਰ ਤਰੀਕੇ ਨਾਲ ਅਜਿਹਾ ਕਰਨਾ ਹੇਠ ਦਿੱਤੇ ਫੋਨ ਨੰਬਰ ਰਾਹੀਂ ਸੰਪਰਕ ਕਰੋ

ਭੁਪਿੰਦਰ ਸਿੰਘ ਹੁੰਦਲ, ਫੋਨ: 630-802-2179
www.friendsofpunjabfoundation.org

# ਕੇਜਰੀਵਾਲ ਦੀ ਨਿਵੇਕਲੀ ਸਿਆਸਤ ਬਨਾਮ ਮੁਆਫੀਨਾਮੇ

ਬੂਟਾ ਸਿੰਘ
ਫੋਨ: 91-94634-74342

ਆਮ ਆਦਮੀ ਪਾਰਟੀ ਵਿਚ ਮੱਚਿਆ ਘਮਸਾਣ ਭਾਵੇਂ ਇਸ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਵਲੋਂ ਪੰਜਾਬ ਦੇ ਸੋਲਾਂ ਆਗੂਆਂ ਨਾਲ ਮੀਟਿੰਗ ਕਰ ਕੇ ਉਨ੍ਹਾਂ ਨੂੰ ਮਨਾ ਲੈਣ ਨਾਲ ਵਕਤੀ ਤੌਰ 'ਤੇ ਥੰਮ੍ਹ ਗਿਆ ਹੈ, ਪਰ ਇਸ ਨੇ ਪਾਰਟੀ ਬਾਰੇ ਬਣੀਆਂ ਬਹੁਤ ਸਾਰੀਆਂ ਮਿੱਥਾਂ ਅਤੇ ਧਾਰਨਾਵਾਂ ਦੇ ਪਰਖਚੇ ਉਡਾ ਦਿੱਤੇ ਹਨ। ਤਜਰਬੇਕਾਰ ਚੋਣ ਸਿਆਸਤਦਾਨ ਸੁਖਪਾਲ ਖਹਿਰਾ ਨਾਲ ਖੜ੍ਹੇ 'ਆਪ' ਦੇ ਵਿਧਾਇਕਾਂ ਦੀ ਪੰਜਾਬ ਇਕਾਈ ਨੂੰ 'ਖੁਦਮੁਖਤਿਆਰੀ' ਦੀ ਮੰਗ ਦੁਆਲੇ ਉਸਰਿਆ ਧੜਾ ਬਰਕਰਾਰ ਹੈ। ਇਹ ਆਉਣ ਵਾਲਾ ਵਕਤ ਦੱਸੇਗਾ ਕਿ ਇਹ ਧੜੇਬੰਦੀ ਕੀ ਦਿਸ਼ਾ ਅਖਤਿਆਰ ਕਰਦੀ ਹੈ।

ਜਦੋਂ ਪਿਛਲੇ ਸਾਲਾਂ ਅੰਦਰ ਫੈਸਲੇ ਕਰਨ ਵਿਚ ਮਨਮਾਨੀਆਂ ਅਤੇ ਨੀਤੀਆਂ ਨੂੰ ਲੈ ਕੇ ਸਵਾਲ ਉਠਾਉਣ ਕਾਰਨ ਯੋਗੇਂਦਰ ਯਾਦਵ, ਪ੍ਰਸ਼ਾਂਤ ਭੂਸ਼ਣ ਵਰਗੀਆਂ ਕੱਦਾਵਰ ਸ਼ਖਸੀਅਤਾਂ ਅਤੇ ਇਸੇ ਤਰਜ਼ 'ਤੇ ਪੰਜਾਬ ਵਿਚ ਡਾ. ਸੁਮੇਲ ਸਿੱਧੂ, ਡਾ. ਧਰਮਵੀਰ ਗਾਂਧੀ ਵਗੈਰਾ ਮਕਬੂਲ ਕਾਰਕੁਨਾਂ/ਬੁੱਧੀਜੀਵੀਆਂ ਨੂੰ ਬਾਹਰ ਦਾ ਰਸਤਾ ਦਿਖਾਇਆ ਗਿਆ ਸੀ, ਉਦੋਂ ਹੀ ਇਹ ਸਪਸ਼ਟ ਹੋ ਗਿਆ ਸੀ ਕਿ ਨਿਆਰਾ ਬਦਲ ਪੇਸ਼ ਕਰਨ ਦੇ ਦਾਅਵੇ ਕਰਨ ਵਾਲੀ ਟੀਮ ਕੇਜਰੀਵਾਲ ਦੀ ਬਣਾਈ ਸਿਆਸੀ ਜਥੇਬੰਦੀ ਦਾ ਅੰਦਰੂਨੀ ਕਾਰ-ਵਿਹਾਰ ਸ਼ਖਸ-ਪੂਜ ਅਤੇ ਤਾਨਾਸ਼ਾਹ ਹੈ ਜਿਥੇ ਜਮਹੂਰੀ ਵਿਚਾਰ-ਚਰਚਾ ਦੀ ਅਣਹੋਂਦ ਹੈ।

ਫਿਰ ਪੰਜਾਬ ਵਿਚ ਮੁੱਖ ਮੰਤਰੀ ਦੀ ਕੁਰਸੀ ਦੇ ਲਾਲਸਾਵਾਨਾਂ ਵਲੋਂ ਇਕ-ਦੂਜੇ ਨੂੰ ਰਸਤੇ ਵਿਚੋਂ ਹਟਾਉਣ ਲਈ ਚੱਲੀਆਂ ਘਿਨਾਉਣੀਆਂ ਚਾਲਾਂ, ਵਿਧਾਨ ਸਭਾ ਚੋਣਾਂ ਮੌਕੇ ਟਿਕਟਾਂ ਦੀ ਸੌਦੇਬਾਜ਼ੀ ਅਤੇ ਆਪਣੀ ਪਾਰਟੀ ਦੇ ਕਾਰਕੁਨਾਂ ਨੂੰ ਦਰਕਿਨਾਰ ਕਰ ਕੇ ਦੂਜੀਆਂ ਹਾਕਮ ਜਮਾਤੀ ਪਾਰਟੀਆਂ ਦੇ ਨਾਰਾਜ਼ ਧੜਵਾਂ ਨੂੰ ਟਿਕਟਾਂ ਦੇਣ ਨਾਲ ਇਸ ਨਿਆਰੀ ਸਿਆਸਤ ਦਾ ਅਸਲ ਰੰਗ ਉਘੜ ਆਇਆ। ਇਸ ਨੂੰ ਲੈ ਕੇ ਥੋੜ੍ਹੀ ਘੁਸਰ-ਮੁਸਰ ਹੁੰਦੀ ਰਹੀ ਲੇਕਿਨ 'ਆਪ' ਭਗਤਾਂ ਨੂੰ ਇਹ ਵੀ ਹਜ਼ਮ ਹੋ ਗਿਆ। ਕੇਜਰੀਵਾਲ ਦੇ ਮੁਆਫੀਨਾਮਿਆਂ ਦਾ ਰੋਸ ਵੀ ਬਹੁਤਾ ਚਿਰ ਨਹੀਂ ਰਹੇਗਾ, ਪੰਜਾਬ ਦੇ ਆਗੂਆਂ ਨਾਲ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਦੀ ਹਾਲੀਆ ਮੀਟਿੰਗ ਇਹੋ ਦਰਸਾਉਂਦੀ ਹੈ।

ਇਹ ਕਿਸੇ ਨੂੰ ਭੁੱਲਿਆ ਨਹੀਂ ਕਿ ਬਾਦਲਕਿਆਂ ਦੇ ਰਾਜ ਵਿਚ ਨਸ਼ਾ, ਸ਼ਰਾਬ, ਭੋਇੰ ਤੇ ਰੇਤ ਮਾਫੀਆ, ਹਰ ਤਰ੍ਹਾਂ ਦੇ ਗੁੰਡਾ ਗਰੋਹ ਅਤੇ ਸੱਤਾਧਾਰੀ ਦੋ ਵੱਖ ਵੱਖ ਚੀਜ਼ਾਂ ਨਹੀਂ, ਸਗੋਂ ਸਿੱਕੇ ਦੇ ਦੋ ਪਾਸਿਆਂ ਵਾਂਗ ਸਨ। ਇਸੇ ਵਿਰਾਸਤ ਨੂੰ ਕੈਪਟਨ ਸਰਕਾਰ ਵੱਖਰੇ ਮਖੌਟੇ ਹੇਠ ਅੱਗੇ ਵਧਾ ਰਹੀ ਹੈ। 'ਆਪ' ਅਤੇ ਕਾਂਗਰਸ ਨੇ ਜੀਜੇ-ਸਾਲੇ ਦੀ ਰਾਜਕੀ ਪੁਸ਼ਤਪਨਾਹੀ ਵਾਲੇ ਮਾਫੀਆ ਰਾਜ ਤੋਂ ਅੱਕੇ ਅਵਾਮ ਦੀ ਬਦਲਾਓ ਦੀ ਤਾਂਘ ਦਾ ਸੱਤਾ ਉਪਰ ਕਾਬਜ਼ ਹੋਣ ਲਈ ਬਾਖੂਬੀ ਲਾਹਾ ਲਿਆ। ਵੋਟ ਸਿਆਸਤ ਦੀ ਇਸੇ ਖੁਦਗਰਜ਼ੀ ਵਿਚੋਂ ਮਾਫੀਆ ਰਾਜ ਦੇ ਤੱਥ ਇਨ੍ਹਾਂ ਦੀਆਂ ਚੋਣ ਮੁਹਿੰਮਾਂ ਦਾ ਧੁਰਾ ਬਣੇ ਰਹੇ। ਕਾਂਗਰਸੀ ਕਪਤਾਨ ਨੇ ਕਾਨਫਰੰਸ ਦੇ ਮੰਚ ਉਪਰ ਧਾਰਮਿਕ ਗੁਟਕਾ ਹੱਥਾਂ ਵਿਚ ਫੜ ਕੇ ਇਕ ਮਹੀਨੇ ਵਿਚ ਨਸ਼ਿਆਂ ਦਾ ਖਾਤਮਾ ਕਰਨ ਦੇ ਨਾਂ ਹੇਠ ਜੋ ਜਜ਼ਬਾਤੀ ਚਾਲ ਖੇਡੀ ਸੀ, ਉਸ ਦੀ ਅਸਲੀਅਤ ਵਾਅਦਾਖਿਲਾਫੀ ਨਾਲ ਅਵਾਮ ਨੂੰ ਛੇਤੀ ਹੀ ਸਮਝ ਪੈ ਗਈ। ਇਧਰ ਆਮ ਆਦਮੀ ਪਾਰਟੀ ਦਾ ਕਾਰ-ਵਿਹਾਰ ਅਤੇ ਰਾਜਸੀ ਵਿਹਾਰ ਵੀ ਇਹ ਵਾਰ ਵਾਰ ਸਾਬਤ ਕਰ ਰਿਹਾ ਹੈ ਕਿ ਇਸ ਦੇ ਬਦਲਵੀਂ ਸਿਆਸਤ ਦੇ ਦਾਅਵੇ ਕਿੰਨੇ ਖੋਖਲੇ ਹਨ, ਇਨ੍ਹਾਂ ਦਾ ਨਸ਼ਾ ਮਾਫੀਆ ਵਿਰੁਧ ਸੱਚੀ ਲੜਾਈ ਨਾਲ ਦੂਰ ਦਾ ਵੀ ਵਾਸਤਾ ਨਹੀਂ।

ਟੀਮ ਕੇਜਰੀਵਾਲ ਦੇ ਖਿਲਾਫ ਹੋਰ ਰਾਜਸੀ ਸ਼ਰੀਕਾਂ ਵਿਰੁਧ ਦਾਗੇ ਬਿਆਨਾਂ ਨੂੰ ਲੈ ਕੇ ਵੱਖ ਵੱਖ ਅਦਾਲਤਾਂ ਵਿਚ ਅਪਰਾਧਿਕ ਮਾਣਹਾਨੀ ਦੇ ਤੇਤੀ ਮਾਮਲੇ ਚੱਲ ਰਹੇ ਹਨ। ਜਿਵੇਂ ਮੀਡੀਆ ਵਿਚ ਸੰਕੇਤ ਆ ਰਹੇ ਹਨ, ਹਾਲੀਆ ਮੁਆਫੀਨਾਮੇ ਸੱਤਾਧਾਰੀ ਭਾਜਪਾ-ਅਕਾਲੀ ਗੱਠਜੋੜ ਨਾਲ ਕਿਸੇ ਅੰਦਰੂਨੀ ਸਮਝੌਤੇ ਅਤੇ ਨੇੜੇ ਆ ਰਹੀਆਂ ਲੋਕ ਸਭਾ ਚੋਣਾਂ (2019) ਵਿਚ ਦੁਵੱਲੇ ਚੋਣ ਹਿਤਾਂ ਦੇ ਮੱਦੇਨਜ਼ਰ ਹਨ। ਬਿਕਰਮ ਮਜੀਠੀਆ, ਨਿਤਿਨ ਗਡਕਰੀ, ਕਪਿਲ ਸਿੱਬਲ ਵਾਲੇ ਮੁਆਫੀਨਾਮੇ ਆਖਰੀ ਨਹੀਂ। ਆਉਣ ਵਾਲੇ ਦਿਨਾਂ ਵਿਚ ਭਗਵੇਂ ਆਗੂਆਂ ਵਲੋਂ ਦਰਜ ਕਰਾਏ ਮਾਣਹਾਨੀ ਦੇ ਹੋਰ ਮਾਮਲਿਆਂ ਵਿਚ ਵੀ ਮੁਆਫੀਨਾਮੇ ਆ ਸਕਦੇ ਹਨ। ਕੇਜਰੀਵਾਲ ਵਲੋਂ ਰਾਜਸੀ ਸ਼ਰੀਕਾਂ ਵਿਰੁਧ ਦਾਗੇ ਰਾਜਸੀ ਗੋਲਿਆਂ ਦਾ ਮੁਆਫੀਨਾਮਿਆਂ ਵਿਚ ਵਟ ਜਾਣਾ ਹੈਰਤਅੰਗੇਜ਼ ਨਹੀਂ, ਇਹ ਸੱਤਾ ਦੀਆਂ ਗਿਣਤੀਆਂ-ਮਿਣਤੀਆਂ ਦੀ ਚੋਣ ਸਿਆਸਤ ਦਾ ਤਰਕਸੰਗਤ ਨਤੀਜਾ ਹੈ। ਜਦੋਂ ਨਿਸ਼ਾਨਾ ਹੀ ਸੱਤਾ ਉਪਰ ਕਬਜ਼ਾ ਹੈ, ਫਿਰ ਮੁੱਦਿਆਂ ਨੂੰ ਉਭਾਰਨਾ ਅਤੇ ਇਨ੍ਹਾਂ ਤੋਂ ਪਿੱਛੇ ਹਟਣਾ ਵੀ ਇਸੇ ਹਿੱਤ ਤੋਂ ਤੈਅ ਹੋਵੇਗਾ।

ਮਾਣਹਾਨੀ ਦਾ ਮੁੱਦਾ ਬਣਾ ਕੇ ਆਲੋਚਨਾ ਕਰਨ ਵਾਲਿਆਂ ਨੂੰ ਅਦਾਲਤਾਂ ਵਿਚ ਘੜੀਸਣ ਦਾ ਹਾਕਮ ਜਮਾਤੀ ਬਾਂਹ ਮਰੋੜ ਦਾਅਪੇਚ ਜੱਗੋਂ ਤੇਰਵੀਂ ਗੱਲ ਨਹੀਂ। ਇਸ ਬਾਂਹ ਮਰੋੜ ਚਾਲ ਅੱਗੇ ਕੋਈ ਦਮਦਾਰ ਘੁਲਾਟੀਆ ਹੀ ਟਿਕ ਸਕਦਾ ਹੈ। ਸੰਘ ਬ੍ਰਿਗੇਡ ਅਤੇ ਅਡਾਨੀ ਵਰਗੇ ਕਾਰਪੋਰੇਟਾਂ ਨੇ 'ਦਿ ਵਾਇਰ' ਵਰਗੇ ਉਘੇ ਮੀਡੀਆ ਪੋਰਟਲਾਂ ਦੇ ਸੀਨੀਅਰ ਐਡੀਟਰਾਂ ਅਤੇ ਤੀਸਤਾ ਸੀਤਲਵਾੜ ਵਰਗੇ ਕਾਰਕੁਨਾਂ ਨੂੰ ਮਾਣਹਾਨੀ ਅਤੇ ਹੋਰ ਸੰਗੀਨ ਮੁਕੱਦਮਿਆਂ ਵਿਚ ਅਦਾਲਤਾਂ ਵਿਚ ਘੜੀਸਿਆ ਪਰ ਕਿਸੇ ਨੇ ਵੀ ਟੀਮ ਕੇਜਰੀਵਾਲ ਵਾਂਗ ਬੁਜ਼ਦਿਲੀ ਨਹੀਂ ਦਿਖਾਈ।

ਇਸ ਤੋਂ ਵੀ ਖਤਰਨਾਕ ਹੈ 'ਆਮ ਆਦਮੀ' ਦੇ ਨਾਂ ਹੇਠ ਬਣੀ ਪਾਰਟੀ ਦਾ ਸ਼ਖਸਪੂਜ, ਗੈਰਜਮਹੂਰੀ ਅਤੇ ਘੋਰ ਤਾਨਾਸ਼ਾਹ ਰਾਸ਼ਟਰਵਾਦੀ ਚਰਿੱਤਰ। ਹੋਰ ਹਾਕਮ ਜਮਾਤੀ ਪਾਰਟੀਆਂ ਵਾਂਗ ਇਸ ਪਾਰਟੀ ਵਿਚ ਵੀ ਅਹੁਦੇਦਾਰ ਥਾਪਣ ਅਤੇ ਟਿਕਟਾਂ ਦੇਣ ਤੋਂ ਲੈ ਕੇ ਤਮਾਮ ਫੈਸਲੇ ਦਿੱਲੀ ਬੈਠੀ ਹਾਈਕਮਾਨ ਲੈਂਦੀ ਹੈ ਅਤੇ ਆਮ ਕਾਰਕੁਨਾਂ ਦੀ ਕੋਈ ਵੁੱਕਤ ਨਹੀਂ। ਮਜੀਠੀਆ ਦੇ ਮਾਮਲੇ ਵਿਚ ਐਨਾ ਵੱਡਾ ਫੈਸਲਾ ਕਰਦਿਆਂ ਪੰਜਾਬ ਦੇ ਮੁੱਖ ਆਗੂਆਂ ਨੂੰ ਵੀ ਭਿਣਕ ਨਹੀਂ ਪੈਣ ਦਿੱਤੀ ਗਈ।

ਪਿਛਲੇ ਸਾਲ ਪੰਜਾਬ ਵਿਧਾਨ ਸਭਾ ਚੋਣਾਂ ਮੌਕੇ ਚੋਣ ਰੈਲੀਆਂ, ਮੀਡੀਆ ਨਾਲ ਇੰਟਰਵਿਊ, ਸੋਸ਼ਲ ਮੀਡੀਆ ਉਪਰ ਟਿੱਪਣੀਆਂ ਵਗੈਰਾ ਦੌਰਾਨ ਹਰ ਮੰਚ ਉਪਰ ਅਰਵਿੰਦ ਕੇਜਰੀਵਾਲ ਬਿਕਰਮ ਮਜੀਠੀਆ ਉਪਰ ਨਸ਼ਾ ਤਸਕਰੀ ਦੇ ਇਲਜ਼ਾਮ ਹਿੱਕ ਥਾਪੜ ਕੇ ਲਗਾਉਂਦਾ ਰਿਹਾ। ਮਜੀਠਾ ਵਿਧਾਨ ਸਭਾ ਹਲਕੇ ਵਿਚ ਚੋਣ ਰੈਲੀਆਂ ਨੂੰ ਸੰਬੋਧਨ ਕਰਦਿਆਂ ਕੇਜਰੀਵਾਲ ਦੇ ਲਫਜ਼ ਸਨ: 'ਪੰਜਾਬ ਕੇ ਅੰਦਰ ਇੰਟਰਨੈਸ਼ਨਲ ਡਰੱਗ ਮਾਫੀਆ ਨਸ਼ਾ ਸਪਲਾਈ ਕਰ ਰਹਾ ਹੈ। ਬਿਕਰਮ ਸਿੰਘ ਮਜੀਠੀਆ ਉਨਕਾ ਏਜੰਟ ਹੈ ਜੋ ਪੰਜਾਬ ਕੇ ਅੰਦਰ ਨਸ਼ਾ ਸਪਲਾਈ ਕਰਤੇ ਹੈਂ। ਮਜੀਠੀਏ ਨੇ ਪੂਰੇ ਪੰਜਾਬ ਮੇਂ, ਹਰ ਪਿੰਡ ਅੰਦਰ, ਹਰ ਹਲਕੇ ਮੇਂ ਅਪਨੇ ਆਦਮੀ ਛੋੜ ਰੱਖੇ ਹੈਂ। ਉਸ ਕੇ ਆਦਮੀ ਪੰਜਾਬ ਮੇਂ ਨਸ਼ਾ ਵੇਚ ਰਹੇ ਹੈਂ। ਆਜ ਮੈਂ ਪੂਰੇ ਪੰਜਾਬ ਕੀ ਤਰਫ ਸੇ ਮਜੀਠਾ ਹਲਕੇ ਕੇ ਲੋਗੋਂ ਕੋ ਅਪੀਲ ਕਰਨੇ ਆਇਆ ਹੂੰ- 'ਪੰਜਾਬ ਕੋ ਬਚਾ ਲੋ'। ਇਸ ਵਾਰ ਮਜੀਠੀਏ ਕੋ ਵੋਟ ਮਤ ਦੇਨਾ।'

ਹੁਣ ਮਜੀਠੀਆ ਨੂੰ ਭੇਜੇ ਮੁਆਫੀਨਾਮੇ ਵਿਚ ਕੇਜਰੀਵਾਲ ਲੇਲੜੀਆਂ ਕੱਢ ਰਿਹਾ ਹੈ, 'ਹੁਣ ਮੈਂ ਜਾਣਿਆ ਹੈ ਕਿ ਇਹ ਇਲਜ਼ਾਮ ਬੇਬੁਨਿਆਦ ਸਨ। ਲਿਹਾਜ਼ਾ ਐਸੇ ਮੁੱਦਿਆਂ ਉਪਰ ਸਿਆਸਤ ਨਹੀਂ ਹੋਣੀ ਚਾਹੀਦੀ। ... ਇਸ ਦੁਆਰਾ ਮੈਂ ਤੁਹਾਡੇ ਖਿਲਾਫ ਦਿੱਤੇ ਸਾਰੇ ਬਿਆਨ ਅਤੇ ਇਲਜ਼ਾਮ ਵਾਪਸ ਲੈਂਦਾ ਹਾਂ ਅਤੇ ਇਨ੍ਹਾਂ ਲਈ ਮੁਆਫੀ ਮੰਗਦਾ ਹਾਂ।'

ਪੰਜਾਬ ਦੇ ਨਾਰਾਜ਼ ਵਿਧਾਇਕਾਂ ਅਤੇ ਆਗੂਆਂ ਨਾਲ ਮੀਟਿੰਗ ਵਿਚ ਕੇਜਰੀਵਾਲ ਕਹਿ ਰਿਹਾ ਹੈ, 'ਮੈਂ ਮਜੀਠੀਆ ਅਤੇ ਕਿਸੇ ਹੋਰ ਨੂੰ ਕਲੀਨ ਚਿੱਟ ਨਹੀਂ ਦਿੱਤੀ'। ਕੇਜਰੀਵਾਲ ਅਤੇ ਉਸ ਦੇ ਹਮਾਇਤੀਆਂ ਵਲੋਂ ਦਿੱਤੀ ਜਾ ਰਹੀ ਸਫਾਈ ਦਾ ਨਿਚੋੜ ਇਹ ਹੈ ਕਿ 'ਆਪ' ਮੁਖੀ ਨੇ ਮੁਆਫੀ ਅਦਾਲਤਾਂ ਦੀ ਖੱਜਲਖੁਆਰੀ ਤੋਂ ਛੁਟਕਾਰਾ ਪਾਉਣ ਲਈ ਮੰਗੀ ਹੈ; ਮਨਸ਼ਾ ਇਹੋ ਹੈ ਕਿ ਚੋਣ ਵਰ੍ਹੇ ਅੰਦਰ ਨਿੱਤ ਦੇ ਅਦਾਲਤੀ ਚੱਕਰਾਂ ਵਿਚ ਵਕਤ ਜ਼ਾਇਆ ਨਾ ਕੀਤਾ ਜਾਵੇ।

ਮਜੀਠੀਆ ਵਾਲਾ ਮੁਆਫੀਨਾਮਾ ਉਸ ਵਕਤ ਆਇਆ ਜਦੋਂ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਨਸ਼ਿਆਂ ਬਾਰੇ ਕੈਪਟਨ ਸਰਕਾਰ ਦੀ ਸਪੈਸ਼ਲ ਟਾਸਕ ਫੋਰਸ ਨੇ ਜੋ ਰਿਪੋਰਟ ਪੇਸ਼ ਕੀਤੀ, ਉਹ ਨਸ਼ਿਆਂ ਦੇ ਮਾਮਲੇ ਵਿਚ ਮਜੀਠੀਆ ਦੀ ਭੂਮਿਕਾ ਦੀ ਅਗਲੇਰੀ ਜਾਂਚ ਉਪਰ ਜ਼ੋਰ ਦਿੰਦੀ ਹੈ। ਰਿਪੋਰਟ ਨੇ ਸਾਫ ਕਿਹਾ ਹੈ ਕਿ ਮਜੀਠੀਆ ਉਪਰ ਲੱਗੇ ਇਲਜ਼ਾਮਾਂ ਦੀ ਜੋ ਜਾਂਚ ਚੱਲ ਰਹੀ ਹੈ, ਉਸ ਵਿਚ ਐਨਫੋਰਸਮੈਂਟ ਡਾਇਰੈਕਟੋਰੇਟ ਵਲੋਂ ਕੀਤੀ ਗਈ ਜਾਂਚ ਦੀ ਫਾਈਲ ਉਪਰ ਅਜਿਹੇ ਸਬੂਤ ਮਿਲੇ ਹਨ ਜਿਨ੍ਹਾਂ ਦੇ ਆਧਾਰ 'ਤੇ ਮਜੀਠੀਆ ਦੀ ਭੂਮਿਕਾ ਦੀ ਅਗਲੇਰੀ ਜਾਂਚ ਹੋਣੀ ਚਾਹੀਦੀ ਹੈ।

ਲੇਕਿਨ ਇਹ ਤੈਅ ਹੈ ਕਿ ਜਿਸ ਪਾਰਟੀ ਦੀ ਸਿਆਸਤ ਦਾ ਕੁਲ ਦਾਰੋਮਦਾਰ ਹੀ ਹਰ ਹਰਬਾ ਇਸਤੇਮਾਲ ਕਰ ਕੇ ਸੱਤਾ ਉਪਰ ਕਾਬਜ਼ ਹੋਣਾ ਹੋਵੇ, ਉਹ ਨਸ਼ਿਆਂ ਦੇ ਖਾਤਮੇ ਅਤੇ ਸਮਾਜ ਦੇ ਹੋਰ ਹਕੀਕੀ ਮੁੱਦਿਆਂ ਨੂੰ ਲੈ ਕੇ ਸੱਚੀ ਲੜਾਈ ਕਦੇ ਨਹੀਂ ਲੜ ਸਕਦੀ। ਇਹ ਮਸਲੇ ਉਨ੍ਹਾਂ ਲਈ ਕੇਵਲ ਚੋਣ ਮੁੱਦੇ ਹਨ। ਚੋਣਾਂ ਮੁੱਕੀਆਂ, ਮੁੱਦੇ ਠੰਢੇ ਬਸਤੇ ਵਿਚ। ਇਹੀ ਵਜ੍ਹਾ ਹੈ ਕਿ ਵਿਧਾਨ ਸਭਾ ਚੋਣਾਂ ਦੇ ਨਤੀਜੇ ਆਉਣ ਅਤੇ ਆਮ ਆਦਮੀ ਪਾਰਟੀ ਦਾ ਸਰਕਾਰ ਬਣਾਉਣ ਦਾ ਖਵਾਬ ਪੂਰਾ ਨਾ ਹੋਣ ਤੋਂ ਬਾਅਦ ਇਹ ਪਾਰਟੀ ਨਸ਼ਿਆਂ ਅਤੇ ਪੰਜਾਬ ਦੇ ਹੋਰ ਮੁੱਦਿਆਂ ਉਪਰ ਕਦੇ-ਕਦਾਈਂ ਬਿਆਨਬਾਜ਼ੀ ਤੋਂ ਸਿਵਾਏ ਕੋਈ ਸੰਘਰਸ਼ ਲੜਦੀ ਨਜ਼ਰ ਨਹੀਂ ਆਈ। ਇਹ ਲੋਕ ਸਭਾ ਚੋਣਾਂ ਨੇੜੇ ਜਾ ਕੇ ਮੁੜ ਸਰਗਰਮੀ ਫੜੇਗੀ।

ਸੱਤਾ ਨਾਲ ਮੱਥਾ ਲਾਉਣ ਵਾਲਿਆਂ ਨੂੰ ਪਤਾ ਹੁੰਦਾ ਹੈ ਕਿ ਇਸ ਦਾ ਅੰਜਾਮ ਕੀ ਹੋ ਸਕਦਾ ਹੈ। ਜਿਨ੍ਹਾਂ ਦੇ ਪੱਲੇ ਸੱਚ ਹੈ, ਉਹ ਨਾ ਤਾਂ ਅਦਾਲਤੀ ਖੱਜਲਖੁਆਰੀ ਤੋਂ ਡਰਦੇ ਹਨ, ਨਾ ਜੇਲ੍ਹ ਜਾਣ ਤੋਂ। ਪੂਰੇ ਮੁਲਕ ਵਿਚ ਐਸੀਆਂ ਹਜ਼ਾਰਾਂ ਮਿਸਾਲਾਂ ਹਨ ਜਿਥੇ ਸਮਾਜੀ ਸਰੋਕਾਰਾਂ ਲਈ ਜੂਝਣ ਵਾਲੇ ਕਾਰਕੁਨਾਂ, ਪੱਤਰਕਾਰਾਂ, ਵਕੀਲਾਂ, ਸੂਚਨਾ ਅਧਿਕਾਰ ਕਾਰਕੁਨਾਂ ਅਤੇ ਹੋਰ ਘੁਲਾਟੀਆਂ ਨੂੰ ਫਰਜ਼ੀ ਮਾਮਲਿਆਂ ਵਿਚ ਜੇਲ੍ਹਾਂ ਵਿਚ ਸੜਨਾ ਪਿਆ, ਇਥੋਂ ਤਕ ਕਿ ਕਈਆਂ ਨੂੰ ਇਸ ਸੰਘਰਸ਼ ਦਾ ਮੁੱਲ ਆਪਣੀ ਜਾਨ ਦੇ ਕੇ ਚੁਕਾਉਣਾ ਪਿਆ। ਪੰਜਾਬ ਵਿਚ ਨੌਜਵਾਨ ਭਾਰਤ ਸਭਾ ਅਤੇ ਹੋਰ ਲੋਕ ਪੱਖੀ ਜਥੇਬੰਦੀਆਂ ਬਿਕਰਮ ਮਜੀਠੀਏ ਦੀ ਪੁਸ਼ਤਪਨਾਹੀ ਵਾਲੇ ਨਸ਼ਾ ਮਾਫੀਆ, ਸ਼ਰੁਤੀ ਅਗਵਾ ਕਾਂਡ, ਬਾਦਲਕਿਆਂ ਦੇ ਟਰਾਂਸਪੋਰਟ ਮਾਫੀਆ ਵਲੋਂ ਵੱਖ ਵੱਖ ਥਾਈਂ ਆਮ ਲੋਕਾਂ ਨੂੰ ਬੱਸਾਂ ਹੇਠ ਦਰੜਨ ਅਤੇ ਹੋਰ ਧੱਕੇਸ਼ਾਹੀਆਂ ਵਿਰੁਧ ਡਟ ਕੇ ਲੜੀਆਂ; ਪੁਲਿਸ ਤਸ਼ੱਦਦ, ਇਰਾਦਾ ਕਤਲ ਵਰਗੇ ਸੰਗੀਨ ਮੁਕੱਦਮਿਆਂ, ਜੇਲ੍ਹਾਂ ਵਗੈਰਾ ਦਾ ਖਿੜੇ ਮੱਥੇ ਸਾਹਮਣਾ ਕਰ ਰਹੀਆਂ ਹਨ। ਕਿਸੇ ਨੇ ਵੀ ਸਜ਼ਾ ਤੋਂ ਬਚਣ ਲਈ ਮੁਆਫੀਨਾਮੇ ਨਹੀਂ ਲਿਖੇ।

ਇਹ ਨਮੋਸ਼ੀ ਹਿੰਦੂਤਵ ਦੇ ਬਾਨੀ ਵੀ.ਡੀ. ਸਾਵਰਕਰ ਦੇ ਹਿੱਸੇ ਆਈ ਜਿਸ ਨੇ ਕਾਲੇ ਪਾਣੀ ਜੇਲ੍ਹ ਤੋਂ ਬਾਹਰ ਆਉਣ ਲਈ ਅੰਗਰੇਜ਼ ਸਰਕਾਰ ਨੂੰ ਰਹਿਮ ਦੀਆਂ ਲਿਖਤੀ ਦਰਖਾਸਤਾਂ ਭੇਜੀਆਂ। ਜੇਲ੍ਹ ਤੋਂ ਬੰਦਖਲਾਸੀ ਪਾ ਕੇ ਉਸ ਨੇ ਇਸ ਨੂੰ ਬਾਕਾਇਦਾ ਸਿਧਾਂਤਕ ਰੂਪ ਦਿੱਤਾ ਜੋ ਹਿੰਦੂਤਵ ਦਾ ਬੁਨਿਆਦੀ ਮੱਤ ਬਣਿਆ। ਉਹ ਇਹ ਕਿ ਹਿੰਦੂਆਂ ਨੂੰ ਅੰਗਰੇਜ਼ ਰਾਜ ਵਿਰੁਧ ਜੰਗੇ-ਆਜ਼ਾਦੀ ਵਿਚ ਸ਼ਾਮਲ ਹੋ ਕੇ ਆਪਣੀ ਤਾਕਤ ਅਜਾਈਂ ਨਹੀਂ ਗਵਾਉਣੀ ਚਾਹੀਦੀ, ਸਗੋਂ ਭਵਿਖ ਵਿਚ ਅੰਗਰੇਜ਼ਾਂ ਦੇ ਚਲੇ ਜਾਣ ਦੀ ਇੰਤਜ਼ਾਰ ਕਰਨੀ ਚਾਹੀਦੀ ਹੈ। ਅੰਗਰੇਜ਼ੀ ਫੌਜ ਵਿਚ ਭਰਤੀ ਹੋ ਕੇ ਹਥਿਆਰਬੰਦ ਤਾਕਤ ਜੋੜਨੀ ਚਾਹੀਦੀ ਹੈ, ਉਦੋਂ ਢੁੱਕਵਾਂ ਮੌਕਾ ਹੋਵੇਗਾ, ਮੁਸਲਮਾਨਾਂ ਤੋਂ ਬਦਲਾ ਲੈਣ ਦਾ!

ਇਸੇ ਤਰ੍ਹਾਂ ਦਾ ਏਜੰਡਾ ਕੇਜਰੀਵਾਲ ਟੀਮ ਦਾ ਜਾਪਦਾ ਹੈ।

# ਚਿੱਠੀਸਿੰਘਪੁਰਾ, ਕਸ਼ਮੀਰ ਅਤੇ ਭਾਰਤ

ਗੁਰਪ੍ਰੀਤ ਸਿੰਘ (ਕੈਨੇਡਾ)
ਅਨੁਵਾਦ: ਬੂਟਾ ਸਿੰਘ

20 ਮਾਰਚ 2000 ਦੇ ਦਿਨ ਜੰਮੂ ਕਸ਼ਮੀਰ ਵਿਚ 36 ਸਿੱਖਾਂ ਦੀਆਂ ਜੋ ਹੱਤਿਆਵਾਂ ਹੋਈਆਂ, ਉਹ ਅੱਜ ਵੀ ਰਹੱਸ ਬਣੀਆਂ ਹੋਈਆਂ ਹਨ। ਇਹ ਤੱਤਕਾਲੀ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਦੀ ਭਾਰਤ ਫੇਰੀ ਤੋਂ ਐਨ ਪਹਿਲਾਂ ਵਾਪਰਿਆ ਸੀ। ਕਤਲੇਆਮ ਕਸ਼ਮੀਰ ਦੇ ਚਿੱਠੀਸਿੰਘਪੁਰਾ ਪਿੰਡ ਵਿਚ ਹੋਇਆ। ਕਾਤਲਾਂ ਨੇ ਭਾਰਤੀ ਫੌਜ ਦੀਆਂ ਵਰਦੀਆਂ ਪਹਿਨੀਆਂ ਹੋਈਆਂ ਸਨ। ਉਨ੍ਹਾਂ ਨੇ ਪਿੰਡ ਦੇ ਸਿੱਖਾਂ ਨੂੰ ਕਤਾਰ ਵਿਚ ਖੜ੍ਹੇ ਕਰ ਲਿਆ ਅਤੇ ਗੋਲੀਆਂ ਮਾਰ ਕੇ ਲਾਸ਼ਾਂ ਵਿਚ ਬਦਲ ਦਿੱਤਾ।

ਕਸ਼ਮੀਰ ਝਗੜੇ ਵਾਲਾ ਖੇਤਰ ਹੈ ਜਿਥੇ ਕਈ ਸਾਲਾਂ ਤੋਂ ਹਥਿਆਰਬੰਦ ਬਗ਼ਾਵਤ ਜਾਰੀ ਹੈ। ਬਾਗੀਆਂ ਦਾ ਇਕ ਧੜਾ ਮੁਕੰਮਲ ਆਜ਼ਾਦੀ ਦੀ ਮੰਗ ਕਰ ਰਿਹਾ ਹੈ ਜਦਕਿ ਦੂਜਾ ਚਾਹੁੰਦਾ ਹੈ ਕਿ ਕਸ਼ਮੀਰ ਨੂੰ ਮੁਸਲਿਮ ਗਲਬੇ ਵਾਲੇ ਪਾਕਿਸਤਾਨ ਵਿਚ ਮਿਲਾ ਦਿੱਤਾ ਜਾਵੇ। ਭਾਰਤੀ ਫੌਜ ਕਸ਼ਮੀਰ ਵਿਚ ਵਿਰੋਧ ਦੀ ਆਵਾਜ਼ ਨੂੰ ਕੁਚਲਣ ਲਈ ਲਗਾਤਾਰ ਫੌਜੀ ਤਾਕਤ ਇਸਤੇਮਾਲ ਕਰ ਰਹੀ ਹੈ। ਸ਼ਾਂਤਮਈ ਤਰੀਕੇ ਨਾਲ ਸਵੈਨਿਰਣੇ ਦਾ ਹੱਕ ਮੰਗਣ ਵਾਲਿਆਂ ਨੂੰ ਵੀ ਬਖਸ਼ਿਆ ਨਹੀਂ ਜਾਂਦਾ।

ਇਹ ਪਹਿਲੀ ਵਾਰ ਹੋਇਆ ਸੀ ਕਿ ਕਸ਼ਮੀਰ ਵਿਚ ਸਿੱਖ ਘੱਟ-ਗਿਣਤੀ ਨੂੰ ਇਉਂ ਹਿੰਸਕ ਤਰੀਕੇ ਨਾਲ ਨਿਸ਼ਾਨਾ ਬਣਾਇਆ ਗਿਆ ਸੀ। ਉਦੋਂ ਭਾਰਤ ਵਿਚ ਸੱਤਾਧਾਰੀ ਸੱਜੇ ਪੱਖੀ ਭਾਜਪਾ ਦੀ ਸਰਕਾਰ ਨੇ ਇਸ ਜੁਰਮ ਦਾ ਇਲਜ਼ਾਮ ਪਾਕਿਸਤਾਨ ਆਧਾਰਤ ਇਸਲਾਮਿਕ ਅਤਿਵਾਦੀਆਂ ਉਪਰ ਲਗਾਇਆ ਸੀ। ਉਨ੍ਹਾਂ ਦੀ ਦਲੀਲ ਸੀ ਕਿ ਪਾਕਿਸਤਾਨ ਦੀ ਸਰਪ੍ਰਸਤੀ ਵਾਲੇ ਖਾੜਕੂ ਭਾਰਤ ਫੇਰੀ 'ਤੇ ਆ ਰਹੇ ਅਮਰੀਕੀ ਰਾਸ਼ਟਰਪਤੀ ਨੂੰ ਸੰਦੇਸ਼ ਦੇਣਾ ਚਾਹੁੰਦੇ ਸਨ। ਲੇਕਿਨ ਜੋ ਬਹੁਤ ਸਾਰੇ ਵਿਅਕਤੀ ਬਚ ਗਏ, ਉਨ੍ਹਾਂ ਨੇ ਇਸ ਕਾਂਡ ਵਿਚ ਕੁਝ ਅਸਾਧਾਰਨ ਨੋਟ ਕੀਤਾ। ਹਮਲਾਵਰ ਕਸ਼ਮੀਰੀ ਨਹੀਂ ਜਾਪਦੇ ਸਨ। ਉਨ੍ਹਾਂ ਦਾ ਮੜੰਗਾ ਦੱਖਣੀ ਭਾਰਤ ਦੇ ਲੋਕਾਂ ਵਰਗਾ ਸੀ। ਉਥੋਂ ਜਾਣ ਸਮੇਂ ਉਨ੍ਹਾਂ ਭਾਰਤ ਪੱਖੀ ਨਾਅਰੇ ਲਗਾਏ ਸਨ।

ਫੌਜ ਉਪਰ ਇਸ ਮਾਮਲੇ ਨੂੰ ਹੱਲ ਕਰਨ ਨੂੰ ਲੈ ਕੇ ਦਬਾਓ ਸੀ ਜਿਸ ਨੇ ਬਾਅਦ ਵਿਚ ਪੰਜ ਕਸ਼ਮੀਰੀਆਂ ਨੂੰ ਗ੍ਰਿਫਤਾਰ ਕੀਤਾ ਅਤੇ ਉਨ੍ਹਾਂ ਨੂੰ ਪਥਰੀਬਲ ਇਲਾਕੇ ਅੰਦਰ ਫਰਜ਼ੀ ਗੋਲੀਬਾਰੀ ਵਿਚ ਮਾਰ ਦਿੱਤਾ। ਫੌਜ ਨੇ ਦਾਅਵਾ ਕੀਤਾ ਕਿ ਮ੍ਰਿਤਕ ਵਿਦੇਸ਼ੀ (ਭਾਵ ਪਾਕਿਸਤਾਨੀ) ਸਨ ਜੋ ਗੋਲੀਬਾਰੀ ਵਿਚ ਮਾਰੇ ਗਏ, ਜਦਕਿ ਇਸ ਕਾਂਡ ਵਿਚ ਕੋਈ ਵੀ ਫੌਜੀ ਜ਼ਖਮੀ ਨਹੀਂ ਹੋਇਆ ਸੀ। ਫੌਜ ਨੇ ਇਹ ਦਾਅਵਾ ਵੀ ਕੀਤਾ ਕਿ ਫੌਜ ਵਲੋਂ ਉਨ੍ਹਾਂ ਦੀ ਪਛਾਣ ਇਕ ਹੋਰ ਖਾੜਕੂ ਦੀ ਮਦਦ ਨਾਲ ਕੀਤੀ ਗਈ ਜਿਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ ਅਤੇ ਜਿਸ ਨੇ ਉਨ੍ਹਾਂ ਦੇ ਥਾਂ-ਟਿਕਾਣੇ ਦਾ ਪਤਾ ਲਾਉਣ ਵਿਚ ਮਦਦ ਕੀਤੀ। ਬਾਅਦ ਵਿਚ ਇਹ ਖਾੜਕੂ ਬਰੀ ਹੋ ਗਿਆ, ਕਿਉਂਕਿ ਅਥਾਰਟੀਜ਼ ਅਦਾਲਤ ਸਾਹਮਣੇ ਆਪਣੇ ਇਲਜ਼ਾਮਾਂ ਦੀ ਤਸਦੀਕ ਕਰਦੀ ਕੋਈ ਗਵਾਹੀ ਪੇਸ਼ ਕਰਨ ਵਿਚ ਅਸਫਲ ਰਹੀਆਂ।

ਪਥਰੀਬਲ ਕਾਂਡ ਤੋਂ ਬਾਅਦ ਕਸ਼ਮੀਰ ਵਿਚ ਹਾਹਾਕਾਰ ਮੱਚ ਗਈ। ਜੋ ਮਾਰੇ ਗਏ ਸਨ, ਉਨ੍ਹਾਂ ਦੇ ਪਰਿਵਾਰਾਂ ਨੇ ਕਿਹਾ ਕਿ ਉਹ ਸਥਾਨਕ ਬਾਸ਼ਿੰਦੇ ਸਨ ਅਤੇ ਫੌਜ ਨੇ ਉਨ੍ਹਾਂ ਨੂੰ ਕਥਿਤ ਗੋਲੀਬਾਰੀ ਤੋਂ ਪਹਿਲਾਂ ਚੁੱਕਿਆ ਸੀ। ਲੋਕਾਂ ਨੇ ਇਸ ਕਾਂਡ ਦੀ ਜਾਂਚ ਦੀ ਮੰਗ ਕਰਦਿਆਂ ਵਿਰੋਧ ਪ੍ਰਦਰਸ਼ਨ ਕੀਤੇ, ਲੇਕਿਨ ਸੁਰੱਖਿਆ ਬਲਾਂ ਨੇ ਬਰਾਕਪੁਰਾ ਵਿਚ ਮੁਜ਼ਾਹਰਾਕਾਰੀਆਂ ਉਪਰ ਗੋਲੀਆਂ ਚਲਾ ਕੇ ਨੌਂ ਹੋਰ ਲੋਕਾਂ ਦੀ ਹੱਤਿਆ ਕਰ ਦਿੱਤੀ। ਮਾਰੇ ਜਾਣ ਵਾਲਿਆਂ ਵਿਚ ਪਥਰੀਬਲ ਕਾਂਡ ਵਿਚ ਗੋਲੀਆਂ ਦਾ ਸ਼ਿਕਾਰ ਹੋਣ ਵਾਲਿਆਂ ਦੇ ਰਿਸ਼ਤੇਦਾਰ ਸਨ।

ਆਖਿਰਕਾਰ ਜਦੋਂ ਉਨ੍ਹਾਂ ਦੀਆਂ ਲਾਸ਼ਾਂ ਜਾਂਚ ਲਈ ਕਬਰਾਂ ਵਿਚੋਂ ਬਾਹਰ ਕੱਢੀਆਂ ਗਈਆਂ ਤਾਂ ਉਨ੍ਹਾਂ ਦੇ ਪਰਿਵਾਰਾਂ ਵਲੋਂ ਸ਼ਨਾਖਤ ਕਰਨ 'ਤੇ ਭੇਤ ਖੁੱਲ੍ਹਿਆ ਕਿ ਪਥਰੀਬਲ ਵਿਚ ਮਾਰੇ ਗਏ ਸਥਾਨਕ ਕਸ਼ਮੀਰੀ ਸਨ ਅਤੇ ਉਨ੍ਹਾਂ ਨੂੰ ਕਤਲ ਕੀਤਾ ਗਿਆ ਸੀ। ਫਿਰ ਵੀ, ਭਾਰਤੀ ਫੌਜ ਨੇ ਇਸ ਦੇ ਜ਼ਿੰਮੇਵਾਰ ਸੈਨਿਕਾਂ ਨੂੰ ਬਰੀ ਕਰਵਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਐਸੇ ਕਾਂਡਾਂ ਉਪਰ ਹਮੇਸ਼ਾ ਪਰਦਾ ਪਾਇਆ ਜਾਂਦਾ ਹੈ, ਇਹ ਮਨਸ਼ਾ ਉਦੋਂ ਸਾਬਤ ਹੋ ਗਈ ਜਦੋਂ ਪਥਰੀਬਲ ਵਿਚ ਮਾਰੇ ਗਿਆਂ ਦੇ ਡੀ.ਐਨ.ਏ. ਦੇ ਨਮੂਨੇ ਬਦਲਣ ਦੀ ਕੋਸ਼ਿਸ਼ ਕੀਤੀ ਗਈ ਅਤੇ ਫੌਰੈਂਸਿਕ ਰਿਪੋਰਟ ਜਾਰੀ ਕਰਨ ਵਿਚ ਦੇਰੀ ਕੀਤੀ ਗਈ।

ਇਸ ਦੌਰਾਨ, ਅਮਰੀਕੀ ਸਾਬਕਾ ਵਿਦੇਸ਼ ਮੰਤਰੀ ਮੈਡੇਲਿਨ ਅਲਬਰਾਈਟ ਨੇ ਆਪਣੀਆਂ ਯਾਦਾਂ ਵਿਚ ਲਿਖਿਆ ਕਿ ਕਲਿੰਟਨ ਨੂੰ ਸ਼ੱਕ ਸੀ ਕਿ ਚਿੱਠੀਸਿੰਘਪੁਰਾ ਕਾਂਡ ਪਿੱਛੇ ਹਿੰਦੂ ਅਤਿਵਾਦੀਆਂ ਦਾ ਹੱਥ ਸੀ। ਭਾਰਤ ਸਰਕਾਰ ਇਸ ਨੂੰ ਲੈ ਕੇ ਗੁੱਸੇ ਵਿਚ ਸੀ, ਪ੍ਰਕਾਸ਼ਕ ਝੁਕ ਗਏ ਅਤੇ ਇਸ ਵਿਚ ਤਬਦੀਲੀ ਕਰਨਾ ਮੰਨ ਗਏ। ਪਰ, ਇਸ ਨਾਲ ਹੋਰ ਜ਼ਿਆਦਾ ਸਵਾਲ ਖੜ੍ਹੇ ਹੋ ਗਏ।

ਗ਼ੌਰਤਲਬ ਹੈ ਕਿ ਭਾਰਤੀ ਖੁਫੀਆ ਏਜੰਸੀ 'ਰਾਅ' ਦੇ ਸਾਬਕਾ ਅਫਸਰ ਬੀ. ਰਮਨ ਨੇ ਆਪਣੀਆਂ ਯਾਦਾਂ ਵਿਚ ਮੰਨਿਆ ਸੀ ਕਿ ਭਾਜਪਾ ਦੇ ਸੱਤਾ ਵਿਚ ਆਉਣ ਤੋਂ ਪਹਿਲੀ ਘੱਟ-ਗਿਣਤੀ ਸਰਕਾਰ ਦੌਰਾਨ ਕਸ਼ਮੀਰ ਵਿਚ ਦਹਿਸ਼ਤਵਾਦ ਵਿਰੋਧੀ ਕਾਰਵਾਈਆਂ ਚਲਾਉਣ ਲਈ ਹਿੰਦੂ ਰਾਸ਼ਟਰਵਾਦੀਆਂ ਨੂੰ ਭਰਤੀ ਕਰਨ ਦਾ ਵਿਚਾਰ ਪੇਸ਼ ਕੀਤਾ ਗਿਆ ਸੀ। ਸਰਕਾਰ ਨੂੰ ਭਾਜਪਾ ਦੀ ਹਮਾਇਤ ਸੀ। ਪਰ ਇਹ ਵਿਚਾਰ ਤਿਆਗ ਦਿੱਤਾ ਗਿਆ, ਕਿਉਂਕਿ ਛੇਤੀ ਹੀ ਇਹ ਸਰਕਾਰ ਡਿੱਗ ਗਈ। ਇਹ ਵਿਸ਼ਵਾਸ ਕਰਨ ਦੇ ਕਾਰਨ ਹਨ ਕਿ ਜਦੋਂ ਭਾਜਪਾ ਸੱਤਾ ਵਿਚ ਆ ਗਈ ਤਾਂ ਸੰਭਵ ਹੈ, ਇਸ ਵਿਚਾਰ ਨੂੰ ਅਮਲੀ ਰੂਪ ਦਿੱਤਾ ਗਿਆ ਹੋਵੇ।

ਇਕ ਫੌਜੀ ਅਫਸਰ ਲੈਫਟੀਨੈਂਟ ਕਰਨਲ ਸ੍ਰੀਕਾਂਤ ਪੁਰੋਹਿਤ, ਜਿਸ ਨੂੰ ਪਿੱਛੇ ਜਿਹੇ ਬੰਬ ਕਾਂਡਾਂ ਅਤੇ ਹੋਰ ਹਿੰਸਕ ਸਰਗਰਮੀਆਂ ਵਿਚ ਸ਼ਾਮਲ ਹਿੰਦੂ ਅਤਿਵਾਦੀ ਗਰੁੱਪ ਵਿਚ ਭਾਗ ਲੈਣ ਕਾਰਨ ਗ੍ਰਿਫਤਾਰ ਕੀਤਾ ਗਿਆ ਸੀ ਪਰ ਬਾਅਦ ਵਿਚ ਰਿਹਾਅ ਕਰ ਦਿੱਤਾ ਗਿਆ, ਨੂੰ ਇਕ ਸਮੇਂ ਕਸ਼ਮੀਰ ਅੰਦਰ ਫੌਜੀ ਇੰਟੈਲੀਜੈਂਸ ਵਿਚ ਤਾਇਨਾਤ ਕੀਤਾ ਗਿਆ ਸੀ।

ਜੇ ਅਸੀਂ ਤੱਥਾਂ ਬਿੰਦੂਆਂ ਨੂੰ ਮਿਲਾਉਂਦੇ ਹਾਂ ਤਾਂ ਸਾਫ ਸਾਫ ਇਸ ਨਤੀਜੇ 'ਤੇ ਪਹੁੰਚ ਸਕਦੇ ਹਾਂ ਕਿ ਇਸ ਤ੍ਰਾਸਦਿਕ ਕਾਂਡ, ਤੇ ਜਿਵੇਂ ਇਸ ਦੀ ਜਾਂਚ ਕੀਤੀ ਗਈ, ਉਸ ਵਿਚ ਕੁਝ ਸ਼ੱਕੀ ਜ਼ਰੂਰ ਹੈ। ਸਾਡੇ ਲਈ ਇਹ ਸਵਾਲ ਜ਼ਰੂਰੀ ਹੈ ਕਿ ਇਸ ਜੁਰਮ ਵਿਚ ਹਿੰਦੂ ਅਤਿਵਾਦੀਆਂ ਦੇ ਸ਼ਾਮਲ ਹੋਣ ਦੀ ਸੰਭਾਵਨਾ ਦੀ ਜਾਂਚ ਕਿਉਂ ਨਹੀਂ ਕੀਤੀ ਗਈ ਜਿਸ ਦਾ ਇਲਜ਼ਾਮ ਕਲਿੰਟਨ ਦੀ ਫੇਰੀ ਦੌਰਾਨ ਭਾਰਤੀ ਸਟੇਟ ਦੇ ਦਾਅਵਿਆਂ ਦੀ ਪ੍ਰੋੜਤਾ ਲਈ ਪਾਕਿਸਤਾਨ ਉਪਰ ਮੜ੍ਹ ਦਿੱਤਾ ਗਿਆ ਜਿਸ ਵਲੋਂ ਅਕਸਰ ਹੀ ਭਾਰਤ ਵਿਚ ਦਹਿਸ਼ਤਵਾਦ ਨੂੰ ਮਦਦ ਅਤੇ ਸ਼ਹਿ ਦੇਣ ਦਾ ਇਲਜ਼ਾਮ ਪਾਕਿਸਤਾਨ ਉਪਰ ਲਗਾਇਆ ਜਾਂਦਾ ਹੈ? ਸਚਾਈ ਦੀ ਤਹਿ ਤਕ ਜਾਣ ਲਈ ਫੌਜ ਦੀ ਭੂਮਿਕਾ ਦੀ ਡੂੰਘਾਈ ਵਿਚ ਜਾਂਚ ਕਿਉਂ ਨਹੀਂ ਕੀਤੀ ਗਈ?

ਬਦਕਿਸਮਤੀ ਨਾਲ, ਜਿਨ੍ਹਾਂ ਦੀਆਂ ਚਿੱਠੀਸਿੰਘਪੁਰਾ ਵਿਚ ਅਤੇ ਬਾਅਦ ਵਿਚ ਪਥਰੀਬਲ ਅਤੇ ਬਰਾਕਪੁਰਾ ਵਿਚ ਹੱਤਿਆਵਾਂ ਕੀਤੀਆਂ ਗਈਆਂ, ਉਨ੍ਹਾਂ ਨਾਲ ਦੁਨੀਆ ਵਲੋਂ 'ਨਾਮੁਨਾਸਬ ਪੀੜਤਾਂ' ਵਜੋਂ ਸਲੂਕ ਕੀਤਾ ਜਾ ਰਿਹਾ ਹੈ। ਇਹ ਦੁੱਖ ਦੀ ਗੱਲ ਹੈ ਕਿ ਅਮਰੀਕਾ ਉਨ੍ਹਾਂ ਦੇ ਪਰਿਵਾਰਾਂ ਦੇ ਹੱਕ ਵਿਚ ਖੜ੍ਹਾ ਨਹੀਂ ਹੋਇਆ ਜੋ ਕਲਿੰਟਨ ਦੀ ਫੇਰੀ ਨਾਲ ਜੁੜੀਆਂ ਘਟਨਾਵਾਂ ਦੇ ਸਿਲਸਿਲੇ ਵਿਚ ਮਾਰੇ ਗਏ ਸਨ; ਸਗੋਂ ਜੋ ਕਲਿੰਟਨ ਅਤੇ ਅਲਬਰਾਈਟ ਨੂੰ ਹੋਰ ਵਧੇਰੇ ਜਾਣਕਾਰੀ ਸੀ, ਉਨ੍ਹਾਂ ਨੂੰ ਭਾਰਤ ਨਾਲ ਨਿੱਘੇ ਸਬੰਧ ਬਣਾਈ ਰੱਖਣ ਲਈ ਹਰ ਚੀਜ਼ ਨੂੰ ਦਬਾਉਣ ਦੀ ਬਜਾਏ ਇਸ ਨੂੰ ਸਪਸ਼ਟ ਸਾਹਮਣੇ ਲਿਆਉਣਾ ਚਾਹੀਦਾ ਸੀ।

ਇਹ ਸਮਝ ਆਉਂਦਾ ਹੈ ਕਿ ਭਾਰਤ ਉਨ੍ਹਾਂ ਹਾਲਾਤ ਬਾਰੇ ਗ਼ੌਰ ਕਰਨ ਲਈ ਕਦੇ ਵੀ ਇਮਾਨਦਾਰੀ ਨਹੀਂ ਦਿਖਾਏਗਾ ਜੋ ਕੇਵਲ ਫੌਜ ਦੀ ਮਿਲੀਭੁਗਤ ਵੱਲ ਉਂਗਲ ਕਰਦੀਆਂ ਹਨ। ਉਂਜ ਵੀ ਹਿੰਦੂ ਅਤਿਵਾਦੀਆਂ ਨੂੰ ਸਟੇਟ ਦੀ ਸਰਪ੍ਰਸਤੀ ਅਤੇ ਘੱਟ-ਗਿਣਤੀ ਸਮੂਹਾਂ, ਜਿਨ੍ਹਾਂ ਨਾਲ ਅਕਸਰ ਹਿੰਸਕ ਤੌਰ 'ਤੇ ਨਜਿੱਠਿਆ ਜਾਂਦਾ ਹੈ, ਦੇ ਮੁਕਾਬਲੇ ਹਿੰਦੂ ਅਤਿਵਾਦੀਆਂ ਨੂੰ ਸਜ਼ਾਵਾਂ ਦੇਣ ਦੀ ਸਿਆਸੀ ਇੱਛਾ ਦੀ ਘਾਟ ਦੇ ਮੱਦੇਨਜ਼ਰ ਭਾਰਤ ਦਾ ਮਨੁੱਖੀ ਹੱਕਾਂ ਦਾ ਰਿਕਾਰਡ ਮਾੜਾ ਹੈ। ਲਿਹਾਜ਼ਾ ਅਸੀਂ ਚਾਹੁੰਦੇ ਹਾਂ ਕਿ ਇਸ ਮੁੱਦੇ ਦਾ ਨਿਬੇੜਾ ਕਰਨ ਲਈ ਸੰਯੁਕਤ ਰਾਸ਼ਟਰ ਵਲੋਂ ਇਸ ਦੀ ਆਜ਼ਾਦਾਨਾ ਕੌਮਾਂਤਰੀ ਜਾਂਚ ਕਰਾਈ ਜਾਵੇ। ਭਾਰਤ ਉਨ੍ਹਾਂ ਘੱਟੋ-ਘੱਟ 50 ਮੌਤਾਂ (36 ਸਿੱਖਾਂ+5 ਕਸ਼ਮੀਰੀਆਂ+9 ਪ੍ਰਦਰਸ਼ਕਾਰੀਆਂ) ਲਈ ਜਵਾਬਦੇਹ ਹੈ ਜੋ ਚਿੱਠੀਸਿੰਘਪੁਰਾ ਕਤਲੇਆਮ ਪਿੱਛੇ ਕੰਮ ਕਰਦੀ ਸਾਜ਼ਿਸ਼ ਦੇ ਨਤੀਜੇ ਵਜੋਂ ਹੋਈਆਂ।

###

# ਰਿਆਸਤ ਦੀ ਰਿਆਸਤ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਅੱਜ ਕਲ੍ਹ ਪੰਜਾਬੀ ਵਿਚ ਸਿਵਾਏ ਇਤਿਹਾਸਕ ਪ੍ਰਸੰਗਾਂ ਤੋਂ ਸ਼ਬਦ 'ਰਿਆਸਤ' ਬਹੁਤਾ ਵਰਤਿਆ ਨਹੀਂ ਮਿਲਦਾ। ਪੰਜਾਬ ਵਿਚ ਅੰਗਰੇਜ਼ਾਂ ਦੇ ਰਾਜ ਵੇਲੇ ਕਈ ਅਰਧ-ਸੁਤੰਤਰ, ਜਗੀਰਦਾਰੀ ਰਾਜਾਂ ਨੂੰ ਰਿਆਸਤਾਂ ਕਿਹਾ ਜਾਂਦਾ ਸੀ, ਭਾਵੇਂ ਰਿਆਸਤ ਸ਼ਬਦ ਮੁਗਲ ਕਾਲ ਤੋਂ ਹੀ ਪ੍ਰਚਲਿਤ ਸੀ। ਇਧਰਲੇ ਪੰਜਾਬ ਵਿਚ ਇਹ ਰਾਜ ਸਨ: ਪਟਿਆਲਾ, ਜੀਂਦ, ਨਾਭਾ, ਫਰੀਦਕੋਟ, ਨਾਲਾਗੜ੍ਹ, ਕਪੂਰਥਲਾ, ਮਲੇਰਕੋਟਲਾ ਆਦਿ। ਪੰਜਾਬੀ ਵਿਚ ਰਿਆਸਤੀ ਵਿਸ਼ੇਸ਼ਣ ਹੀ ਇਨ੍ਹਾਂ ਰਿਆਸਤਾਂ ਨਾਲ ਸਬੰਧਤ ਹੋਣ ਦਾ ਅਰਥਾਵਾਂ ਹੋ ਗਿਆ ਹੈ। 'ਰਿਆਸਤੀ ਪਰਜਾ ਮੰਡਲ' ਨਾਂ ਦੀ ਜਥੇਬੰਦੀ ਨੇ ਇਨ੍ਹਾਂ ਰਿਆਸਤਾਂ ਦੇ ਅੰਗਰੇਜ਼-ਪਿੱਠੂ, ਤਾਨਾਸ਼ਾਹੀ, ਭ੍ਰਿਸ਼ਟ, ਜਾਬਰ, ਲੋਟੂ ਅਤੇ ਵਿਲਾਸੀ



ਜੀਵਨ ਭੋਗ ਰਹੇ ਰਾਜਿਆਂ ਦੇ ਕੁਸ਼ਾਸਨ ਵਿਰੁਧ ਜ਼ਬਰਦਸਤ ਅੰਦੋਲਨ ਵਿੱਢਿਆ ਸੀ। ਰਿਆਸਤ ਪ੍ਰਤੀ ਨਫਰਤ ਦਾ ਪ੍ਰਤੀਕ ਰਜਵਾੜਾ ਸ਼ਬਦ ਵੀ ਚਲਦਾ ਹੈ।

ਭਾਰਤ ਵਿਚ ਰਿਆਸਤਾਂ ਦੀ ਗਿਣਤੀ 600 ਦੇ ਕਰੀਬ ਸੀ। ਇਕ ਕਾਂਗਰਸੀ ਲੀਡਰ ਦਾ ਨਾਂ ਹੀ ਤਰਲੋਚਨ ਸਿੰਘ ਰਿਆਸਤੀ ਸੀ। ਕਈ ਮੁਸਲਮਾਨ ਨਾਂਵਾਂ ਵਿਚ ਰਿਆਸਤ ਜਾਂ ਰਿਆਸਤੀ ਸ਼ਬਦ ਆਉਂਦਾ ਹੈ ਜਿਵੇਂ ਰਿਆਸਤ ਖਾਂ, ਰਾਬੀਆ ਰਿਆਸਤ ਕਾਦਰੀ, ਵਾਹਿਦ ਰਿਆਸਤੀ। ਬਹਾਵਲਪੁਰ ਰਿਆਸਤ ਦੇ ਨਾਂ 'ਤੇ ਇਸ ਇਲਾਕੇ ਦੀ ਪੰਜਾਬੀ ਉਪਭਾਸ਼ਾ ਨੂੰ ਰਿਆਸਤੀ ਵੀ ਕਿਹਾ ਜਾਂਦਾ ਰਿਹਾ ਹੈ, ਇਸ ਕਰਕੇ ਕਿ ਪੱਛਮੀ ਪੰਜਾਬ ਦੇ ਉਸ ਖੇਤਰ ਵਿਚ ਬਹਾਵਲਪੁਰ ਇਕੋ ਇਕ ਰਿਆਸਤ ਸੀ।

ਰਾਜਾਸ਼ਾਹੀ ਨਾਲ ਸਬੰਧਤ ਹੋਣ ਕਾਰਨ ਅੱਜ ਕਲ੍ਹ ਵਧੇਰੇ ਸ਼ਬਦ ਰਾਜ ਹੀ ਚਲਦਾ ਹੈ, ਹਾਲਾਂ ਕਿ ਰਾਜ ਵੀ ਰਾਜੇ ਨਾਲ ਹੀ ਸਬੰਧਤ ਹੈ। ਹਾਂ, ਕਸ਼ਮੀਰ ਨੂੰ ਅਜੇ ਵੀ ਕਿਧਰੇ ਕਿਧਰੇ ਰਿਆਸਤ ਕਹਿ ਦਿੱਤਾ ਜਾਂਦਾ ਹੈ। ਉਥੋਂ ਦੇ ਗਵਰਨਰ ਨੂੰ ਸਦਰ-ਏ-ਰਿਆਸਤ ਕਿਹਾ ਜਾਂਦਾ ਸੀ ਪਰ ਸੰਵਿਧਾਨ ਵਿਚ ਸੋਧ ਪਿਛੋਂ ਇਸ ਦੀ ਥਾਂ ਗਵਰਨਰ ਨੇ ਲੈ ਲਈ। ਕਸ਼ਮੀਰੀ ਲੋਕਾਂ ਦੀ ਮੰਗ ਹੈ ਕਿ ਸੰਵਿਧਾਨ ਅਨੁਸਰ ਕਸ਼ਮੀਰ ਦਾ ਵਿਸ਼ੇਸ਼ ਦਰਜਾ ਹੋਣ ਕਾਰਨ ਸਦਰ-ਏ-ਰਿਆਸਤ ਮੁੜ ਬਹਾਲ ਕੀਤਾ ਜਾਵੇ। ਰਾਜ ਦੀ ਤਰ੍ਹਾਂ ਰਿਆਸਤ ਸ਼ਬਦ ਵਿਆਪਕ ਅਰਥਾਂ ਦਾ ਧਾਰਨੀ ਹੈ ਜੋ ਇਸ ਪ੍ਰਕਾਰ ਹਨ: ਰਜਵਾੜਾ, ਰਾਜ; ਨੇਤਾਗਿਰੀ, ਅਧਿਕਾਰ; ਹਕੂਮਤ, ਸਰਕਾਰ; ਰਾਜ-ਖੇਤਰ, ਸਲਤਨਤ; ਜਗੀਰ, ਮਿਲਖ, ਵੱਡੀ ਮਲਕੀਅਤ ਆਦਿ।

ਰਿਆਸਤ ਸ਼ਬਦ ਮੁਢਲੇ ਤੌਰ 'ਤੇ ਸਾਮੀ ਭਾਸ਼ਾ ਪਰਿਵਾਰ ਨਾਲ ਸਬੰਧ ਰਖਦਾ ਹੈ। ਇਸ ਲਈ ਇਸ ਦੇ ਸਜਾਤੀ ਸ਼ਬਦ ਹਿਬਰੂ, ਅਰਬੀ, ਆਰਮੇਕ ਆਦਿ ਭਾਸ਼ਾਵਾਂ ਵਿਚ ਵੀ ਲੱਭਦੇ ਹਨ। ਇਸ ਦਾ ਸਾਮੀ ਧਾਤੂ ਹੈ 'ਰਅਸ (ਰਾ ਅਲਿਫ ਸੀਨ) ਜਿਸ ਵਿਚ ਸਿਰ ਦਾ ਭਾਵ ਹੈ। ਹਿਬਰੂ ਭਾਸ਼ਾ 'ਚ 'ਸ' ਧੁਨੀ 'ਸ਼' ਵਿਚ ਬਦਲ ਜਾਂਦੀ ਹੈ, ਇਸ ਲਈ ਇਸ ਭਾਸ਼ਾ ਵਿਚ 'ਰਾਸ' ਦਾ ਰੁਪਾਂਤਰ ਸ਼ਬਦ 'ਰੋਸ਼' ਹੈ ਜਿਸ ਵਿਚ ਵੀ ਸਿਰ ਦਾ ਭਾਵ ਹੀ ਹੈ। ਹਿਬਰੂ ਵਰਣਮਾਲਾ ਦੇ ਬਾਰ੍ਹਵੇਂ ਅੱਖਰ ਦਾ ਨਾਂ ਰੇਸ਼ ਹੈ ਅਤੇ ਇਸ ਦੀ ਸ਼ਕਲ ਵੀ ਸਿਰ ਨਾਲ ਮਿਲਦੀ ਹੈ ਤੇ ਅਰਥ ਵੀ ਸਿਖਰ, ਸ਼ੀਰਸ਼ ਹੈ। ਸਮਝਿਆ ਜਾਂਦਾ ਹੈ ਕਿ ਇਹ ਅੱਖਰ ਪ੍ਰਾਕ-ਸਾਮੀ ਚਿੱਤਰ-ਆਰੇਖ (Pictogram) ਤੋਂ ਵਿਕਸਿਤ ਹੋਇਆ। ਇਸ ਦੀ ਸ਼ਕਲ ਸਿਰ ਵਰਗੀ ਸੀ।

ਪ੍ਰਾਚੀਨ ਕਾਲ ਦੀਆਂ ਲਿਪੀਆਂ ਚਿੱਤਰ-ਆਰੇਖੀ ਹੁੰਦੀਆਂ ਸਨ ਜਿਨ੍ਹਾਂ ਅਨੁਸਾਰ ਕੋਈ ਭਾਵ ਜਾਂ ਵਸਤੂ ਦਰਸਾਉਣ ਲਈ ਸਰਲ ਚਿੱਤਰਾਂ ਦੀ ਵਰਤੋਂ ਕੀਤੀ ਜਾਂਦੀ ਸੀ। ਅਰਬੀ ਅੱਖਰ 'ਰਾ' ਵੀ ਇਸੇ ਦਾ ਬਦਲਿਆ ਰੂਪ ਹੈ। ਵਰਣਮਾਲਾਵਾਂ ਦੇ ਨਿਕਾਸ ਅਤੇ ਵਿਕਾਸ ਦੇ ਮੱਦੇਨਜ਼ਰ ਅੰਤਿਮ ਤੌਰ 'ਤੇ ਅੰਗਰੇਜ਼ੀ (ਰੋਮਨ) ਵਰਣਮਾਲਾ ਦਾ ਆਰ (R) ਵੀ ਇਸੇ ਚਿੱਤਰ-ਆਰੇਖ ਦਾ ਵਿਕਸਿਤ ਰੂਪ ਸਮਝਿਆ ਜਾਂਦਾ ਹੈ।

ਉਪਰੋਕਤ ਸਾਮੀ ਧਾਤੂ ਤੋਂ ਰਾਸ ਸ਼ਬਦ ਬਣਦਾ ਹੈ, ਜਿਸ ਦਾ ਅਰਥ 'ਸਿਰ' ਹੈ। ਅਰਬੀ ਵਿਚ ਇਸ ਦੇ ਹੋਰ ਵਿਸਤ੍ਰਿਤ ਅਰਥ ਸਿਖਰ, ਚੋਟੀ, ਸਿਰਾ, ਨੋਕ ਹਨ। ਜਾਨਵਰਾਂ, ਫਲਾਂ ਦੇ ਪ੍ਰਸੰਗ ਵਿਚ ਇਸ ਦਾ ਅਰਥ ਇੱਕੋ, ਮਾਤਰ-ਇੱਕ, ਇੱਕੋ-ਇੱਕ ਵੀ ਹੈ ਜਿਵੇਂ ਰਾਸ ਸ਼ਲਗਮ=ਇੱਕੋ ਸ਼ਲਗਮ। ਪੰਜਾਬੀ ਵਿਚ ਇਸ ਸ਼ਬਦ ਦਾ ਕੁਝ ਜਾਣਿਆ ਜਾਂਦਾ ਅਰਥ ਹੈ-ਪੂੰਜੀ, ਸਰਮਾਇਆ; ਨਿਵੇਸ਼। ਗੁਰੂ ਨਾਨਕ ਦੇਵ ਨੇ ਇਹ ਸ਼ਬਦ ਵਰਤਿਆ ਹੈ, "ਗੁਰਮੁਖਿ ਵਣਜੁ ਕਰੇ ਪ੍ਰਭ ਭਾਵੈ॥ ਪੂੰਜੀ ਸਾਬਤੁ ਰਾਸਿ ਸਲਾਮਤਿ ਚੂਕਾ ਜਮ ਕਾ ਫਾਹਾ ਹੇ॥" ਇਸ ਪਦੇ ਨੂੰ ਸਾਹਿਬ ਸਿੰਘ ਨੇ ਕੁਝ ਇਸ ਤਰ੍ਹਾਂ ਸਮਝਾਇਆ ਹੈ, "ਗੁਰੂ ਦੇ ਸਨਮੁਖ ਰਹਿਣ ਵਾਲਾ ਬੰਦਾ ਉਹ (ਆਤਮਕ) ਵਪਾਰ ਕਰਦਾ ਹੈ ਜੋ ਪ੍ਰਭੂ ਨੂੰ ਪਸੰਦ ਆਉਂਦਾ ਹੈ। ਉਸ ਦਾ ਸਰਮਾਇਆ ਉਸ ਦੀ ਰਾਸਿ-ਪੂੰਜੀ ਅਮਨ-ਅਮਾਨ ਰਹਿੰਦੀ ਹੈ, ਆਤਮਕ ਮੌਤ ਦੀ ਫਾਹੀ ਉਸ ਦੇ ਗਲ ਤੋਂ ਕੱਟੀ ਜਾਂਦੀ ਹੈ।" ਇਸ ਅਰਥਾਪਣ ਵਿਚ ਸਰਮਾਇਆ ਸ਼ਬਦ ਵਰਤਿਆ ਗਿਆ ਹੈ, ਜੋ ਫਾਰਸੀ ਵਲੋਂ ਪੂੰਜੀ ਸ਼ਬਦ ਦਾ ਹੀ ਸਮਾਨਅਰਥਕ ਸ਼ਬਦ ਹੈ।

ਗੌਰਤਲਬ ਹੈ ਕਿ ਸਰਮਾਇਆ ਸ਼ਬਦ ਵੀ ਸਰ+ਮਾਇਆ ਤੋਂ ਬਣਿਆ ਹੈ ਜਿਸ ਵਿਚ ਸਰ ਤਾਂ ਸਿਰ ਹੀ ਹੈ ਅਤੇ ਮਾਇਆ ਸੰਸਕ੍ਰਿਤ ਵਾਲੇ ਮਾਯਾ (ਧਨ ਦੌਲਤ) ਸ਼ਬਦ ਦਾ ਸਜਾਤੀ ਹੈ। 'ਰਾਸ-ਪੂੰਜੀ' ਸ਼ਬਦ ਜੁੱਟ ਵਿਚ ਵੀ ਰਾਸ ਸ਼ਬਦ ਝਲਕਦਾ ਹੈ, ਇਸ ਤਰ੍ਹਾਂ ਜਿਵੇਂ ਖਤ-ਪੱਤ੍ਰ ਵਿਚ ਖਤ ਫਾਰਸੀ ਵਲੋਂ ਅਤੇ ਪੱਤ੍ਰ ਸੰਸਕ੍ਰਿਤ ਵਲੋਂ। ਸਿਰ ਦਾ ਭਾਵ ਸਹਿਜੇ ਸਹਿਜੇ ਪੂੰਜੀ ਦੇ ਅਰਥਾਂ ਵਿਚ ਵਟ ਗਿਆ ਹੈ, ਇਸ ਨੂੰ ਮੁੱਖ ਧਨ ਦੇ ਤੌਰ 'ਤੇ ਸਮਝਿਆ ਜਾ ਸਕਦਾ ਹੈ।

ਅੰਗਰੇਜ਼ੀ ਵਿਚ ਪੂੰਜੀ ਲਈ ਕੈਪੀਟਲ ਸ਼ਬਦ ਹੈ ਜੋ ਲਾਤੀਨੀ ਕੈਪਟ (Caput) ਦਾ ਵਿਕਸਿਤ ਰੂਪ ਹੈ ਤੇ ਇਸ ਦਾ ਅਰਥ ਵੀ ਸਿਰ ਹੀ ਹੁੰਦਾ ਹੈ। ਅਰਬੀ ਵਿਚ ਰਾਸਮਾਲ ਪੂੰਜੀ ਅਤੇ ਰਾਸਮਾਲਿਯ ਪੂੰਜੀਵਾਦ ਹੈ। ਅੰਤਰੀਪ ਅਰਥਾਤ ਧਰਤੀ ਦੇ ਸਮੁੰਦਰ ਵਿਚ ਨੂੰ ਵਧੇ ਹੋਏ ਭਾਗ ਨੂੰ ਵੀ ਰਾਸ ਆਖਦੇ ਹਨ। ਬਹੁਤੇ ਜਾਣਦੇ ਹੋਣਗੇ ਕਿ ਕੰਨਿਆਕੁਮਾਰੀ ਨੂੰ ਰਾਸਕੁਮਾਰੀ ਵੀ ਆਖਿਆ ਜਾਂਦਾ ਹੈ, ਮਾਨੋ ਧਰਤੀ ਨੇ ਸਮੁੰਦਰ ਵਿਚ ਆਪਣਾ ਸਿਰਾ ਘੁਸਾਇਆ ਹੋਇਆ ਹੈ। ਇਸ ਦੇ ਸਮਾਨੰਤਰ ਅੰਗਰੇਜ਼ੀ ਵਿਚ Headland ਸ਼ਬਦ ਹੈ।

ਰਾਸ ਤੋਂ ਹੀ ਰਈਸ ਸ਼ਬਦ ਬਣਿਆ ਜਿਸ ਦੇ ਅਰਬੀ ਵਿਚ ਮਾਅਨੇ ਹਨ: ਮੁਖੀਆ, ਆਗੂ, ਮੁਹਰੀ, ਪ੍ਰਧਾਨ, ਚੌਧਰੀ, ਕਪਤਾਨ। ਪਰ ਸਾਡੀਆਂ ਭਾਸ਼ਾਵਾਂ ਵਿਚ ਇਹ ਸ਼ਬਦ ਇਕ ਤਰ੍ਹਾਂ ਰਾਜਸੀ-ਫੌਜੀ-ਆਰਥਕ ਤਾਕਤ ਰੱਖਦੇ ਚੌਧਰੀ, ਆਗੂ, ਸਰਦਾਰ ਵਜੋਂ ਪ੍ਰਚਲਿਤ ਹੋਇਆ, ਇਸ ਲਈ ਇਸ ਵਿਚ ਅਮੀਰ, ਧਨੀ, ਐਸ਼-ਪ੍ਰਸਤ ਦੇ ਭਾਵ ਵੀ ਸਮਾ ਗਏ। ਬਾਲੀਵੁੱਡ ਦੇ ਰਈਸ ਸ਼ਾਹਰੁਖ ਖਾਂ ਦੀ 'ਰਈਸ' ਨਾਂ ਦੀ ਫਿਲਮ ਦੇਖਣ ਵਾਲੇ ਇਸ ਸ਼ਬਦ ਦੀ ਰੂਹ ਪਕੜ ਸਕਦੇ ਹਨ।

ਸਪਸ਼ਟ ਹੈ ਕਿ ਇਸ ਦਾ ਸ਼ਾਬਦਿਕ ਅਰਥ ਸਰਦਾਰ ਅਰਥਾਤ ਸਿਰ ਵਾਲਾ ਹੈ। ਸ਼ਬਦ ਦੀ ਵਿਆਖਿਆ ਵਜੋਂ ਇਉਂ ਕਹਿ ਸਕਦੇ ਹਾਂ: ਜਿਸ ਵਿਅਕਤੀ ਦਾ ਪਾਲਣ ਪੋਸਣ ਹੋਰਨਾਂ ਤੋਂ ਉਪਰ ਦੀ ਸਿਰ-ਕੱਢਵਾਂ ਹੋਇਆ ਹੋਵੇ, ਜੋ ਧੌਂਸ ਵਾਲਾ ਜੀਵਨ ਬਿਤਾਉਂਦਾ ਹੈ। ਅਜਿਹਾ ਵਿਅਕਤੀ ਅਮੀਰ ਹੀ ਹੋਵੇਗਾ। ਸਿਰ ਸਰੀਰ ਦਾ ਸਭ ਤੋਂ ਸਿਖਰਲਾ ਅੰਗ ਹੈ। ਜਗੀਰਦਾਰੀ ਦੌਰ ਵਿਚ ਸਮਾਜਕ-ਆਰਥਕ ਸ਼੍ਰੇਣੀ ਰਈਸ ਸਭ ਤੋਂ ਸਿਖਰ 'ਤੇ ਸੀ। ਸੋ ਜਗੀਰਦਾਰੀ ਪ੍ਰਥਾ ਵਿਚ ਜਿਸ ਦਾ ਰੁਤਬਾ ਸਿਰੇ ਦਾ ਹੈ, ਉਹ ਸਰਦਾਰ ਹੈ, ਮੁਖੀਆ ਹੈ ਤੇ ਉਹ ਅਮੀਰ ਹੀ ਹੁੰਦਾ ਹੈ।

ਉਂਜ ਅਮੀਰ ਸ਼ਬਦ ਦੇ ਵੀ ਦੋ ਅਰਥ ਹਨ-ਸ਼ਾਸਕ ਅਤੇ ਧਨੀ। ਸਰਦਾਰ ਭਾਵੇਂ ਮੁਖੀਏ ਨੂੰ ਕਹਿੰਦੇ ਹਨ ਪਰ ਸਰਦਾਰ ਮਹਾਤੜ ਵਰਗਾ ਨਹੀਂ ਹੋ ਸਕਦਾ। ਸਰਦਾਰ ਅਮੀਰ ਹੀ ਹੁੰਦੇ ਹਨ। ਐਸ਼ੋ ਇਸ਼ਰਤ ਵਾਲਾ ਜੀਵਨ ਬਤੀਤ ਕਰਦੇ ਅੱਜ ਕਲ੍ਹ ਦੇ ਰਈਸ ਭਾਵੇਂ ਪ੍ਰਗਟ ਤੌਰ 'ਤੇ ਹਾਕਮ ਨਾ ਵੀ ਹੋਣ, ਵਿੰਗੇ-ਟੇਢੇ ਢੰਗ ਨਾਲ ਹਕੂਮਤ 'ਤੇ ਕਬਜ਼ਾ ਉਨ੍ਹਾਂ ਦਾ ਹੀ ਹੁੰਦਾ ਹੈ। ਫਾਰਸੀ ਵਿਚ ਸ਼ਿੰਗਾਰੇ ਹੋਏ ਪਸ਼ੂਆਂ ਦੇ ਸਿਰ ਵੇਚਣ ਵਾਲੇ ਨੂੰ 'ਰਆਸ' ਆਖਦੇ ਹਨ।

ਅਸੀਂ ਰਿਆਸਤ ਤੋਂ ਗੱਲ ਸ਼ੁਰੂ ਕੀਤੀ ਸੀ। ਰਿਆਸਤ ਰਈਸ ਦਾ ਸ਼ਾਸਨ ਵੀ ਹੈ ਤੇ ਸ਼ਾਸਨ ਖੇਤਰ ਵੀ ਹੈ। ਭਾਵਵਾਚਕ ਨਾਂਵ ਦੇ ਤੌਰ 'ਤੇ ਰਿਆਸਤ ਸ਼ਬਦ ਵਿਚ ਵੀ ਰਈਸੀ ਦਾ ਭਾਵ ਹੈ ਯਾਨਿ ਐਸ਼ੋ-ਇਸ਼ਰਤ, ਅਮੀਰੀ, ਸ਼ਾਨੋ-ਸ਼ੌਕਤ ਆਦਿ ਪਰ ਪੰਜਾਬੀ ਵਿਚ ਇਨ੍ਹਾਂ ਭਾਵਾਂ ਵਿਚ ਸ਼ਾਇਦ ਇਹ ਸ਼ਬਦ ਘੱਟ ਹੀ ਵਰਤਿਆ ਜਾਂਦਾ ਹੈ। ਕਈ ਅਰਬੀ ਦੇਸ਼ਾਂ ਵਿਚ ਰਿਆਸਤ ਸ਼ਬਦ ਸਿਆਸਤ



ਦੇ ਟਾਕਰੇ 'ਤੇ ਵੀ ਵਰਤਿਆ ਜਾਂਦਾ ਹੈ: ਰਿਆਸਤ ਧਰਮ ਅਤੇ ਸਿਆਸਤ ਰਾਜਨੀਤੀ ਪ੍ਰਬੰਧ ਨਾਲ ਸਬੰਧਤ ਹੈ।

ਕੁਝ ਕੋਸ਼ਕਾਰਾਂ ਦਾ ਵਿਚਾਰ ਹੈ ਕਿ ਨਸਲ, ਵੰਸ਼, ਕੁਟੰਬ, ਕੁਲ ਆਦਿ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ ਰੇਸ (Race) ਦਾ ਰਿਸ਼ਤਾ ਰਈਸ ਨਾਲ ਹੈ। ਨਿਰੁਕਤ ਸ਼ਾਸਤਰੀ ਅਜਿਤ ਵਡਨੇਰਕਰ ਦੇ ਇਕ ਲੇਖ ਵਿਚੋਂ ਇਕ ਟੂਕ ਦਿੰਦੇ ਹਾਂ, "ਹਿਬਰੂ ਰੋਸ਼ ਅਰਬੀ ਵਿਚ ਆ ਕੇ ਰਾਸ ਬਣਦਾ ਹੋਇਆ ਸਪੈਨਿਸ਼ ਵਿਚ ਰੈਜ਼ਾ ਹੋਇਆ ਜੋ ਬਰਾਸਤਾ ਇਤਾਲਵੀ ਅੰਗਰੇਜ਼ੀ ਵਿਚ ਰੇਸ ਵਜੋਂ ਦਾਖਿਲ ਹੋਇਆ। ਸਵਾਲ ਉਠਦਾ ਹੈ ਕਿ ਪ੍ਰਮੁਖ, ਮੁਖੀ, ਧਨਾਢ ਜਿਹੇ ਅਰਥਾਂ ਰਾਹੀਂ ਹੁੰਦੇ ਹੋਏ ਨਸਲ, ਕੁਲ ਜਿਹੇ ਅਰਥ ਰੇਸ ਸ਼ਬਦ ਵਿਚ ਕਿਵੇਂ ਸਮਾ ਗਏ?" ਅੱਗੇ ਜਾ ਕੇ ਉਨ੍ਹਾਂ ਇਸ ਦਾ ਉਤਰ ਦਿੱਤਾ ਹੈ, "ਜੋ ਪ੍ਰਮੁਖ ਹੈ, ਉਹ ਮੁਖੀ ਹੈ, ਮੁਖੀ ਵਿਚ ਹੀ ਮੂਲ ਹੈ ਅਰਥਾਤ ਮੂਲਸ੍ਰੋਤ ਹੈ। ਉਹੀ ਜੜ੍ਹ ਹੈ, ਉਹੀ ਆਦਿ ਹੈ ਅਤੇ ਅਰੰਭ ਹੈ। ਇਸ ਤਰ੍ਹਾਂ ਰਾਸ ਤੋਂ ਹੀ ਅੰਗਰੇਜ਼ੀ ਰੇਸ ਵਿਚ ਅਰੰਭ, ਸ਼ੁਰੂਆਤ ਮੂਲ ਜਿਹੇ ਅਰਥਾਂ ਵਿਚ ਦੀ ਗੁਜ਼ਰਦਾ ਹੋਇਆ ਨਸਲ, ਕੁੱਲ ਜਿਹੇ ਅਰਥ ਸਥਾਪਤ ਹੋਏ।"

ਮੈਂ ਇਸ ਦਾਅਵੇ ਦੀ ਪੜਤਾਲ ਕੀਤੀ। ਅੰਗਰੇਜ਼ੀ ਦੇ ਉਘੇ ਸਮਕਾਲੀ ਨਿਰੁਕਤ ਸ਼ਾਸਤਰੀ ਅਨਾਤੋਲੀ ਲਿਬਰਮੈਨ ਨੇ ਇਕ ਲੇਖ ਵਿਚ ਇਸ ਸਥਾਪਨਾ ਨੂੰ ਬੜੇ ਤਾਰਕਿਕ ਢੰਗ ਨਾਲ ਰੱਦ ਕੀਤਾ। ਉਸ ਨੇ ਇਕ ਹੋਰ ਨਿਰੁਕਤ ਸ਼ਾਸਤਰੀ Gianfranco Contini ਦੇ 1959 ਵਿਚ ਪ੍ਰਕਾਸ਼ਿਤ ਨਿਬੰਧ ਦਾ ਹਵਾਲਾ ਦਿੰਦਿਆਂ ਸਾਬਤ ਕੀਤਾ ਹੈ ਕਿ ਇਸ ਸ਼ਬਦ ਦਾ ਪਿਛੋਕੜ ਘੋੜਸਾਲ (Stud) ਦੇ ਅਰਥਾਂ ਵਾਲਾ ਫਰਾਂਸੀਸੀ ਸ਼ਬਦ Haras ਹੈ। ਇਕ ਪੁਰਾਣੇ ਇਤਾਲਵੀ ਲੇਖਕ ਨੇ ਇਸ ਸ਼ਬਦ ਨੂੰ ਇਤਾਲਵੀ ਭਾਸ਼ਾ ਵਿਚ ਲਿਖਦਿਆਂ ਇਸ ਦਾ ਮੁਢਲਾ 'ਹ' ਧੁਨੀ ਵਾਲਾ ਅੱਖਰ ਐਚ (H) ਉੜਾ ਦਿੱਤਾ ਅਤੇ ਇਸ ਨੂੰ ਇਤਾਲਵੀ ਵਿਚ ਰੈਜ਼ ਜਿਹਾ ਬਣਾ ਕੇ ਪੇਸ਼ ਕਰ ਦਿੱਤਾ। ਇਸ ਤੋਂ ਇਹ ਅੰਗਰੇਜ਼ੀ ਵਿਚ ਰੇਸ ਵਜੋਂ ਸਾਹਮਣੇ ਆਇਆ।

ਹੋਰ ਯੂਰਪੀ ਭਾਸ਼ਾਵਾਂ ਇਥੋਂ ਤੱਕ ਕਿ ਫਰਾਂਸੀਸੀ ਵਿਚ ਵੀ ਇਹ ਸ਼ਬਦ ਲਗਭਗ ਇਸੇ ਰੂਪ ਵਿਚ ਦਾਖਲ ਹੋ ਗਿਆ। ਘੋੜੇ ਜਾਂ ਹੋਰ ਜਾਨਵਰਾਂ ਦੇ ਪਾਲਣ-ਪੋਸਣ ਵਿਚ ਨਸਲ ਵੱਲ ਬਹੁਤ ਧਿਆਨ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਇਸ ਸ਼ਬਦ ਵਿਚ ਨਸਲ ਦੇ ਭਾਵ ਆ ਗਏ ਜੋ ਬਾਅਦ ਵਿਚ ਮਨੁੱਖ ਜਾਤੀ ਨਾਲ ਵੀ ਜੋੜੇ ਗਏ।

# ਸਮੋਸਾ ਭਾਰਤ ਵਿਚ ਕਿਵੇਂ ਆਇਆ

ਤੁਸੀਂ ਭਾਵੇਂ ਸਮੋਸੇ ਨੂੰ ਸਟਰੀਟ ਫੂਡ ਮੰਨਦੇ ਹੋ ਪਰ ਇਹ ਸਟਰੀਟ ਫੂਡ ਨਹੀਂ ਹੈ, ਉਸ ਨਾਲੋਂ ਵੀ ਕਿਤੇ ਅੱਗੇ ਹੈ। ਸਮੋਸਾ ਇਸ ਗੱਲ ਦਾ ਸਬੂਤ ਹੈ ਕਿ ਗਲੋਬਲਾਈਜੇਸ਼ਨ ਕੋਈ ਨਵੀਂ ਚੀਜ਼ ਨਹੀਂ ਹੈ। ਸਮੋਸਾ ਖਾਣ ਤੋਂ ਬਾਅਦ ਤੁਹਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਕਿਸੇ ਚੀਜ਼ ਦੀ ਪਛਾਣ ਕਿਸੇ ਦੇਸ਼ ਦੀ ਸੀਮਾ ਤੋਂ ਤੈਅ ਨਹੀਂ ਹੁੰਦੀ। ਬਹੁਤੇ

ਅਮਰਜੀਤ ਚੰਦਰ, ਲੁਧਿਆਣਾ
ਫੋਨ: 91-94176-00014

ਲੋਕ ਮੰਨਦੇ ਹਨ ਕਿ ਸਮੋਸਾ ਭਾਰਤ ਦਾ ਇਕ ਨਮਕੀਨ ਪਕਵਾਨ ਹੈ ਪਰ ਇਸ ਨਾਲ ਜੁੜਿਆ ਇਤਿਹਾਸ ਕੁਝ ਹੋਰ ਹੀ ਕਹਿੰਦਾ ਹੈ।

ਦਰਅਸਲ, ਸਮੋਸਾ ਈਰਾਨ ਦੀ ਪ੍ਰਾਚੀਨ ਸਮੱਗਰੀ ਵਿਚੋਂ ਆਇਆ ਹੈ। ਕੋਈ ਨਹੀਂ ਜਾਣਦਾ ਕਿ ਇਸ ਨੂੰ ਤਿਕੋਣਾ ਕਦੋਂ ਬਣਾਇਆ ਗਿਆ ਪਰ ਇੰਨਾ ਜਰੂਰ ਪਤਾ ਹੈ ਕਿ ਸਮੋਸਾ ਫਾਰਸੀ ਭਾਸ਼ਾ ਵਿਚੋਂ ਨਿਕਲਿਆ ਹੈ। ਸਮੋਸੇ ਦਾ ਪਹਿਲੀ ਵਾਰ ਜ਼ਿਕਰ 11ਵੀਂ ਸਦੀ ਵਿਚ ਫਾਰਸੀ ਇਤਿਹਾਸਕਾਰ ਅਬੁਲ-ਫਜਲ ਬੇਹਾਕੀ ਦੀ ਲਿਖਤ ਵਿਚੋਂ ਮਿਲਦਾ ਹੈ। ਉਨ੍ਹਾਂ ਨੇ ਗਜਨਵੀ ਸਮੱਗਰੀ ਰਾਜ ਦੇ ਸ਼ਾਹੀ ਦਰਬਾਰ ਵਿਚ ਪੇਸ਼ ਕੀਤੀ ਜਾਣ ਵਾਲੀ ਨਮਕੀਨ ਚੀਜ਼ ਦਾ ਜ਼ਿਕਰ ਕੀਤਾ ਹੈ ਜਿਸ ਵਿਚ ਕੀਮਾ ਅਤੇ ਸੁੱਕੇ ਮੇਵੇ ਭਰੇ ਹੁੰਦੇ ਸਨ। ਉਸ ਨੂੰ ਉਦੋਂ ਤੱਕ ਪਕਾਇਆ ਜਾਂਦਾ ਸੀ ਜਦੋਂ ਤੱਕ ਉਹ ਖਸਤਾ ਨਾ ਹੋ ਜਾਏ ਪਰ ਲਗਾਤਾਰ ਭਾਰਤ ਆਉਣ ਵਾਲੇ ਪਰਵਾਸੀਆਂ ਨੇ ਸਮੋਸੇ ਦਾ ਰੰਗ ਬਦਲ ਦਿੱਤਾ ਹੈ।

ਸਮੋਸਾ ਭਾਰਤ ਵਿਚ ਮੱਧ ਏਸ਼ੀਆ ਦੀਆਂ ਪਹਾੜੀਆਂ ਤੋਂ ਗੁਜਰਦਿਆਂ ਪਹੁੰਚਾ, ਜਿਸ ਨੂੰ ਅੱਜ ਅਫਗਾਨਿਸਤਾਨ ਕਿਹਾ ਜਾਂਦਾ ਹੈ। ਬਾਹਰਲੇ ਦੇਸ਼ਾਂ ਤੋਂ ਆਉਣ ਵਾਲੇ ਪਰਵਾਸੀਆਂ ਨੇ ਭਾਰਤ ਵਿਚ ਕਾਫੀ ਕੁਝ ਬਦਲਿਆ ਅਤੇ ਨਾਲ ਦੀ ਨਾਲ ਸਮੋਸੇ ਦੀ ਬਣਤਰ ਵਿਚ ਵੀ ਕਾਫੀ ਤਬਦੀਲੀ ਆਈ।

ਸਮੇਂ ਦੇ ਨਾਲ ਜਿਵੇਂ ਹੀ ਸਮੋਸਾ ਤਾਜਿਕਸਤਾਨ ਅਤੇ ਉਜਬੇਕਿਸਤਾਨ ਵਰਗੇ ਦੇਸ਼ਾਂ ਵਿਚ ਆਇਆ ਤਾਂ ਇਸ ਵਿਚ ਬਹੁਤ ਬਦਲਾਓ ਆਇਆ, ਅਤੇ ਜਿਵੇਂ ਕਿ ਭਾਰਤੀ ਖਾਣਿਆਂ ਦੇ ਮਾਹਿਰ ਪ੍ਰੋ. ਪੁਸ਼ਪੇਛ ਪੰਤ ਕਹਿੰਦੇ ਹਨ ਕਿ ਇਹ ਕਿਸਾਨਾਂ ਦਾ ਪਕਵਾਨ ਬਣ ਗਿਆ ਹੈ। ਇਸ ਦਾ ਖਾਸ ਤਰ੍ਹਾਂ ਦਾ ਰੂਪ ਉਦੋਂ ਵੀ ਕਾਇਮ ਸੀ ਅਤੇ ਇਸ ਨੂੰ ਤਲ ਕੇ ਬਣਾਇਆ ਜਾਂਦਾ ਸੀ ਪਰ ਇਸ ਦੇ ਅੰਦਰ ਇਸਤੇਮਾਲ ਹੋਣ ਵਾਲੇ ਸੁਕੇ ਮੇਵੇ ਅਤੇ ਫਲ ਦੀ ਥਾਂ ਬੱਕਰੇ ਜਾਂ ਭੇਡ ਦੇ ਮਾਸ ਨੇ ਲੈ ਲਈ, ਜੋ ਕੱਟੇ ਹੋਏ ਪਿਆਜ ਅਤੇ ਲੂਣ ਮਿਲਾ ਕੇ ਬਣਾਇਆ ਜਾਂਦਾ ਸੀ।

ਸਦੀਆਂ ਪਿਛੋਂ ਸਮੋਸੇ ਨੇ ਹਿੰਦੂਕੁਸ਼ ਦੇ ਬਰਫੀਲੇ ਰਸਤਿਆਂ ਤੋਂ ਹੁੰਦਿਆਂ ਭਾਰਤੀ ਉਪ ਮਹਾਂਦੀਪ ਤੱਕ ਦਾ ਸਫਰ ਤੈਅ ਕੀਤਾ। ਪ੍ਰੋ. ਪੰਤ



ਅਨੁਸਾਰ ਸਮੋਸਾ ਤੁਹਾਨੂੰ ਦੱਸਦਾ ਹੈ ਕਿ ਕਿਵੇਂ ਇਸ ਤਰ੍ਹਾਂ ਦੇ ਪਕਵਾਨ ਸਾਡੇ ਤੱਕ ਪਹੁੰਚੇ ਅਤੇ ਕਿਵੇਂ ਭਾਰਤ ਨੇ ਉਨ੍ਹਾਂ ਨੂੰ ਆਪਣੀ ਜਰੂਰਤ ਦੇ ਹਿਸਾਬ ਨਾਲ ਪੂਰੀ ਤਰ੍ਹਾਂ ਬਦਲ ਕੇ ਆਪਣਾ ਬਣਾ ਲਿਆ। ਭਾਰਤ ਵਿਚ ਸਮੋਸੇ ਨੂੰ ਸੁਆਦ ਦੇ ਹਿਸਾਬ ਨਾਲ ਅਪਨਾਉਣ ਤੋਂ ਬਾਅਦ ਇਹ ਦੁਨੀਆਂ ਦਾ ਪਹਿਲਾ ਫਾਸਟ ਫੂਡ ਬਣ ਗਿਆ। ਸਮੋਸੇ ਵਿਚ ਧਨੀਆ, ਕਾਲੀ ਮਿਰਚ, ਜੀਰਾ, ਅਦਰਕ ਅਤੇ ਹੋਰ ਪਤਾ ਨਹੀਂ ਕੀ-ਕੀ ਪਾਉਣ ਲੱਗ ਪਏ ਹਨ। ਮੀਟ ਦੀ ਥਾਂ ਸਬਜ਼ੀਆਂ ਨੇ ਲੈ ਲਈ ਹੈ।

ਭਾਰਤ ਵਿਚ ਹੁਣ ਜੋ ਸਮੋਸਾ ਬਣਦਾ ਹੈ, ਉਸ ਦੀ ਇਕ ਹੋਰ ਹੀ ਕਹਾਣੀ ਹੈ। ਹੁਣ ਆਲੂ ਦੇ ਨਾਲ ਮਿਰਚ ਅਤੇ ਸੁਆਦ ਅਨੁਸਾਰ ਮਸਾਲੇ ਭਰ ਕੇ ਸਮੋਸੇ ਬਣਾਏ ਜਾਂਦੇ ਹਨ। 16ਵੀਂ ਸਦੀ ਵਿਚ ਪੁਰਤਗਾਲੀਆਂ ਨੇ ਆਲੂ ਆਉਣ ਤੋਂ ਬਾਅਦ ਸਮੋਸੇ ਵਿਚ ਆਲੂ ਦੀ ਵਰਤੋਂ ਕਰਨੀ ਸ਼ੁਰੂ ਕੀਤੀ। ਉਦੋਂ ਤੋਂ ਹੀ ਸਮੋਸੇ ਵਿਚ ਬਦਲਾਓ ਆਉਣਾ ਸ਼ੁਰੂ ਹੋ ਗਿਆ। ਭਾਰਤ ਵਿਚ ਕਿਤੇ ਵੀ ਜਾਓ, ਸਮੋਸੇ ਦਾ ਹਰ ਥਾਂ ਅਲੱਗ ਹੀ ਰੂਪ ਦੇਖਣ ਨੂੰ ਮਿਲੇਗਾ। ਸਮੋਸੇ ਦਾ ਸਾਈਜ਼ ਵੀ ਵੱਡਾ-ਛੋਟਾ ਹੁੰਦਾ ਹੈ। ਸਮੋਸਾ ਸ਼ਾਦੀਆਂ ਜਾਂ ਪਾਰਟੀਆਂ ਵਿਚ ਵੀ ਸਜਾਇਆ ਜਾਣ ਲੱਗਾ ਹੈ। ਬਤੂਤਾ ਨੇ ਮੁਹੰਮਦ ਤੁਗਲਕ ਦੇ ਦਰਬਾਰ ਵਿਚ ਹੋਣ ਵਾਲੇ ਭੋਜ ਵਿਚ ਪਰੋਸੇ ਗਏ ਸਮੋਸੇ ਦਾ ਜ਼ਿਕਰ ਕੀਤਾ ਹੈ ਕਿ ਇਹ ਕੀਮਾ ਅਤੇ ਮਟਰ ਨਾਲ ਭਰੀ ਹੋਈ ਪਤਲੀ ਪਰਤ ਵਾਲੀ ਪੇਸਟਰੀ ਹੈ।

ਪੰਜਾਬ ਵਿਚ ਪਨੀਰ ਨਾਲ ਭਰਿਆ ਸਮੋਸਾ ਵੀ ਮਿਲਦਾ ਹੈ। ਦਿੱਲੀ ਵਿਚ ਕਈ ਥਾਂ ਇਸ ਵਿਚ ਕਾਜੂ, ਕਿਸ਼ਮਿਸ਼ ਵਗੈਰਾ ਪਾਉਂਦੇ ਹਨ। ਬੰਗਾਲੀ ਲੋਕ ਸਮੋਸੇ ਵਰਗੀ ਮਿਠਾਈ ਲਬੰਗ ਲਤਿਕਾ ਬਹੁਤ ਪਸੰਦ ਕਰਦੇ ਹਨ ਜੋ ਮਾਵੇ ਨਾਲ ਭਰਿਆ ਸਮੋਸਾ ਹੁੰਦਾ ਹੈ। ਦਿੱਲੀ ਦੇ ਕਈ ਰੈਸਟੋਰੈਂਟਾਂ ਵਿਚ ਚਾਕਲੇਟ ਨਾਲ ਭਰਿਆ ਸਮੋਸਾ ਵੀ ਮਿਲਦਾ ਹੈ। ਘੱਟ ਕੈਲਰੀ ਵਾਲੇ ਸਮੋਸੇ ਵੀ ਬਣਦੇ ਹਨ ਅਤੇ ਭਾਫ ਨਾਲ ਵੀ ਸਮੋਸਾ ਬਣਨ ਲੱਗਾ ਹੈ।

ਸਮੋਸੇ ਦਾ ਸਫਰ ਭਾਰਤ ਤੱਕ ਹੀ ਸੀਮਿਤ ਨਹੀਂ। ਬਰਤਾਨਵੀ ਵੀ ਸਮੋਸਾ ਸ਼ੌਕ ਨਾਲ ਖਾਂਦੇ ਹਨ। ਭਾਰਤੀ ਲੋਕ ਕਿਸੇ ਵੀ ਦੇਸ਼ ਵਿਚ ਗਏ, ਸਮੋਸਾ ਨਾਲ ਹੀ ਲੈ ਗਏ।

## ਗੁਰਮਤਿ ਵਿਚਾਰ

# ਜਪੁਜੀ ਦਾ ਰੱਬ

***ਆਪਣੇ ਇਸ ਲੰਮੇ ਲੇਖ ਵਿਚ ਡਾ. ਗੋਬਿੰਦਰ ਸਿੰਘ ਸਮਰਾਓ ਨੇ ਜਪੁਜੀ ਸਾਹਿਬ ਦੇ ਹਵਾਲੇ ਨਾਲ ਗੁਰਬਾਣੀ ਦੇ ਤਰਕਸ਼ੀਲ ਤੇ ਵਿਗਿਆਨਕ ਸੱਚ ਉਤੇ ਚਾਨਣਾ ਪਾਇਆ ਹੈ। ਲੇਖ ਵਿਚ ਉਨ੍ਹਾਂ ਕਈ ਥਾਂ ਆਮ ਸਿੱਖਾਂ ਦੀ ਸ਼ਰਧਾਲੂ ਸੋਚ ਤੋਂ ਵਿਪਰੀਤ ਗੱਲਾਂ ਵੀ ਕੀਤੀਆਂ ਹਨ ਜਿਨ੍ਹਾਂ ਨਾਲ ਹੋ ਸਕਦਾ ਹੈ, ਕੁਝ ਪਾਠਕ ਸਹਿਮਤ ਨਾ ਵੀ ਹੋਣ ਪਰ ਡਾ. ਸਮਰਾਓ ਵਲੋਂ ਪੇਸ਼ ਕੀਤੇ ਗਏ ਤਰਕ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਪਾਠਕਾਂ ਦੀ ਨਜ਼ਰ ਹੈ, ਲੇਖ ਦੀ ਅਗਲੀ ਕਿਸ਼ਤ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

'ਗੁਰ ਪ੍ਰਸਾਦਿ' ਦੋ ਸ਼ਬਦਾਂ ਦਾ ਸੰਗ੍ਰਿਹ ਹੈ। ਪਹਿਲਾ ਸ਼ਬਦ 'ਗੁਰ' ਹੈ ਜੋ ਪੰਜਾਬੀ ਸ਼ਬਦ ਗੁਰੂ ਦਾ ਛੋਟਾ ਰੂਪ ਜਾਪਦਾ ਹੈ। ਅੱਜ ਕੱਲ ਇਸ ਦਾ ਅਰਥ ਗੁਰੂ, ਭਾਵ ਅਧਿਆਪਕ, ਸ਼ਿਕਸ਼ਕ ਜਾਂ ਮਾਰਗ-ਦਰਸ਼ਕ ਹੀ ਲਿਆ ਜਾਂਦਾ ਹੈ। ਅਧਿਆਪਕ ਬੱਚਿਆਂ ਨੂੰ ਸਕੂਲ ਵਿਚ ਪੜ੍ਹਾਉਂਦਾ ਹੈ ਅਤੇ ਚੰਗੇ ਮਾੜੇ ਦਾ ਫਰਕ ਦੱਸ ਕੇ ਸਹੀ ਰਾਹ ਚੁਣਨ ਦੀ ਸਿੱਖਿਆ ਦਿੰਦਾ ਹੈ। ਉਹ ਉਨ੍ਹਾਂ ਦਾ ਗੁਰੂ ਹੈ। ਉਹ ਆਪਣੇ ਗੁਰੂ ਦਾ ਸਨਮਾਨ ਕਰਦੇ ਹਨ। ਕਈ ਲੋਕ ਇਹ ਵੀ ਕਹਿ ਦੇਣਗੇ ਕਿ ਉਹ ਆਪਣੇ 'ਗੁਰ' ਦਾ ਸਨਮਾਨ ਕਰਦੇ ਹਨ ਪਰ ਗੁਰ ਦਾ ਇਹ ਅਰਥ ਟਕਸਾਲੀ ਨਹੀਂ ਹੈ। ਗੁਰੂ ਨੂੰ ਗੁਰ ਜਾਂ ਗੁਰ ਨੂੰ ਗੁਰੂ, ਸ਼ਬਦਾਂ ਦੀ ਵਰਤੋਂ ਦੇ ਭੁਲੇਖੇ ਨਾਲ ਕਿਹਾ ਜਾਂਦਾ ਹੈ। ਉਂਜ ਦੋਹਾਂ ਦਾ

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

ਟਕਸਾਲੀ ਮੂਲ ਇਕ ਹੀ ਹੈ ਕਿਉਂਕਿ ਦੋਵੇਂ ਦੂਰੋਂ ਪਾਰੋਂ ਚਾਨਣ ਜਾਂ ਗਿਆਨ ਨਾਲ ਜੁੜੇ ਹੋਏ ਹਨ।

ਇਸ ਲਈ ਗੁਰੂ ਧਾਤੂ ਨਾਲ ਸਬੰਧਤ ਸ਼ਬਦ ਗੁਰ ਆਪਣੇ ਆਪ ਵਿਚ ਇਕ ਵੱਖਰਾ ਸ਼ਬਦ ਹੈ ਜਿਸ ਦਾ ਭਾਵ ਵਿਧੀ ਜਾਂ ਗਿਆਨ ਦਾ ਟੋਟਕਾ ਹੈ। ਗੁਰ ਇਕ ਪੁਰਾਤਨ ਸ਼ਬਦ ਹੈ ਜੋ ਲੋਕ ਬੋਲੀ ਵਿਚ ਅਨੁਭਵੀ-ਗਿਆਨ ਜਾਂ ਕਲਾ ਦੇ ਭਾਵ ਨਾਲ ਆਮ ਸਮਝਿਆ ਜਾਂਦਾ ਹੈ। ਪਰ ਗੁਰੂ ਸ਼ਬਦ ਦੇ ਨੇੜੇ ਹੋਣ ਕਰਕੇ ਹੁਣ ਇਹ ਵਧੇਰੇ ਪ੍ਰਚਲਿਤ ਸ਼ਬਦ ਦੀ ਛਾਂ ਵਿਚ ਆ ਗਿਆ ਹੈ। ਗੁਰ ਸ਼ਬਦ ਭਾਵੇਂ ਆਪ ਅਲੋਪ ਨਹੀਂ ਹੋਇਆ ਪਰ ਇਸ ਦੇ ਅਸਲ ਅਰਥ ਅਲੋਪ ਹੋਣ ਦੇ ਮੋੜ 'ਤੇ ਖੜ੍ਹੇ ਹਨ। ਅਸਲ ਅਰਥ ਕਿਸੇ ਚੀਜ਼ ਨੂੰ ਸਫਲਤਾ ਤੇ ਆਸਾਨੀ ਨਾਲ ਨੇਪਰੇ ਚਾੜ੍ਹਨ ਦਾ ਵਧੀਆ ਢੰਗ ਹੁੰਦਾ ਹੈ। ਇਹ ਆਮ ਵਰਤੋਂ ਦਾ ਕੋਈ ਅਜਿਹਾ ਨਿਵੇਕਲਾ ਤਰੀਕਾ, ਸੂਤਰ, ਘੁੰਡੀ, ਫਾਰਮੂਲਾ ਜਾਂ ਤਰਕੀਬੀ ਫੰਡਾ ਹੁੰਦਾ ਹੈ ਜੋ ਕਿਸੇ ਔਖੀ ਚੀਜ਼ ਨੂੰ ਬਦਲਵੇਂ ਜਾਂ ਛੋਟੇ ਰਸਤੇ ਵਧੇਰੇ ਸਹੀ ਤੇ ਆਸਾਨ ਵਿਧੀ ਨਾਲ ਕਰਨ ਦੀ ਜਾਂਚ ਦੱਸਦਾ ਹੈ। ਜ਼ਾਹਰ ਹੈ ਕਿ ਅਜਿਹਾ ਸੂਤਰ ਕਿਸੇ ਨਵੀਂ ਕਾਢ ਜਾਂ ਤਰਕੀਬ ਵਾਂਗ ਹੈ ਜੋ ਸਮਝ, ਘਾਲਣਾ, ਤਜਰਬੇ ਤੇ ਗਿਆਨ ਰਾਹੀਂ ਕੁਝ ਇਕ ਨੇ ਹੀ ਘੜਿਆ ਜਾਂ ਜਾਣਿਆ ਹੁੰਦਾ ਹੈ ਅਤੇ ਜਿਸ ਦਾ ਹੋਰਨਾਂ ਨੂੰ ਹਾਲੇ ਪਤਾ ਨਹੀਂ ਹੁੰਦਾ। ਭਾਵ ਇਹ ਉਹ ਨਵੀਂ ਕਾਰਆਮਦ ਵਿਧੀ ਵਾਂਗ ਹੁੰਦਾ ਹੈ ਜੋ ਵਧੇਰੇ ਪ੍ਰਚਲਿਤ ਨਾ ਹੋਣ ਕਰਕੇ ਕੁਝ ਜਾਣਕਾਰਾਂ ਨੂੰ ਹੀ ਪਤਾ ਹੁੰਦੀ ਹੈ। ਅਜਿਹੇ ਢੰਗ ਨੂੰ ਵਧੇਰੇ ਗੁੜ੍ਹੇ ਹੋਏ, ਅਨੁਭਵੀ, ਪ੍ਰਬੀਨ ਤੇ ਕਲਾਕਾਰੀ ਵਿਅਕਤੀ ਹੀ ਜਾਣਦੇ ਹਨ ਤੇ ਇਸ ਦੀ ਵਰਤੋਂ ਅੱਗੇ ਹੋਰਾਂ ਨੂੰ ਦੱਸਦੇ ਹਨ।

ਕਿਉਂਕਿ ਗੁਰੂ ਤੋਂ ਗਿਆਨ ਮਿਲਦਾ ਹੈ, ਇਸ ਲਈ ਸੁਭਾਵਿਕ ਹੈ ਕਿ ਗੁਰ ਦੱਸਣ ਵਾਲੇ ਇਨ੍ਹਾਂ ਗਿਆਨਵਾਨ ਵਿਅਕਤੀਆਂ ਨੂੰ ਗੁਰੂ ਹੀ ਕਿਹਾ ਜਾਵੇਗਾ। ਇਸ ਤਰ੍ਹਾਂ ਗੁਰੂ ਸ਼ਬਦ ਗੁਰ ਵਿਚੋਂ ਨਿਕਲਿਆ ਸਮ-ਅਰਥੀ ਸ਼ਬਦ ਪ੍ਰਤੀਤ ਹੁੰਦਾ ਹੈ। ਪਰ ਗੁਰੂ ਦੇ ਦਿੱਤੇ ਗਿਆਨ ਤੇ ਗੁਰ ਵਿਚ ਫਰਕ ਹੈ। ਗਿਆਨ ਸ਼ਬਦ ਵਧੇਰੇ ਗੰਭੀਰ ਤੇ ਵਿਸਥਾਰਪੂਰਵਕ ਜਾਣਕਾਰੀ ਦੇ ਸਬੰਧ ਵਿਚ ਵਰਤਿਆ ਜਾਂਦਾ ਹੈ, ਜਦਕਿ ਗੁਰ ਚਲੰਤ ਗਿਆਨ ਜਾਂ ਜਾਣਕਾਰੀ ਦੇ ਇਕ ਛੋਟੇ ਟੋਟਕੇ ਵਜੋਂ ਜਾਣਿਆ ਜਾਂਦਾ ਹੈ। ਗੁਰ ਸ਼ਬਦ ਨੂੰ ਇਕ ਵਿਦਿਆਰਥੀ ਇਸ ਤਰ੍ਹਾਂ ਵਰਤਦਾ ਸੁਣਿਆ ਗਿਆ, "ਮੈਂ ਵਿਆਜ ਦੇ ਸਵਾਲ ਹੱਲ ਕਰਨ ਦੇ ਸਾਰੇ ਗੁਰ ਕੰਠ ਕਰ ਲਏ ਸਨ। ਇਨ੍ਹਾਂ ਦੀ ਵਰਤੋਂ ਨਾਲ ਮੈਂ ਹੁਣ ਔਖੇ ਤੋਂ ਔਖਾ ਪ੍ਰਸ਼ਨ ਵੀ ਮਿੰਟਾਂ ਵਿਚ ਹੱਲ ਕਰ ਲੈਂਦਾ ਹਾਂ।" ਇਸੇ ਤਰ੍ਹਾਂ ਇਕ ਪਲੰਬਰ ਨੇ ਇਹ ਵਾਕ ਬੋਲ ਕੇ ਗੁਰ ਦੇ ਅਰਥ ਸਪਸ਼ਟ ਕੀਤੇ, "ਬਹੁਤੇ ਕਾਰੀਗਰ ਜੰਗ ਲੱਗੇ ਨਲਕੇ ਨੂੰ ਖੋਲ੍ਹਣ ਵੇਲੇ ਤੋੜ ਦਿੰਦੇ ਹਨ, ਪਰ ਮੈਂ ਉਸਤਾਦ ਕੋਲੋਂ ਇਸ ਦਾ ਗੁਰ ਸਿੱਖਿਆ ਹੋਇਆ ਹੈ, ਇਸ ਲਈ ਮੈਂ ਪੁਰਾਣੇ ਤੋਂ ਪੁਰਾਣੇ ਜੰਗ ਖਾਧੇ ਜੋੜ ਵੀ ਆਸਾਨੀ ਨਾਲ ਖੋਲ੍ਹ ਦਿੰਦਾ ਹਾਂ।" ਇੰਜ ਗੁਰ ਸ਼ਬਦ ਦਾ ਭਾਵ ਅਨੁਭਵ 'ਤੇ ਆਧਾਰਤ ਇਕ ਅਜਿਹੀ ਆਸਾਨ ਵਿਧੀ ਜਾਂ ਚਾਲ ਤੋਂ ਹੈ ਜੋ ਕਿਸੇ ਚੀਜ਼ ਨੂੰ ਆਸਾਨੀ ਤੇ ਫੁਰਤੀ ਨਾਲ ਕਰਨ ਦਾ ਵੱਲ ਦੱਸਦੀ ਹੈ।

'ਪ੍ਰਸਾਦਿ' ਸ਼ਬਦ ਦਾ ਭਾਵ ਕਿਸੇ ਦੀ ਮਿਹਰਬਾਨੀ ਸਦਕਾ ਮਿਲੀ ਕੋਈ ਚੀਜ਼ ਜਾਂ ਕਿਸੇ ਚੀਜ਼ ਦੀ ਬਦੌਲਤ ਹੋਈ ਕੋਈ ਘਟਨਾ ਜਾਂ ਪ੍ਰਾਪਤੀ ਹੁੰਦਾ ਹੈ। ਪ੍ਰਸਾਦਿ ਇਕ ਦਾਤ ਜਾਂ ਦੇਣ ਹੁੰਦੀ ਹੈ ਜੋ ਇਕ ਦੇਣ ਵਾਲਾ ਦੂਜੇ ਲੈਣ ਵਾਲੇ ਨੂੰ ਦਿੰਦਾ ਹੈ। ਗੁਰਦੁਆਰੇ ਵਿਚ ਮਿਲੇ ਕੜਾਹ ਪ੍ਰਸ਼ਾਦ ਦਾ ਅਰਥ ਵੀ ਗੁਰੂ ਤੋਂ ਮਿਲੀ ਕੜਾਹ ਦੀ ਦੇਣ, ਦਾਤ ਜਾਂ ਕਿਰਪਾ ਹੁੰਦਾ ਹੈ। ਇਸ ਲਈ ਗੁਰ ਪ੍ਰਸਾਦਿ ਦਾ ਸਾਂਝੇ ਤੌਰ 'ਤੇ ਅਰਥ ਬਣਦਾ ਹੈ, ਗੁਰ ਦੀ ਬਦੌਲਤ, ਭਾਵ ਨਿਵੇਕਲੀ ਵਿਧੀ ਦੇ ਸਹਾਰੇ ਜਾਂ ਨਵੀਂ ਸੋਚ ਦੀ ਵਰਤੋਂ ਨਾਲ। ਇਹ ਦੋਵੇਂ ਸ਼ਬਦ ਸਾਂਝੇ ਤੌਰ 'ਤੇ ਗੁਰੂ ਨਾਨਕ ਦੇ ਵਿਚਾਰਾਂ ਦੇ ਸ੍ਰੋਤ ਵਲ ਸ਼ੁਕਰਾਨੇ ਭਰਿਆ ਸੰਕੇਤ ਪ੍ਰਗਟ ਕਰਦੇ ਹਨ।

ਮੱਧਕਾਲ ਵਿਚ ਸਾਰੇ ਲੇਖਕ ਤੇ ਕਵੀ ਆਪਣੀਆਂ ਰਚਨਾਵਾਂ ਨੂੰ ਮੰਗਲਾਚਰਣ ਨਾਲ ਸ਼ੁਰੂ ਕਰਦੇ ਸਨ। ਇਸ ਰਾਹੀਂ ਉਹ ਆਪਣੀ ਰਚਨਾ ਅਰੰਭ ਕਰਨ ਤੋਂ ਪਹਿਲਾਂ ਆਪਣੇ ਗੁਰੂ ਜਾਂ ਉਸਤਾਦ ਪ੍ਰਤੀ ਆਭਾਰ ਪ੍ਰਗਟ ਕਰ ਕੇ ਉਸ ਤੋਂ ਆਸ਼ੀਰਵਾਦ ਮੰਗਦੇ ਸਨ। ਇਸ ਪ੍ਰਥਾ ਤੋਂ ਉਲਟ ਗੁਰੂ ਨਾਨਕ ਦੇਵ ਨੇ ਇਸ ਨੂੰ ਮੂਲ ਮੰਤਰ ਦੇ ਸ਼ੁਰੂ ਵਿਚ ਨਹੀਂ ਸਗੋਂ ਇਸ ਦੇ ਅੰਤ ਵਿਚ ਲਿਖਿਆ ਹੈ। ਇਸ ਤੋਂ ਇਹ ਇਕ ਆਧੁਨਿਕ ਖੋਜ ਪ੍ਰਸਤਾਵ ਦੇ ਹਵਾਲੇ ਜਾਂ ਰੈਫਰੈਂਸ ਵਾਂਗ ਜਾਪਦਾ ਹੈ। ਹਵਾਲਾ ਅਕਸਰ ਇੱਦਾਂ ਹੀ ਰਚਨਾ ਦੇ ਅੰਤ ਵਿਚ ਦਿੱਤਾ ਜਾਂਦਾ ਹੈ। ਇਸ ਲਈ ਇਸ ਵਿਚ ਗੁਰੂ ਜੀ ਆਪਣੇ ਵਿਚਾਰਾਂ, ਸੰਕਲਪਾਂ ਤੇ ਸਿਖਿਆਵਾਂ ਦਾ ਸੋਮਾ ਭਾਵ ਆਧਾਰ, ਉਪਰੋਕਤ ਗੁਰ ੴ ਭਾਵ ਗਣਿਤ-ਆਧਾਰਤ ਵਿਗਿਆਨਕ ਵਿਧੀ ਨੂੰ ਦੱਸਦੇ ਹਨ।

ਕਰੀਬ ਸਾਰੇ ਸਿੱਖ ਪ੍ਰਚਾਰਕ, ਟੀਕਾਕਾਰ ਤੇ ਬੁੱਧੀਜੀਵੀ ਗੁਰ ਪ੍ਰਸਾਦਿ ਦੇ ਅਰਥਾਂ ਬਾਰੇ ਇਕ ਅਜੀਬ ਦਵੰਧ ਦੇ ਸ਼ਿਕਾਰ ਹਨ। ਇਕ ਪਾਸੇ ਤਾਂ ਉਹ ਕਹਿੰਦੇ ਹਨ ਕਿ ਇਸ ਵਿਚ ਗੁਰੂ ਨਾਨਕ ਨੇ ਦੱਸਿਆ ਹੈ ਕਿ ਮੂਲ ਮੰਤਰ ਦਾ ਗਿਆਨ ਉਨ੍ਹਾਂ ਨੂੰ ਆਪਣੇ ਗੁਰੂ ਦੀ ਕਿਰਪਾ ਨਾਲ ਹੋਇਆ ਹੈ, ਦੂਜੇ ਪਾਸੇ ਉਹ ਸਾਫ ਇਨਕਾਰ ਕਰਦੇ ਹਨ ਕਿ ਗੁਰੂ ਜੀ ਦਾ ਕੋਈ ਗੁਰੂ ਸੀ। ਉਨ੍ਹਾਂ ਦਾ ਮੰਨਣਾ ਹੈ ਕਿ ਗੁਰੂ ਸਾਹਿਬ ਤਾਂ ਆਪ ਜਾਣੀ-ਜਾਣ ਤੇ ਜਗਤ ਗੁਰੂ ਸਨ, ਭਾਵ ਸਾਰੀ ਦੁਨੀਆਂ ਨੂੰ ਗਿਆਨ ਦੇਣ ਵਾਲੇ ਸਨ। ਉਨ੍ਹਾਂ ਨੇ ਬਚਪਨ ਵਿਚ ਹੀ ਪੜ੍ਹਾਉਣ ਆਏ ਪਾਂਧੇ ਤੇ ਮੌਲਵੀ-ਦੋਹਾਂ ਦੀ ਸਿੱਖਿਆ ਨੂੰ ਤਰਕਹੀਣ ਕਰਾਰ ਦੇ ਕੇ ਵਾਪਸ ਭੇਜ ਦਿੱਤਾ ਸੀ। ਉਨ੍ਹਾਂ ਦੀ ਬਾਣੀ 'ਧੁਰ ਕੀ ਬਾਣੀ' ਹੈ। ਇਸ ਲਈ ਇਹ ਸਿੱਧੀ ਹੀ ਉਨ੍ਹਾਂ ਕੋਲ ਆਈ ਹੈ। ਜਦੋਂ ਉਹ ਕਿਸੇ ਹੋਰ ਨੂੰ ਆਪਣੇ ਤੋਂ ਵੱਡਾ ਨਹੀਂ ਸਨ ਮੰਨਦੇ, ਫਿਰ ਉਹ ਕਿਸੇ ਹੋਰ ਦੇ ਵਿਚਾਰਾਂ ਨੂੰ ਆਧਾਰ ਬਣਾ ਕੇ ਬਾਣੀ ਕਿਵੇਂ ਰਚ ਸਕਦੇ ਸਨ?

ਇਸ ਲਈ ਇਹ ਵਿਦਵਾਨ ਇਕ ਪਾਸੇ ਤਾਂ ਇਹ ਆਖਦੇ ਹਨ ਕਿ ਗੁਰ ਪ੍ਰਸਾਦਿ ਲਿਖ ਕੇ ਗੁਰੂ ਜੀ ਨੇ ਮੂਲ ਮੰਤਰ ਦੇ ਗਿਆਨ ਲਈ ਆਪਣੇ ਗੁਰੂ ਦਾ ਧੰਨਵਾਦ ਕੀਤਾ ਹੈ ਤੇ ਦੂਜੇ ਪਾਸੇ ਉਹ ਇਹ ਮੰਨਦੇ ਹਨ ਕਿ ਉਨ੍ਹਾਂ ਦਾ ਕੋਈ ਗੁਰੂ ਨਹੀਂ ਸੀ, ਉਹ ਆਪਣਾ ਗੁਰੂ ਆਪ ਸਨ। ਉਨ੍ਹਾਂ ਦੀ ਸੋਚ ਦੀ ਇਸ ਦੁਵਿਧਾ ਦਾ ਨਤੀਜਾ ਇਹ ਨਿਕਲਦਾ ਹੈ ਕਿ ਗੁਰ ਪ੍ਰਸਾਦਿ ਲਿਖ ਕੇ ਗੁਰੂ ਜੀ ਨੇ ਆਪਣਾ ਧੰਨਵਾਦ ਆਪ ਕੀਤਾ ਹੈ। ਪਰ ਗੁਰੂ ਜੀ ਅਜਿਹਾ ਕਰਨ, ਇਹ ਉਨ੍ਹਾਂ ਦੀ ਸੋਚ ਤੇ ਕਿਰਦਾਰ ਕਰਕੇ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਹੋ ਸਕਦਾ।

ਇਸ ਤਰ੍ਹਾਂ ਆਪੋ ਆਪਣੀਆਂ ਮਾਨਤਾਵਾਂ ਦੀ ਸ਼ਾਖ ਰੱਖਣ ਲਈ ਇਹ ਵਿਦਵਾਨ ਵਿਚ-ਵਿਚਾਲੇ ਦੀਆਂ ਕਈ ਦਲੀਲਾਂ ਘੜਦੇ ਹਨ। ਜੋ ਲੋਕ ਗੁਰੂ ਨਾਨਕ ਦੀ ਬਾਣੀ ਨੂੰ ਰੱਬੀ ਦਾਤ ਮੰਨਦੇ ਹਨ, ਉਹ ਕਹਿੰਦੇ ਹਨ ਕਿ ਗੁਰੂ ਨਾਨਕ ਦਾ ਗੁਰੂ 'ਰੱਬ' ਸੀ। ਇਸ ਲਈ ਗੁਰ ਪ੍ਰਸਾਦਿ ਲਿਖ ਕੇ ਉਨ੍ਹਾਂ ਨੇ 'ਪਰਮਾਤਮਾ' ਦਾ ਧੰਨਵਾਦ ਕੀਤਾ ਹੈ, ਜਿਸ ਤੋਂ ਉਨ੍ਹਾਂ ਨੂੰ ਗਿਆਨ ਹਾਸਲ ਹੋਇਆ ਸੀ। ਕਈ ਸੰਦੇਹਪੂਰਣ ਢੰਗ ਨਾਲ ਕਹਿੰਦੇ ਹਨ ਕਿ ਗੁਰੂ ਸਾਹਿਬ ਦਾ ਕੋਈ ਨਾ ਕੋਈ ਗੁਰੂ ਤਾਂ ਹੋਵੇਗਾ ਜ਼ਰੂਰ, ਕਿਉਂਕਿ ਗੁਰ ਪ੍ਰਸਾਦਿ ਲਿਖ ਕੇ ਉਨ੍ਹਾਂ ਨੇ ਆਪ ਇਸ ਗੱਲ ਨੂੰ ਕਬੂਲ ਕੀਤਾ ਹੈ। ਪਰ ਉਨ੍ਹਾਂ ਦੇ ਖਿਆਲ ਵਿਚ ਗੁਰੂ ਜੀ ਨੇ ਇਸ ਬਾਰੇ ਕਿਸੇ ਨੂੰ ਦੱਸਿਆ ਨਹੀਂ ਸੀ। ਅਜਿਹੇ ਵਿਦਵਾਨ ਸਮਝਦੇ ਹਨ ਕਿ ਭਾਵੇਂ ਗੁਰੂ ਜੀ ਨੇ ਬਚਪਨ ਵਿਚ ਕਿਸੇ ਅਧਿਆਪਕ ਤੋਂ ਰਸਮੀ ਤੌਰ 'ਤੇ ਸਿੱਖਿਆ ਨਹੀਂ ਲਈ ਪਰ ਇਸ ਤੋਂ ਬਾਅਦ ਜਦੋਂ ਉਹ ਕਾਫੀ ਸਮਾਂ ਘਰੋਂ ਬਾਹਰ ਰਹੇ ਤਾਂ ਉਥੇ ਉਹ ਜ਼ਰੂਰ ਕਈ ਸੰਤ ਮਹਾਤਮਾਵਾਂ ਦੀ ਸੰਗਤ ਵਿਚ ਰਹੇ ਹੋਣਗੇ। ਆਪਣੀਆਂ ਉਦਾਸੀਆਂ ਵੇਲੇ ਵੀ ਉਹ ਉਸ ਸਮੇਂ ਦੀਆਂ ਕਈ ਉਘੀਆਂ ਰੂਹਾਨੀ ਸ਼ਖਸੀਅਤਾਂ ਨੂੰ ਮਿਲੇ ਸਨ। ਸ਼ਾਇਦ ਇਨ੍ਹਾਂ ਵਿਚੋਂ ਹੀ ਕਿਸੇ ਮਹਾਂਪੁਰਸ਼ ਨੂੰ ਉਹ ਆਪਣਾ ਗੁਰੂ ਮੰਨਦੇ ਹੋਣ।

ਕਈ ਵਿਦਵਾਨ ਤਾਂ ਕੁਝ ਇਕ ਸੰਤਾਂ ਸੂਫੀਆਂ ਦਾ ਨਾਂ ਤਕ ਵੀ ਲੈਂਦੇ ਹਨ, ਜਿਸ ਨੂੰ ਉਹ ਉਨ੍ਹਾਂ ਦਾ ਉਸਤਾਦ ਦੱਸਦੇ ਹਨ। ਗੱਲ ਕਿਸੇ ਪਾਸੇ ਨਾ ਲਗਦੀ ਵੇਖ ਕਈ ਵਿਦਵਾਨਾਂ ਨੇ ਇਹ ਮੱਤ ਵੀ ਦਿੱਤਾ ਹੈ ਕਿ ਗੁਰੂ ਨਾਨਕ ਦਾ ਅਸਲੀ ਗੁਰੂ ਕੋਈ ਨਹੀਂ ਸੀ। ਗੁਰ ਪ੍ਰਸਾਦਿ ਵਾਲਾ ਗੁਰੂ ਤਾਂ ਉਨ੍ਹਾਂ ਦਾ ਅਣਉਪਚਾਰਕ ਗੁਰੂ ਸੀ ਜਿਸ ਨੂੰ ਉਨ੍ਹਾਂ ਨੇ ਮਨ ਹੀ ਮਨ ਧਾਰਿਆ ਹੋਇਆ ਸੀ। ਉਨ੍ਹਾਂ ਅਨੁਸਾਰ ਬੰਦੇ ਨੂੰ ਇਕ ਗੁਰੂ ਦੀ ਲੋੜ ਤਾਂ ਹੁੰਦੀ ਹੀ ਹੈ ਕਿਉਂਕਿ ਗੁਰੂ ਬਿਨਾ ਗਤ ਨਹੀਂ ਹੁੰਦੀ। ਕਈ ਹੋਰ ਵਿਦਵਾਨ 'ਗੁਰ ਪ੍ਰਸਾਦਿ' ਨੂੰ ਕੇਵਲ ਉਪਚਾਰਕ ਮੰਗਲਾਚਰਣ ਦੱਸਦਿਆਂ ਕਹਿੰਦੇ ਹਨ ਕਿ ਇਸ ਵਿਚ ਗੁਰੂ ਜੀ ਨੇ ਆਪਣੇ ਗਿਆਨ ਦੇ ਸੋਮੇ ਵਲ ਸੰਕੇਤ ਕੀਤਾ ਹੈ, ਜੋ ਕੁਦਰਤ ਤੋਂ ਬਿਨਾ ਕੋਈ ਹੋਰ ਨਹੀਂ ਹੋ ਸਕਦਾ। ਕੁਝ ਵਿਦਵਾਨ ਦਾਅਵਾ ਕਰਦੇ ਹਨ ਕਿ ਗੁਰੂ ਨਾਨਕ ਨੇ ਇਨ੍ਹਾਂ ਸ਼ਬਦਾਂ ਰਾਹੀਂ ਆਪਣੇ ਸਿੱਖਾਂ ਨੂੰ ਯਾਦ ਕਰਵਾਇਆ ਹੈ ਕਿ ਉਨ੍ਹਾਂ (ਸਿੱਖਾਂ) ਨੂੰ ਜਪੁਜੀ ਦਾ ਗਿਆਨ ਉਨ੍ਹਾਂ (ਨਾਨਕ) ਦੀ ਕਿਰਪਾ ਨਾਲ ਮਿਲਿਆ ਹੈ। ਜਿੰਨੇ ਵਿਦਵਾਨ, ਉਨੀਆਂ ਗੱਲਾਂ। ਇਸ ਤਰ੍ਹਾਂ 'ਗੁਰ' ਦੇ ਅਸਲ ਅਰਥ ਗੁਰੂ (ਅਧਿਆਪਕ) ਨਹੀਂ ਸਗੋਂ ਤਰਕੀਬ ਭਾਵ ਢੰਗ-ਤਰੀਕਾ ਹੁੰਦੇ ਹਨ। ਜੇ ਇਹ ਸ਼ਬਦ ਅਧਿਆਪਕ ਦੇ ਤੌਰ 'ਤੇ ਵਰਤਿਆ ਹੁੰਦਾ ਤਾਂ ਪੂਰਾ ਸ਼ਬਦ ਗੁਰੂ ਹੀ ਲਿਖਿਆ ਹੁੰਦਾ ਤੇ ਸ਼ਾਇਦ ਗੁਰੂ ਦਾ ਨਾਂ ਵੀ ਦੱਸਿਆ ਹੁੰਦਾ। ਪਰ ਗੁਰੂ ਸਾਹਿਬ ਨੇ ਇੱਦਾਂ ਨਹੀਂ ਕੀਤਾ। ਇਸ ਲਈ ਉਨ੍ਹਾਂ ਨੇ 'ਗੁਰ' ਦਾ ਸ਼ਬਦ ਗੁਰ, ਭਾਵ ੴ ਦੀ ਤਰਕੀਬ ਲਈ ਹੀ ਵਰਤਿਆ ਹੈ, ਨਾ ਕਿ 'ਗੁਰੂ' ਭਾਵ ਅਧਿਆਪਕ ਲਈ। ਕਿਉਂਕਿ ਗੁਰ ਦਾ ਸੂਤਰ ਪਹਿਲਾਂ ਅਰੰਭ ਵਿਚ ਲਿਖਿਆ ਜਾ ਚੁਕਾ ਸੀ, ਇਸ ਲਈ ਉਨ੍ਹਾਂ ਨੇ ਗੁਰ ਪ੍ਰਸਾਦਿ ਲਿਖਣ ਵੇਲੇ ਇਸ ਦਾ ਦੁਬਾਰਾ ਪੂਰਾ ਜ਼ਿਕਰ ਕਰਨ ਦੀ ਥਾਂ ਕੇਵਲ ਗੁਰ ਸ਼ਬਦ ਲਿਖ ਕੇ ਹੀ ਇਸ ਵਲ ਸੰਕੇਤ ਕੀਤਾ ਹੈ। ਜ਼ਾਹਰ ਹੈ, ਮਸਲਾ ਗੁਰੂ ਸਾਹਿਬ ਦੇ 'ਗੁਰੂ' ਦਾ ਹੈ ਹੀ ਨਹੀਂ, ਜਿਸ ਨੂੰ ਵਿਦਵਾਨਾਂ ਨੇ ਸਦੀਆਂ ਤੋਂ ਬੇ-ਵਜ੍ਹਾ ਉਠਾਈ ਰੱਖਿਆ ਹੈ।

ਹੁਣ ਦੇਖਣਾ ਹੈ ਕਿ ਕੀ ਇਹ ਅਰਥ ਗੁਰ ਪ੍ਰਸਾਦਿ ਦੀ ਵਿਆਖਿਆ 'ਤੇ ਸਹੀ ਵੀ ਉਤਰਦੇ ਹਨ? ਹਾਂ, ਠੀਕ ਵਿਆਖਿਆ ਇਸ ਤਰ੍ਹਾਂ ਹੈ, "ਪਰਮ-ਸਤਿ ਦੀਆਂ ਉਪਰੋਕਤ ਵਡਿਆਈਆਂ (ਗੁਣਾਂ) ਦੀ ਜਾਣਕਾਰੀ ੴ ਦੀ ਗਣਿਤੀ ਵਿਧੀ ਦੇ ਤਰਕਪੂਰਣ ਢੰਗ ਭਾਵ ਵਿਚਾਰਾਂ ਦੇ ਸਹੀ ਨਾਪ-ਤੋਲ ਦੇ 'ਗੁਰ' ਸਦਕਾ ਸੰਭਵ ਹੋਈ ਹੈ।"

***ਕਈ ਵਿਦਵਾਨ ਤਾਂ ਕੁਝ ਇਕ ਸੰਤਾਂ ਸੂਫੀਆਂ ਦਾ ਨਾਂ ਤਕ ਵੀ ਲੈਂਦੇ ਹਨ, ਜਿਸ ਨੂੰ ਉਹ ਉਨ੍ਹਾਂ ਦਾ ਉਸਤਾਦ ਦੱਸਦੇ ਹਨ। ਗੱਲ ਕਿਸੇ ਪਾਸੇ ਨਾ ਲਗਦੀ ਵੇਖ ਕਈ ਵਿਦਵਾਨਾਂ ਨੇ ਇਹ ਮੱਤ ਵੀ ਦਿੱਤਾ ਹੈ ਕਿ ਗੁਰੂ ਨਾਨਕ ਦਾ ਅਸਲੀ ਗੁਰੂ ਕੋਈ ਨਹੀਂ ਸੀ। ਗੁਰ ਪ੍ਰਸਾਦਿ ਵਾਲਾ ਗੁਰੂ ਤਾਂ ਉਨ੍ਹਾਂ ਦਾ ਅਣਉਪਚਾਰਕ ਗੁਰੂ ਸੀ ਜਿਸ ਨੂੰ ਉਨ੍ਹਾਂ ਨੇ ਮਨ ਹੀ ਮਨ ਧਾਰਿਆ ਹੋਇਆ ਸੀ। ਉਨ੍ਹਾਂ ਅਨੁਸਾਰ ਬੰਦੇ ਨੂੰ ਇਕ ਗੁਰੂ ਦੀ ਲੋੜ ਤਾਂ ਹੁੰਦੀ ਹੀ ਹੈ ਕਿਉਂਕਿ ਗੁਰੂ ਬਿਨਾ ਗਤ ਨਹੀਂ ਹੁੰਦੀ।***

ਅਰਥ ਕੇਵਲ 'ਗੁਰੂ' ਦੱਸ ਕੇ ਸਮੁੱਚਾ ਸਿੱਖ ਬੁੱਧੀਜੀਵੀ ਭਾਈਚਾਰਾ ਇਕ ਨਿਰਮੂਲ ਵਿਵਾਦ ਵਿਚ ਉਲਝ ਕੇ ਗੁਰੂ ਨਾਨਕ ਦੇ ਅਧਿਆਪਕ ਦੀ ਖੋਜ ਵਿਚ ਲੱਗਿਆ ਹੋਇਆ ਹੈ!

ਇਹ ਓਹੀ ਭਾਈਚਾਰਾ ਹੈ ਜੋ ੴ ਤੋਂ ਲੈ ਕੇ ਸੈਭੰ ਤੀਕ ਮੂਲ ਮੰਤਰ ਦੇ ਅਰਥ ਆਪਣੇ ਢੰਗ ਨਾਲ ਕਰਦਾ ਆ ਰਿਹਾ ਹੈ। ਪਰ ਗੁਰੂ ਸਾਹਿਬ ਨੇ ਲਿਖਿਆ ਹੈ, 'ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨਾ ਸੋਹੈ॥' ਇਸ ਵਾਕ ਅਨੁਸਾਰ ਇਸ ਬੁੱਧੀਜੀਵੀ ਵਰਗ ਦੀ ਸੋਚ ਗੁਰ ਪ੍ਰਸਾਦਿ 'ਤੇ ਪਹੁੰਚ ਕੇ ਰੁਕ ਜਾਂਦੀ ਹੈ। ਇਸ ਦਾ ਭਾਵ ਹੈ ਕਿ ਉਨ੍ਹਾਂ ਤੋਂ ਮੂਲ ਮੰਤਰ ਦੇ ਉਤਲੇ ਭਾਗ ਨੂੰ ਸਮਝਣ ਵਿਚ ਕੋਈ ਗਲਤੀ ਹੋਈ ਹੈ। ਜੇ ਉਪਰੋਕਤ ਵੇਰਵੇ ਦਾ ਪੁਨਰ-ਵਿਸ਼ਲੇਸ਼ਣ ਕੀਤਾ ਜਾਵੇ ਤਾਂ ਉਨ੍ਹਾਂ ਨੂੰ ਉਨ੍ਹਾਂ ਦੇ ਪ੍ਰਸ਼ਨ ਦਾ ਉਤਰ ਇਸ ਵਿਚੋਂ ਹੀ ਮਿਲ ਜਾਵੇਗਾ। ਇਤਿਹਾਸਕ ਤੇ ਪਰੰਪਰਾਗਤ ਵੇਰਵੇ ਦੱਸਦੇ ਹਨ ਕਿ ਗੁਰੂ ਨਾਨਕ ਦੇਵ ਨੇ ਬਚਪਨ ਵਿਚ ਆਪਣੇ ਵੇਲੇ ਮੁਤਾਬਕ ਕੋਈ ਰਸਮੀ ਸਿੱਖਿਆ ਹਾਸਲ ਨਹੀਂ ਸੀ ਕੀਤੀ। ਉਨ੍ਹਾਂ ਨੇ ਪੜ੍ਹਾਉਣ ਆਏ ਪੰਡਿਤ ਤੇ ਮੌਲਵੀ ਨੂੰ ਉਨ੍ਹਾਂ ਦੇ ਅੰਧ-ਵਿਸ਼ਵਾਸੀ ਵਿਚਾਰਾਂ ਦੀ ਅਸਲੀਅਤ ਤਰਕਪੂਰਣ ਢੰਗ ਨਾਲ ਸਮਝਾ ਕੇ ਨਿਰੁੱਤਰ ਕਰ ਦਿੱਤਾ ਸੀ। ਇਸੇ ਤਰ੍ਹਾਂ ਦੇ ਤਰਕ ਅਨੁਸਾਰ ਹੀ ਉਨ੍ਹਾਂ ਨੇ ਬ੍ਰਹਿਮੰਡ ਬਾਰੇ ਮੁਢਲੇ ਪ੍ਰਸ਼ਨਾਂ ਨੂੰ ਹੱਲ ਕਰਨ ਦਾ ਉਪਦੇਸ਼ ਦਿੱਤਾ। ਇਸ ਮੰਤਵ ਲਈ ਘੜਿਆ ਉਨ੍ਹਾਂ ਦਾ ੴ ਦਾ ਸੂਤਰ ਵੀ ਅਜਿਹੀ ਹੀ ਸਹਿਜ-ਬੁੱਧੀ ਭਾਵ ਗਣਿਤੀ ਤਰਕ 'ਤੇ ਆਧਾਰਤ ਸੀ। ਇਨ੍ਹਾਂ ਗੱਲਾਂ ਤੋਂ ਸਹਿਜੇ ਹੀ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਪਰਮ-ਸਤਿ ਦੇ ਵਿਸ਼ੇਸ਼ ਗੁਣ ਪਛਾਣਨ ਵੇਲੇ ਉਨ੍ਹਾਂ ਆਪ ਵੀ ਇਹੀ ਸੂਤਰ ਵਰਤਿਆ ਹੋਵੇਗਾ, ਤਾਂ ਫਿਰ ਉਨ੍ਹਾਂ ਨੇ ਧੰਨਵਾਦ ਵੀ ਇਸ ਤਰਕਪੂਰਣ ਸੂਤਰ ਭਾਵ ਗਣਿਤ-ਪ੍ਰਧਾਨ ਢੰਗ ਦਾ ਹੀ ਕੀਤਾ ਹੋਵੇਗਾ।

ਜੇ ਇੱਦਾਂ ਹੈ ਤਾਂ ਵਿਦਵਾਨਾਂ ਨੇ ਗਲਤੀ ਗੁਰ ਪ੍ਰਸਾਦਿ ਦੇ ਅਰਥ ਸਮਝਣ ਵਿਚ ਹੀ ਕੀਤੀ ਹੈ। ਜਿਵੇਂ ਉਪਰ ਜ਼ਿਕਰ ਕੀਤਾ ਗਿਆ ਹੈ, ਗੁਰ ਦੇ

ਪਰ ਲਕੀਰ ਨਾਲੋਂ ਸਹਿਜੇ ਨਾ ਟੁੱਟਣਾ ਮਨੁੱਖੀ ਸੁਭਾਅ ਦਾ ਕੁਦਰਤੀ ਗੁਣ ਹੈ। ਇਸ ਲਈ ਕਈ ਵਿਦਵਾਨ ਹੁਣ ਗਣਿਤੀ ਵਿਧੀ ਦਾ ਰੇੜਕਾ ਖੜ੍ਹਾ ਕਰ ਸਕਦੇ ਹਨ। ਉਹ ਕਹਿ ਸਕਦੇ ਹਨ ਕਿ ਅਧਿਆਤਮਵਾਦ ਵਿਚ ਗਣਿਤ ਦਾ ਕੀ ਕੰਮ? ਕਹਿਣਗੇ ਕਿ ਗਣਿਤ ਤੋਂ ਤਾਂ ਬਾਬੇ ਨਾਨਕ ਨੇ ਮੋਦੀਖਾਨੇ ਵਿਚ ਵੀ ਕੰਮ ਨਹੀਂ ਸੀ ਲਿਆ। ਉਥੇ ਵੀ ਉਹ 'ਤੇਰ੍ਹਾਂ ਤੇਰ੍ਹਾਂ' ਕਰਦਿਆਂ ਬੇਹਿਸਾਬਾ ਤੋਲੀ ਗਏ ਸਨ। ਫਿਰ ਉਨ੍ਹਾਂ ਦੀ ਬਾਣੀ ਨਾਲ ਗਣਿਤ ਦਾ ਕੀ ਸਬੰਧ? ਅਜਿਹੇ ਵਿਦਵਾਨਾਂ ਲਈ ਇਹ ਸਪਸ਼ਟ ਕਰ ਦੇਣਾ ਬਣਦਾ ਹੈ ਕਿ ਗਣਿਤੀ ਵਿਧੀ ਦਾ ਅਰਥ ਗਣਿਤ ਦੇ ਪ੍ਰਸ਼ਨ ਹੱਲ ਕਰਨਾ ਜਾਂ ਵਹੀ-ਖਾਤੇ ਦਾ ਹਿਸਾਬ ਰੱਖਣਾ ਨਹੀਂ ਹੈ।

ਗਣਿਤ ਵਿਧੀ ਦਾ ਭਾਵ ਗਣਿਤੀ ਤਰਕ ਦਾ ਅਨੁਸਰਣ ਕਰਨ ਵਾਲੀ ਵਿਧੀ ਹੈ। ਇਸ ਵਿਧੀ ਦੇ ਵਿਸ਼ਵ-ਵਿਆਪੀ ਅਸੂਲ ਸਭ ਵਿਚਾਰਾਂ 'ਤੇ ਲਾਗੂ ਹੁੰਦੇ ਹਨ। ਇਨ੍ਹਾਂ ਅਸੂਲਾਂ ਅਨੁਸਾਰ ਹੀ ਵਿਚਾਰ ਸਹੀ ਜਾਂ ਗਲਤ ਸਮਝੇ ਜਾਂਦੇ ਹਨ। ਅਜਿਹੇ ਕੁਝ ਅਸੂਲ ਇਹ ਹਨ। ਜਦੋਂ ਤੀਕ ਕਿਸੇ ਵਿਚਾਰ ਨੂੰ ਸਿੱਧ ਨਾ ਕਰ ਲਈਏ, ਉਦੋਂ ਤੀਕ ਉਹ ਕੱਚਾ ਵਿਚਾਰ ਭਾਵ ਹਉਮੈ ਹੁੰਦਾ ਹੈ। ਦੋ ਤੇ ਦੋ ਚਾਰ ਇਕ ਕੱਚਾ ਵਿਚਾਰ ਹੈ ਜਦੋਂ ਤੀਕ ਇਸ ਨੂੰ ਉਂਗਲਾਂ 'ਤੇ ਗਿਣ ਕੇ ਸਹੀ ਸਿੱਧ ਨਾ ਕਰ ਲਿਆ ਜਾਵੇ। ਬੱਚੇ ਇੱਦਾਂ ਗਿਣ ਕੇ ਹੀ ਸੰਖਿਆਵਾਂ ਦਾ ਪ੍ਰਮਾਣ ਲੱਭਦੇ ਹਨ ਤੇ ਇਨਸਾਨੀਅਤ ਵੀ ਆਪਣੇ ਬਚਪਨ ਵਿਚ ਸਦੀਆਂ ਪਹਿਲਾਂ ਇਵੇਂ ਹੀ ਕਰਦੀ ਸੀ। ਪਰਖ-ਪੜਚੋਲ ਵਿਚ ਦੀ ਲੰਘਿਆ ਪੱਕਾ ਵਿਚਾਰ ਇਕ ਤੱਥ ਦਾ ਦਰਜਾ ਰੱਖਦਾ ਹੈ, ਇਸ ਲਈ ਇਸ ਨੂੰ ਬਿਨਾ ਮੁੜ-ਸਾਬਤ ਕੀਤਿਆਂ ਅਗਲੇ ਵਿਚਾਰਾਂ ਦੇ ਵਾਧੇ ਲਈ ਸਬੂਤ ਵਜੋਂ ਵਰਤਿਆ ਜਾ ਸਕਦਾ ਹੈ। ਦੋ ਦੂਣੀ ਚਾਰ ਜਾਂ ਦੂਜੇ ਸਭ ਫਾਰਮੂਲਿਆਂ ਨੂੰ ਇਵੇਂ ਹੀ ਪ੍ਰਮਾਣ ਦਿੱਤੇ ਬਿਨਾ ਸਹੀ ਮੰਨ ਕੇ ਵਾਰ ਵਾਰ ਵਰਤਿਆ ਜਾਂਦਾ ਹੈ। ਜੇ ਕਿਸੇ ਸੱਚੇ ਵਿਚਾਰ ਨੂੰ ਕੋਈ ਗਲਤ ਸਿੱਧ ਕਰ ਦੇਵੇ ਤਾਂ ਉਸ ਦਾ ਸੱਚ ਭੰਗ ਹੋ ਜਾਂਦਾ ਹੈ ਤੇ ਉਸ ਉਤੇ ਆਧਾਰਤ ਸਾਰੇ ਵਿਚਾਰ ਗਲਤ ਮੰਨੇ ਜਾਂਦੇ ਹਨ। ਜੇ ਕੋਈ ਦੋ ਦੂਣੀ ਚਾਰ ਨੂੰ ਗਲਤ ਸਾਬਤ ਕਰ ਦੇਵੇ ਤਾਂ ਤਿੰਨ ਦੂਣੀ ਛੇ ਤੇ ਚਾਰ ਦੂਣੀ ਅੱਠ ਆਦਿ ਦੂਣੀ ਦੇ ਹੋਰ ਸੂਤਰ ਵੀ ਗਲਤ ਹੋ ਜਾਣਗੇ। ਜੇ ਕੋਈ ਵਿਚਾਰ ਗਲਤ ਹੈ ਤਾਂ ਉਸ ਤੋਂ ਬਾਅਦ ਦੇ ਸਾਰੇ ਵਿਚਾਰ ਗਲਤ ਹੋਣਗੇ ਪਰ ਪਹਿਲੇ ਵਿਚਾਰ ਪ੍ਰਭਾਵਿਤ ਨਹੀਂ ਹੋਣਗੇ। ਜੇ ਕੋਈ ਵਿਦਿਆਰਥੀ ਤਿੰਨ ਤੇ ਚਾਰ ਸੱਤ ਦੱਸ ਕੇ ਅੱਠ ਨਾਲ ਗੁਣਾ ਕਰਦਿਆਂ ਪਚਵੰਜਾ ਲਿਖ ਦਿੰਦਾ ਹੈ ਤਾਂ ਉਸ ਦਾ ਗੁਣਾ ਦਾ ਸੂਤਰ ਗਲਤ ਹੈ ਤੇ ਇਸ ਤੋਂ ਉਪਰ ਦਾ ਹੱਲ ਸਹੀ ਹੈ। ਜੋ ਸੂਤਰ ਇਕ ਸੰਖਿਆ-ਲੜੀ 'ਤੇ ਲਾਗੂ ਹੁੰਦਾ ਹੈ, ਉਹ ਦੂਜੀ ਸੰਖਿਆ-ਲੜੀ 'ਤੇ ਵੀ ਉਦਾਂ ਹੀ ਲਾਗੂ ਹੋਵੇਗਾ। ਭਾਵ ਜੇ 4, 5, 6 ਦਾ ਮੱਧ-ਮਾਨ ਵਿਚਕਾਰਲਾ ਅੰਕ 5 ਹੈ ਤਾਂ 7, 8, 9 ਦਾ ਮੱਧ-ਮਾਨ ਵੀ ਵਿਚਕਾਰਲਾ ਅੰਕ 8 ਹੀ ਹੋਵੇਗਾ। ਸਹੀ ਵਿਧੀ ਤੇ ਸਹੀ ਤੱਥਾਂ 'ਤੇ ਆਧਾਰਤ ਸਾਰੇ ਉਤਰ ਸਹੀ ਹੁੰਦੇ ਹਨ। ਚਾਹੇ ਪੰਜ ਨੂੰ ਤਿੰਨ ਨਾਲ ਗੁਣਾ ਕਰੋ ਜਾਂ ਤਿੰਨ ਵਾਰ ਜੋੜੋ, ਉਤਰ ਓਹੀ ਪੰਜ ਹੋਵੇਗਾ।

ਇਹ ਅਤੇ ਅਜਿਹੇ ਹੋਰ ਕਈ ਗਣਿਤੀ ਅਸੂਲ ਪ੍ਰਕ੍ਰਿਤੀ ਦੇ ਸਰਵ-ਵਿਆਪੀ ਤਾਰਕਿਕ ਵਿਧੀ ਦੇ ਥੰਮ ਹਨ ਜੋ ਜੀਵਨ, ਸਮਾਜ, ਵਿਚਾਰ, ਗੋਸ਼ਟੀ, ਗਿਆਨ, ਕਾਨੂੰਨ ਵਿਚ ਹਰ ਥਾਂ ਲਾਗੂ ਹੁੰਦੇ ਹਨ ਤੇ ਇਨ੍ਹਾਂ ਦੀ ਗਣਿਤ 'ਚ ਜਮ ਕੇ ਵਰਤੋਂ ਹੋਈ ਹੈ। ਜੇ ਇਨ੍ਹਾਂ ਅਸੂਲਾਂ ਨੂੰ ਪਰਮ-ਸਤਿ 'ਤੇ ਲਾਗੂ ਕਰ ਕੇ ਕਹੀਏ ਕਿ ਉਹ ਸੱਤ ਹੈ ਤਾਂ ਭਾਵ ਹੋਵੇਗਾ ਕਿ ਉਹ ਕੱਲ ਵੀ ਸੱਤ ਸੀ ਤੇ ਅੱਗੋਂ ਵੀ ਸੱਤ ਰਹੇਗਾ। ਜੇ ਉਹ ਅਜੂਨੀ ਹੈ ਤਾਂ ਅਜੂਨੀ ਹੀ ਰਹੇਗਾ, ਦੇਹ-ਧਾਰੀ ਬਣ ਕੇ ਨਹੀਂ ਆਵੇਗਾ। ਜੇ ਉਹ ਸਦਾ ਸਤਿ ਹੈ ਤਾਂ ਅਕਾਲ ਵੀ ਹੋ ਸਕਦਾ ਹੈ। ਜੇ ਉਹ ਅਜੂਨੀ ਹੈ ਤਾਂ ਅਕਾਲ ਮੂਰਤਿ ਹੋ ਸਕਦਾ ਹੈ। ਜੇ ਅਜੂਨੀ ਨਾ ਹੋਵੇ ਭਾਵ ਦੇਹ-ਧਾਰੀ ਹੋਵੇ ਤਾਂ ਨਾ ਅਕਾਲ ਹੋ ਸਕਦਾ ਹੈ, ਨਾ ਮੂਰਤਿ ਭਾਵ ਆਕ੍ਰਿਤੀ। ਜੇ ਉਹ ਨਿਰਭਉ ਹੈ ਤਾਂ ਸੈਭੰ (ਆਪ-ਪ੍ਰਗਟਿਆ) ਵੀ ਹੋਵੇਗਾ। ਜੇ ਉਹ ਕਿਸੇ ਦੇ ਪ੍ਰਭਾਵ ਹੇਠ ਹੈ ਤਾਂ ਪ੍ਰਗਟ ਵੀ ਕਿਸੇ ਦੇ ਪ੍ਰਭਾਵ ਤੋਂ ਬਿਨਾ ਨਹੀਂ ਹੋਵੇਗਾ। ਜੇ ਕੋਈ ਪ੍ਰਾਰਥਨਾ ਕਰ ਕੇ ਉਸ ਨੂੰ ਪ੍ਰਭਾਵਤ ਕਰ ਲੈਣ ਦਾ ਸੁਝਾਅ ਦਿੰਦਾ ਹੈ, ਉਹ ਹਉਮੈ ਭਾਵ ਮਨਮੱਤ ਦਾ ਸ਼ਿਕਾਰ ਹੈ ਕਿਉਂਕਿ ਗਣਿਤੀ ਤਰਕ ਇਸ ਗੱਲ ਦਾ ਸਾਥ ਨਹੀਂ ਦਿੰਦਾ। ਜੇ ਉਹ ਬੇਨਤੀਆਂ, ਚੜ੍ਹਾਵਿਆਂ ਤੇ ਪੂਜਾ-ਪਾਠ ਨਾਲ ਪ੍ਰਭਾਵਤ ਹੋ ਕੇ ਕਿਸੇ 'ਤੇ ਮਿਹਰਬਾਨ ਹੋ ਜਾਂਦਾ ਹੈ ਤਾਂ ਉਹ ਨਿਰਵੈਰ ਨਹੀਂ। ਕਿਉਂਕਿ ਇਕਨਾਂ ਦਾ ਭਲਾ ਕਰਨਾ ਤੇ ਦੂਜਿਆਂ ਦਾ ਨਾ ਕਰਨਾ ਵੈਰ-ਸਮਾਨ ਵਰਤਾਰਾ ਹੈ। ਇਸ ਦੀ ਪਰਖ-ਪੜਚੋਲ ਕਰਨ ਨਾਲ ਇਸ ਗੱਲ ਦਾ ਸੱਚ ਸਾਹਮਣੇ ਆ ਜਾਂਦਾ ਹੈ। ਇਕ ਕਿਸਾਨ ਪੂਜਾ-ਪਾਠੀ ਹੈ ਤੇ ਦੂਜਾ ਨਹੀਂ। ਜੇ ਦੋਹਾਂ ਦੇ ਖੇਤ ਨਾਲ ਨਾਲ ਹਨ ਤਾਂ ਉਨ੍ਹਾਂ ਵਿਚ ਇਕ ਸਾਰ ਵਰਖਾ ਹੋਵੇਗੀ। ਤੀਰਥ ਇਸ਼ਨਾਨ ਲਈ ਜਾਂਦਿਆਂ ਸ਼ਰਧਾਲੂਆਂ ਦੀ ਕਾਰ ਖੱਡ ਵਿਚ ਡਿੱਗ ਪੈਂਦੀ ਹੈ। ਪਤਿਤ ਕਾਰ ਚਾਲਕ ਦੇ ਨਾਲ ਨਾਲ ਪੂਜਾ-ਪਾਠੀ ਸਵਾਰੀਆਂ ਵੀ ਮਾਰੀਆਂ ਜਾਂਦੀਆਂ ਹਨ। ਉਸ ਦੇ ਹੁਕਮਾਂ ਅੱਗੇ ਵਿਸ਼ੇਸ਼ ਅਧਿਕਾਰ ਨਹੀਂ ਚਲਦੇ, ਚਾਹੇ ਉਹ ਅਰਦਾਸਾਂ ਨਾਲ ਮੰਗੇ ਵੀ ਗਏ ਹੋਣ। ਇਸ ਤੋਂ ਉਲਟ ਵਿਚਾਰਾਂ ਦੇ ਧਾਰਨੀ ਗਣਿਤੀ-ਤਰਕ ਦੀ ਉਲੰਘਣਾ ਕਰਦੇ ਹਨ। ਇਸ ਲਈ ਉਹ ਹਉਮੈ-ਪ੍ਰਸਤ ਤੇ ਸਵਾਰਥੀ ਹਨ।

ਇਸ ਤਰ੍ਹਾਂ ਗੁਰ ਪ੍ਰਸਾਦਿ ਦਾ ਭਾਵ ਹੈ, ਵਿਧੀ ਵਿਖਿਆਤ, ਭਾਵ ਸਹੀ ਤੇ ਸਪਸ਼ਟ ਵਿਧੀ ਦੁਆਰਾ ਪ੍ਰਾਪਤ ਹੋਇਆ। ਇਹ ਸ਼ਬਦ ੴ ਅਤੇ ਮੂਲ ਮੰਤਰ ਦੇ ਪਰਮ ਸਤਿ ਦੀਆਂ ਵਡਿਆਈਆਂ ਦੇ ਸਬੰਧ ਵਿਚ ਵਰਤੇ ਗਏ ਹਨ। ਇਹ ਸ਼ਬਦ ਇਕ ਤਰ੍ਹਾਂ ਨਾਲ ਪਰਮ ਸਤਿ ਦਾ ਗੁਣ ਵੀ ਹਨ ਤੇ ਇਸ ਬਾਰੇ ਇਕ ਸੁਭਾਵਿਕ ਕਥਨ, ਹਵਾਲਾ ਵੀ ਅਤੇ ਸਰਬਜਨਕ ਉਪਦੇਸ਼ ਵੀ। ਇਸ ਤਰ੍ਹਾਂ ੴ ਦੇ ਸੂਤਰ ਦੇ ਅੰਤ ਵਿਚ ਗੁਰ ਪ੍ਰਸਾਦਿ ਲਿਖ ਕੇ ਗੁਰੂ ਨਾਨਕ ਨੇ ਬ੍ਰਹਿਮੰਡੀ ਮਸਲਿਆਂ ਬਾਰੇ ਸੋਚ ਵਿਚਾਰ ਨੂੰ ਅਗਿਆਨ ਤੇ ਅੰਧ-ਵਿਸ਼ਵਾਸ ਦੇ ਘੇਰੇ 'ਚੋਂ ਕੱਢ ਕੇ ਵਿਗਿਆਨ ਨਾਲ ਜੋੜਿਆ ਹੈ। ਇਹੀ ਨਹੀਂ, ਉਨ੍ਹਾਂ ਨੇ ਇਸ ਉਪਦੇਸ਼ ਰਾਹੀ ਸਮੁੱਚੀ ਮਨੁੱਖਤਾ ਨੂੰ ਜੀਵਨ ਵਿਚ ਵਿਗਿਆਨਕ ਰੁਚੀ ਅਪਨਾ ਕੇ ਪ੍ਰਗਤੀ ਲਈ ਪ੍ਰੇਰਿਆ ਹੈ। ਮੰਨੋ ਨਾ ਮੰਨੋ, ਇਸ ਨਾਲ ਸਮੁੱਚਾ ਸਿੱਖ ਪੰਥ ਸੰਸਾਰ ਵਿਚ ਵਿਗਿਆਨ, ਦਰਸ਼ਨ ਤੇ ਬੌਧਿਕ ਰਹਿਨੁਮਾਈ ਦੀਆਂ ਮੂਹਰਲੀਆਂ ਸਫਾਂ ਵਿਚ ਜਾ ਪਹੁੰਚਦਾ ਹੈ। ਇਸ ਨਾਲ ਉਹ ਅਣਕਿਆਸੇ ਵਿਸ਼ਵ-ਪੱਧਰੀ ਸਨਮਾਨ ਦਾ ਪਾਤਰ ਬਣਦਾ ਹੈ।

***(ਚਲਦਾ)***

# ਵੈਸਾਖ ਭਲਾ ਸਾਖਾ ਵੇਸ ਕਰੇ

## ਬਾਰਹਮਾਹ

**ਵਿਸਾਖ ਦੇਸੀ ਸਾਲ ਦਾ ਦੂਜਾ ਮਹੀਨਾ ਹੈ। ਇਸ ਮਹੀਨੇ ਗਰਮੀ ਪੈਣ ਲੱਗਦੀ ਹੈ ਅਤੇ ਕਣਕਾਂ ਪੱਕ ਜਾਂਦੀਆਂ ਹਨ ਤੇ ਵਾਢੀ ਸ਼ੁਰੂ ਹੋ ਜਾਂਦੀ ਹੈ। ਕਿਸਾਨ ਦੀ ਮਿਹਨਤ ਨੂੰ ਬੂਰ ਪੈਂਦਾ ਹੈ ਤੇ ਉਸ ਦੀਆਂ ਰੀਝਾਂ ਪੂਰੀਆਂ ਹੋਣ ਦੀ ਆਸ ਬੱਝਦੀ ਹੈ। ਅੰਬੀਆਂ ਵੱਡੀਆਂ ਹੋਣ ਲੱਗੀਆਂ ਹਨ ਅਤੇ ਕੋਇਲ ਕੂ ਕੂ ਕਰਨ ਲੱਗਦੀ ਹੈ। ਲੇਖਕ ਨੇ ਇਸ ਲੇਖ ਵਿਚ ਵਿਸਾਖ ਦੀਆਂ ਬਰਕਤਾਂ ਦੀ ਚਰਚਾ ਕੀਤੀ ਹੈ। -ਸੰਪਾਦਕ**

ਪੰਜਾਬ ਵਿਚ ਵਿਸਾਖ ਦਾ ਮਹੀਨਾ ਗਰਮੀ ਦੇ ਆਗਾਜ਼ ਦਾ ਮਹੀਨਾ ਹੈ। ਵਿਸਾਖ ਵਿਚ ਸ਼ੁਰੂ ਹੋਈ ਇਹ ਗਰਮੀ ਕਣਕ ਦੇ ਪੱਕਣ ਲਈ ਬੇਹੱਦ ਲੋੜੀਂਦੀ ਹੁੰਦੀ ਹੈ। ਕੁਦਰਤ ਵੱਲੋਂ ਬਖਸ਼ੇ ਨਿੱਘ ਸਦਕਾ ਕਣਕ ਸੋਨੇ ਰੰਗੀ ਹੋਣ ਲੱਗਦੀ ਹੈ ਅਤੇ ਸਿਟਿਆਂ ਵਿਚਲੇ ਦਾਣੇ ਭਰਪੂਰ ਹੋਣ ਲਗਦੇ ਹਨ। ਅਸਲ ਵਿਚ ਕਣਕ ਸ਼ਬਦ ਦਾ ਅਰਥ ਹੀ ਸੋਨਾ ਹੈ। ਕਿਸੇ ਸਮੇਂ ਪੰਜਾਬ ਦੀ ਮੁੱਖ ਫਸਲ ਕਣਕ ਹੀ ਸੀ ਅਤੇ ਜ਼ਿੰਦਗੀ ਦਾ ਸਾਰਾ ਨਿਰਬਾਹ ਹੀ ਇਸ 'ਤੇ ਆਧਾਰਿਤ ਸੀ। ਇਸ ਲਈ ਵਿਸਾਖ ਦਾ ਮਹੀਨਾ ਸ਼ੁਕਰ-ਸ਼ੁਕਰ ਕਰਕੇ ਆਉਂਦਾ ਸੀ। ਸ਼ਾਇਦ ਇਸੇ ਕਰਕੇ ਵਿਸਾਖ ਦੀ ਪਹਿਲੀ ਤਾਰੀਖ ਨੂੰ ਖੁਸ਼ੀਆਂ ਮਨਾਈਆਂ ਜਾਂਦੀਆਂ ਹਨ। ਜੇ ਕਿਤੇ ਠੰਡ ਦਾ ਮੌਸਮ ਲਮਕ ਜਾਵੇ ਜਾਂ ਵਿਸਾਖ ਵਿਚ ਮੀਂਹ ਪੈ ਜਾਵੇ ਤਾਂ ਕਣਕ ਦਾ ਝਾੜ ਘਟ ਜਾਂਦਾ ਹੈ

**ਆਸਾ ਸਿੰਘ ਘੁਮਾਣ**
**ਫੋਨ: 91-98152-53245**

ਅਤੇ ਕਿਸਾਨ ਦੀ ਸਾਰੀ ਆਰਥਿਕਤਾ ਹੀ ਤਿੜਕ ਜਾਂਦੀ ਹੈ।

ਵਿਸਾਖ ਦੇ ਸ਼ੁਰੂ ਵਿਚ ਖੇਤ ਹਰਿਆਵਲ ਨਾਲ ਭਰਪੂਰ ਹੁੰਦੇ ਹਨ, ਪਰ ਜਿਉਂ ਜਿਉਂ ਵਿਸਾਖ ਅੱਗੇ ਤੁਰੀ ਜਾਂਦਾ ਹੈ, ਲੈਂਡਸਕੇਪ ਬਦਲਣ ਲਗਦਾ ਹੈ। ਕਿਆਰੀਆਂ ਵਿਚ ਖਿੜੇ ਫੁੱਲਾਂ ਦਾ ਆਖਰੀ ਪਰਾਗਾ ਵਿਸਾਖ ਵਿਚ ਵੀ ਕਾਇਮ ਰਹਿੰਦਾ ਹੈ। ਖਾਸ ਤੌਰ 'ਤੇ ਬੋਗਿਨਵਿਲੇ ਦੀ ਬਹਾਰ ਤਾਂ ਵੇਖਣ ਲਾਇਕ ਹੁੰਦੀ ਹੈ। ਗੇਂਦੇ ਦੇ ਫੁੱਲ ਵੀ ਪੂਰੇ ਜੋਬਨ 'ਤੇ ਹੁੰਦੇ ਹਨ। ਡੇਲੀਏ ਦੇ ਵੱਡ-ਅਕਾਰੀ ਫੁੱਲ ਬਗੀਚਿਆਂ ਦੀ ਬਹਾਰ ਬਣੇ ਹੁੰਦੇ ਹਨ। ਲੰਘਣ ਵਾਲੇ ਕੋਲ ਖਲੋ-ਖਲੋ ਜਾਂਦੇ ਹਨ। ਪਰ ਗਰਮੀ ਵਧਣ ਕਰਕੇ ਇਹ ਛੋਟੀ-ਛੋਟੀ ਖਿੜਦੇ ਹਨ ਅਤੇ ਥੋੜੀ ਉਮਰ ਭੋਗ ਕੇ ਅਲਵਿਦਾ ਕਹੀ ਜਾਂਦੇ ਹਨ। ਕਈ ਵੱਡੇ ਰੁੱਖ ਵੀ ਭਰਪੂਰ ਫੁੱਲਾਂ 'ਤੇ ਹੁੰਦੇ ਹਨ। ਗੁਲਮੋਹਰ ਆਪਣੇ ਲਾਲ ਸੂਹੇ ਰੰਗਾਂ ਨਾਲ ਅਸਮਾਨ ਦੀ ਨੀਲੀ ਪਿੱਠ-ਭੂਮੀ ਵਿਚ ਖੂਬ ਰੰਗ ਬੰਨਦਾ ਹੈ। ਇਸ ਦੇ ਅੱਗ-ਰੰਗੇ ਫੁੱਲ ਜੇਠ-ਹਾੜ ਵਿਚ ਵੀ ਸੂਰਜ ਨਾਲ ਆਢਾ ਲਾਈ ਰੱਖਦੇ ਹਨ। ਇਨ੍ਹਾਂ ਦਿਨਾਂ ਵਿਚ ਹੀ ਅਨਾਰ ਦੇ ਲਾਲ ਸੂਹੇ ਫੁੱਲ ਕੁਦਰਤ ਦਾ ਕ੍ਰਿਸ਼ਮਾ ਜਾਪਦੇ ਹਨ।

ਪੰਜਾਬ ਦੇ ਪੇਂਡੂ ਖੇਤਰ ਵਿਚ ਭਾਵੇਂ ਅਮਲਤਾਸ, ਗੁਲਮੋਹਰ, ਕਚਨਾਰ, ਪੰਕੇਸ਼ੀਆ ਆਦਿ ਦੇ ਰੁੱਖ ਘੱਟ ਨਜ਼ਰ ਆਉਂਦੇ ਹਨ, ਪ੍ਰੰਤੂ ਭਾਰਤੀ ਮੂਲ ਦੇ ਇਹ ਰੁੱਖ ਜਿੱਥੇ ਕਿਤੇ ਸੜਕ ਦੇ ਕੰਢਿਆਂ 'ਤੇ ਜਾਂ ਸੰਸਥਾਵਾਂ ਦੇ ਵਿਹੜਿਆਂ ਵਿਚ ਮਿਲਦੇ ਹਨ, ਕੁਦਰਤ ਦੇ ਬਲਿਹਾਰੇ ਜਾਣ ਨੂੰ ਜੀ ਕਰਦਾ ਹੈ। ਪੰਜਾਬ ਵਿਚ ਨੀਲੇ ਰੰਗ ਦੇ ਫੁੱਲ ਬੜੇ ਘੱਟ ਨਜ਼ਰ ਆਉਂਦੇ ਹਨ, ਪਰ ਇਨ੍ਹਾਂ ਦਿਨਾਂ ਵਿਚ ਨੀਲੀ ਗੁਲਮੋਹਰ ਦਾ ਰੁੱਖ ਪੂਰੇ ਦਾ ਪੂਰਾ ਨੀਲੇ ਰੰਗ ਦੇ ਫੁੱਲਾਂ ਨਾਲ ਭਰਿਆ ਨਜ਼ਰ ਆਉਂਦਾ ਹੈ। ਗੁਲਾਬ ਦੀਆਂ ਰਹਿੰਦੀਆਂ-ਖੂੰਹਦੀਆਂ ਡੋਡੀਆਂ ਵੀ ਕਾਹਲੀ ਨਾਲ ਖਿੜਨ ਲੱਗਦੀਆਂ ਹਨ। ਫੁੱਲਾਂ ਦੀ ਗਿਣਤੀ ਵਧ ਜਾਂਦੀ ਹੈ ਪਰ ਅਕਾਰ ਛੋਟਾ ਹੋ ਜਾਂਦਾ ਹੈ। ਦੁਪਹਿਰ-ਖਿੜੀ (ਫੋਟੋ-ਲੀਕਾ) ਵੀ ਕਿਆਰੀਆਂ ਦੀ ਰੌਣਕ ਵਧਾਉਣ ਲੱਗਦੀ ਹੈ। ਜਿਉਂ-ਜਿਉਂ ਦਿਨ ਵਧਦਾ ਹੈ ਇਸ ਦੀਆਂ ਡੋਡੀਆਂ ਖੁੱਲ੍ਹੀ ਜਾਂਦੀਆਂ ਹਨ।

ਵਿਸਾਖ ਮਹੀਨੇ ਵਿਚ ਵੀ ਪੰਛੀਆਂ ਦਾ ਚਹਿਕਣਾ ਕਾਇਮ ਰਹਿੰਦਾ ਹੈ, ਭਾਵੇਂ ਅਸਮਾਨੀਂ ਚੁੰਗੀਆਂ ਭਰਨਾ ਘਟਣ ਲਗਦਾ ਹੈ। ਪੰਛੀ ਪੱਤਿਆਂ ਭਰੀਆਂ ਟਹਿਣੀਆਂ ਦਾ ਆਸਰਾ ਲੈਣ ਲਗਦੇ ਹਨ। ਕੋਇਲ ਦੀ ਕੂ-ਕੂ ਵੀ ਚੌਗਿਰਦੇ ਵਿਚ ਗੂੰਜਦੀ ਹੈ। ਵਿਸਾਖ ਵਿਚ ਤਾਂ ਸਗੋਂ ਇਹ ਹੋਰ ਵੀ ਬ੍ਰਿਹਾ-ਕੁੱਠੀ ਅਤੇ ਤਿੱਖੀ ਹੋ ਜਾਂਦੀ ਹੈ। ਇੰਜ ਲੱਗਦਾ ਹੈ ਜਿਵੇਂ ਕੋਇਲ ਆਪਣੀ ਵਿਆਕੁਲਤਾ ਅੰਬਰਾਂ ਤੱਕ ਪੁਚਾ ਦੇਣਾ ਚਾਹੁੰਦੀ ਹੋਵੇ। ਉਹ ਤੜਪ-ਤੜਪ ਕੇ, ਲੁੱਛ-ਲੁੱਛ ਕੇ ਕੂਕਦੀ ਹੈ। ਕਈ ਵਾਰ ਤਾਂ ਇਹ ਵੇਦਨਾ ਭਰੀ ਹੂਕ ਅੱਧੀ-ਅੱਧੀ ਰਾਤੀਂ ਵੀ ਸੁਣ ਪੈਂਦੀ ਹੈ।

ਵਿਸਾਖ ਦੇ ਪਹਿਲੇ ਦਿਨ ਵਿਸਾਖੀ ਦਾ ਤਿਉਹਾਰ ਮਨਾਇਆ ਜਾਂਦਾ ਹੈ, ਇਸ ਕਰਕੇ ਇਹ ਭੁਲੇਖਾ ਪੈਂਦਾ ਹੈ ਜਿਵੇਂ ਵਿਸਾਖ ਦੇਸੀ ਸਾਲ ਦਾ ਪਹਿਲਾ ਮਹੀਨਾ ਹੋਵੇ। ਇਹ ਕਾਫੀ ਹੱਦ ਤੱਕ ਠੀਕ ਵੀ ਹੈ; ਅਸਲ ਵਿਚ ਹਿੰਦੁਸਤਾਨ ਵਿਚ ਇਕ ਤੋਂ ਵੱਧ ਸੰਮਤ ਪ੍ਰਚਲਿਤ ਰਹੇ ਹਨ। ਸਾਡੇ ਤਿਉਹਾਰਾਂ ਦਾ ਸਬੰਧ ਚੰਨ ਅਤੇ ਸੂਰਜ ਦੋਹਾਂ ਨਾਲ ਜੁੜਿਆ ਰਿਹਾ ਹੈ। ਇਸ ਲਈ ਮੋਟੇ ਤੌਰ 'ਤੇ ਦੋ ਤਰ੍ਹਾਂ ਦੇ ਸਾਲ ਮੰਨੇ ਜਾਂਦੇ ਹਨ: ਸੂਰਜ ਵਰ੍ਹਾ ਅਤੇ ਚੰਨ-ਵਰ੍ਹਾ। ਸੂਰਜ ਵਰ੍ਹੇ ਨਾਲ ਸਬੰਧਤ ਸਾਡੇ ਦੋ ਤਿਉਹਾਰ ਆਉਂਦੇ ਹਨ-ਵਿਸਾਖੀ ਅਤੇ ਮਾਘੀ। ਮਾਘੀ ਤੋਂ ਪਹਿਲੇ ਦਿਨ ਲੋਹੜੀ ਮਨਾਈ ਜਾਂਦੀ ਹੈ। ਚੰਨ ਵਰ੍ਹੇ ਅਨੁਸਾਰ ਸਾਡੇ ਤਿਉਹਾਰ ਹਨ-ਦੁਸਹਿਰਾ, ਦੀਵਾਲੀ, ਬਸੰਤ ਪੰਚਮੀ, ਹੋਲੀ ਆਦਿ ਅਤੇ ਸਿੱਖ ਗੁਰੂ ਸਾਹਿਬਾਨ ਦੇ ਜਨਮ ਦਿਹਾੜੇ ਅਤੇ ਸ਼ਹੀਦੀਆਂ।

ਪੰਜਾਬ ਵਿਚ ਸਰਕਾਰੀ ਕੰਮਾਂ ਕਾਜਾਂ ਲਈ ਭਾਵੇਂ ਜਾਰਜੀਅਨ ਕੈਲੰਡਰ ਸਰਵ-ਪ੍ਰਵਾਨਿਤ ਹੈ, ਪਰ ਧਾਰਮਿਕ ਪਰੰਪਰਾਵਾਂ ਲਈ ਦੇਸੀ ਭਾਵ ਚੰਨ ਕੈਲੰਡਰ ਪ੍ਰਚਲਿਤ ਰਿਹਾ ਹੈ ਜੋ ਚੇਤਰ ਮਹੀਨੇ ਨਾਲ ਸ਼ੁਰੂ ਹੁੰਦਾ ਹੈ, ਪਰੰਤੂ ਬਿਕਰਮੀ ਸੰਮਤ ਵਿਸਾਖ ਤੋਂ ਸ਼ੁਰੂ ਹੁੰਦਾ ਮੰਨਿਆ ਜਾਂਦਾ ਹੈ।

ਡਾ. ਨਵਰਤਨ ਕਪੂਰ ਅਨੁਸਾਰ "ਚੰਨ ਵਰ੍ਹੇ ਦਾ ਅਰੰਭ ਚੇਤ ਤੋਂ ਹੁੰਦਾ ਹੈ, ਪਰ ਬਿਕਰਮੀ ਸੰਮਤ ਦਾ ਵਿਸਾਖ ਤੋਂ। ਸ਼ਾਇਦ ਮੁਖ-ਸੁਖ ਕਾਰਨ ਲੋਕਾਂ ਨੇ ਆਪਣੇ ਆਪਣੇ ਸਾਲ ਦੇ ਮੁਹਰਲੇ ਅੱਖਰ (ਚੰਨ=ਚੇਤ; ਵਿਕਰਮੀ=ਵਸਾਖ) ਨਾਲ ਅਰੰਭ ਹੋਣ ਵਾਲੇ ਮਹੀਨੇ ਨੂੰ ਹੀ ਇਹ ਮਹੱਤਵ ਬਖਸ਼ਿਆ ਹੈ।" ਜਦੋਂ ਸੂਰਜ ਮੇਖ ਰਾਸ਼ੀ ਵਿਚ ਪਰਵੇਸ਼ ਕਰਦਾ ਹੈ ਤਾਂ ਸੂਰਜ ਵਰ੍ਹੇ ਵਾਂਗ ਬਿਕਰਮੀ ਸੰਮਤ ਦਾ ਅਰੰਭ ਹੁੰਦਾ ਹੈ। ਪੁਰਾਣੇ ਸਮਿਆਂ ਤੋਂ ਇਸ ਦਿਨ ਇਸ਼ਨਾਨ ਕਰਨ ਦਾ ਬਹੁਤ ਮਹੱਤਵ ਸਮਝਿਆ ਜਾਂਦਾ ਰਿਹਾ ਹੈ। ਇਸ ਦੇ ਜਿੱਥੇ ਧਾਰਮਿਕ ਕਾਰਨ ਹਨ, ਉਥੇ ਵਿਗਿਆਨਕ ਵੀ ਹਨ। ਵਿਸਾਖ ਵਿਚ ਸੂਰਜ ਉਤਰਾਯਣ ਦਿਸ਼ਾ ਵਿਚ ਚਲਾ ਜਾਂਦਾ ਹੈ ਜਿਸ ਕਰਕੇ ਪਦਾਰਥਾਂ ਅਤੇ ਮਨੁੱਖੀ ਸਰੀਰ ਦਾ ਰਸ ਚੂਸਣ ਲੱਗਦਾ ਹੈ। ਇਸ਼ਨਾਨ ਕਰਨ ਨਾਲ ਅਗਨੀ ਅਤੇ ਜਲ-ਤੱਤ ਦਾ ਸੰਤੁਲਨ ਠੀਕ ਰਹਿੰਦਾ ਹੈ। ਨਦੀਆਂ, ਦਰਿਆਵਾਂ ਵਿਚ ਇਸ਼ਨਾਨ ਕਰਨ ਦੀ ਸ਼ਰਧਾ ਨੇ ਤੀਰਥ-ਅਸਥਾਨਾਂ ਨੂੰ ਜਨਮ ਦਿੱਤਾ ਅਤੇ ਹੌਲੀ ਹੌਲੀ ਵਿਸਾਖ ਦਾ ਤਿਉਹਾਰ ਧਾਰਮਿਕ, ਸਮਾਜਿਕ, ਰਾਜਨੀਤਕ ਅਤੇ ਸਭਿਆਚਾਰਕ ਮੇਲੇ ਦਾ ਰੂਪ ਧਾਰਨ ਲੱਗਾ। ਪੰਜਾਬ ਵਿਚ ਵਿਸਾਖੀ ਦੇ ਮੌਕੇ ਅੰਮ੍ਰਿਤਸਰ, ਦਮਦਮਾ ਸਾਹਿਬ, ਤਲਵੰਡੀ ਸਾਬੋ, ਕਰਤਾਰਪੁਰ, ਅਨੰਦਪੁਰ ਸਾਹਿਬ ਅਤੇ ਹੋਰ ਕਈ ਧਾਰਮਿਕ ਅਸਥਾਨਾਂ 'ਤੇ ਮੇਲੇ ਲੱਗਦੇ ਹਨ।

ਸਿੱਖ ਸਮਾਜ ਵਿਚ ਗੁਰੂ ਨਾਨਕ ਦੇਵ ਜੀ ਦਾ ਜਨਮ ਕੱਤਕ ਦੀ ਪੂਰਨਮਾਸ਼ੀ ਨੂੰ ਮਨਾਉਣ ਦੀ ਰਵਾਇਤ ਪ੍ਰਚਲਿਤ ਹੈ, ਭਾਵੇਂ ਕਿ ਹੁਣ ਇਤਿਹਾਸਕਾਰਾਂ ਨੇ ਇਹ ਪ੍ਰਵਾਨ ਕਰ ਲਿਆ ਹੈ ਕਿ ਉਨ੍ਹਾਂ ਦਾ ਜਨਮ 15 ਅਪਰੈਲ 1469 (ਵਿਸਾਖ ਸੁਦੀ 3, 1526) ਨੂੰ ਹੋਇਆ ਸੀ। ਡਾ. ਰਤਨ ਸਿੰਘ ਜੱਗੀ ਅਨੁਸਾਰ ਵਿਸਾਖੀ ਲਈ 'ਵਸੋਆ' ਸ਼ਬਦ ਵੀ ਵਰਤਿਆ ਜਾਂਦਾ ਹੈ; ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਦੀ 27ਵੀਂ ਪਾਉੜੀ ਵਿਚ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਘਰ-ਘਰ ਅਧਿਆਤਮਕ ਮਾਹੌਲ ਪੈਦਾ ਹੋ ਜਾਣ ਦਾ ਜ਼ਿਕਰ ਕੀਤਾ ਹੈ:

ਘਰਿ ਘਰਿ ਅੰਦਰ ਧਰਮ ਸਾਲ
ਹੋਵੈ ਕੀਰਤਨ ਸਦਾ ਵਿਸੋਆ।

ਹੋ ਸਕਦਾ ਹੈ, ਸਿੱਖ ਧਰਮ ਵਿਚ 'ਵਿਸੋਏ' ਭਾਵ ਵਿਸਾਖੀ ਦੀ ਮਹੱਤਤਾ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਹੋਰ ਵਧ ਗਈ ਹੋਵੇ ਅਤੇ ਗੁਰੂ ਸਾਹਿਬਾਨ ਨੇ ਵਿਸਾਖੀ ਦੇ ਮੌਕੇ ਵੱਡੇ ਇਕੱਠ ਕਰਨੇ ਸ਼ੁਰੂ ਕਰ ਦਿੱਤੇ ਹੋਣ। ਗੁਰੂ ਰਾਮਦਾਸ ਜੀ ਨੇ ਤਾਂ ਸੰਗਤਾਂ ਨੂੰ ਸਪੱਸ਼ਟ ਕਿਹਾ ਸੀ ਕਿ ਉਹ ਵਿਸਾਖੀ ਵਾਲੇ ਦਿਨ ਦੇਵਤਿਆਂ ਦੇ ਨਾਂ ਉਤੇ ਪੰਡਿਤਾਂ-ਪੁਜਾਰੀਆਂ ਨੂੰ ਕਣਕ, ਚੌਲ ਆਦਿ ਚੜ੍ਹਾਉਣ ਦੀ ਥਾਂ ਵਿਸਾਖੀ ਅਤੇ ਦੀਵਾਲੀ ਦੇ ਤਿਉਹਾਰਾਂ ਉਤੇ ਗੁਰੂ ਦੀ ਹਜ਼ੂਰੀ ਵਿਚ ਇਕੱਠੇ ਹੋਇਆ ਕਰਨ। ਸੰਨ 1699 ਵਿਚ ਖਾਲਸਾ ਸਿਰਜਣਾ ਦਿਵਸ ਦੀ ਵਿਸਾਖੀ ਵੀ ਇਸੇ ਸੰਦਰਭ ਵਿਚ ਵੇਖੀ ਜਾ ਸਕਦੀ ਹੈ।

ਅਨੰਦਪੁਰ ਸਾਹਿਬ ਵਿਖੇ ਪਹਿਲਾਂ ਵੀ ਵਿਸਾਖੀ ਵਾਲੇ ਦਿਨ ਮੇਲਾ ਲੱਗਦਾ ਹੋਵੇਗਾ; ਉਸ ਵਿਸ਼ੇਸ਼ ਵਿਸਾਖੀ 'ਤੇ ਵੱਡਾ ਇਕੱਠ ਕਰਨ ਲਈ ਉਚੇਚੇ ਯਤਨ ਕੀਤੇ ਗਏ ਹੋਣਗੇ। ਜਰਵਾਣਿਆਂ ਦਾ ਮੁਕਾਬਲਾ ਕਰਨ ਲਈ ਲਤਾੜੇ ਪਏ ਲੋਕਾਂ ਵਿਚ ਇਕੱਠ ਦੀ ਤਾਕਤ ਦਾ ਮੁਜਾਹਰਾ ਕਰਨਾ ਬੇ-ਹੱਦ ਜ਼ਰੂਰੀ ਸੀ। ਤਾਕਤਵਰ ਦਾ ਮੁਕਾਬਲਾ ਊਚ-ਨੀਚ ਦੀ ਭਾਵਨਾ ਮਿਟਾ ਕੇ ਹੀ ਹੋ ਸਕਦਾ ਸੀ। ਨਿਵੇਕਲੇ ਢੰਗ ਨਾਲ ਜਾਤ-ਪਾਤ ਦਾ ਵਿਤਕਰਾ ਮਿਟਾ ਕੇ ਇਕੋ ਬਾਟੇ ਵਿਚੋਂ ਅੰਮ੍ਰਿਤ ਛਕਾ ਕੇ ਖਾਲਸੇ ਦੀ ਸਾਜਨਾ ਕਰਕੇ ਦੁਨੀਆਂ ਦੇ ਇਤਿਹਾਸ ਵਿਚ ਇਕ ਵਿਲੱਖਣ ਇਤਿਹਾਸਕ ਚੈਪਟਰ ਸ਼ੁਰੂ ਕੀਤਾ ਗਿਆ।



ਗੁਰੂ ਗੋਬਿੰਦ ਸਿੰਘ ਜੀ ਮਗਰੋਂ ਸਿੱਖ ਇਤਿਹਾਸ ਵਿਚ ਵਿਸਾਖੀ ਖਾਲਸਾ ਸਾਜਨਾ ਦਿਵਸ ਵਜੋਂ ਮਨਾਈ ਜਾਣ ਲੱਗੀ ਅਤੇ ਇਹ ਸਮਾਜਕ ਮੌਕੇ ਦੇ ਨਾਲ ਨਾਲ ਵੱਡਾ ਧਾਰਮਿਕ ਇਤਿਹਾਸਕ ਦਿਨ ਬਣ ਗਿਆ। ਗੁਰਦੁਆਰਿਆਂ ਵਿਚ ਖਾਸ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਮ੍ਰਿਤ-ਪ੍ਰਚਾਰ ਦਾ ਪ੍ਰਬੰਧ ਕੀਤਾ ਜਾਂਦਾ ਹੈ। ਕਈ ਸੰਸਥਾਵਾਂ ਵੱਲੋਂ ਇਹ ਦਿਨ ਪਿਛਲੇ ਕੁਝ ਸਾਲਾਂ ਤੋਂ ਅੰਤਰਰਾਸ਼ਟਰੀ ਦਸਤਾਰ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਇਸ ਮੌਕੇ ਨੌਜੁਆਨਾਂ ਦੇ ਦਸਤਾਰ ਮੁਕਾਬਲੇ ਕਰਾਏ ਜਾਂਦੇ ਹਨ।

ਪੰਜਾਬ ਸਦੀਆਂ ਤੋਂ ਖੇਤੀ-ਪ੍ਰਧਾਨ ਸੂਬਾ ਰਿਹਾ ਹੈ। ਵਿਸਾਖੀ ਦੀ ਉਡੀਕ ਵਿਚ ਕਣਕ ਦੇ ਪੱਕਣ ਦੀ ਉਡੀਕ ਸ਼ਾਮਲ ਹੁੰਦੀ ਹੈ। ਬੜੀ ਮਿਹਨਤ ਨਾਲ ਪਾਲੀ ਅਤੇ ਪਸ਼ੂ-ਪੰਛੀਆਂ ਤੋਂ ਬਚਾਈ ਫਸਲ ਜਦੋਂ ਸਿਰੇ ਲੱਗਦੀ ਜਾਪਦੀ ਹੈ ਤਾਂ ਖੁਸ਼ੀਆਂ ਵੀ ਮਨਾਈਆਂ ਜਾਂਦੀਆਂ ਹਨ ਤੇ ਅਰਦਾਸਾਂ ਵੀ ਕੀਤੀਆਂ ਜਾਂਦੀਆਂ ਹਨ। ਜੇ ਵਿਸਾਖੀ ਤੱਕ ਕਣਕ ਨਾ ਵੀ ਪੱਕੀ ਹੋਵੇ ਤਾਂ ਦਾਤਰੀ ਛੁਹਾ ਕੇ ਵਾਢੀ ਦਾ ਸ਼ਗਨ ਕਰ ਲਿਆ ਜਾਂਦਾ ਹੈ। ਵਿਸਾਖ ਮਹੀਨਾ ਕਿਉਂਕਿ ਰੁਝੇਵਿਆਂ ਭਰਿਆ ਹੁੰਦਾ ਹੈ, ਇਸ ਲਈ ਇਸ ਮਹੀਨੇ ਹੋਰ ਕੋਈ ਤਿਉਹਾਰ, ਪੁਰਬ ਜਾਂ ਵਿਸ਼ੇਸ਼ ਦਿਹਾੜਾ ਪੰਜਾਬ ਵਿਚ ਨਹੀਂ ਮਨਾਇਆ ਜਾਂਦਾ। ਗੁਰੂ ਨਾਨਕ ਦੇਵ ਜੀ ਇਸ ਮਹੀਨੇ ਦੇ ਪਰਥਾਇ ਲਿਖਦੇ ਹਨ:

ਵੈਸਾਖੁ ਭਲਾ ਸਾਖਾ ਵੇਸ ਕਰੇ॥
ਧਨ ਦੇਖੈ ਹਰਿ ਦੁਆਰਿ
ਆਵਹੁ ਦਇਆ ਕਰੇ॥
ਘਰ ਆਉ ਪਿਆਰੇ ਦੁਤਰ ਤਾਰੇ
ਤੁਧੁ ਬਿਨੁ ਅਢੁ ਨ ਮੋਲੋ॥
ਕੀਮਤਿ ਕਉਣ ਕਰੇ ਤੁਧੁ ਭਾਵਾਂ
ਦੇਖਿ ਦਿਖਾਵੈ ਢੋਲੋ॥
ਦੂਰਿ ਨ ਜਾਨਾ ਅੰਤਰਿ ਮਾਨਾ
ਹਰਿ ਕਾ ਮਹਲੁ ਪਛਾਨਾ॥
ਨਾਨਕ ਵੈਸਾਖੀ ਪ੍ਰਭੁ ਪਾਵੈ
ਸੁਰਤਿ ਸਬਦਿ ਮਨੁ ਮਾਨਾ॥

ਕਮਾਲ ਦਾ ਸੰਕਲਪ ਹੈ, ਬਾਬੇ ਨਾਨਕ ਦੇ ਫਲਸਫੇ ਦਾ। ਮਨੁੱਖ ਕੁਦਰਤ ਨਾਲ ਕਿਸੇ ਵੀ ਸਥਿਤੀ ਵਿਚ ਟਕਰਾਅ ਵਿਚ ਨਹੀਂ ਆਉਂਦਾ। ਜੀਵ-ਆਤਮਾ ਹਰ ਮਹੀਨੇ ਬ੍ਰਿਹਾ ਹੰਢਾ ਰਹੀ ਹੈ, ਕਲੇਸ਼ ਵਿਚ ਹੈ, ਪਰ ਉਹ ਵਾਧੇ-ਘਾਟੇ ਦਾ ਉਜਰ ਨਹੀਂ ਕਰਦੀ। ਇਹ ਸਾਰਾ ਬ੍ਰਹਿਮੰਡ ਕਾਦਰ ਦੀ ਕੁਦਰਤ ਦਾ ਪਸਾਰਾ ਹੈ, ਇਸ ਲਈ ਸਭ ਭਲੋ-ਭਲਾ ਹੈ। ਵੈਸਾਖ ਦਾ ਮਹੀਨਾ ਤਾਂ ਹੈ ਹੀ ਭਲਾ ਕਿਉਂਕਿ ਇਸ ਮਹੀਨੇ ਨਿਰ-ਵਸਤਰ ਟਹਿਣੀਆਂ ਨੂੰ ਭਰਪੂਰ ਕੱਜਣ ਮਿਲ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੇ ਬਾਰਹਮਾਂਹ ਦੀ ਵਡਿਆਈ ਹੈ ਕਿ ਇਸ ਵਿਚ ਰੂਹਾਨੀਅਤ ਤੋਂ ਬਿਨਾ ਜੇ ਕੁਝ ਹੋਰ ਮਿਲਦਾ ਹੈ ਤਾਂ ਉਹ ਕੁਦਰਤ-ਵਰਣਨ ਹੀ ਹੈ। ਭਾਵੇਂ ਕਿ ਹਰ ਘੜੀ, ਹਰ ਪਲ, ਹਰ ਮਹੀਨਾ ਉਸ ਕਾਦਰ ਦੀ ਬਖਸ਼ਿਸ਼ ਹੈ, ਇਸ ਲਈ ਖਿੜੇ ਮੱਥੇ ਸਵੀਕਾਰ ਹੈ, ਪਰ ਕਈ ਮਹੀਨੇ ਐਸੇ ਹੁੰਦੇ ਹਨ, ਜਦੋਂ ਕੁਦਰਤ ਆਪਣੇ ਖੁਸ਼-ਨੁਮਾ ਮਾਹੌਲ ਅਤੇ ਖੇੜੇ ਦੇ ਸਿਖਰ 'ਤੇ ਹੁੰਦੀ ਹੈ; ਉਹ ਮਹੀਨੇ, ਉਹ ਦਿਨ, ਮਿਲਾਪ ਦੇ ਵੱਧ ਅਨੁਕੂਲ ਹੁੰਦੇ ਹਨ।

ਚੇਤ ਮਹੀਨੇ ਦੇ ਮੁਕਾਬਲੇ ਵਿਸਾਖ ਦੀ ਇਸ ਰਚਨਾ ਵਿਚ ਕੁਦਰਤ-ਚਿਤਰਣ ਦਾ ਅਭਾਵ ਹੈ, ਪਰ ਮਹੀਨੇ ਦੇ ਸਮੁੱਚੇ ਮਾਹੌਲ ਵੱਲ ਇਸ਼ਾਰੇ ਜ਼ਰੂਰ ਹਨ। ਵਿਸਾਖ ਮਹੀਨੇ ਫਸਲਾਂ ਪੱਕ ਜਾਣ 'ਤੇ ਜਿਨਸ ਦੇ ਮੁੱਲ ਦੀ ਗੱਲ ਮਾਹੌਲ ਵਿਚ ਚੱਲਣੀ ਸੁਭਾਵਕ ਹੈ। ਇਹ ਗੱਲਬਾਤ ਕਾਵਿ ਕਲਾ ਵਿਚ ਵੀ ਆ ਸ਼ਾਮਲ ਹੋਈ ਹੈ। ਜੇ ਪਤੀ ਹੀ ਕੀਮਤ ਨਾ ਪਾਵੇ ਤਾਂ ਸੁਆਣੀ ਕੌਡੀ ਦੀ ਵੀ ਨਹੀਂ ਅਤੇ ਜੇ ਪਤੀ ਦੀਆਂ ਨਿਗਾਹਾਂ ਵਿਚ ਉਹ ਮੁੱਲਵਾਨ ਹੈ ਤਾਂ ਉਹ ਬਹੁ-ਮੁੱਲੀ ਤਾਂ ਕੀ, ਅਨਮੁੱਲੀ ਹੈ।

ਇਸ ਸ਼ਬਦ ਵਿਚ ਉਸ ਪਰਮਾਤਮਾ ਲਈ 'ਹਰਿ' ਅਤੇ 'ਪਿਆਰਾ' ਲਫਜ਼ ਵਰਤੇ ਗਏ ਹਨ। ਬਾਰਹਮਾਂਹ ਮਾਝ ਅਤੇ ਤੁਖਾਰੀ ਇਸੇ ਕਰਕੇ ਵਿਲੱਖਣ ਰਚਨਾਵਾਂ ਹਨ ਕਿ ਇਨ੍ਹਾਂ ਵਿਚ ਪਰਮਾਤਮਾ ਪੂਜਣ ਦਾ ਵਿਸ਼ਾ ਨਹੀਂ, ਪਿਆਰਨ ਦਾ ਵਿਸ਼ਾ ਹੈ; ਦਿਮਾਗ ਦਾ ਵਿਸ਼ਾ ਨਹੀਂ, ਦਿਲ ਦਾ ਵਿਸ਼ਾ ਹੈ। ਪੂਜਾ ਦੀ ਨਹੀਂ, ਪਸੀਜਣ ਦੀ ਲੋੜ ਹੈ। ਗੁਰੂ ਜੀ ਵਿਸਾਖ ਮਹੀਨੇ ਕੀਤੇ ਜਾਂਦੇ ਪੂਜਾ-ਪਾਠ ਦੇ ਅਡੰਬਰ ਤੋਂ ਜਾਣੂੰ ਸਨ ਤਾਂ ਹੀ ਇਸ਼ਾਰਾ ਕਰਦੇ ਹਨ ਕਿ ਸਭ ਤੋਂ ਵੱਧ ਜ਼ਰੂਰੀ ਹੈ, ਸੁਰਤਿ ਅਤੇ ਸ਼ਬਦਿ। ਜਿੰਨੀ ਦੇਰ ਤੱਕ ਮਨੁੱਖ ਇਨ੍ਹਾਂ ਦੇ ਮਹੱਤਵ ਨੂੰ ਨਹੀਂ ਸਮਝਦਾ, ਮਹਾਂ-ਮਿਲਾਪ ਦਾ ਭਾਗੀ ਨਹੀਂ ਹੋ ਸਕਦਾ। ਉਸ ਦੇ ਨਾਂ ਦੀ ਸਮਾਧੀ ਲਾਉਣੀ ਪਵੇਗੀ, ਅੰਤਰ ਧਿਆਨ ਹੋਣਾ ਪਵੇਗਾ। ਨਾਲ ਹੀ ਉਸ ਦੇ ਬਾਹਰੀ ਸਰੂਪ ਨੂੰ ਕੁਦਰਤ ਦਰਸ਼ਨ ਰਾਹੀਂ ਸਮਝਣਾ ਜ਼ਰੂਰੀ ਹੋਵੇਗਾ, ਉਸ ਦੇ ਹਰ ਰੂਪ ਨੂੰ ਸਵੀਕਾਰਨਾ ਪਵੇਗਾ। ਇਹੀ ਅੰਦਰੂਨੀ ਪਿਆਰ ਦੀ ਸਭ ਤੋਂ ਵੱਡੀ ਸਮਰੱਥਾ ਹੈ। ਇਹ ਸਰੀਰਾਂ ਦਾ ਮੇਲ ਹੀ ਨਹੀਂ, ਇਹ ਰੂਹਾਂ ਦਾ ਮਿਲਨ ਵੀ ਹੈ। ਕੋਸ਼ਿਸ਼ਾਂ ਵਿਚ ਕੋਈ ਕਮੀ ਨਹੀਂ ਰਹਿਣੀ ਚਾਹੀਦੀ, ਪਰ ਇਹ ਜਾਣ ਲੈਣਾ ਵੀ ਜ਼ਰੂਰੀ ਹੈ ਕਿ ਮਨੁੱਖ ਆਤਮ-ਸਮਰੱਥ ਨਹੀਂ।

ਕੁਦਰਤ ਦੇ ਸਾਰੇ ਰੂਪ ਕਿਵੇਂ ਨਾਲੋ-ਨਾਲ ਚੱਲਦੇ ਹਨ, ਇਸ ਦੀਆਂ ਕਈ ਮਿਸਾਲਾਂ ਦਿੱਤੀਆਂ ਜਾਂਦੀਆਂ ਹਨ। ਗਰਮੀ ਵਧਣ ਨਾਲ ਛਾਂ ਦੀ ਲੋੜ ਹੁੰਦੀ ਹੈ, ਜਿਸ ਦਾ ਕੁਦਰਤ ਅਗਾਊਂ ਹੀ ਪ੍ਰਬੰਧ ਕਰਨ ਲਗਦੀ ਹੈ। ਵਿਸਾਖ ਵਿਚ ਸ਼ੁਰੂ ਹੋਈ ਗਰਮੀ ਨਾਲ ਰੁੱਖਾਂ ਬੂਟਿਆਂ 'ਤੇ ਭਰਪੂਰ ਰੌਣਕ ਆਉਣ ਲਗਦੀ ਹੈ। ਗਰਮੀ ਜਿਉਂ-ਜਿਉਂ ਵਧਦੀ ਹੈ, ਰੁੱਖਾਂ 'ਤੇ ਭਰਪੂਰ ਹਰਿਆਵਲ ਹੋਣ ਲੱਗਦੀ ਹੈ। ਪਾਣੀ ਦੀ ਮੰਗ ਕੁਦਰਤੀ ਵਧਣ ਲੱਗਦੀ ਹੈ, ਜਿਸ ਨੂੰ ਪੂਰਾ ਕਰਨ ਲਈ ਪਹਾੜਾਂ 'ਤੇ ਪਈ ਬਰਫ ਪਿਘਲਣ ਲੱਗਦੀ ਹੈ ਅਤੇ ਨਦੀਆਂ-ਦਰਿਆਵਾਂ ਵਿਚ ਪਾਣੀ ਛੱਲਾਂ ਮਾਰਨ ਲੱਗਦਾ ਹੈ। ਨਦੀ ਕਿਨਾਰੇ ਵੱਸਦੇ ਪਿੰਡਾਂ ਨੂੰ ਨਾਹੁਣ-ਧੋਣ ਅਤੇ ਸਿੰਜਾਈ ਲਈ ਪਾਣੀ ਦੀ ਤੋਟ ਨਹੀਂ ਰਹਿੰਦੀ। ਬਾਗਾਂ 'ਤੇ ਬਹਾਰ ਆਉਣ ਲੱਗਦੀ ਹੈ। ਪੰਛੀ ਚਹਿਚਹਾਉਣ ਲਗਦੇ ਹਨ।

ਵਿਸਾਖ ਦੇ ਦਿਨੀਂ ਵਾਢੀ ਕਰਦਿਆਂ ਗਰਮੀ ਵੀ ਲਗਦੀ ਹੈ ਅਤੇ ਘੱਟਾ-ਮਿੱਟੀ ਵੀ ਚੜ੍ਹਦਾ ਹੈ, ਜਿਸ ਨਾਲ ਗਲਾ ਖਰਾਬ ਹੋ ਜਾਂਦਾ ਹੈ। ਪਰ ਕੁਦਰਤ ਨੇ ਨਾਲ ਹੀ ਗੁੜ ਵੀ ਦਿੱਤਾ ਹੈ, ਜਿਸ ਦੀ ਫਸਲ ਕੁਝ ਸਮਾਂ ਪਹਿਲਾਂ ਹੀ ਸਾਂਭੀ ਗਈ ਹੁੰਦੀ ਹੈ। ਗਲਾ ਸਾਫ ਕਰਨ ਲਈ ਗੁੜ ਬੜਾ ਗੁਣਕਾਰੀ ਸਾਬਤ ਹੁੰਦਾ ਹੈ ਜਦੋਂ ਕਿ ਸ਼ੱਕਰ ਜਾਂ ਕੱਕੋਂ ਘੋਲ ਕੇ ਪੀਤਾ ਸ਼ਰਬਤ ਠੰਡਕ ਪਹੁੰਚਾਉਂਦਾ ਹੈ। ਜੌਂਅ ਤੋਂ ਤਿਆਰ ਕੀਤੇ ਸੱਤੂ, ਸ਼ਰਬਤ ਵਿਚ ਘੋਲ ਕੇ ਪੀਣ ਨਾਲ ਸਭ ਗਰਮੀ ਉਡੰਤ ਹੋ ਜਾਂਦੀ ਹੈ ਅਤੇ ਪੇਟ ਠੀਕ ਮਹਿਸੂਸ ਕਰਦਾ ਹੈ।

ਕਣਕ ਵੱਢਣ ਪਿਛੋਂ ਪੰਜਾਬ ਦਾ ਲੈਂਡਸਕੇਪ ਸੁੰਨਾ-ਸੁੰਨਾ ਲੱਗਣ ਲੱਗਦਾ ਹੈ, ਪਰ ਜਿਨ੍ਹਾਂ ਇਲਾਕਿਆਂ ਵਿਚ ਕੰਬੋਜ ਜਾਂ ਰਾਈ ਲੋਕ ਬੈਠੇ ਹਨ, ਉਥੇ ਖੇਤਾਂ ਵਿਚ ਹਰਿਆਵਲ ਨਜ਼ਰ ਆਉਂਦੀ ਹੈ। ਆਲੂਆਂ ਦੀ ਥਾਂ ਲਾਈਆਂ ਸਬਜ਼ੀਆਂ ਕਣਕਾਂ ਵੱਢਣ ਤੱਕ ਕਾਫੀ ਕਾਇਮ ਹੋ ਜਾਂਦੀਆਂ ਹਨ। ਕਈ ਖੇਤਾਂ ਵਿਚ ਸੂਰਜਮੁਖੀ ਆਪਣੀ ਭਰਵੀਂ ਹਾਜ਼ਰੀ ਲਵਾ ਰਿਹਾ ਹੁੰਦਾ ਹੈ। ਪੱਠਿਆਂ ਦੇ ਗਾਚੇ, ਕਮਾਦ, ਸੱਠੀ ਮੱਕੀ ਅਤੇ ਸਬਜ਼ੀਆਂ ਖੇਤਾਂ ਨੂੰ ਹਰਿਆਵਲ ਬਖਸ਼ੀ ਰੱਖਦੀਆਂ ਹਨ।

ਕਣਕਾਂ ਦੀ ਵਾਢੀ ਕਾਰਨ ਪੰਜਾਬੀਆਂ ਲਈ ਇਹ ਮਹੀਨਾ ਬੜਾ ਰੁਝੇਵਿਆਂ ਭਰਿਆ ਹੁੰਦਾ ਹੈ। ਅੱਜ-ਕੱਲ ਤਾਂ ਕਈ ਕਿਸਮਾਂ ਦੀਆਂ ਮਸ਼ੀਨਾਂ ਚੱਲ ਪਈਆਂ ਹਨ ਜਿਨ੍ਹਾਂ ਨੇ ਕਣਕ ਦੀ ਵਢਾਈ ਅਤੇ ਦਾਣੇ ਕੱਢਣ ਦਾ ਕੰਮ ਸੌਖਾ ਕਰ ਦਿਤਾ ਹੈ, ਪਰ ਪਹਿਲੇ ਜ਼ਮਾਨਿਆਂ ਵਿਚ ਇਹ ਕਾਰਜ ਬਹੁਤ ਔਖਾ ਸੀ। ਕਣਕ ਹੱਥੀਂ ਵੱਢੀ ਜਾਂਦੀ ਸੀ, ਰੱਸਿਆਂ ਜਾਂ ਖੱਬੜਾਂ ਵਿਚ ਬੰਨ ਕੇ ਸਾਂਭੀ ਜਾਂਦੀ ਤਾਂ ਕਿ ਕਿਤੇ ਉਡ ਨਾ ਜਾਵੇ। ਉਪਰੰਤ, ਉਸ 'ਤੇ ਪਸ਼ੂ ਤੇ ਫਲ੍ਹੇ ਫੇਰ ਕੇ ਗਾਹੀ ਜਾਂਦੀ ਅਤੇ ਦਾਣੇ ਤੇ ਤੂੜੀ ਅਲੱਗ ਕੀਤੇ ਜਾਂਦੇ। ਇਸ ਸਭ ਕਾਸੇ ਨੂੰ ਸਾਰਾ ਵਿਸਾਖ ਲੰਘ ਜਾਂਦਾ। ਇਹੀ ਵਜ੍ਹਾ ਹੈ ਕਿ ਵਿਸਾਖ ਮਹੀਨੇ ਕੋਈ ਦਿਨ-ਦਿਹਾਰ ਜਾਂ ਤਿਉਹਾਰ ਘੱਟ ਹੀ ਆਉਂਦਾ ਹੈ।

ਅਜੋਕੇ ਪੰਜਾਬ ਵਿਚ ਵਿਸਾਖ ਮਹੀਨੇ ਕਿਸਾਨ ਭਰਾਵਾਂ ਵੱਲੋਂ ਵਾਤਾਵਰਣ ਬਹੁਤ ਪ੍ਰਦੂਸ਼ਤ ਕਰ ਦਿੱਤਾ ਜਾਂਦਾ ਹੈ। ਪੰਜਾਬ ਦਾ ਕਿਸਾਨ ਭਾਵੇਂ ਖੁਦ ਕਈ ਦੁਸ਼ਵਾਰੀਆਂ ਦਾ ਸਾਹਮਣਾ ਕਰ ਰਿਹਾ ਹੈ, ਪਰ ਅਗਿਆਨ ਅਧੀਨ ਅਤੇ ਬੇ-ਪਰਵਾਹੀ ਦੇ ਆਲਮ ਵਿਚ ਕਈ ਖੁਦੀਆਂ ਵੀ ਕਰ ਰਿਹਾ ਹੈ। ਕਣਕ ਤੋਂ ਬਾਦ ਝੋਨੇ ਦੀ ਤਿਆਰੀ ਲਈ ਕਣਕ ਦੇ ਵੱਢ ਨੂੰ ਅੱਗ ਲਾ ਦਿੱਤੀ ਜਾਂਦੀ ਹੈ। ਦੂਰ-ਦੂਰ ਤੱਕ ਅੱਗ ਅਤੇ ਧੂੰਏਂ ਦੇ ਬੱਦਲ ਨਜ਼ਰ ਆਉਂਦੇ ਹਨ। ਇਹ ਸਿਲਸਿਲਾ ਹਰ ਰੋਜ਼ ਕਿਸੇ ਨਾ ਕਿਸੇ ਪਾਸੇ ਚੱਲਦਾ ਰਹਿੰਦਾ ਹੈ। ਇਸ ਅੱਗ ਨਾਲ ਸੜਕ-ਬੰਨਿਆਂ 'ਤੇ ਉਗੇ ਰੁੱਖ-ਬੂਟੇ ਸੜ ਜਾਂਦੇ ਹਨ ਜਾਂ ਝੁਲਸ ਜਾਂਦੇ ਹਨ। ਨਿੱਕੇ-ਮੋਟੇ ਜੀਵ-ਜੰਤੂ ਸੜ-ਮਰ ਜਾਂਦੇ ਹਨ। ਸਭ ਪਾਸੇ ਸੁਆਹ ਹੀ ਸੁਆਹ ਹੁੰਦੀ ਹੈ। ਜਦ ਹਨੇਰੀ ਆਉਂਦੀ ਹੈ ਤਾਂ ਇਹ ਖੇਤਾਂ ਵਿਚੋਂ ਉਡ ਕੇ ਹਰ ਪਾਸੇ ਪਸਰ ਜਾਂਦੀ ਹੈ ਅਤੇ ਵਾਯੂ ਮੰਡਲ ਨੂੰ ਧੁੰਦਲਾ-ਗੰਧਲਾ ਕਰ ਦਿੰਦੀ ਹੈ। ਭਾਵੇਂ ਸਰਕਾਰ ਇਸ ਵਿਰੁਧ ਕਈ ਵਾਰ ਚਿਤਾਵਨੀ ਦੇ ਚੁਕੀ ਹੈ ਪਰ ਸਖਤ ਐਕਸ਼ਨ ਨਾ ਲੈਣ ਕਰਕੇ ਇਹ ਚਲਨ ਰੁਕਣ ਦੀ ਥਾਂ ਵਧਦਾ ਜਾ ਰਿਹਾ ਹੈ। ਲੋੜ ਹੈ ਕਿ ਜਾਗਰੂਕਤਾ ਲਹਿਰ ਵੀ ਚਲਾਈ ਜਾਵੇ ਅਤੇ ਸਖਤੀ ਵੀ ਕੀਤੀ ਜਾਵੇ।

# ਅੱਲ੍ਹਾ ਹੂ ਵਾਲੀ ਵੰਝਲੀ ਵਜਾ ਕੇ...

ਸੰਗੀਤ ਦੀ ਸੰਗਤ

2

***'ਸੰਗੀਤ ਦੀ ਸੰਗਤ' ਦੀ ਦੂਜੀ ਕੜੀ ਵਿਚ ਵੀ 'ਪੰਜਾਬ ਟਾਈਮਜ਼' ਦੇ ਖੈਰ-ਖਵਾਹ ਸੀਨੀਅਰ ਪੱਤਰਕਾਰ ਗੁਰਦਿਆਲ ਸਿੰਘ ਬੱਲ ਨੇ ਸੰਗੀਤ ਦਾ ਖੂਬ ਮੇਲਾ ਲਾਇਆ ਹੈ ਅਤੇ ਵੱਖ ਵੱਖ ਗਾਇਕਾਂ ਤੇ ਉਨ੍ਹਾਂ ਦੀਆਂ ਗਾਇਨ ਸ਼ੈਲੀਆਂ ਬਾਰੇ ਤਬਸਰਾ ਕੀਤਾ ਹੈ। ਇਸ ਲੇਖ ਲੜੀ ਵਿਚ ਲਿਖਾਰੀ ਨੇ ਪੁਰਾਣੇ ਵੇਲਿਆਂ ਵਿਚ ਪਿੱਪਲਾਂ-ਬੋਹੜਾਂ ਹੇਠ ਛਿੜਦੀਆਂ ਸੰਗੀਤ-ਸੁਰਾਂ ਵਾਲਾ ਰੰਗ ਬੰਨ੍ਹਿਆ ਹੈ। ਇਹ ਬਿਰਤਾਂਤ ਅਤੇ ਇਸ ਦਾ ਅੰਦਾਜ਼ ਪਾਠਕ ਦੀਆਂ ਭਾਵਨਾਵਾਂ ਨੂੰ ਆਪਣੇ ਨਾਲ ਹੜ੍ਹਾ ਕੇ ਲੈ ਜਾਂਦਾ ਹੈ। ਇਹ ਸੰਗੀਤ ਦੀ ਹੀ ਕੋਈ ਤਾਕਤ ਹੈ ਜਿਸ ਦਾ ਖੁਲਾਸਾ ਇਸ ਲੇਖ ਲੜੀ ਵਿਚ ਪੂਰੀ ਭਰਪੂਰਤਾ ਨਾਲ ਹੋਇਆ ਹੈ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਸੁਰਿੰਦਰ ਕੌਰ ਨੂੰ ਸਾਖਸ਼ਾਤ ਰੂਪ ਵਿਚ ਗਾਉਂਦਿਆਂ ਦੋ-ਤਿੰਨ ਵਾਰੀ ਸੁਣਿਆ ਹੈ। 1990ਵਿਆਂ ਦੇ ਅਖੀਰ 'ਚ ਉਹ ਆਪਣੀ ਉਮਰ ਦੇ ਆਖਰੀ ਪੜਾਅ 'ਤੇ ਸੀ ਜਦੋਂ ਮੈਂ ਚੰਡੀਗੜ੍ਹ ਪ੍ਰੈਸ ਕਲੱਬ ਵਿਚ ਉਸ ਦਾ ਗਾਇਨ ਸੁਣਿਆ ਤਾਂ ਪੂਰੇ ਵਜਦ ਵਿਚ ਉਹ ਗਈ ਰਾਤ ਤੱਕ ਗਾਉਂਦੀ ਰਹੀ ਸੀ। ਕੁਝ ਵਰ੍ਹੇ ਬਾਅਦ ਮੈਂ ਦਿੱਲੀ ਉਸ ਦੇ ਘਰੇ ਲੰਮੀ ਗੱਲਬਾਤ ਕੀਤੀ। ਉਸ ਨੇ ਕਈ ਵਾਰ ਆਪਣੇ ਪਿਆਰੇ ਪਤੀ ਜੋਗਿੰਦਰ ਸਿੰਘ ਨੂੰ ਬਹੁਤ ਸਤਿਕਾਰ ਨਾਲ ਚੇਤੇ ਕੀਤਾ ਸੀ। ਮੈਨੂੰ ਉਸ ਨੇ ਉਸ ਦਾ ਕਿਤਾਬਾਂ ਵਾਲਾ ਕਮਰਾ ਦਿਖਾਇਆ, ਵਿਸ਼ਾਲ ਕੋਠੀ 'ਚ ਕਿਸੇ ਪਵਿਤਰ ਇਬਾਦਤਗਾਹ ਵਾਂਗ ਸੰਭਾਲ ਕੇ ਰੱਖਿਆ ਹੋਇਆ ਸੀ। ਲੈਨਿਨ ਦੇ ਨਾਲ ਸਾਰਤਰ, ਕਾਮੂ ਅਤੇ ਲਾਰੰਸ ਦੀਆਂ ਕਿਤਾਬਾਂ ਦੇਖ ਕੇ ਮੈਨੂੰ ਅਚੰਭਾ ਹੋਇਆ। ਉਸ ਇਨਸਾਨ ਦੇ ਉਚੇਰੇ ਸਾਹਿਤਕ



**ਗੁਰਦਿਆਲ ਸਿੰਘ ਬੱਲ**
**ਫੋਨ: 647-982-6091**

ਸੂਹਜ ਬਾਰੇ ਬਲਵੰਤ ਗਾਰਗੀ ਨੇ ਵੀ ਸਹੀ ਪਾਈ ਹੋਈ ਹੈ। ਗਾਇਨ ਲਈ ਪ੍ਰਤੀਬੱਧਤਾ ਸਬੰਧੀ ਗਾਰਗੀ ਦੇ ਸੁਰਿੰਦਰ ਕੌਰ ਬਾਰੇ ਸ਼ਬਦ ਚਿਤਰ ਦੀਆਂ ਇਹ ਸਤਰਾਂ ਵੀ ਜ਼ਰਾ ਵੇਖੋ:

ਉਹ ਆਖਦੀ ਹੈ, "ਜਦ ਮੈਂ 'ਆ ਮਿਲ ਮੇਰਿਆ ਰਾਂਝਣਾ, ਲੁੱਟੀ ਹੀਰ ਵੇ ਗਮਾਂ ਨੇ' ਗਾਉਂਦੀ ਹਾਂ ਤਾਂ ਮੇਰੇ ਅੰਦਰ ਕੋਈ ਚੀਜ਼ ਟੁੱਟਦੀ ਹੈ। ਹਰ ਵਾਰ ਮੈਨੂੰ ਇਕੱਲ ਤੇ ਤੜਫ ਦਾ ਅਹਿਸਾਸ ਹੁੰਦਾ ਹੈ ਜੋ ਮੇਰੀ ਆਵਾਜ਼ ਵਿਚ ਆ ਜਾਂਦਾ ਹੈ...ਮੈਨੂੰ ਆਵਾਜ਼ ਮੇਰੇ ਢਿੱਡ ਵਿਚੋਂ, ਮੇਰੇ ਲਹੂ ਵਿਚੋਂ ਨਿਕਲਦੀ ਜਾਪਦੀ ਹੈ...ਮੈਨੂੰ ਪਤਾ ਨਹੀਂ ਲਗਦਾ, ਮੇਰੀ ਆਵਾਜ਼ ਦੀ ਤਾਸੀਰ ਕਿਵੇਂ ਬਦਲ ਜਾਂਦੀ ਹੈ, ਕਿਉਂਕਿ ਮੈਂ ਇਸ ਨੂੰ ਸੁਣ ਨਹੀਂ ਸਕਦੀ। ਮੇਰਾ ਪੂਰਾ ਵਜੂਦ ਇਸ ਵਿਚ ਭਿੱਜਿਆ ਹੁੰਦਾ ਹੈ...।"

ਭਾਵਨਾ ਦੀ ਇਸੇ ਪਾਕੀਜ਼ਗੀ ਦੇ ਪ੍ਰਥਾਏ ਸੁਰਿੰਦਰ ਕੌਰ ਤੋਂ ਬਾਅਦ ਸਾਡਾ ਸਭ ਦਾ ਚਹੇਤਾ ਗਾਇਕ ਸਾਈਂ ਅਖਤਰ ਹੁਸੈਨ ਹੈ। ਸਭ ਤੋਂ ਪਹਿਲਾਂ ਮੇਰੇ ਚੇਤਿਆਂ ਵਿਚ ਉਸ ਦਾ

'ਦਿਲਾ ਭੁੱਲ ਜਾਣਿਆਂ ਵੇ,
ਅੱਖਾਂ ਹੋਰ ਲਾਵੀਂ ਨਾ'

ਬੋਲਾਂ ਵਾਲਾ ਗੀਤ ਆਉਂਦਾ ਹੈ ਅਤੇ ਫਿਰ ਯਾਦ ਆਉਂਦੀ ਹੈ, ਬਾਬੇ ਬੁੱਲ੍ਹੇ ਸ਼ਾਹ ਦੇ

'ਤੇਰੇ ਇਸ਼ਕ ਨਚਾਇਆ
ਕਰ ਥਈਆ ਥਈਆ'

ਵਾਲੀ ਕਾਫੀ ਦਾ ਉਸ ਵੱਲੋਂ ਕੀਤਾ ਅਲੌਕਿਕ ਗਾਇਨ ਜਿਹਨੂੰ ਸੁਣਦਿਆਂ ਆਦਮੀ ਧੰਨ ਹੋ ਜਾਂਦਾ ਹੈ। ਕਈ ਵਰ੍ਹੇ ਪਹਿਲਾਂ ਸਾਈਂ ਦੇ ਗਾਇਨ ਨਾਲ ਮੇਰਾ ਤੁਆਰਫ ਮੇਰੇ ਦੋਸਤ ਰਛਪਾਲ ਗਿੱਲ ਨੇ ਕਰਾਇਆ ਸੀ।

ਇਸ ਦਰਵੇਸ਼ ਦੇ ਹੋਰ ਵੀ ਕਈ ਗੀਤ ਹਨ ਪਰ ਹਾਲ ਦੀ ਘੜੀ ਸਾਈਂ ਵੱਲੋਂ ਗਾਏ ਪੰਜਾਬੀ ਟੱਪਿਆਂ ਦੀ ਗੱਲ ਹੀ ਕਰਾਂਗੇ। ਸਾਈਂ ਦੇ ਟੱਪਿਆਂ ਦੇ ਬੋਲਾਂ ਦਾ ਮਜ਼ਾਜ ਜ਼ਰਾ ਵੇਖੋ:

ਰੱਬ ਇਸ਼ਕ ਕਮਾ ਬੈਠਾ
ਬਦਲੇ ਇਕ ਦਮ ਦੇ
ਗਲ ਦੁਨੀਆਂ ਪਾ ਬੈਠਾ!
ਤੇ ਫਿਰ ਅੱਗੇ ਜ਼ਰਾ ਹੋਰ ਵੇਖੋ:
ਆਰੀ ਉਤੇ ਆਰੀ ਊ
ਇਕੋ ਜ਼ਿੰਦ ਯੂਸਫ ਦੀ
ਸਾਰਾ ਮਿਸਰ ਵਪਾਰੀ ਊ।

ਕੋਈ ਤਾਣੀ ਤਣੀ ਹੋਈ ਏ
ਯਾਰੀ ਨਾ ਤੋੜ ਚੰਨ ਵੇ
ਵਾਹਵਾ ਰੌਣਕ ਬਣੀ ਹੋਈ ਏ!

ਥਾਲੀ ਵਿਚ ਪਾਨ ਪਿਆ
ਇਕ ਤੇਰੀ ਅੱਖ ਬਦਲੀ
ਸਾਰਾ ਬਦਲ ਜਹਾਨ ਗਿਆ!

ਸ਼ੀਸ਼ੇ ਟੁੱਟੇ ਹੋਏ ਨਹੀਓਂ ਜੁੜਦੇ
ਆਸ਼ਕ ਤੇ ਦਰਿਆ
ਕਦੀ ਮੋੜਿਆਂ ਨਹੀਓਂ ਮੁੜਦੇ!
ਹੱਥ ਜੋੜਾ ਲਾਲਾਂ ਦਾ
ਦੁਖੀਆਂ ਦੇ ਦੁੱਖ ਸੁਣਨੇ
ਇਹ ਕੰਮ ਲੱਜ ਪਾਲਾਂ ਦਾ!

ਮਾਹੀ ਸੱਚ ਫੁਰਮਾਇਆ ਏ
ਅਸਾਂ ਗੁਨਹਾਗਾਰਾਂ ਉਤੇ
ਓਹਦੀ ਕੰਬਲੀ ਦਾ ਸਾਇਆ ਏ...
ਕਾਲੀ ਕੰਬਲੀ ਦਾ ਸਾਇਆ ਏ।

ਸਾਈਂ ਜੀ ਦੇ ਗਾਇਨ ਵਿਚ ਕਹਿਕਸ਼ਾਂ ਤੱਕ ਮਾਰ ਕਰਨ ਵਾਲੀ ਸ਼ਿੱਦਤ ਹੈ, ਤਰਲਾ ਹੈ, ਲੋਚਾ ਹੈ; ਐਨ ਉਹੀ ਲੋਚਾ ਜੋ ਹੀਰ ਅੰਦਰ ਆਪਣੇ ਰਾਂਝੇ ਯਾਰ ਲਈ ਸੀ। ਉਹੀ ਪਵਿਤਰ ਅਤੇ ਪ੍ਰਚੰਡ ਲੋਚਾ ਜੋ ਸਾਨੂੰ ਸੁਰਿੰਦਰ ਕੌਰ ਦੇ ਉਪਰ ਦੱਸੇ ਗੀਤ ਦੇ ਗਾਇਨ ਵਿਚ ਮਹਿਸੂਸ ਹੁੰਦੀ ਰਹੀ ਹੈ।

ਸਾਈਂ ਦਾ ਗਾਇਨ ਸੁਣਦਿਆਂ ਦੁਸ਼ਿਅੰਤ ਕੁਮਾਰ ਚੇਤੇ ਵਿਚ ਆ ਬੈਠਾ:

ਕੌਨ ਕਹਿਤਾ ਹੈ ਆਕਾਸ਼ ਮੇਂ
ਸੁਰਾਗ ਨਹੀਂ ਹੋ ਸਕਤਾ
ਏਕ ਪੱਥਰ ਤੋ ਤਬੀਅਤ ਸੇ ਉਛਾਲੋ ਯਾਰੋ।

ਸਾਈਂ ਦੇ ਬੋਲਾਂ ਵਿਚਲਾ ਉਹੀ ਜਜ਼ਬਾ ਇਸ ਸ਼ਿਅਰ ਅੰਦਰ ਸਮਾਇਆ ਹੋਇਆ ਹੈ। ਇਸ ਤੋਂ ਅਗਾਂਹ ਤਾਂ ਫਿਰ ਮੱਕਿਓਂ ਪਰ੍ਹਾਂ ਉਜਾੜ ਹੀ ਹੈ!

ਦਰਵੇਸ਼ ਦੇ ਟੱਪਿਆਂ ਦੇ ਇਲਾਹੀ ਗਾਇਨ ਦਾ ਜ਼ਿਕਰ ਕਰਦਿਆਂ ਮੇਰੀ ਸਿਮਰਤੀ ਵਿਚ ਲਖਵਿੰਦਰ ਵਡਾਲੀ ਦੇ ਸਾਲ ਕੁ ਪਹਿਲਾਂ ਸੁਣੇ ਟੱਪਿਆਂ ਦਾ ਗਾਇਨ ਚੇਤਿਆਂ 'ਚ ਉਭਰ ਆਇਆ; ਉਸ ਦਾ ਪਹਿਲਾ ਟੱਪਾ ਸੀ:

ਕੋਈ ਕੱਤਨੀ ਆਂ ਰੂੰ ਮਾਹੀਆ
ਇਕ ਚੰਗਾ ਤੂੰ ਲੱਗਨੈ
ਸਾਨੂੰ ਦੂਜਾ ਵੀ ਤੂੰ ਮਾਹੀਆ!

ਇਸ ਟੱਪੇ ਦੇ ਬੋਲ ਬੇਹਦ ਪਿਆਰੇ ਹਨ, ਤੇ ਫਿਰ ਨੌਜਵਾਨ ਗਾਇਕ ਆਪਣੇ ਬਾਪ ਪੂਰਨ ਚੰਦ ਵਡਾਲੀ ਦਾ ਚੰਡਿਆ ਹੋਇਆ ਹੈ। ਰੂਹ ਦੇ ਪੂਰੇ ਤਾਣ ਨਾਲ ਗਾਉਣ ਦੇ ਸਮਰੱਥ ਹੈ। ਪੰਜਾਬੀ ਟੱਪੇ ਆਸਾ ਸਿੰਘ ਮਸਤਾਨਾ ਨਾਲ ਮਿਲ ਕੇ ਸੁਰਿੰਦਰ ਕੌਰ ਨੇ ਵੀ ਗਾਏ ਹੋਏ ਹਨ। ਹੁਣ ਮੈਨੂੰ ਫਰੀਹਾ ਪਰਵੇਜ਼ ਦਾ ਗੀਤ ਚੇਤੇ ਆ ਰਿਹਾ ਹੈ:

ਵੇ ਮੈਂ ਤੇਰੇ ਲੜ ਲੱਗੀ ਆਂ
ਵੇ ਰਾਂਝਣਾ...
ਤੇ ਤੂੰ ਕਰਨਾ ਏਂ ਠੱਗੀਆਂ!
ਵੇ ਰਾਂਝਣਾ...।

ਇਹ ਗੀਤ ਸੁਣਦਿਆਂ ਆਦਮੀ ਦੰਗ ਰਹਿ ਜਾਂਦਾ ਹੈ। ਕਿੰਨੇ ਸਹਿਜ ਨਾਲ ਛੂਹੀਆਂ ਹੋਈਆਂ ਹਨ ਗਾਇਨ ਅਤੇ ਸੁਹੱਪਣ ਦੀਆਂ ਕਰਤਾਰੀ ਸਿਖਰਾਂ! ਉਂਜ, ਟੱਪਿਆਂ ਦੀ ਚੋਣ ਵਿਚ ਉਸ ਦਾ ਰੰਗ ਫਿੱਕਾ ਪੈ ਜਾਂਦਾ ਹੈ; ਮਸਲਨ:

ਚਿੱਟਾ ਕੁੱਕੜ ਬਨੇਰੇ 'ਤੇ
ਕਾਸ਼ਨੀ ਦੁਪੱਟੇ ਵਾਲੀਏ
ਮੁੰਡਾ ਆਸ਼ਕ ਤੇਰੇ 'ਤੇ।

ਪੰਜਾਬੀ ਟੱਪੇ ਦਰਅਸਲ ਸਾਈਂ ਜੀ ਤੋਂ ਬਾਅਦ ਉਸਤਾਦ ਤੁਫੈਲ ਨਿਆਜ਼ੀ ਅਤੇ ਉਸ ਦੀ ਸਾਥਣ ਸਮਰ ਇਕਬਾਲ ਨੇ ਗਾਏ ਸਨ। ਸਾਈਂ ਅਖਤਰ ਤੋਂ ਬਿਲਕੁਲ ਵੱਖਰਾ ਰੰਗ ਹੈ; ਸੁਰ ਸਹਿਜ ਤੇ ਧੀਮੀ ਹੈ ਪਰ ਸੁਣਦਿਆਂ ਅਨੰਦ ਆ ਜਾਂਦਾ ਹੈ। ਚੰਦ ਟੱਪੇ:

ਇਕ ਬੂਟਾ ਏ ਕਾਈਏ ਦਾ
ਲੱਖਾਂ ਇਬਾਦਤਾਂ ਨੇ
ਮੂੰਹ ਤੱਕ ਲੈਣਾ ਮਾਹੀਏ ਦਾ!

(ਸੋਹਣਿਆਂ ਵੇ)
ਇਕ ਨਿੱਕੀ ਜਿਹੀ ਹਾਂ ਕਰ ਦੇ
ਜਿੰਦ ਤੇਰੇ ਨਾਮ ਕੀਤੀ
ਵੇ ਤੂੰ ਦਿਲ ਮੇਰੇ ਨਾਂ ਕਰ ਦੇ।

(ਸੋਹਣਿਆਂ ਵੇ) ਪਾਣੀ ਪੰਜ ਦਰਿਆਵਾਂ ਦਾ
ਹਾਰ ਮੈਂ ਪਾ ਦੇਵਾਂ
ਵੇ ਗਲ ਗੋਰੀਆਂ ਬਾਹਵਾਂ ਦਾ!
ਹਾਏ ਵੇ, ਮੂੰਹ ਬੰਦ ਹੋਇਆ ਗੜਵੀ ਦਾ
ਮੰਨਦਾ ਨਹੀਂ ਮੇਰੀਆਂ
ਦਿਲ ਮਾਲਕ ਮਰਜ਼ੀ ਦਾ!

ਪੀਲੇ ਫੁੱਲ ਵਿਚ ਖੇਤਾਂ ਦੇ
ਇਸ਼ਕੇ ਦੀ ਅੱਗ ਵੇ ਚੰਨਾ
ਅਸਾਂ ਰਲ ਮਿਲ ਸੇਕਾਂਗੇ!

ਸੋਹਣੀਏ ਨੀ...
ਲੰਮਾ ਗੰਨਾ ਏ ਕਮਾਦੇ ਦਾ
ਤੇਰਾ ਸਾਨੂੰ ਇਸ਼ਕ ਲੱਗਾ
ਜਿਵੇਂ ਨਸ਼ਾ ਸ਼ਰਾਬੇ ਦਾ!

ਇਸੇ ਸਿਲਸਿਲੇ ਵਿਚ ਹੀ ਬੁਲੰਦ ਗਾਇਕ ਅਤਾਉਲਾ ਖਾਨ ਦੀ ਯਾਦ ਆ ਰਹੀ ਹੈ। ਅਖਤਰ ਅਤੇ ਤੁਫੈਲ ਤੋਂ ਕੁਝ ਵਰ੍ਹੇ ਬਾਅਦ ਉਸ ਨੇ ਵੀ ਕਾਫੀ ਯਾਦਗਾਰੀ ਗੀਤ ਗਾਏ, ਜਿਵੇਂ:

ਚੰਨ ਕਿੱਥਾਂ ਗੁਜ਼ਾਰੀ ਰਾਤ ਵੇ

ਕੋਠੇ 'ਤੇ ਪਿਰ ਕੋਠੜਾ
ਵੇ ਕੋਠੇ ਸੁੱਕਦੀਆਂ ਤੋਰੀਆਂ
ਕਾਲੀਆਂ ਰਾਤਾਂ ਜਾਗ ਕੇ
ਮੈਂ ਨੱਪੀਆਂ ਤੇਰੀਆਂ ਚੋਰੀਆਂ!
ਕੋਠੇ 'ਤੇ ਪਿਰ ਕੋਠੜਾ
ਕੋਠੇ ਦੇ ਵਿਚ ਬਾਰੀਆਂ
ਹੁਣ ਤਾਂ ਵਾਪਸ ਆ ਮਾਹੀ ਵੇ
ਤੂੰ ਜਿਤਿਓਂ ਤੇ ਮੈਂ ਹਾਰੀ ਆਂ!

ਉਸ ਦੇ ਗਾਏ ਟੱਪਿਆਂ ਵਿਚ ਵੀ ਬੜਾ ਦਮ ਸੀ:

ਮੇਰਿਆ ਵੇ ਹਾਣੀਆ
ਕੱਦ ਸੱਜਣਾਂ ਦਾ ਛੋਟਾ ਏ
ਕਾਲੀਆਂ ਜ਼ੁਲਫਾਂ ਵਿਚ
ਮੁੱਖ ਚੰਨ ਦਾ ਟੋਟਾ ਏ!

ਹਾਂ ਸੱਚ, ਮਸੱਰਤ ਨਜ਼ੀਰ ਦਾ ਮੈਨੂੰ ਚੇਤਾ ਹੀ ਭੁੱਲ ਚੱਲਿਆ ਸੀ। ਉਸ ਦਾ ਗੀਤ

ਪਿੱਛੇ ਪਿੱਛੇ ਆਉਂਦਾ
ਮੇਰੀ ਚਾਲ ਵਿੰਹਦਾ ਆਈਂ
ਚੀਰੇ ਵਾਲਿਆ ਵੇਖਦਾ ਆਈਂ ਵੇ...

ਪੰਜਾਬੀ ਲੋਕ ਗਾਇਕੀ ਦਾ ਹਾਸਲ ਹੈ। ਗੀਤ ਦੇ ਬੋਲਾਂ ਵਿਚ ਕਮਾਲ ਦਾ ਨ੍ਰਿਤ ਹੈ। ਆਵਾਜ਼ ਵਿਚ ਲੋਹੜੇ ਦੀ ਲੈਅ ਹੈ ਅਤੇ ਆਪਣੀ ਇਲਾਹੀ ਮੁਸਕਰਾਹਟ ਨਾਲ ਉਸ ਨੇ ਤਕੜਾ ਜਲਵਾ ਖੜ੍ਹਾ ਕੀਤਾ ਹੋਇਆ ਹੈ। ਮਸੱਰਤ ਨਜ਼ੀਰ ਦੇ ਗਾਏ ਟੱਪਿਆਂ ਵਿਚ ਵੀ ਬਲਾ ਦੀ ਜਾਨ ਹੈ:

ਯਾਰੀ ਖੇਡ ਏ ਲਕੀਰਾਂ ਦੀ
ਗੱਡੀ ਆਈ ਟੇਸ਼ਨ 'ਤੇ
ਅੱਖ ਭਿੱਜ ਗਈ ਵੀਰਾਂ ਦੀ!

ਪਿੱਪਲੀ ਦੀਆਂ ਛਾਂਵਾਂ ਨੀ
ਆਪੇ ਹੱਥੀਂ ਡੋਲੀ ਤੋਰ ਕੇ
ਆਪੇ ਕਰਨ ਦੁਆਵਾਂ ਨੀ!

ਕੁੰਡਾ ਲੱਗ ਗਿਆ ਥਾਲੀ ਨੂੰ
ਹੱਥਾਂ ਉਤੇ ਮਹਿੰਦੀ ਲੱਗ ਗਈ
ਨੀ ਇਕ ਕਿਸਮਤ ਵਾਲੀ ਨੂੰ!

ਮਸੱਰਤ ਨਜ਼ੀਰ ਦੀ ਆਵਾਜ਼ ਵਿਚ ਮੜਕ ਵੀ ਹੈ ਤੇ ਜਾਨ ਵੀ, ਪਰ ਸਾਈਂ ਜੀ ਤੋਂ ਬਾਅਦ ਅਗਲਾ ਵੱਡਾ ਮੁਕਾਮ ਮੇਰੀ ਜਾਚੇ ਸਾਈਂ ਜ਼ਹੂਰ ਦੇ ਰੂਪ ਵਿਚ ਸਾਡੇ ਸਾਹਵੇਂ ਆਇਆ ਹੈ। ਸਾਈਂ ਨੇ ਚਕ੍ਰਿਤ ਕਰਨ ਵਾਲੇ ਕਲਾਤਮਿਕ ਅੰਦਾਜ਼ ਵਿਚ ਜੀਵਨ ਦੀ ਤ੍ਰਾਸਦਿਕ ਨਾਸ਼ਮਾਨਤਾ ਦਾ ਹੋਕਾ ਦਿੰਦਿਆਂ ਆਪਣੇ ਅਨੇਕਾਂ ਗੀਤਾਂ ਵਿਚ ਬੰਦੇ ਨੂੰ ਅੱਲ੍ਹਾ ਦੇ ਸੱਚੇ ਇਸ਼ਕ ਦਾ ਰਾਹ ਫੜ੍ਹਨ ਲਈ ਕਿਹਾ ਹੋਇਆ ਹੈ ਪਰ ਉਸ ਦੇ ਗਾਇਨ ਦੀ ਸਿਖਰ ਉਹੀ ਹੈ ਜੋ 'ਲੋਕ ਵਿਰਸਾ' ਵਾਲਿਆਂ ਨੇ ਸਾਈਂ ਦੀ ਸਭ ਤੋਂ ਪਹਿਲੀ ਰਿਕਾਰਡਿੰਗ ਆਖ ਕੇ ਨੈਟ 'ਤੇ ਪਾਈ ਹੈ। ਉਹ ਹੱਥ ਵਿਚ ਤੂੰਬਾ, ਗਲ ਵਿਚ ਮੋਟੇ ਮਣਕਿਆਂ ਦੀ ਮਾਲਾ ਅਤੇ ਪੈਰੀਂ ਘੁੰਗਰੂ ਪਾ ਕੇ ਜਿਵੇਂ ਪੰਚਮ ਸੁਰ ਵਿਚ 'ਅੱਲ੍ਹਾ ਅੱਲ੍ਹਾ... ਬੋਲ ਓਇ ਬੰਦਿਆ' ਆਖ ਅਲਾਪ ਲੈਂਦਾ ਹੈ ਅਤੇ ਫਿਰ ਘੁੰਗਰੂ ਖੜਕਾਉਂਦਿਆਂ ਅਨੋਖੇ ਵਜਦ ਵਿਚ ਆ ਕੇ ਨੱਚਣਾ ਸ਼ੁਰੂ ਕਰ ਦਿੰਦਾ ਹੈ:

ਮਾਣ ਨਾ ਕਰੀਏ ਰੱਬ ਤੋਂ ਡਰੀਏ...
ਐਵੇਂ ਨਾ ਜ਼ਿੰਦੜੀ ਓਇ ਰੋਲ...
ਇਹ ਦਿਨ ਦੁਨੀਆਂ ਚਾਰ ਦਿਹਾੜੇ
ਤੇ ਆਖਰ ਨੂੰ ਮਰ ਜਾਣਾ
ਝੂਠੀ ਦੌਲਤ ਇਹ ਦੁਨੀਆਂ ਵਾਲੀ
ਨਾਲ ਕਿਸੇ ਨਹੀਂ ਜਾਣਾ
ਝੂਠੀ ਆਕੜ ਤੇ ਝੂਠੀ ਦੁਨੀਆਂ
ਨਹੀਂ ਰਹਿਣੀ ਤੇਰੇ ਕੋਲ
ਅੱਲ੍ਹਾ ਅੱਲ੍ਹਾ ਬੋਲ...
ਓਇ ਬੰਦਿਆ...।

ਦੋ ਕੁ ਵਰ੍ਹੇ ਪਹਿਲਾਂ ਮੇਰੇ ਅਜ਼ੀਜ਼ ਅਤੇ ਅਮਰੀਕਾ ਰਹਿੰਦੇ ਭੂਆ ਦੇ ਲੜਕੇ ਕੁੱਕੀ ਸੇਠ ਨੇ ਸਾਈਂ ਜੀ ਦੀ ਇਹ ਰਿਕਾਰਡਿੰਗ ਮੈਨੂੰ ਈ-ਮੇਲ ਰਾਹੀਂ ਭੇਜੀ। ਸਾਈਂ ਦੇ

'ਘੜਾ ਵੱਜਦਾ, ਕਿੰਗ ਵੱਜਦੀ,
ਜ਼ਰਾ ਚਿਮਟਾ ਵੱਜਦਾ ਸੁਣ ਜਿੰਦੜੀ'

ਬੋਲ ਸੁਣਦਿਆਂ ਹੀ ਆਵਾਜ਼ ਕੁਝ ਜਾਣੀ-ਪਛਾਣੀ ਲੱਗੀ; ਤੇ ਫਿਰ ਲੱਗਿਆ, ਬੰਦਾ ਹੋਰ ਸੀ ਅਤੇ ਆਵਾਜ਼ ਜ਼ਰਾ ਕੁ ਵਖਰੇਵੇਂ ਨਾਲ ਅਤਾਉੱਲਾ ਖਾਨ ਦੀ ਆ ਰਹੀ ਸੀ!...ਇਤਫਾਕ ਦੀ ਗੱਲ ਸੀ ਕਿ ਅਤਾਉੱਲਾ ਖਾਨ ਦੀ ਗਾਇਕੀ ਨਾਲ ਤੁਆਰਫ ਵੀ 30-35 ਵਰ੍ਹੇ ਪਹਿਲਾਂ ਕੁੱਕੀ ਨੇ ਹੀ ਕਰਵਾਇਆ ਸੀ। ਉਦੋਂ ਕੁਵੈਤ ਤੋਂ ਉਹ ਪਟਿਆਲੇ ਮੈਨੂੰ ਮਿਲਣ ਆਇਆ ਤਾਂ ਮੇਰੇ ਅੱਗੇ ਤੋਹਫੇ ਵਜੋਂ ਲਿਆਂਦੀਆਂ ਅਤਾਉੱਲਾ ਖਾਨ ਤੇ ਰੇਸ਼ਮਾ ਦੀਆਂ ਕੈਸਟਾਂ ਦਾ ਢੇਰ ਲਾ ਦਿੱਤਾ।

ਅਤਾਉੱਲਾ ਖਾਨ ਠੀਕ ਸੀ ਅਤੇ ਰੇਸ਼ਮਾ ਦਾ ਤਾਂ ਉਨ੍ਹੀਂ ਦਿਨੀਂ ਕਹਿਣਾ ਹੀ ਕੀ ਸੀ। ਬਲਵੰਤ ਗਾਰਗੀ ਨੂੰ ਰੇਸ਼ਮਾ ਦੀ ਆਵਾਜ਼ ਵਿਚ ਕਦੀ ਅਰਬ ਦੇ ਰੇਗਿਸਤਾਨ ਅੰਦਰ ਪਵਿਤਰ ਕੁਰਾਨ ਦੀਆਂ ਆਇਤਾਂ ਦੇ ਉਚਾਰਨ ਜਿਹੀ ਗੂੰਜ ਆਈ ਸੀ। ਐਨ ਉਸੇ ਤਰ੍ਹਾਂ ਦੀ ਅਤਿ ਬਲਵਾਨ ਸੁਰ ਮੈਨੂੰ ਸਾਈਂ ਦੇ ਅਲਾਪ ਅੰਦਰ ਸੁਣਾਈ ਦਿੱਤੀ। ਪਾਲ ਗੌਗਾਂ ਦੇ ਚਿੱਤਰਾਂ ਨੂੰ ਪਹਿਲੀ ਵਾਰੀ ਧਿਆਨ ਨਾਲ ਵੇਖਿਆਂ ਜਿਵੇਂ ਇਨਸਾਨੀ ਹਸਤੀ ਦੇ ਕੋਈ ਆਦਿ ਜੁਗਾਦੀ ਆਯਾਮ ਉਜਾਗਰ ਹੁੰਦੇ ਹਨ, ਉਸੇ ਤਰ੍ਹਾਂ ਦੀ ਪਵਿਤਰ/ਜੰਗਲੀ ਵਹਿਸ਼ਤ ਇਸ ਗਾਇਨ ਵਿਚੋਂ ਆਪ ਮੁਹਾਰੇ ਡੁੱਲ੍ਹ ਡੁੱਲ੍ਹ ਪੈਂਦੀ ਹੈ। ਉਸ ਦੀ ਗਾਇਕੀ ਅਤਾਉੱਲਾ ਖਾਨ ਦੀ ਜਮੀਨ ਵਿਚ ਤਾਂ ਹੈ ਪਰ ਉਹ ਉਸ ਤੋਂ ਸਹਿਜੇ ਹੀ ਪਾਰ ਚਲਿਆ ਜਾਂਦਾ ਹੈ:

ਪੀ ਸ਼ਰਾਬ ਤੇ ਖਾ ਕਬਾਬ ਵੇ ਬੁੱਲ੍ਹਿਆ
ਹੇਠਾਂ ਬਾਲ ਹੱਡਾਂ ਦੀ ਅੱਗ ਨੂੰ।
ਚੋਰੀ ਕਰਨਾ ਭੰਨ ਘਰ ਰੱਬ ਦਾ
ਠੱਗ ਲੈ ਤੂੰ ਠੱਗਾਂ ਦੇ ਠੱਗ ਨੂੰ।

ਧੀਆਂ ਹੁੰਦੀਆਂ ਨੇ ਦੌਲਤਾਂ ਬੇਗਾਨੀਆਂ
ਹੰਝੂ ਨਾ ਐਵੇਂ ਰੋਲ ਬਾਬਲਾ।
ਅੱਲ੍ਹਾ ਹੂ ਵਾਲੀ ਵੰਝਲੀ ਵਜਾ ਕੇ
ਰਾਂਝੇ ਨੇ ਮੇਰੀ ਜਾਨ ਕੱਢ ਲਈ!

ਉਸ ਦਾ ਗੀਤ:

ਦਿਲਾ ਕਮਲਿਆ ਦੱਸ ਤੂੰ ਕੀ ਖੱਟਿਆ
ਤੈਨੂੰ ਯਾਰ ਦੀ ਜੁਦਾਈ ਮਾਰ ਸੁੱਟਿਆ

ਬੋਲਾਂ ਵਾਲਾ ਉਸਤਾਦ ਲਾਲ ਚੰਦ ਯਮਲਾ ਜੱਟ ਦੇ

ਦੱਸ ਮੈਂ ਕੀ ਪਿਆਰ ਵਿਚੋਂ ਖੱਟਿਆ
ਤੇਰੇ ਨੀ ਕਰਾਰਾਂ ਮੈਨੂੰ ਪੱਟਿਆ।

ਇਸ਼ਕ ਵਾਲੇ ਪਾਸੇ ਦੀਆਂ
ਨਰਦਾਂ ਖਿਲਾਰ ਕੇ
ਜਿੱਤ ਗਈ ਏਂ ਤੂੰ ਤੇ ਅਸੀਂ
ਬਹਿ ਗਏ ਬਾਜ਼ੀ ਹਾਰ ਕੇ

ਸਦਾ ਬਹਾਰ ਕਲਾਸਿਕ ਦੀ ਜਮੀਨ ਵਿਚ ਗਾਇਆ ਜੋ ਗੀਤ ਹੈ, ਉਸ ਵਿਚ ਸਾਈਂ ਕੋਲੋਂ ਉਹ ਗੱਲ ਬਣੀ ਨਹੀਂ ਹੈ। ਉਸਤਾਦ ਤੋਂ ਬਹੁਤ ਪਿਛਾਂਹ ਰਹਿ ਗਿਆ ਸਾਫ ਨਜ਼ਰ ਆਉਂਦਾ ਹੈ।

ਫਿਰ ਵੀ ਸਾਈਂ ਸਾਈਂ ਹੀ ਹੈ, ਉਸ ਦਾ ਜ਼ਿਕਰ ਕਰਦਿਆਂ ਮੈਨੂੰ ਪਟਿਆਲੇ ਵਾਲੇ ਸਾਈਂ ਲਾਲੀ ਦੀ ਯਾਦ ਆ ਗਈ ਹੈ। ਕਈ ਵਰ੍ਹੇ ਪਹਿਲਾਂ ਰਛਪਾਲ ਸਿੰਘ ਗਿੱਲ ਦੇ ਘਰੇ ਲਾਲੀ ਬਾਬਾ ਸਾਡੇ ਨਾਲ ਸੀ ਅਤੇ ਪ੍ਰੋ. ਹਰਿੰਦਰ ਸਿੰਘ ਮਹਿਬੂਬ ਵੀ ਆਏ ਹੋਏ ਸਨ। ਸਾਈਂ ਅਖਤਰ ਅਤੇ ਤੁਫੈਲ ਨਿਆਜ਼ੀ ਦਾ ਨਾਂ ਪਹਿਲੀ ਵਾਰ ਮੈਂ ਉਥੇ ਮਹਿਬੂਬ ਦੇ ਮੂੰਹੋਂ ਹੀ ਸੁਣਿਆ ਸੀ। ਗਿੱਲ ਨੇ ਉਸ ਸ਼ਾਮ ਦੀ ਮਹਿਫਿਲ ਸਮੇਂ ਦੋਹਾਂ ਗਾਇਕਾਂ ਦੇ ਪਾਕਿਸਤਾਨ ਦੀ ਆਪਣੀ ਯਾਤਰਾ ਮੌਕੇ ਲਿਆਂਦੇ ਉਨ੍ਹਾਂ ਦੇ ਕਈ ਰਿਕਾਰਡ ਸੁਣਵਾਏ ਸਨ।

ਬਾਅਦ ਵਿਚ ਲਾਲੀ ਬਾਬੇ ਨੇ ਸਾਈਂ ਅਖਤਰ ਦੇ ਗਾਇਨ ਦੀ ਸ਼ੋਭਾ ਦੀ ਤਮਹੀਦ ਬੰਨ੍ਹਦਿਆਂ ਪਹਿਲਾਂ ਤਾਂ ਆਪਣਾ ਪ੍ਰਵਚਨ ਆਰਫੀਅਸ ਦੀ ਮਿਥ 'ਤੇ ਕੇਂਦਰਿਤ ਕੀਤਾ ਤੇ ਫਿਰ ਦੋਹਾਂ ਧੁਨੰਤਰ ਮਹਾਂ ਪੁਰਸ਼ਾਂ ਵਿਚਾਲੇ ਪ੍ਰਤਿਭਾ ਦੇ ਸੋਮਿਆਂ ਬਾਰੇ ਬੜੀ ਦਿਲਚਸਪ ਗੱਲਬਾਤ ਸ਼ੁਰੂ ਹੋ ਗਈ। ਦੋਵੇਂ ਦੋਸਤ ਇਸ ਗੱਲ 'ਤੇ ਤਾਂ ਪੂਰੀ ਤਰ੍ਹਾਂ ਸਹਿਮਤ ਸਨ ਕਿ ਸਾਈਂ ਅਖਤਰ ਵਰਗੀ ਪ੍ਰਤਿਭਾ ਬੰਦੇ ਦੀ ਆਪਣੀ ਪ੍ਰੈਕਟਿਸ ਨਾਲ ਪੈਦਾ ਨਹੀਂ ਹੁੰਦੀ, ਚਾਹੇ ਕੋਈ ਕਿੰਨੀਆਂ ਸਿਰ ਤੋੜ ਕੋਸ਼ਿਸ਼ਾਂ ਕਰੀ ਜਾਵੇ। ਲਾਲੀ ਬਾਬਾ ਰਵਾਇਤੀ ਰੂਪ ਵਿਚ ਰੱਬੀ ਬਖਸ਼ਿਸ਼ ਦੇ ਸਿਧਾਂਤ ਤੋਂ ਵੀ ਇਨਕਾਰੀ ਸੀ ਪਰ ਜ਼ਰਾ ਕੁ ਟੇਢੇ ਢੰਗ ਨਾਲ ਕੁਦਰਤ ਦੀ ਦੇਣ ਉਹ ਮੰਨਦਾ ਸੀ।

ਮਹਿਬੂਬ ਹੱਸੀ ਜਾ ਰਹੇ ਸਨ ਅਤੇ ਫਿਰ ਇਹ ਪਤਾ ਨਾ ਲੱਗਾ ਕਿ ਕਦੋਂ ਲਾਲੀ ਬਾਬੇ ਨੇ ਆਪਣੇ ਰੌਂਅ ਵਿਚ ਪ੍ਰਵਚਨ ਦਾ ਰੁਖ ਸੰਗੀਤ ਬਾਰੇ ਚਰਚਾ ਤੋਂ ਹਟਾ ਕੇ ਪਹਿਲਾਂ ਮੰਟੋ ਤੇ ਫਿਰ ਫਰਾਂਸੀਸੀ ਕਵੀ ਰਿੰਬੋ ਵੱਲ ਮੋੜ ਲਿਆ ਸੀ।

ਨੁਸਰਤ ਫਤਿਹ ਅਲੀ ਖਾਨ ਦੀ ਆਵਾਜ਼ ਵਿਚ ਗੁਰੂ ਗੋਬਿੰਦ ਸਿੰਘ ਦੇ ਸ਼ਬਦ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਦੇ ਅਲੌਕਿਕ ਗਾਇਨ ਵਿਚ ਵੀ ਅੰਤਾਂ ਦੀ ਸ਼ਿੱਦਤ ਹੈ। ਉਨ੍ਹਾਂ ਨੇ 'ਜੋਗੀ ਨਾਲ ਜਾਣਾ' ਵਾਲੀ ਕੱਵਾਲੀ ਨਾਲ ਆਪਣੀ ਸ਼ੁਰੂਆਤ ਹੀ ਸਿਖਰ ਤੋਂ ਕੀਤੀ ਸੀ। ਗਾਇਨ ਦੇ ਖੇਤਰ ਵਿਚ ਉਨ੍ਹਾਂ ਅਨੇਕਾਂ ਚੋਟੀਆਂ ਸਰ ਕੀਤੀਆਂ ਪਰ ਜੋ ਕੌਤਕ ਉਹ ਇਸ ਸ਼ਬਦ ਦੇ ਗਾਇਨ ਦੌਰਾਨ ਖੜ੍ਹਾ ਕਰਦੇ ਹਨ, ਉਹ ਵੇਖਿਆਂ-ਸੁਣਿਆਂ ਹੀ ਬਣਦਾ ਹੈ।

ਜ਼ਾਹਰ ਹੈ, ਇਨ੍ਹਾਂ ਗਾਇਕਾਂ ਦੇ ਵਿਸ਼ਾ ਵਸਤੂ ਅਤੇ ਗਾਇਨ ਵਿਚ ਇਨਸਾਨ ਲਈ ਹੁਕਮ ਵਿਚ ਰਹਿਣ ਲਈ ਨਸੀਹਤ, ਭਾਵ ਅਪੋਲੋਨੀਅਨ ਸਪਿਰਟ ਅਤੇ ਸਭ ਹੱਦਾਂ ਬੰਨੇ ਤੋੜਦਿਆਂ ਜਜ਼ਬੇ ਦੀਆਂ ਸਿਖਰਾਂ ਨੂੰ ਛੂਹ ਕੇ ਜਿਉਣ ਦੀ ਸਦੀਵੀ ਡਾਇਓਨੀਸ਼ੀਅਨ ਸਿੱਕ ਦਾ ਅਨੂਠਾ ਸੰਗਮ ਸਾਫ ਨਜ਼ਰ ਆਉਂਦਾ ਹੈ। ਹਰ ਗੀਤ ਅੰਦਰ 'ਤ੍ਰਾਸਦੀ ਦੀ ਲੈਅ' ਮਨਮੋਹਕ ਅੰਦਾਜ਼ ਵਿਚ ਵਹਿੰਦੀ ਹੈ।

ਇਨਸਾਨ ਦੀ ਜ਼ਿੰਦਗੀ ਤ੍ਰਾਸਦਿਕ ਹੈ, ਤ੍ਰਾਸਦੀ ਉਸ ਦੇ ਜਨਮ ਤੋਂ ਹੀ ਉਸ ਦੀ ਹਸਤੀ ਵਿਚ ਨਿਹਿਤ ਹੈ। ਬਾਬੇ ਇਹ ਸਵੀਕਾਰ ਕਰਦੇ ਹਨ ਅਤੇ ਇਸ ਸਵੀਕ੍ਰਿਤੀ ਨੂੰ ਹੀ ਸ਼ੁਧ ਡਾਇਓਨੀਸ਼ੀਅਨ ਵੇਗ ਵਿਚ ਨੱਚ-ਗਾ ਕੇ ਸ਼ੁਕਰ ਮਨਾਉਂਦੇ ਹਨ। ਮੈਨੂੰ ਚਰਚਿਤ 'ਮੇਲਾ' ਗੀਤ ਦੇ ਬੋਲ ਯਾਦ ਆ ਰਹੇ ਹਨ:

ਏਥੇ ਬੈਠ ਕਿਸੇ ਨਹੀਂ ਰਹਿਣਾ
ਜੋ ਬੀਜੇਂਗਾ ਵੱਢਣਾ ਪੈਣਾ
ਓੜਕ ਜਾਣਾ ਈ ਮਰ ਓਏ
ਚੱਲ ਮੇਲੇ ਨੂੰ ਚੱਲੀਏ...
ਇਹ ਨਹੀਂ ਤੇਰਾ ਘਰ ਓਇ
ਚੱਲ ਮੇਲੇ ਨੂੰ ਚੱਲੀਏ...।

ਇਹ ਗੀਤ ਮਹਿਬੂਬ ਗਾਇਕ ਹੰਸ ਰਾਜ ਹੰਸ ਸਮੇਤ ਪਾਕਿਸਤਾਨ ਦੇ ਅਨੇਕਾਂ ਗਾਇਕਾਂ ਨੇ ਗਾਇਆ ਹੈ ਪਰ ਮੈਨੂੰ ਇਹ ਸਭ ਤੋਂ ਵੱਧ ਚੰਗਾ ਅਕਰਮ ਰਾਹੀ ਦੀ ਆਵਾਜ਼ ਵਿਚ ਹੀ ਲੱਗਿਆ ਹੈ। ਇਨਸਾਨੀ ਜੀਵਨ ਵਿਚ ਤ੍ਰਾਸਦੀ ਦੀ ਲੈਅ ਨੂੰ ਸਿੱਧੇ ਸਾਦੇ ਅਤੇ ਜ਼ੋਰਦਾਰ ਲਫਜ਼ਾਂ ਵਿਚ ਜਿਵੇਂ 'ਸੈਫਲ ਮਲੂਕ' ਦੇ ਸਿਰਜਕ ਮੀਆਂ

*(ਬਾਕੀ ਅਗਲੇ ਸਫੇ 'ਤੇ)*

# ਟੁਕੜੇ ਟੁਕੜੇ ਬਚਪਨ

*'ਉਡਣੇ ਸਿੱਖ' ਵਜੋਂ ਸੰਸਾਰ ਭਰ ਵਿਚ ਮਸ਼ਹੂਰ ਹੋਏ ਦੌੜਾਕ ਮਿਲਖਾ ਸਿੰਘ ਦਾ ਜੀਵਨ ਬਹੁਤ ਮੁਸ਼ਕਿਲਾਂ ਭਰਿਆ ਰਿਹਾ। ਇਸ ਬਾਰੇ ਵਿਸਥਾਰ ਸਹਿਤ ਖੁਲਾਸਾ ਉਨ੍ਹਾਂ ਆਪਣੀ ਸਵੈਜੀਵਨੀ ਵਿਚ ਕੀਤਾ ਹੈ। ਉਂਜ, ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਮਿਲਖਾ ਸਿੰਘ ਲਈ ਇਹ ਰਚਨਾ-ਕਾਰਜ ਮਰਹੂਮ ਇਨਕਲਾਬੀ ਸ਼ਾਇਰ ਪਾਸ਼ ਨੇ ਕੀਤਾ ਸੀ। ਮਿਲਖਾ ਸਿੰਘ ਪਾਸ਼ ਨੂੰ ਆਪਣੀ ਜੀਵਨ ਵਿਥਿਆ ਸੁਣਾਉਂਦੇ ਰਹੇ ਅਤੇ ਪਾਸ਼ ਆਪਣੇ ਸ਼ਬਦਾਂ ਰਾਹੀਂ ਇਹ ਕਹਾਣੀ ਕਾਗਜ਼ ਉਤੇ ਉਤਾਰਦਾ ਰਿਹਾ। ਮਿਲਖਾ ਸਿੰਘ ਦੇ ਜੀਵਨ ਉਤੇ ਆਧਾਰਿਤ ਫਿਲਮ 'ਭਾਗ ਮਿਲਖਾ ਭਾਗ' ਵੀ ਬਣ ਚੁਕੀ ਹੈ। ਇਸ ਦਿਲਚਸਪ ਅਤੇ ਵਿਲੱਖਣ ਕਹਾਣੀ ਦਾ ਇਕ ਹਿੱਸਾ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ*

ਜ਼ਿੰਦਗੀ ਸ਼ਾਇਦ ਵਾਪਰਨ ਵਾਲੀ ਸਭ ਤੋਂ ਵੱਡੀ ਕਰਾਮਾਤ ਹੈ। ਅਸੰਖ ਤਾਰਿਆਂ, ਧਰਤੀਆਂ ਤੇ ਸੂਰਜਾਂ ਦੀ ਅਨੰਤ ਕਾਲ ਤੋਂ ਖੇਡੀ ਜਾ ਰਹੀ ਇਸ ਖੇਡ ਵਿਚ ਮਨੁੱਖ ਛੋਟਾ ਜਿਹਾ ਖਿਡਾਰੀ ਹੈ। ਮਨੁੱਖੀ ਹਿਰਦੇ ਦੀ ਇਕ ਇਕ ਧੜਕਣ ਵਿਚ ਓੜਕਾਂ ਦੀ ਤਾਕਤ ਹੈ, ਫੁਰਤੀ ਅਤੇ ਸੰਭਾਵਨਾਵਾਂ ਹਨ। ਕੁਦਰਤ ਦੇ ਇਸ ਭੇਤ ਨੂੰ ਸਮਝ ਕੇ ਰੂਹ 'ਚ ਵਸਾਉਣ ਵਾਲਾ ਵਿਅਕਤੀ ਜ਼ਰੂਰੀ ਨਹੀਂ ਕਿ ਮਿਲਖਾ ਸਿੰਘ ਹੀ ਹੋਵੇ, ਕੋਈ ਵੀ ਹੋ ਸਕਦਾ ਹੈ।

ਜ਼ਿੰਦਗੀ ਦੀ ਇਹ ਖੇਡ ਨਾ ਹੀ ਮੈਂ ਸ਼ੁਰੂ ਕੀਤੀ ਹੈ ਤੇ ਨਾ ਹੀ ਇਹ ਮੇਰੇ ਨਾਲ ਖਤਮ ਹੋਣੀ ਹੈ। ਮੈਂ ਤਾਂ ਸਿਰਫ ਇਕ ਸਦੀ ਦਾ ਕੁਝ ਹਿੱਸਾ ਇਸ ਵਿਸ਼ਾਲ ਸਟੇਡੀਅਮ ਵਿਚ ਆਪਣੇ ਜਿਸਮ ਨੂੰ ਲੈ ਕੇ ਧੜਕਿਆ ਹਾਂ ਤੇ ਕਿਸੇ ਦਿਨ ਹੋਰਨਾਂ

ਮਿਲਖਾ ਸਿੰਘ

ਖਿਡਾਰੀਆਂ ਨੂੰ ਕਰਤਬਾਂ ਵਿਚ ਰੁੱਝੇ ਹੋਏ ਛੱਡ ਕੇ ਮਲਕੜੇ ਜਿਹੇ ਇਸ ਸਟੇਡੀਅਮ ਵਿਚੋਂ ਨਿਕਲ ਜਾਵਾਂਗਾ।

ਮੈਨੂੰ ਹਾਲੇ ਤਕ ਨਹੀਂ ਪਤਾ ਕਿ ਮੇਰਾ ਜਨਮ ਕਿਹੜੀ ਘੜੀ, ਕਿਹੜੇ ਦਿਨ ਤੇ ਕਿਹੜੇ ਸਾਲ ਵਿਚ ਹੋਇਆ। ਮੈਂ ਤੇਜ਼ੀ ਨਾਲ ਦੌੜ ਰਹੇ ਸਮੇਂ ਵਿਚ ਹੌਲੀ ਤੁਰ ਰਹੇ ਪਿੰਡ ਵਿਚ ਪੈਦਾ ਹੋਇਆ। ਇਕ ਅਜਿਹੇ ਪਿੰਡ ਵਿਚ ਜਿਥੋਂ ਦੇ ਲੋਕਾਂ ਲਈ ਉਨ੍ਹਾਂ ਦੀਆਂ ਜਨਮ ਮਿਤੀਆਂ ਦਾ ਕੋਈ ਮਹੱਤਵ ਨਹੀਂ ਸੀ। ਉਨ੍ਹਾਂ ਲੋਕਾਂ ਨੂੰ ਸਿਰਫ ਵਾਪਰ ਰਹੇ 'ਹੁਣ' ਨਾਲ ਵਾਸਤਾ ਸੀ। ਬੀਤ ਚੁਕੇ ਜਾਂ ਆਉਣ ਵਾਲੇ ਸਮੇਂ ਉਨ੍ਹਾਂ ਲਈ ਧੁੰਦਲੇ ਜਿਹੇ ਸੁਫਨਿਆਂ ਜਿੰਨੀ ਵਿਸ਼ੇਸ਼ਤਾ ਰੱਖਦੇ ਸਨ।

ਸਾਡਾ ਪਿੰਡ ਸ਼ਹਿਰ ਤੋਂ ਕੋਈ ਛੇ ਕੋਹਾਂ ਦੀ ਵਿੱਥ 'ਤੇ ਸੀ। ਮੇਰੇ ਪਿਤਾ ਸ. ਸੰਪੂਰਨ ਸਿੰਘ ਜੀ ਬੜੇ ਸਿੱਧੇ ਸਾਦੇ ਤੇ ਅਨਪੜ੍ਹ ਵਿਅਕਤੀ ਸਨ। ਉਨ੍ਹਾਂ ਨੂੰ ਕੇਵਲ ਥੋੜ੍ਹੀ ਜਿਹੀ ਪੰਜਾਬੀ ਹੀ ਆਉਂਦੀ ਸੀ ਪਰ ਤਾਂ ਵੀ ਉਨ੍ਹਾਂ ਨੇ ਪੂਰੀ ਕੋਸ਼ਿਸ਼ ਕੀਤੀ ਕਿ ਉਨ੍ਹਾਂ ਦੀ ਔਲਾਦ ਕਿਸੇ ਨਾ ਕਿਸੇ ਤਰੀਕੇ ਨਾਲ ਪੜ੍ਹ ਜਾਵੇ, ਪਰ ਗਰੀਬੀ ਦਾ ਕੱਦ ਉਨ੍ਹਾਂ ਦੀਆਂ ਸੱਧਰਾਂ ਤੋਂ ਬਹੁਤ ਉਚਾ ਸੀ- ਪੜ੍ਹਨਾ, ਸਾਡੀ ਤਕਦੀਰ ਨਹੀਂ ਬਣ ਸਕਿਆ।

ਖੇਤੀਬਾੜੀ ਸਾਡਾ ਖਾਨਦਾਨੀ ਕਿੱਤਾ ਸੀ। ਸਾਡਾ ਦੋ ਕੱਚੇ ਕੋਠਿਆਂ ਦਾ ਘਰ ਸੀ। ਇਕ ਵਿਚ ਡੰਗਰ ਤੇ ਉਨ੍ਹਾਂ 'ਚ ਹੀ ਚਾਰਾ ਪਿਆ ਰਹਿੰਦਾ ਸੀ, ਦੂਜੇ ਵਿਚ ਅਸੀਂ ਆਪ ਤੇ ਸਾਡਾ ਨਿੱਕਾ ਮੋਟਾ ਸਾਮਾਨ। ਬੱਸ ਏਹੋ ਸਾਡੀ ਦੁਨੀਆਂ ਸੀ।

ਅਸੀਂ ਪੰਜ ਭਰਾ ਸਾਂ ਤੇ ਤਿੰਨ ਭੈਣਾਂ। ਪੰਜਾਂ ਭਰਾਵਾਂ ਵਿਚੋਂ ਮੇਰੇ ਇਕ ਭਰਾ ਨੂੰ ਪਿਤਾ ਜੀ ਨੇ ਦਸਵੀਂ ਜਮਾਤ ਤਕ ਪੜ੍ਹਾਉਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਉਹ ਦਸਵੀਂ ਵਿਚੋਂ ਛੱਡ ਕੇ ਘਰੋਂ ਦੌੜ ਗਏ ਅਤੇ ਫੌਜ ਵਿਚ ਜਾ ਭਰਤੀ ਹੋਏ। ਉਦੋਂ ਦੂਜਾ ਮਹਾਂ ਯੁੱਧ ਲੱਗਾ ਹੋਇਆ ਸੀ। ਉਸ ਮਾਹੌਲ ਵਿਚ ਵੱਡੇ ਭਰਾ ਦਾ ਫੌਜ ਵਿਚ ਚਲੇ ਜਾਣਾ ਸਾਡੇ ਪਰਿਵਾਰ ਲਈ ਵੱਡਾ ਸਦਮਾ ਬਣ ਗਿਆ। ਮਾਂ ਉਸ ਦੇ ਵੈਰਾਗ ਵਿਚ ਨੀਮ ਪਾਗਲ ਜਿਹੀ ਰਹਿੰਦੀ ਸੀ। ਪਰਿਵਾਰਕ ਸ਼ਾਂਤੀ ਕਿਤੇ ਖੰਭ ਲਾ ਕੇ ਉਡ ਗਈ। ਮੇਰੇ ਭਰਾ ਦੇ ਜਾਣ ਪਿਛੋਂ ਪਿਤਾ ਜੀ ਦੀ ਪੂਰੀ ਕੋਸ਼ਿਸ਼ ਸੀ ਕਿ ਔਖੇ ਸੌਖੇ ਹੋ ਕੇ ਮੈਨੂੰ



ਮਿਲਖਾ ਸਿੰਘ

ਪੜ੍ਹਾਇਆ ਜਾਵੇ ਤੇ ਕਿਸੇ ਉਚੇ ਪੱਧਰ 'ਤੇ ਪਹੁੰਚਾਇਆ ਜਾ ਸਕੇ ਪਰ ਮੇਰਾ ਵੀ ਅਸਮਾਨ ਮੇਰੇ 'ਤੇ ਮਿਹਰਬਾਨ ਨਹੀਂ ਸੀ। ਦੁੱਖਾਂ ਮੁਸੀਬਤਾਂ ਦੇ ਵਹਿਸ਼ੀ ਗਿਰਝ ਸਦਾ ਮੇਰੇ ਸਿਰ ਉਤੇ ਉਡਦੇ ਰਹੇ ਤੇ ਬਚਪਨ ਦੇ ਕੂਲੇ ਵਰ੍ਹਿਆਂ ਨੂੰ ਨੋਚਦੇ ਰਹੇ।

ਸਾਡੇ ਪਿੰਡ ਤੋਂ ਦੋ ਕੋਹ ਦੀ ਵਿੱਥ 'ਤੇ ਨਿੱਕਾ ਜਿਹਾ ਸਕੂਲ ਸੀ। ਚੌਥੀ ਜਮਾਤ ਮੈਂ ਉਥੋਂ ਪਾਸ ਕੀਤੀ ਅਤੇ ਪੰਜਵੀਂ ਵਿਚ ਸ਼ਹਿਰ ਦੇ ਸਕੂਲ ਵਿਚ ਦਾਖਲਾ ਲੈ ਲਿਆ। ਸਾਡੇ ਪਿੰਡ ਦੇ ਦੋ ਕੁ ਸੌ ਘਰ ਸਨ ਅਤੇ ਇਨ੍ਹਾਂ ਦੋ ਸੌ ਘਰਾਂ ਵਿਚੋਂ ਇਕ ਮੁੰਡਾ ਹੋਰ ਮੇਰੇ ਨਾਲ ਸ਼ਹਿਰ ਦੇ ਸਕੂਲ ਵਿਚ ਪੜ੍ਹਨ ਜਾਂਦਾ ਸੀ। ਤੜਕੇ ਚਾਰ ਕੁ ਵਜੇ ਉਠ ਕੇ ਅਸੀਂ ਸਕੂਲ ਪਹੁੰਚਦੇ ਸਾਂ। ਉਸ ਸਮੇਂ ਲੋਕਾਂ ਕੋਲ ਘੜੀਆਂ ਨਹੀਂ ਹੁੰਦੀਆਂ ਸਨ। ਸ਼ਹਿਰ ਨੂੰ ਆਉਂਦੀ ਗੱਡੀ ਤੋਂ ਅੰਦਾਜ਼ਾ ਲਾਇਆ ਜਾਂਦਾ ਕਿ ਸਕੂਲ ਦਾ ਸਮਾਂ ਹੋ ਗਿਆ ਹੈ। ਸਿਆਲਾਂ ਵਿਚ ਸਕੂਲ ਨੂੰ ਜਾਂਦੇ ਹੋਏ ਸਾਡੇ ਹੱਥ ਪੈਰ ਸੁੰਨ ਹੋ ਜਾਂਦੇ। ਕੋਰਾ ਅੱਖਾਂ ਦੇ ਭਰਵੱਟਿਆਂ ਵਿਚ ਜੰਮ ਜਾਂਦਾ। ਅਸੀਂ ਸੰਘਣੀਆਂ ਧੁੰਦਾਂ ਵਿਚ ਦੀ ਆਪਣੀ ਪਗਡੰਡੀ ਲੱਭ ਕੇ ਤੁਰੇ ਜਾਂਦੇ। ਗਰਮੀਆਂ ਨੂੰ ਰੇਤ ਦੇ ਤਪਦੇ ਟਿੱਬਿਆਂ ਵਿਚ ਸਾਡੇ ਪੈਰ ਭੁੱਜ ਕੇ ਖਿੱਲਾਂ ਬਣ ਜਾਂਦੇ।

ਇਨ੍ਹਾਂ ਤਪਦੇ ਟਿੱਬਿਆਂ ਉਤੇ ਮੇਰਾ ਬਚਪਨ ਨਿੱਕੀ ਨਿੱਕੀ ਛਾਂ ਦੇ ਟੁਕੜਿਆਂ ਖਾਤਰ ਦੌੜਦਾ ਰਿਹਾ। ਗਰਮ ਗਰਮ ਰੇਤੇ ਉਤੇ ਚੁੰਕਵੇਂ ਪੱਬੀਂ ਦੌੜਨਾ ਅਤੇ ਜਿਥੇ ਕਿਤੇ ਥੋੜ੍ਹੀ ਜਿਹੀ ਛਾਂ ਲੱਭਣੀ, ਉਥੇ ਚੌਫਾਲ ਡਿੱਗ ਕੇ ਆਪਣੇ ਪੈਰਾਂ ਨੂੰ ਠੰਢੇ ਕਰਨ ਦੀ ਕੋਸ਼ਿਸ਼ ਕਰਨੀ। ਸ਼ਾਇਦ ਇਹ ਮੇਰੀ ਜ਼ਿੰਦਗੀ ਦੀਆਂ ਪਹਿਲੀਆਂ ਦੌੜਾਂ ਸਨ ਜਿਨ੍ਹਾਂ ਨੇ ਅੱਗੇ ਜਾ ਕੇ ਮੇਰੀ ਸਪੋਰਟਸਮੈਨ ਦੀ ਜ਼ਿੰਦਗੀ ਦਾ ਆਧਾਰ ਬਣਨਾ ਸੀ। ਇਸ ਤਰ੍ਹਾਂ ਮੈਂ ਦੋ ਸਾਲ ਸ਼ਹਿਰ ਦੇ ਸਕੂਲ ਵਿਚ ਪੜ੍ਹਿਆ। ਪੜ੍ਹਾਈ ਵਿਚ ਅਸੀਂ ਦੋਵੇਂ ਸ਼ਹਿਰ ਦੇ ਮੁੰਡਿਆਂ ਨਾਲੋਂ ਕਾਫੀ ਕਮਜ਼ੋਰ ਸਾਂ ਅਤੇ ਸਾਨੂੰ ਅੰਗਰੇਜ਼ੀ ਪੰਜਵੀਂ ਜਮਾਤ ਵਿਚ ਹੀ ਸਿਖਾਉਣੀ ਸ਼ੁਰੂ ਕਰਾਈ ਗਈ ਸੀ। ਮੈਨੂੰ ਇਹ ਭਾਸ਼ਾ ਆਪਣੇ ਲਈ ਕਦੇ ਨਾ ਸਰ ਹੋਣ ਵਾਲੇ ਪਹਾੜ ਵਰਗੀ ਲੱਗਦੀ।

ਮੈਨੂੰ ਸਿਰਫ ਉਰਦੂ ਦੀ ਇਕੋ ਕਹਾਣੀ ਯਾਦ ਸੀ। ਮੇਰੇ ਪਿਤਾ ਜੀ ਨੇ ਕਈ ਵਾਰ ਮੈਨੂੰ ਅੰਗਰੇਜ਼ੀ ਦੀ ਕਿਤਾਬ ਸੁਣਾਉਣ ਲਈ ਕਹਿਣਾ ਤੇ ਮੈਂ ਉਹੀ ਕਹਾਣੀ ਕੱਢ ਕੇ ਦੀਵੇ ਦੀ ਲੋ ਵਿਚ ਉਨ੍ਹਾਂ ਨੂੰ ਤੋਤੇ ਦੀ ਮੁਹਾਰਨੀ ਵਾਂਗ ਸੁਣਾ ਦੇਣੀ। ਇਸ ਤੋਂ ਮੇਰੇ ਪਿਤਾ ਜੀ ਨੇ ਸਮਝਣਾ ਕਿ ਮੇਰਾ ਬੱਚਾ ਪੜ੍ਹਾਈ ਵਿਚ ਬੜਾ ਹੁਸ਼ਿਆਰ ਹੈ।

ਫਿਰ 1947 ਦਾ ਕਹਿਰ ਸਾਡੀ ਧਰਤੀ ਉਪਰ ਵਾਪਰਿਆ। ਸਾਮਰਾਜ ਦੀ ਚਾਲ ਨੇ ਸਾਡੇ ਦੇਸ਼ ਵਾਸੀਆਂ ਦੇ ਲਹੂ ਵਿਚ ਜ਼ਹਿਰ ਘੋਲ ਦਿੱਤਾ। ਲੋਕ ਮਨੁੱਖ ਨਾ ਰਹੇ- ਹਿੰਦੂ ਜਾਂ ਮੁਸਲਮਾਨ ਬਣ ਗਏ। ਫਸਾਦਾਂ ਦੇ ਪੁੜਾਂ ਵਿਚ ਮਨੁੱਖਤਾ ਦੇ ਸੋਹਲ ਰਿਸ਼ਤੇ ਕੁਚਲੇ ਗਏ। ਧਰਤੀ ਬੇਵਸ ਜਿਹੀ ਅਸਮਾਨ ਵੱਲ ਤੱਕਦੀ ਰਹੀ ਤੇ ਅਸਮਾਨ ਇਨਸਾਨਾਂ ਦੀ ਮੂਰਖਤਾ ਉਤੇ ਹੱਸਦਾ ਰਿਹਾ। ਇਸ ਘੱਲੂਘਾਰੇ ਵਿਚ ਹਜ਼ਾਰਾਂ ਘਰ ਤਬਾਹ ਹੋ ਗਏ। ਮਾਂਵਾਂ ਆਪਣੇ ਬੱਚਿਆਂ ਤੋਂ ਤੇ ਵੀਰ ਆਪਣੀਆਂ ਭੈਣਾਂ ਤੋਂ ਵਿਛੜ ਗਏ। ਇਸੇ ਘਟਨਾ ਨੇ ਮੈਥੋਂ ਮੇਰਾ ਬਚਪਨ ਖੋਹ ਲਿਆ ਤੇ ਅੱਗੇ ਚੱਲ ਕੇ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਨੇ ਮੈਨੂੰ ਵਕਤੋਂ ਬਹੁਤ ਪਹਿਲਾਂ ਗੰਭੀਰ ਤੇ ਪ੍ਰੌੜ੍ਹ ਬਣਾ ਦਿੱਤਾ। ਉਦਾਸੀ ਉਮਰ ਭਰ ਮੇਰੇ ਨਾਲ ਤੁਰੀ। ਅੱਜ ਵੀ ਕਦੇ ਕਦੇ ਮੇਰੀ ਗਵਾਚੀ ਚੰਚਲਤਾ ਲਈ ਰੋਣ 'ਤੇ ਚਿੱਤ ਕਰਦਾ ਹੈ।

---

**ਮੇਰੀ ਸਫਲਤਾ ਦਾ ਰਾਜ਼ (ਚੈਂਪੀਅਨ ਬਣਨ ਲਈ ਕੀ ਕੀਤਾ ਜਾਵੇ):** ਕਾਮਯਾਬੀ ਤਕ ਕੋਈ ਸ਼ਾਹੀ ਸੜਕ ਨਹੀਂ ਜਾਂਦੀ। ਸੰਸਾਰ ਪੱਧਰ ਤਕ ਪਹੁੰਚਣ ਲਈ ਘੱਟੋ-ਘੱਟ ਮੈਨੂੰ ਅਜਿਹੀ ਕੋਈ ਸੜਕ ਸਾਰੀ ਉਮਰ ਨਹੀਂ ਮਿਲੀ। ਕਠਿਨ ਤਪੱਸਿਆ ਬਗੈਰ ਜਿਵੇਂ ਜੋਗ ਹਾਸਿਲ ਨਹੀਂ ਕੀਤਾ ਜਾ ਸਕਦਾ, ਇਸੇ ਤਰ੍ਹਾਂ ਸਖਤ ਮਿਹਨਤ ਬਿਨਾ ਦੌੜਾਂ ਵਿਚ ਜਿੱਤ ਪ੍ਰਾਪਤ ਨਹੀਂ ਹੋ ਸਕਦੀ। ਦੌੜਨਾ ਅਜਿਹੀ ਦੁਸ਼ਵਾਰ ਸਾਧਨਾ ਹੈ, ਜਿਸ ਖਾਤਰ ਤੁਹਾਨੂੰ ਐਸ਼ੋ-ਆਰਾਮ, ਅਸਫਲਤਾਵਾਂ 'ਚੋਂ ਉਪਜੀ ਬੇ-ਦਿਲੀ ਅਤੇ ਜਿੱਤ 'ਚੋਂ ਜਨਮੀ ਹੈਂਕੜ ਦਾ ਤਿਆਗ ਕਰਨਾ ਪੈਂਦਾ ਹੈ।

ਸਿਰਫ ਸਾਢੇ ਕੁ ਚਾਰ ਸੌ ਗਜ ਦੌੜਨ ਲਈ ਮੈਨੂੰ 11 ਸਾਲ ਲੱਗੇ ਅਤੇ 35 ਹਜ਼ਾਰ ਮੀਲ ਤੈਅ ਕਰਨਾ ਪਿਆ। ਕਮਜ਼ੋਰ ਇਰਾਦੇ ਵਾਲੇ ਥਿੜਕ ਜਾਂਦੇ ਹਨ। ਸਿਰੜੀ, ਸਿਰਲੱਥ ਅਤੇ ਸਾਧ ਬਣੇ ਬਿਨਾ ਸੰਸਾਰ ਸੀਮਾ ਨੂੰ ਛੋਹਿਆ ਨਹੀਂ ਜਾ ਸਕਦਾ।

ਦੌੜਨਾ ਆਪਣੇ ਆਪ ਵਿਚ ਪੂਰਨ ਭਗਤੀ ਹੈ ਅਤੇ ਦੌੜ ਦੇ ਭਗਤ ਜਿੰਨੀ ਦੇਰ ਮੂੰਹ-ਹਨੇਰੇ ਉਠ ਕੇ ਆਪਣਾ ਅਭਿਆਸ ਨਹੀਂ ਕਰਨਗੇ, ਜਿੱਤ ਦੇ ਦਰਸ਼ਨ ਨਹੀਂ ਕਰ ਸਕਣਗੇ। ਦੌੜਨਾ ਮੇਰੀ ਬੇਰੋਕ ਅਤੇ ਬਿਨਾ ਨਾਗਾ ਲੰਮੀ ਪ੍ਰਕ੍ਰਿਆ ਰਹੀ ਹੈ। ਮੈਂ ਹਫਤੇ ਵਿਚ ਸੱਤੇ ਦਿਨ ਅਤੇ ਸਾਲ ਵਿਚ 365 ਦਿਨ ਦੌੜਦਾ ਸਾਂ। ਮੀਂਹ ਅਤੇ ਹਨੇਰੀਆਂ ਮੇਰੇ ਸਾਥੀ ਰਹੇ ਹਨ। ਇਸ ਲੰਮੇ ਸੰਘਰਸ਼ ਵਿਚ ਮੈਂ ਨਾ ਕਦੀ ਢਿੱਲ ਪਾਈ, ਨਾ ਆਲਸ ਨੂੰ ਹਾਵੀ ਹੋਣ ਦਿੱਤਾ ਅਤੇ ਨਾ ਮੌਸਮੀ ਪ੍ਰਭਾਵਾਂ ਨੂੰ ਆਪਣੇ ਰਾਹ ਵਿਚ ਖਲੋਣ ਦਾ ਮੌਕਾ ਦਿੱਤਾ। ਪ੍ਰੈਕਟਿਸ ਕਰਦਾ ਕਰਦਾ ਮੈਂ ਗਰਾਊਂਡ ਵਿਚ ਬੇਹੋਸ਼ ਹੋ ਕੇ ਡਿੱਗ ਪੈਂਦਾ, ਮੇਰੇ ਚਿਹਰੇ ਦਾ ਰੰਗ ਪੀਲਾ ਪੈ ਜਾਂਦਾ ਅਤੇ ਖੂਨ ਖੁਸ਼ਕ ਹੋ ਜਾਂਦਾ। ਡਾਕਟਰਾਂ ਨੇ ਕਈ ਵਾਰ ਮੈਨੂੰ ਸਲਾਹ ਦੇਣੀ ਕਿ ਮੈਂ ਜੇ ਹੋਰ ਪ੍ਰੈਕਟਿਸ ਕੀਤੀ ਤਾਂ ਢਾਂਚਾ ਹੱਡੀਆਂ ਦੀ ਮੁੱਠ ਬਣ ਜਾਵੇਗਾ ਪਰ ਮੈਨੂੰ ਅਮਲ ਲੱਗ ਚੁੱਕਾ ਸੀ ਅਤੇ ਦੌੜ ਦੇ ਇਸ ਨਸ਼ੇ ਵਿਚ ਮੈਨੂੰ ਮੇਰੀਆਂ ਹੱਡੀਆਂ ਸਟੀਲ ਵਾਂਗੂੰ ਜਾਪਦੀਆਂ। ਦੌੜਨਾ ਮੇਰੀ ਜ਼ਿੰਦਗੀ ਦੀ ਇਕੋ-ਇਕ ਪ੍ਰੇਰਨਾ ਅਤੇ ਉਤਸ਼ਾਹ ਬਣ ਚੁੱਕਾ



ਮਿਲਖਾ ਸਿੰਘ ਆਪਣੀ ਪਤਨੀ, ਧੀਆਂ ਤੇ ਪੁੱਤਰ ਨਾਲ

ਸੀ। ਜੀਵਨ ਵਿਚ ਇਸ ਨਾਲੋਂ ਜ਼ਰੂਰੀ ਕੰਮ ਮੈਨੂੰ ਕਦੇ ਨਹੀਂ ਜਾਪਿਆ ਅਤੇ ਆਪਣੇ ਰੋਜ਼ਾਨਾ ਅਭਿਆਸ ਨਾਲੋਂ ਕਿਸੇ ਹੋਰ ਕੰਮ ਨੂੰ ਮੈਂ ਜ਼ਰੂਰੀ ਨਹੀਂ ਸਾਂ ਸਮਝਦਾ। ਦਿਨ ਨੂੰ ਗਰਾਊਂਡ ਵਿਚ ਅਤੇ ਰਾਤ ਨੂੰ ਸੁਪਨਿਆਂ 'ਚ ਮੈਨੂੰ ਆਪਣਾ ਆਪ ਦੌੜਦਾ ਹੀ ਦੌੜਦਾ ਨਜ਼ਰ ਆਉਣ ਲੱਗ ਪਿਆ ਸੀ।

# ਅੱਲ੍ਹਾ ਹੂ ਵਾਲੀ ਵੰਝਲੀ ਵਜਾ ਕੇ...

(ਪਿਛਲੇ ਸਫੇ ਦੀ ਬਾਕੀ)

ਮੁਹੰਮਦ ਬਖਸ਼ ਨੇ ਫੜ੍ਹਿਆ ਹੈ, ਉਹ ਹੈਰਤਅੰਗੇਜ਼ ਹੈ। ਅਕਰਮ ਰਾਹੀ ਮਾਈਕ ਹੱਥ ਵਿਚ ਲੈਂਦਿਆਂ ਹੀ

ਨਾ ਕਰ ਮੇਰੀ ਮੇਰੀ ਬੰਦਿਆ
ਓਇ ਤੂੰ ਏਂ ਖਾਕ ਦੀ ਢੇਰੀ
ਕੋਠੀਆਂ ਬੰਗਲੇ ਸਭ ਟੁਰ ਜਾਣੇ
ਜਦੋਂ ਅੱਖ ਲੇਖਾਂ ਨੇ ਫੇਰੀ

ਬੋਲਾਂ ਨਾਲ ਬੁਲੰਦ ਆਵਾਜ਼ ਵਿਚ ਇਨਸਾਨ ਨੂੰ ਆਗਾਹ ਕਰਦਾ ਹੈ:

ਇਹ ਦੁਨੀਆਂ ਚੰਨ ਚਾਰ ਦਿਹਾੜੇ
ਓ ਨਾ ਕਰ ਮੇਰੀ ਮੇਰੀ
ਕੱਲਾ ਆਇਐਂ ਕੱਲਿਆਂ ਈ ਜਾਣਾ ਈ
ਓਏ ਬਸ ਏਨੀ ਖੇਡ ਹੈ ਤੇਰੀ

ਚਾਨਣ ਵੇਖ ਕੇ ਭੁੱਲ ਨਾ ਜਾਵੀਂ
ਕਿ ਆਖਰ ਸ਼ਾਮ ਵੀ ਪੈਣੀ
ਬੇਵਫਾਈ ਹੈ ਰਸਮ ਮੁਹੰਮਦ
ਜੋ ਰੋਜ਼ ਹਸ਼ਰ ਤੱਕ ਰਹਿਣੀ।

ਦੋ ਚਾਰ ਸਤਰਾਂ ਹੋਰ ਜ਼ਰਾ ਵੇਖੋ:

ਧੀਆਂ ਪੁੱਤਰ ਭੈਣ ਭਰਾ ਵੀ
ਹੱਥ ਪਏ ਲਾਉਣ ਤੋਂ ਡਰਦੇ
ਪੈਰ ਪਸਾਰ ਪਿਉ ਵਿਚ ਵਿਹੜੇ
ਤੇ ਉਹ ਕੱਢੋ ਕੱਢੋ ਕਰਦੇ
ਭਰ ਭਰ ਬੁੱਕ ਮਿੱਟੀ ਦੇ ਪਾਉਂਦੇ
ਕਰਦੇ ਢੇਰ ਉਚੇਰਾ
ਮੰਗ ਦੁਆ ਓ ਘਰਾਂ ਨੂੰ ਜਾਂਦੇ
ਪਰਤ ਨਹੀਂ ਪਾਉਂਦੇ ਫੇਰਾ...।

ਇਹ ਪ੍ਰਸੰਗ ਅਤੇ ਬਿਰਤਾਂਤ ਤਾਂ ਸਸ਼ਕਤ ਹੈ ਹੀ, ਅਕਰਮ ਰਾਹੀ ਦੀ ਅਦਾਇਗੀ ਕਮਾਲ ਦੀ ਹੈ। ਸੈਫਲ ਗਾਇਨ ਦੇ ਸਿਲਸਿਲੇ ਵਿਚ ਸਾਈਂ ਜ਼ਹੂਰ ਵਰਗਾ ਗਾਇਕ ਵੀ ਰਾਹੀ ਮੂਹਰੇ ਫਿੱਕਾ ਪੈ ਜਾਂਦਾ ਹੈ; ਮਸਲਨ 'ਯਾਰਾਂ ਦਾ ਚੈਨਲ' ਵਾਲਿਆਂ ਨੇ ਦੋਹਾਂ ਗਾਇਕਾਂ ਦਾ ਮਾਨੋਂ ਮੁਕਾਬਲਾ ਦਰਸਾਉਂਦੀ ਰਿਕਾਰਡਿੰਗ ਨੈਟ 'ਤੇ ਪਾਈ ਹੋਈ ਹੈ। ਸ਼ੁਰੂਆਤ ਅਕਰਮ ਰਾਹੀ

ਓਇ ਚੁੱਪ ਰਵੇਂ ਤਾਂ ਮੋਤੀ ਮਿਲਸਣ,
ਸਬਰ ਕਰੇਂ ਤਾਂ ਹੀਰਾ
ਤੇ ਜੇ ਟੈਂ ਟੈਂ ਕਰੇਂ ਮੁਹੰਮਦ ਬਖਸ਼ਾ,
ਨਾ ਕਚਰਾ ਨਾ ਚੀਰਾ

ਬੋਲਾਂ ਨਾਲ ਕਰਦਾ ਹੈ। ਅਗਲੀ ਸਤਰ ਦਾ ਗਾਇਨ ਸਾਈਂ ਜ਼ਹੂਰ ਕਰਦਾ ਹੈ। ਰਾਹੀ ਦੇ ਗਰਜਵੇਂ ਉਚਾਰਨ ਮੂਹਰੇ ਸਾਈਂ ਥੋੜ੍ਹਾ ਮਾਂਦਾ ਪੈਂਦਾ ਨਜ਼ਰ ਆਉਂਦਾ ਹੈ। ਆਬਿਦਾ ਪ੍ਰਵੀਨ ਪਰਪੱਕ ਗਾਇਕਾ ਹੈ, ਬਲਕਿ ਆਪਣੇ ਖੇਤਰ ਵਿਚ ਸਿਖਰ ਹੀ ਹੈ ਉਹ ਵੀ ਪਰ

'ਦੁਸ਼ਮਣ ਮਰੇ ਤਾਂ ਖੁਸ਼ੀ ਨਾ ਕਰੀਏ,
ਸੱਜਣਾਂ ਵੀ ਮਰ ਜਾਣਾ'

ਬੋਲਾਂ ਵਾਲੇ ਉਸ ਦੇ ਗਾਇਨ ਵਿਚ ਵੀ ਮੈਨੂੰ ਰਾਹੀ ਦਾ ਤੋੜ ਨਜ਼ਰ ਨਹੀਂ ਆਉਂਦਾ।

ਬੁੱਲ੍ਹੇ ਸ਼ਾਹ ਅਤੇ ਸੈਫਲ ਮਲੂਕ ਵਾਂਗ ਪੰਜਾਬੀਆਂ ਅੰਦਰ ਬੇਹੱਦ ਮਕਬੂਲ ਜੁਗਨੀ ਦਾ ਗਾਇਨ ਵੀ ਹੈ। ਜੁਗਨੀ ਸਾਡੇ ਅਨੇਕਾਂ ਗਾਇਕਾਂ ਨੇ ਗਾਈ। ਗੁਰਮੀਤ ਬਾਵਾ ਦੀ ਜੁਗਨੀ ਨੂੰ ਭਲਾਂ ਕੌਣ ਭੁੱਲ ਸਕਦਾ ਹੈ? ਪਰ ਜੁਗਨੀ ਗਾਇਨ ਵਿਚ ਜੋ ਕਰਤਾਰੀ ਜਲਵਾ ਆਲਮ ਲੁਹਾਰ ਦੇ ਫਰਜ਼ੰਦ ਆਰਿਫ ਲੁਹਾਰ ਨੇ ਮੀਸ਼ਾ ਸ਼ਫੀ ਨਾਲ ਮਿਲ ਕੇ ਖੜ੍ਹਾ ਕੀਤਾ ਹੈ, ਉਸ ਦਾ ਕੋਈ ਲੇਖਾ ਹੀ ਨਹੀਂ ਹੈ! ਮਸਲਾ ਇਥੇ ਵੀ ਇਸ਼ਕ ਹਕੀਕੀ ਦਾ ਹੈ। ਇਥੇ ਵੀ ਗਾਇਕਾਂ ਨੇ ਕਿਸੇ ਉਚੇ ਮੁਕਾਮ ਨੂੰ ਛੋਹਣ ਲਈ ਤਾਣ ਲਾਇਆ ਹੋਇਆ ਹੈ। ਆਰਿਫ ਲੁਹਾਰ ਚਿਮਟਾ ਖੜਕਾਉਂਦਿਆਂ

'ਅਲਫ ਅੱਲ੍ਹਾ ਚੰਬੇ ਦੀ ਬੂਟੀ,
ਮੇਰੇ ਮੁਰਸ਼ਦ ਮਨ ਵਿਚ ਲਾਈ ਹੂ'

ਬੋਲਾਂ ਨਾਲ ਅਲਾਪ ਲੈਂਦਾ ਹੈ ਅਤੇ ਫਿਰ ਹਰ ਸਤਰ 'ਤੇ ਮੀਸ਼ਾ ਸ਼ਫੀ ਜਿਸ ਦੈਵੀ ਇੰਦ੍ਰਿਆਵੀ ਤੇਜ਼ ਤੇ ਮੌਜ ਨਾਲ ਦੋਹਰ ਪਾਉਂਦੀ ਹੈ, ਉਹ ਕੌਤਕ ਵੇਖਿਆਂ ਹੀ ਬਣਦਾ ਹੈ। ਮੀਸ਼ਾ ਸ਼ਫੀ ਦੀ ਆਵਾਜ਼, ਅਦਾ, ਹਾਵ-ਭਾਵ, ਸਮੁੱਚੇ ਬਦਨ ਦਾ ਰਿਦਮ ਤਾਂ ਹੈ ਹੀ ਅਚੰਭਾਜਨਕ। ਇਸ ਕਿਸਮ ਦਾ ਅਨੁਭਵ ਕਰੀਬ 35 ਵਰ੍ਹੇ ਪਹਿਲਾਂ ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿਚ ਮਲਿਕਾ ਪੁਖਰਾਜ ਦੀ ਧੀ ਤਾਹਿਰਾ ਸੱਈਅਦ ਦੇ ਤਲਿਸਮੀ ਗਾਇਨ ਨੂੰ ਸੁਣਦਿਆਂ ਮਹਿਸੂਸ ਹੋਇਆ ਸੀ। ਤਹਿਰਾ ਨੇ ਉਸ ਦਿਨ ਅਹਿਮਦ ਫਰਾਜ਼ ਦੀ ਗਜ਼ਲ ਸੁਣਾਈ ਸੀ:

ਯੇਹ ਆਲਮ ਸ਼ੌਕ ਕਾ ਦੇਖਾ ਨਾ ਜਾਏ
ਵੋਹ ਬੁੱਤ ਹੈ, ਯਾ ਖੁਦਾ ਦੇਖਾ ਨਾ ਜਾਏ।
ਯੇਹ ਮੇਰੇ ਸਾਥ ਕੈਸੀ ਰੌਸ਼ਨੀ ਹੈ
ਕਿ ਮੁਝ ਸੇ ਰਾਸਤਾ ਦੇਖਾ ਨਾ ਜਾਏ।

ਤਾਹਿਰਾ ਦੇ ਨਾਲ ਉਸ ਦਿਨ ਸੀ, ਉਸ ਦੀ ਮਾਂ ਮਲਿਕਾ ਪੁਖਰਾਜ, ਜਿਸ ਨੇ ਸਾਡੇ ਸਮਿਆਂ 'ਚ ਬੇਗਮ ਅਖਤਰ ਨਾਲ ਮਿਲ ਕੇ ਗਜ਼ਲ ਗਾਇਨ ਦਾ ਪੂਰਾ ਅਸਮਾਨ ਮੱਲੀ ਰੱਖਿਆ ਸੀ। ਮਲਿਕਾ ਨੇ ਉਸੇ ਸ਼ਾਮ ਇਕਬਾਲ ਦੀ ਗਜ਼ਲ ਸੁਣਾਈ:

ਤੇਰੇ ਇਸ਼ਕ ਕੀ ਇੰਤਹਾ ਚਾਹਤਾ ਹੂੰ
ਮੇਰੀ ਸਾਦਗੀ ਦੇਖ ਮੈਂ ਕਿਆ ਚਾਹਤਾ ਹੂੰ।

(ਚਲਦਾ)

## ਪੰਜਾਬੀ ਬੋਲੀ

ਦੁਸ਼ਮਣ ਯਾਰ ਪੰਜਾਬੀ ਦੀਆਂ
ਬਣ ਗਈਆਂ ਸਰਕਾਰਾਂ ਕਿਉਂ?
ਫੁੱਲਾਂ ਜਿਹੀ ਪੰਜਾਬੀ ਦੇ ਨਾਲ
ਖਾਂਦੇ ਨੇ ਬਈ ਖਾਰਾਂ ਕਿਉਂ?
ਪੰਜਾਬ ਦੇ ਵਿਚੋਂ ਮਿਟ ਰਹੀ ਏ
ਪੱਟੀਆਂ ਬੰਨੀ ਬੈਠੇ ਆਂ,
ਪਹਿਰੇਦਾਰ ਪੰਜਾਬੀ ਦੇ
ਬੈਠੇ ਵਾਂਗ ਬਿਮਾਰਾਂ ਕਿਉਂ?
ਇੰਗਲਿਸ਼ ਹੋਵੇ ਚਾਹੇ ਹਿੰਦੀ
ਭਾਸ਼ਾ ਕੋਈ ਵੀ ਮਾੜੀ ਨਹੀਂ,
ਸਾਡੀ ਫਿਰ ਮਾਂ ਬੋਲੀ 'ਤੇ
ਵੱਜ ਰਹੀਆਂ ਤਲਵਾਰਾਂ ਕਿਉਂ?

ਸਾਡੇ ਲਈ ਤਾਂ ਮਾਂ ਬੋਲੀ ਦਾ
ਰੁਤਬਾ ਸਭ ਤੋਂ ਵੱਡਾ ਏ,
ਫਿਰ ਇਹ ਵੈਰੀ ਮਾਂ ਬੋਲੀ ਦੇ
ਖੜ੍ਹੀਆਂ ਕਰਨ ਦੀਵਾਰਾਂ ਕਿਉਂ?
'ਗੁਲਾਮੀ ਵਾਲਾ ਬੂਟਾ' ਆਖੇ
ਸੋਚੋ ਅਤੇ ਵਿਚਾਰ ਕਰੋ,
ਮਾਂ ਬੋਲੀ ਪੰਜਾਬੀ ਉਤੇ
ਰੋਜ ਰੋਜ ਤਕਰਾਰਾਂ ਕਿਉਂ?

*-ਬੂਟਾ ਗੁਲਾਮੀ ਵਾਲਾ, ਮੋਗਾ*
*ਫੋਨ: 91-94171-97395*

# ਸਟੀਫਨ ਹਾਕਿੰਗ ਦੀ ਨਿਗ੍ਹਾ ਵਿਚ ਮਨੁੱਖ ਦਾ ਭਵਿਖ

***ਇੰਗਲੈਂਡ ਵਿਚ ਜਨਮੇ ਸਟੀਫਨ ਵਿਲੀਅਮ ਹਾਕਿੰਗ (8 ਜਨਵਰੀ 1942-14 ਮਾਰਚ 2018) ਆਈਨਸਟਾਈਨ ਤੋਂ ਬਾਅਦ 20ਵੀਂ ਸਦੀ ਦੇ ਸਭ ਤੋਂ ਵੱਡੇ ਵਿਗਿਆਨੀ ਸਨ। ਉਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀ ਤ੍ਰਾਸਦੀ ਹੀ ਉਨ੍ਹਾਂ ਦੀ ਮਹਾਨਤਾ ਦਾ ਆਧਾਰ ਬਣ ਗਈ। ਦਰਅਸਲ ਜਿਸ ਬਿਮਾਰੀ ਕਾਰਨ ਉਹ ਨਾ ਬੋਲ ਸਕਦੇ ਸਨ, ਨਾ ਹਿਲ-ਜੁਲ ਸਕਦੇ ਸਨ, ਮੰਨਿਆ ਜਾਂਦਾ ਹੈ ਕਿ ਉਸੇ ਦੇ ਕਾਰਨ ਉਨ੍ਹਾਂ ਆਪਣੇ ਦਿਮਾਗ਼ ਨੂੰ ਇਸ ਹੱਦ ਤੱਕ ਇਕਾਗਰ ਕਰਨ ਵਿਚ ਮੁਹਾਰਤ ਹਾਸਲ ਕੀਤੀ ਕਿ ਉਹ ਗਣਿਤ ਦੇ ਵੱਡੇ ਵੱਡੇ ਸਵਾਲਾਂ ਨੂੰ ਦਿਮਾਗ਼ ਵਿਚ ਹੀ ਇਕ ਦੋ ਨਹੀਂ, ਬਲਕਿ 11 ਤਰੀਕਿਆਂ ਨਾਲ ਹੱਲ ਕਰ ਲੈਂਦੇ ਸਨ। ਉਹ ਦੁਨੀਆਂ ਦੇ ਮਹਾਨ ਵਿਗਿਆਨੀ ਸਨ, ਕਿਉਂਕਿ ਉਹ ਸਾਰੀ ਉਮਰ ਮਨੁੱਖਤਾ ਦੇ ਭਵਿਖ ਸਬੰਧੀ ਸਵਾਲਾਂ ਨੂੰ ਲੈ ਕੇ ਫਿਕਰਮੰਦ ਰਹੇ। 10 ਸਾਲ ਪਹਿਲਾਂ 'ਦਿ ਟੈਲੀਗ੍ਰਾਫ' (ਲੰਡਨ) ਨੇ ਉਨ੍ਹਾਂ ਨਾਲ ਮੁਲਾਕਾਤ ਕੀਤੀ ਸੀ ਜਿਸ ਵਿਚ ਉਨ੍ਹਾਂ ਨੇ ਮਨੁੱਖ ਦੇ ਭਵਿਖ ਨਾਲ ਸਬੰਧਿਤ ਬਹੁਤ ਸਾਰੇ ਸਵਾਲਾਂ ਦੇ ਜਵਾਬ ਦਿੱਤੇ ਸਨ। ਪੇਸ਼ ਹਨ ਉਸ ਮੁਲਾਕਾਤ ਦੇ ਕੁਝ ਅੰਸ਼:***

**ਸਵਾਲ:** ਦੁਨੀਆ ਦੀ ਆਬਾਦੀ ਹਰ 40 ਸਾਲਾਂ ਵਿਚ ਦੁੱਗਣੀ ਹੋ ਰਹੀ ਹੈ। ਜੇ ਇਹ ਇਸੇ ਰਫਤਾਰ ਨਾਲ ਵਧਦੀ ਰਹੀ ਤਾਂ ਸੰਨ 2600 ਤੱਕ ਧਰਤੀ 'ਤੇ ਸਾਡੇ ਰਹਿਣ ਲਈ ਸਹੀ ਥਾਂ ਹੀ ਨਹੀਂ ਰਹੇਗੀ। ਇਸ ਹਾਲਤ ਵਿਚ ਕੀ ਅਸੀਂ ਦੂਜੇ ਗ੍ਰਹਿਆਂ ਤੱਕ ਜਾ ਸਕਾਂਗੇ?

**ਸਟੀਫਨ ਹਾਕਿੰਗ:** ਇਸ ਸਦੀ ਦੇ ਅੰਤ ਤੱਕ ਅਸੀਂ ਮਨੁੱਖਯੁਕਤ ਪੁਲਾੜੀ ਵਾਹਨਾਂ ਰਾਹੀਂ ਹੀ ਨਹੀਂ, ਬਲਕਿ ਪ੍ਰਾਈਵੇਟ ਜਹਾਜ਼ਾਂ ਰਾਹੀਂ ਵੀ ਮੰਗਲ ਗ੍ਰਹਿ ਤਕ ਉਡ ਸਕਾਂਗੇ ਪਰ ਸਾਡੇ ਸੂਰਜ ਪਰਿਵਾਰ ਵਿਚ ਧਰਤੀ ਹੀ ਸਾਡੇ ਰਹਿਣਯੋਗ ਸਭ ਤੋਂ ਵਧੀਆ ਥਾਂ ਹੈ। ਮੰਗਲ ਬਹੁਤ ਠੰਢਾ ਅਤੇ ਬਹੁਤ ਘੱਟ ਵਾਯੂਮੰਡਲ ਵਾਲਾ ਗ੍ਰਹਿ ਹੈ। ਹੋਰ ਗ੍ਰਹਿ ਤਾਂ ਮਨੁੱਖ ਦੇ ਰਹਿਣ ਲਾਇਕ ਹੈ ਹੀ ਨਹੀਂ। ਇਸ ਤਰ੍ਹਾਂ ਸਾਨੂੰ ਜਾਂ ਤਾਂ ਪੁਲਾੜ ਸਟੇਸ਼ਨਾਂ 'ਤੇ ਰਹਿਣਾ ਸਿੱਖਣਾ ਪਵੇਗਾ ਜਾਂ ਫਿਰ ਦੂਜੇ ਤਾਰਾ ਪ੍ਰਣਾਲੀ (ਸੂਰਜ ਮੰਡਲ) ਦੀ ਯਾਤਰਾ ਕਰਨੀ ਪਵੇਗੀ ਜੋ ਅਸੀਂ ਇਸ ਸਦੀ ਵਿਚ ਵੀ ਕਰ ਸਕਾਂਗੇ। ਉਂਜ, ਆਬਾਦੀ ਵਧਣ ਦੀ ਇਹ ਰਫਤਾਰ ਹਮੇਸ਼ਾ ਨਹੀਂ ਰਹੇਗੀ। ਖ਼ਦਸ਼ਾ ਤਾਂ ਇਹ ਵੀ ਹੈ ਕਿ ਅਸੀਂ ਖ਼ੁਦ ਆਪਣਾ ਸਫਾਇਆ ਕਰ ਲਵਾਂਗੇ।

**ਸਵਾਲ:** ਦੂਜੇ ਤਾਰੇ ਤੱਕ ਦੀ ਯਾਤਰਾ ਲਈ ਅਸੀਂ ਆਪਣੀ ਰਫਤਾਰ ਨੂੰ ਕਿਸ ਹੱਦ ਤਕ ਵਧਾ ਸਕਾਂਗੇ?

**ਸਟੀਫਨ ਹਾਕਿੰਗ:** ਮੇਰਾ ਖਿਆਲ ਹੈ ਕਿ ਅਸੀਂ ਚਾਹੇ ਜਿੰਨੇ ਵੀ ਚਲਾਕ ਹੋ ਜਾਈਏ, ਰੌਸ਼ਨੀ ਦੀ ਰਫਤਾਰ ਤੋਂ ਤੇਜ਼ ਯਾਤਰਾ ਕਦੀ ਵੀ ਨਹੀਂ ਕਰ ਸਕਾਂਗੇ। ਜੇ ਅਸੀਂ ਰੌਸ਼ਨੀ ਤੋਂ ਵੀ ਤੇਜ਼ ਯਾਤਰਾ ਕਰ ਸਕੀਏ ਤਾਂ ਅਸੀਂ ਸਮੇਂ ਵਿਚ ਵਾਪਸ ਚਲੇ ਜਾਵਾਂਗੇ। ਰੈਪ ਡ੍ਰਾਈਵ ਦੀ ਥਾਂ ਰਾਕੇਟਾਂ ਦੀ ਵਰਤੋਂ ਕਰ ਕੇ ਦੂਜੇ ਤਾਰਿਆਂ ਦੀ ਯਾਤਰਾ ਕਰਨਾ ਬਹੁਤ ਥਕਾਊ ਅਤੇ ਘੱਟ ਤੇਜ਼ ਪ੍ਰਕਿਰਿਆ ਹੋਵੇਗੀ। ਆਕਾਸ਼ ਗੰਗਾ ਦੇ ਕੇਂਦਰ ਦੀ ਯਾਤਰਾ ਦੇ ਇਕ ਚੱਕਰ ਵਿਚ ਹੀ ਇਕ ਲੱਖ ਸਾਲ ਲੱਗ ਜਾਣਗੇ ਅਤੇ ਇਸ ਸਮੇਂ ਤੱਕ ਤਾਂ ਮਨੁੱਖ ਜਾਤੀ ਇੰਨੀ ਬਦਲ ਜਾਵੇਗੀ ਕਿ ਉਸ ਨੂੰ ਕੋਈ ਪਛਾਣ ਹੀ ਨਹੀਂ ਸਕੇਗਾ; ਬਸ਼ਰਤੇ ਉਸ ਦਾ ਸਫਾਇਆ ਨਾ ਹੋ ਗਿਆ ਹੋਵੇ।

**ਸਵਾਲ:** ਕੀ ਅਸੀਂ ਲੋਕ (ਵਿਕਾਸ ਤਰਤੀਬ ਤਹਿਤ) ਬਦਲਦੇ ਰਹਾਂਗੇ ਜਾਂ ਫਿਰ ਵਿਕਾਸ ਅਤੇ ਗਿਆਨ ਦੇ ਆਖਰੀ ਪੱਧਰ ਤੱਕ ਪਹੁੰਚਣ ਦੇ ਸਮਰੱਥ ਹੋਵਾਂਗੇ?

**ਸਟੀਫਨ ਹਾਕਿੰਗ:** ਸੰਭਵ ਹੈ ਕਿ ਅਗਲੇ 100 ਸਾਲਾਂ ਵਿਚ ਜਾਂ ਹੋ ਸਕਦਾ ਹੈ ਅਗਲੇ 20 ਹੀ ਸਾਲਾਂ ਵਿਚ ਅਸੀਂ ਬ੍ਰਹਿਮੰਡ ਦੇ ਪੂਰਨ ਮੂਲਭੂਤ ਸਿਧਾਂਤਾਂ ਨੂੰ ਖੋਜ ਲਈਏ (ਸਭ ਕੁਝ ਦਾ ਅਖੌਤੀ ਸਿਧਾਂਤ ਜਿਸ ਵਿਚ ਕਵਾਂਟਮ ਸਿਧਾਂਤ ਨੂੰ ਆਈਨਸਟਾਈਨ ਦੇ ਸਾਧਾਰਨ ਸਾਪੇਖਤਾਵਾਦ ਨਾਲ ਜੋੜਿਆ ਜਾਂਦਾ ਹੈ) ਪਰ ਇਨ੍ਹਾਂ ਨਿਯਮਾਂ ਤਹਿਤ ਸਾਡੇ ਵਲੋਂ ਬਣਾਏ ਜਾਣ ਵਾਲੇ ਜੈਵਿਕ ਅਤੇ ਇਲੈਕਟ੍ਰਾਨਿਕ ਗੁੰਝਲਾਂ ਦੀ ਹੱਦ ਨਹੀਂ ਹੋਵੇਗੀ। ਹੁਣ ਤੱਕ ਸਾਡੇ ਕੋਲ ਜੋ ਸਭ ਤੋਂ ਗੁੰਝਲਦਾਰ ਪ੍ਰਣਾਲੀ ਹੈ, ਉਹ ਸਾਡਾ ਆਪਣਾ ਸਰੀਰ ਹੈ। ਮਨੁੱਖ ਦੇ ਡੀ ਐਨ ਏ ਵਿਚ ਪਿਛਲੇ ਦਸ ਹਜ਼ਾਰ ਸਾਲਾਂ ਵਿਚ ਕੋਈ ਸਾਰਥਕ ਬਦਲਾਓ ਨਹੀਂ ਹੋਇਆ ਹੈ, ਪਰ ਛੇਤੀ ਹੀ ਅਸੀਂ ਆਪਣੀਆਂ ਅੰਦਰੂਨੀ ਗੁੰਝਲਾਂ, ਆਪਣੇ ਡੀ ਐਨ ਏ ਨੂੰ ਹੋਰ ਵੀ ਵਿਕਸਤ ਕਰਨ ਵਿਚ ਕਾਮਯਾਬ ਹੋਵਾਂਗੇ, ਜੈਵਿਕ ਵਿਕਾਸ ਲੜੀ ਦੀ ਮੱਠੀ ਪ੍ਰਕਿਰਿਆ ਦਾ ਇੰਤਜ਼ਾਰ ਕੀਤੇ ਬਿਨਾਂ। ਸੰਭਵ ਹੈ ਕਿ ਅਗਲੇ ਇਕ ਹਜ਼ਾਰ ਸਾਲਾਂ ਵਿਚ ਅਸੀਂ ਇਸ ਨੂੰ ਪੂਰੀ ਤਰ੍ਹਾਂ ਦੁਬਾਰਾ ਡਿਜ਼ਾਈਨ ਕਰ ਲਈਏ। ਮਿਸਾਲ ਲਈ ਅਸੀਂ ਆਪਣੇ ਦਿਮਾਗ਼ ਦਾ ਆਕਾਰ ਵਧਾ ਕੇ ਇਸ ਤਰ੍ਹਾਂ ਕਰ ਸਕਾਂਗੇ। ਯਕੀਨੀ ਤੌਰ 'ਤੇ ਬਹੁਤੇ ਲੋਕ ਇਸ 'ਤੇ ਇਤਰਾਜ਼ ਕਰਨਗੇ, ਕਿਉਂਕਿ ਮਨੁੱਖ 'ਤੇ ਜੈਨੇਟਿਕ ਇੰਜੀਨੀਅਰਿੰਗ ਦੀ ਰੋਕ ਲੱਗੀ ਹੋਵੇਗੀ, ਪਰ ਮੈਨੂੰ ਲਗਦੈ, ਅਸੀਂ ਇਸ ਨੂੰ ਰੋਕ ਸਕਾਂਗੇ। ਇਹ ਇਕ ਦਿਨ ਜ਼ਰੂਰ ਅਸਲੀਅਤ ਬਣੇਗੀ ਭਾਵੇਂ ਅਸੀਂ ਚਾਹੀਏ, ਜਾਂ ਨਾ। ਆਰਥਿਕ ਕਾਰਨਾਂ ਕਰ ਕੇ ਬਨਸਪਤੀਆਂ ਅਤੇ ਜੰਤੂਆਂ 'ਤੇ ਜੈਨੇਟਿਕ ਇੰਜੀਨੀਅਰਿੰਗ ਦੀ ਛੋਟ ਦੇ ਦਿੱਤੀ ਜਾਵੇਗੀ। ਕੋਈ ਨਾ ਕੋਈ ਇਸ ਨੂੰ ਮਨੁੱਖ 'ਤੇ ਵੀ ਅਜ਼ਮਾਏਗਾ, ਬਸ਼ਰਤੇ ਕਿ ਇਸ 'ਤੇ ਕੋਈ ਸਰਬਪ੍ਰਵਾਨਿਤ ਨਿਯਮ ਨਾ ਬਣੇ।

**ਸਵਾਲ:** ਜੇ ਇਸ ਤਰ੍ਹਾਂ ਦੇ ਵਿਕਾਸ ਨੇ ਮਨੁੱਖ ਨੂੰ ਵਿਕਸਿਤ ਕਰ ਦਿੱਤਾ ਤਾਂ ਵਿਕਸਿਤ ਹਾਲਤ ਵਿਚ ਉਹ ਹੋਰ ਅਵਿਕਸਿਤ ਲੋਕਾਂ ਲਈ ਸਮਾਜਿਕ, ਸਿਆਸੀ ਮੁਸ਼ਕਿਲਾਂ ਪੈਦਾ ਨਹੀਂ ਕਰੇਗਾ?

**ਸਟੀਫਨ ਹਾਕਿੰਗ**: ਮੈਂ ਮਨੁੱਖੀ ਜੈਨੇਟਿਕ ਇੰਜੀਨੀਅਰਿੰਗ ਦੇ ਪੱਖ ਵਿਚ ਨਹੀਂ ਹਾਂ। ਮੈਂ ਸਿਰਫ ਇਹ ਕਹਿ ਰਿਹਾ ਹਾਂ ਕਿ ਇਸ ਤਰ੍ਹਾਂ ਹੋ ਸਕਦਾ ਹੈ



*ਸਟੀਫਨ ਹਾਕਿੰਗ ਆਪਣੀ ਪਹਿਲੀ ਪਤਨੀ ਜੇਨ ਵਾਈਲਡ ਨਾਲ।*

ਅਤੇ ਸਾਨੂੰ ਇਸ 'ਤੇ ਵਿਚਾਰ ਕਰਨਾ ਹੋਵੇਗਾ ਕਿ ਇਸ ਨਾਲ ਕਿਵੇਂ ਨਜਿਠਿਆ ਜਾਵੇ? ਇਕ ਤਰ੍ਹਾਂ ਨਾਲ ਮਨੁੱਖ ਜਾਤੀ ਨੂੰ ਆਪਣੀਆਂ ਮਾਨਸਿਕ ਅਤੇ ਸਰੀਰਕ ਗੁੰਝਲਾਂ ਵਧਾਉਣੀਆਂ ਪੈਣਗੀਆਂ, ਜੇ ਉਸ ਨੇ ਆਪਣੇ ਚਾਰੇ ਪਾਸੇ ਦੀ ਗੁੰਝਲਦਾਰ ਦੁਨੀਆਂ ਤੋਂ ਕੰਮ ਲੈਣਾ ਹੈ ਅਤੇ ਪੁਲਾੜ ਯਾਤਰਾ ਵਰਗੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਹੈ। ਸਾਨੂੰ ਉਦੋਂ ਹੋਰ ਵੀ ਔਖਾ (ਵਿਕਸਿਤ) ਹੋਣਾ ਪਵੇਗਾ, ਜੇ ਅਸੀਂ ਆਪਣੀ ਜੈਵਿਕ ਪ੍ਰਣਾਲੀ ਨੂੰ ਇਲੈਕਟ੍ਰਾਨਿਕ ਪ੍ਰਣਾਲੀ ਤੋਂ ਅੱਗੇ ਰੱਖਣਾ ਹੈ। ਮੌਜੂਦਾ ਸਮੇਂ ਵਿਚ ਕੰਪਿਊਟਰ ਨੂੰ ਰਫਤਾਰ ਦਾ ਲਾਭ ਮਿਲ ਰਿਹਾ ਹੈ ਪਰ ਉਸ ਵਿਚ ਮਨੁੱਖ ਵਰਗੀ ਬੁੱਧੀ ਕਿਥੇ ਹੈ? ਇਸ ਵਿਚ ਕੋਈ ਹੈਰਾਨੀ ਨਹੀਂ ਕਿ ਅੱਜ ਦੇ ਕੰਪਿਊਟਰ ਗੰਡੋਏ ਦੇ ਦਿਮਾਗ ਤੋਂ ਜ਼ਿਆਦਾ ਗੁੰਝਲਦਾਰ ਨਹੀਂ ਹਨ। ਗੰਡੋਆ ਸੂਝ ਦੇ ਮਾਮਲੇ ਵਿਚ ਬਹੁਤ ਪਛੜਿਆ ਮੰਨਿਆ ਜਾਂਦਾ ਹੈ, ਪਰ ਕੰਪਿਊਟਰ ਦੀ ਸਪੀਡ ਹਰ 18 ਮਹੀਨਿਆਂ ਵਿਚ ਦੁੱਗਣੀ ਹੋ ਜਾਂਦੀ ਹੈ ਅਤੇ ਸੰਭਵ ਹੈ ਕਿ ਇਹ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਕਿ ਉਹ ਮਨੁੱਖੀ ਦਿਮਾਗ ਦੇ ਬਰਾਬਰ ਨਾ ਪਹੁੰਚ ਜਾਵੇ।

**ਸਵਾਲ:**: ਕੰਪਿਊਟਰ ਕਿੰਨਾ ਹੀ ਵਿਕਸਿਤ ਕਿਉਂ ਨਾ ਹੋਵੇ, ਕੀ ਉਹ ਸਹੀ ਮਾਇਨਿਆਂ ਵਿਚ ਸਹੀ ਬੁੱਧੀ ਦਾ ਪ੍ਰਦਰਸ਼ਨ ਕਰ ਸਕੇਗਾ?

**ਸਟੀਫਨ ਹਾਕਿੰਗ:** ਮੇਰਾ ਖਿਆਲ ਹੈ ਕਿ ਬਹੁਤ ਗੁੰਝਲਦਾਰ ਰਸਾਇਣਕ ਅਣੂ ਜਦੋਂ ਮਨੁੱਖ ਵਿਚ ਸਰਗਰਮ ਹੋ ਕੇ ਉਸ ਨੂੰ ਸੂਝਵਾਨ ਬਣਾ ਸਕਦੇ ਹਨ, ਉਸੇ ਤਰ੍ਹਾਂ ਗੁੰਝਲਦਾਰ ਬਿਜਲਈ ਸਰਕਟ (ਇਲੈਕਟ੍ਰੋਨਿਕ ਸਰਕਟ) ਕੰਪਿਊਟਰ ਨੂੰ ਬੁੱਧੀਮਾਨ ਢੰਗ ਨਾਲ ਕੰਮ ਕਰਨ ਵਿਚ ਵੀ ਸਮਰੱਥ ਬਣਾ ਸਕਦਾ ਹੈ। ਜੇ ਉਹ ਸੂਝਵਾਨ ਹੋਏ ਤਾਂ ਅਜਿਹੇ ਕੰਪਿਊਟਰ ਡਿਜ਼ਾਈਨ ਕਰ ਸਕਦੇ ਹਨ ਜਿਨ੍ਹਾਂ ਵਿਚ ਵਿਆਪਕ ਸੂਝ ਅਤੇ ਗੁੰਝਲਾਂ ਹੋਣ।

**ਸਵਾਲ:** ਵਧਾਈਆਂ ਗਈਆਂ ਇਹ ਜੈਵਿਕ ਅਤੇ ਬਿਜਲਈ ਗੁੰਝਲਾਂ ਕੀ ਹਮੇਸ਼ਾ ਲਈ ਹੋਣਗੀਆਂ ਜਾਂ ਫਿਰ ਇਨ੍ਹਾਂ ਦੀਆਂ ਵੀ ਕੁਦਰਤੀ ਹੱਦਾਂ ਹੋਣਗੀਆਂ?

**ਸਟੀਫਨ ਹਾਕਿੰਗ:** ਜੈਵਿਕ ਜਾਂ ਬਾਇਓਲੋਜੀਕਲ ਪੱਖ ਵਿਚ ਮਨੁੱਖੀ ਬੁੱਧੀ ਦੀਆਂ ਹੱਦਾਂ ਹੁਣ ਤੱਕ ਮਨੁੱਖੀ ਦਿਮਾਗ ਦੇ ਆਕਾਰ ਵਲੋਂ ਮਿਥੀਆਂ ਹੋਈਆਂ ਹਨ ਜੋ ਬਰਥ ਕੈਨਾਮ ਦੇ ਮਾਧਿਅਮ ਰਾਹੀਂ ਲੰਘਦੀਆਂ ਹਨ, ਪਰ ਅਗਲੇ 100 ਸਾਲਾਂ ਵਿਚ ਮੈਨੂੰ ਉਮੀਦ ਹੈ ਕਿ ਅਸੀਂ ਇਹ ਜਾਣ ਸਕਾਂਗੇ ਕਿ ਮਨੁੱਖੀ ਸਰੀਰ ਤੋਂ ਵੱਖ ਬੱਚਿਆਂ ਨੂੰ ਕਿਵੇਂ ਪੈਦਾ ਕਰਨਾ ਹੈ, ਵਿਕਸਤ ਕਰਨਾ ਹੈ। ਇਸ ਤਰ੍ਹਾਂ ਇਹ ਹੱਦ ਟੁੱਟ ਜਾਵੇਗੀ ਪਰ ਅਖੀਰ ਜੈਨੇਟਿਕ ਇੰਜੀਨੀਅਰਿੰਗ ਜ਼ਰੀਏ ਮਨੁੱਖੀ ਦਿਮਾਗ਼ ਦਾ ਵਾਧਾ ਸਮੱਸਿਆ ਵੀ ਪੈਦਾ ਕਰੇਗਾ, ਕਿਉਂਕਿ ਸਾਡੀ ਦਿਮਾਗੀ ਸਰਗਰਮੀ ਲਈ ਜ਼ਿੰਮੇਦਾਰ ਰਸਾਇਣਕ ਸੰਦੇਸ਼ ਆਸ ਨਾਲੋਂ ਮੱਠੀ ਰਫਤਾਰ ਨਾਲ ਚਲਦੇ ਹਨ। ਇਸ ਤਰ੍ਹਾਂ ਦਿਮਾਗ ਦੀਆਂ ਗੁੰਝਲਾਂ ਵਿਚ ਵਾਧਾ ਰਫਤਾਰ ਦੀ ਕੀਮਤ 'ਤੇ ਹੋਵੇਗਾ। ਅਸੀਂ ਹਾਜ਼ਰ-ਜਵਾਬ ਜਾਂ ਬਹੁਤ ਬੁੱਧੀਮਾਨ ਹੋ ਸਕਦੇ ਹਾਂ ਪਰ ਦੋਵੇਂ ਨਹੀਂ।

ਦੂਜਾ ਢੰਗ, ਜਿਸ ਵਿਚ ਇਲੈਕਟ੍ਰਾਨਿਕ ਸਰਕਟ ਰਫਤਾਰ ਨੂੰ ਬਣਾਉਂਦੇ ਹੋਏ ਆਪਣੀ ਗੁੰਝਲ ਵਧਾ ਸਕਦੇ ਹਾਂ, ਮਨੁੱਖੀ ਦਿਮਾਗ ਦੀ ਨਕਲ ਹੈ ਜਿਸ ਵਿਚ ਇਕ ਸੀ ਪੀ ਯੂ (ਕੰਪਿਊਟਰ ਦਾ ਸੈਂਟਰਲ ਪ੍ਰੋਸੈਸਿੰਗ ਯੂਨਿਟ) ਨਹੀਂ, ਜੋ ਹਰ ਕਮਾਂਡ ਨੂੰ ਤਰਤੀਬ ਨਾਲ ਪ੍ਰਾਸੈਸ ਕਰਦਾ ਹੈ, ਜਦੋਂ ਕਿ ਇਸ (ਮਨੁੱਖੀ ਦਿਮਾਗ਼) ਵਿਚ ਲੱਖਾਂ ਪ੍ਰਾਸੈਸਰ ਹਨ, ਜੋ ਇਕ ਹੀ ਸਮੇਂ ਵਿਚ ਇਕੱਠੇ ਕੰਮ ਕਰ ਰਹੇ ਹਨ। ਇਲੈਕਟ੍ਰਾਨਿਕ (ਬਿਜਲਈ) ਸੂਝ ਦਾ ਭਵਿਖ ਇਸ ਤਰ੍ਹਾਂ ਹੀ ਵਿਆਪਕ ਸਮਾਨਾਂਤਰ ਪ੍ਰਾਸੈਸਰ ਦਾ ਹੋਵੇਗਾ।

**ਸਵਾਲ:** ਕੀ ਅਸੀਂ ਕਦੇ ਬ੍ਰਹਿਮੰਡੀ ਸਭਿਅਤਾ (ਏਲੀਅਨ) ਨਾਲ ਸੰਪਰਕ ਕਰ ਸਕਾਂਗੇ?

**ਸਟੀਫਨ ਹਾਕਿੰਗ:** ਮਨੁੱਖ ਜਾਤੀ ਆਪਣੇ ਮੌਜੂਦਾ ਰੂਪ ਵਿਚ ਪਿਛਲੇ 20 ਲੱਖ ਸਾਲਾਂ ਤੋਂ ਹੈ ਜਦੋਂ ਕਿ ਬਿੱਗ ਬੈਂਗ ਤੋਂ ਬਾਅਦ 15 ਅਰਬ ਸਾਲਾਂ ਤੋਂ ਬ੍ਰਹਿਮੰਡ ਹੋਂਦ ਵਿਚ ਹੈ। ਇਸ ਤਰ੍ਹਾਂ ਜੇ ਹੋਰ ਤਾਰਾ ਮੰਡਲਾਂ ਵਿਚ ਜੀਵਨ ਵਿਕਸਿਤ ਵੀ ਹੋਇਆ ਹੋਵੇ ਤਾਂ ਮਨੁੱਖ ਕੋਲ ਵਿਕਾਸ ਦੇ ਇਸ ਪੜਾਅ ਵਿਚ ਉਸ ਨੂੰ ਜਾਣਨ ਦੇ ਮੌਕੇ ਬਹੁਤ ਘੱਟ ਹਨ। ਏਲੀਅਨ ਸਭਿਅਤਾ ਨਾਲ ਜੇ ਕਦੀ ਸਾਡਾ ਸਾਹਮਣਾ ਹੋਇਆ ਤਾਂ ਜਾਂ ਉਹ ਬਹੁਤ ਹੀ ਅਵਿਕਸਿਤ ਹੋਵੇਗੀ ਜਾਂ ਫਿਰ ਸਾਡੇ ਤੋਂ ਬਹੁਤ ਜ਼ਿਆਦਾ ਵਿਕਸਿਤ ਹੋਵੇਗੀ।

**ਸਵਾਲ:** ਪਰ ਜੇ ਉਹ ਸਭਿਅਤਾ ਬਹੁਤ ਵਿਕਸਿਤ ਹੋਵੇਗੀ ਤਾਂ ਉਸ ਨੇ ਸਾਡੇ ਨਾਲ ਹਾਲੇ ਤੱਕ ਸੰਪਰਕ ਕਿਉਂ ਨਹੀਂ ਕੀਤਾ?

**ਸਟੀਫਨ ਹਾਕਿੰਗ:** ਹੋ ਸਕਦਾ ਹੈ, ਉਥੇ ਕੋਈ ਵਿਕਸਿਤ ਸਭਿਅਤਾ ਹੋਵੇ ਜੋ ਸਾਡੀ ਹੋਂਦ ਤੋਂ ਵੀ ਜਾਣੂ ਹੋਵੇ ਪਰ ਉਹ ਸਾਨੂੰ ਆਪਣੇ ਹੀ ਹਾਲ 'ਤੇ (ਬੇਹਦ ਘੱਟ ਵਿਕਸਿਤ ਸਮਝ ਕੇ) ਛੱਡ ਦੇਣਾ ਚਾਹੁੰਦੀ ਹੋਵੇ। ਇਸ ਤਰ੍ਹਾਂ ਮੈਨੂੰ ਸ਼ੱਕ ਹੈ ਕਿ ਕੋਈ ਅਤਿ ਵਿਕਸਿਤ ਸਭਿਅਤਾ ਆਪਣੇ ਤੋਂ ਅਤਿਅੰਤ ਘੱਟ ਵਿਕਸਿਤ ਜੀਵਨ ਰੂਪ ਬਾਰੇ ਸੋਚਣਾ ਵੀ ਚਾਹੁੰਦੀ ਹੋਵੇ।

***###***

# ਬ੍ਰਹਿਮੰਡ ਦੀ ਰਚਨਾ, ਜੀਵ ਵਿਗਿਆਨ ਤੇ ਸਟੀਫਨ ਹਾਕਿੰਗ

ਬ੍ਰਹਿਮੰਡ ਦੀ ਰਚਨਾ ਕਿਵੇਂ ਹੋਈ ਸੀ? ਇਹ ਵਿਸ਼ਾਲ ਮਾਦਾ ਪਦਾਰਥ ਕਿਵੇਂ ਹੋਂਦ ਵਿਚ ਆਇਆ ਸੀ? ਇਸ ਪਿਛੇ ਕਿਹੜੀ ਊਰਜਾ ਕਿਵੇਂ ਕੰਮ ਕਰਦੀ ਆ ਰਹੀ ਹੈ? ਵਿਸ਼ਾਲ ਅਸਤਿਤਵ ਵਿਚ ਮਾਨਵ ਜਾਤੀ ਅਤੇ ਸਗਲ ਜੀਵ ਜੰਤ ਦੀ ਹੋਂਦ ਦੇ ਕੀ ਅਰਥ ਅਤੇ ਮਕਸਦ ਹਨ? ਇਨ੍ਹਾਂ ਅਤੇ ਹੋਰ ਪ੍ਰਸ਼ਨਾਂ ਦੇ ਜਵਾਬ ਲੱਭਣ ਦੇ ਯਤਨ ਵਿਸ਼ਵ ਧਰਮ, ਫਿਲਾਸਫੀ ਅਤੇ ਵਿਗਿਆਨ ਲਗਾਤਾਰ ਕਰਦੇ ਆ

**ਹਰਿਸਿਮਰਨ ਸਿੰਘ**
**ਫੋਨ: 91-98725-91713**

ਰਹੇ ਹਨ। ਬਿੱਗ ਬੈਂਗ ਥਿਊਰੀ, ਕਣ-ਥਿਊਰੀਆਂ, ਸਮੇਂ ਤੇ ਪੁਲਾੜ ਦੀਆਂ ਵਿਸ਼ਾਲ ਵਿਆਖਿਆਵਾਂ, ਐਟਮ ਅਤੇ ਸਬ-ਐਟੋਮਿਕ ਅਣੂ, ਬਲੈਕ ਹੋਲਜ਼ (ਸਿਆਹ ਸੁਰਾਖਾਂ) ਦੀ ਹੋਂਦ ਅਤੇ ਵਿਹਾਰ, ਪੁਲਾੜ ਵਿਚ ਤੇਜ਼ ਗਤੀ ਨਾਲ ਜਾਣ ਵਾਲੇ ਸਪੇਸਸ਼ਿਪ, ਬਿਜਲਈ ਚੁੰਬਕੀ ਤਰੰਗਾਂ ਦੇ ਬ੍ਰਹਿਮੰਡ ਨੂੰ ਜਾਨਣ ਅਤੇ ਸੰਚਾਰ ਵਿਵਸਥਾ ਦੀ ਵਰਤੋਂ ਵਿਧੀਆਂ ਅਤੇ ਤਾਕਤਵਰ ਕੰਪਿਊਟਰਾਂ ਨਾਲ ਮਾਨਵ ਜਾਤੀ ਨੂੰ ਜੋੜਨ ਆਦਿ ਖੇਤਰਾਂ ਵਿਚ ਕੀਤੀਆਂ ਗਈਆਂ ਅਹਿਮ ਖੋਜਾਂ ਤੇ ਪ੍ਰਾਪਤੀਆਂ ਦਾ ਸਿਹਰਾ ਮੁੱਖ ਤੌਰ 'ਤੇ ਭੌਤਿਕ ਵਿਗਿਆਨ ਨੂੰ ਦਿੱਤਾ ਜਾਂਦਾ ਹੈ।

ਜਿਨ੍ਹਾਂ ਵਿਗਿਆਨੀਆਂ ਨੇ ਇਸ ਖੇਤਰ ਵਿਚ ਆਪਣੇ ਆਪ ਨੂੰ ਸਮਰਪਿਤ ਕੀਤਾ, ਉਨ੍ਹਾਂ ਵਿਚ 1942 ਵਿਚ ਕੈਂਬ੍ਰਿਜ (ਇੰਗਲੈਂਡ) ਵਿਖੇ ਜਨਮੇ ਸਟੀਫਨ ਹਾਕਿੰਗ ਦਾ ਨਾਂ ਵਿਸ਼ੇਸ਼ ਪਛਾਣ ਰੱਖਦਾ ਹੈ। ਸਟੀਫਨ ਹਾਕਿੰਗ ਨੇ ਬ੍ਰਹਿਮੰਡ ਅਤੇ ਭੌਤਿਕ ਵਿਗਿਆਨ ਨਾਲ ਸਬੰਧਿਤ ਕਈ ਪਹਿਲੂਆਂ ਬਾਰੇ ਪਿਛਲੀ ਸਦੀ ਦੌਰਾਨ ਅਤੇ ਵਰਤਮਾਨ ਤਕ ਹੋਈਆਂ ਖੋਜਾਂ ਨੂੰ ਆਪਣੇ ਵਿਚਾਰਾਂ ਦਾ ਆਧਾਰ ਬਣਾਇਆ। ਉਸ ਨੇ ਇਸ ਸਮੁੱਚੇ ਵਜੂਦ ਵਿਚ ਮਨੁੱਖ ਦੀ ਹੋਂਦ ਬਾਰੇ ਕਈ ਨਵੇਂ ਪ੍ਰਸ਼ਨ ਖੜ੍ਹੇ ਕੀਤੇ ਅਤੇ ਉਨ੍ਹਾਂ ਦੇ ਜਵਾਬ ਲੱਭਣ ਦੀ ਕੋਸ਼ਿਸ਼



ਕੀਤੀ; ਪਰ ਇਕ ਵਿਚਾਰ ਸਪਸ਼ਟ ਹੈ ਕਿ ਉਸ ਨੇ ਸਾਪੇਖਤਾ ਸਿਧਾਂਤ, ਕੁਆਂਟਮ ਮਕੈਨਿਕਸ, ਬਿੱਗ ਬੈਂਗ ਦੀ ਇਕਮਾਤਰਤਾ, ਸਮੇਂ ਦੀਆਂ ਵਿਆਖਿਆਵਾਂ ਤੋਂ ਅੱਗੇ ਜਾ ਕੇ ਬ੍ਰਹਿਮੰਡ ਦੀ ਬਣਤਰ ਅਤੇ ਇਸ ਦੇ ਵਿਹਾਰਾਂ ਬਾਰੇ ਜੋ ਵਿਚਾਰ ਦਿੱਤੇ ਹਨ, ਉਹ ਨਿਸ਼ਚੇ ਹੀ ਇਕੀਵੀਂ ਸਦੀ ਵਿਚ ਇਸ ਸਬੰਧੀ ਕੀਤੀ ਜਾਣ ਵਾਲੀ ਨਵੀਂ ਖੋਜ ਦੇ ਆਧਾਰ ਬਣ ਸਕਦੇ ਹਨ।

ਬ੍ਰਹਿਮੰਡ, ਸਮਾਂ ਅਤੇ ਪੁਲਾੜ, ਕਣ ਥਿਊਰੀ, ਨਿਯਮਾਂ ਦਾ ਰਾਜ ਅਤੇ ਹੋਰ ਕਈ ਦ੍ਰਿਸ਼ਟੀਕੋਣਾਂ ਤੋਂ ਦਿਤੇ ਗਏ ਕਈ ਗੰਭੀਰ ਵਿਚਾਰਾਂ ਤੋਂ ਬਾਅਦ ਸਟੀਫਨ ਹਾਕਿੰਗ ਇਨ੍ਹਾਂ ਪ੍ਰਸ਼ਨਾਂ ਦੇ ਠੋਸ ਉਤਰ ਲੱਭਣ ਦੀ ਤੀਬਰ ਇੱਛਾ ਰੱਖਦਾ ਸੀ। ਉਹ ਇਹ ਵੀ ਜਾਣਦਾ ਸੀ ਕਿ ਸਿਰਫ ਵਿਗਿਆਨ ਇਨ੍ਹਾਂ ਪ੍ਰਸ਼ਨਾਂ ਦੇ ਜਵਾਬ ਨਹੀਂ ਦੇ ਸਕਦਾ। ਇਸ ਸਬੰਧੀ ਫਿਲਾਸਫੀ ਦੀ ਲੋੜ ਅਤੇ ਖੋਜ ਵਿਧੀਆਂ ਹਮੇਸ਼ਾ ਪ੍ਰਸੰਗਿਕ ਬਣੇ ਰਹਿਣਗੇ। ਉਹ ਪਿਛਲੇ ਆਲਮੀ ਦਾਰਸ਼ਨਿਕਾਂ ਅਤੇ ਧਾਰਮਿਕ ਆਗੂਆਂ ਵੱਲੋਂ ਇਸ ਸਬੰਧੀ ਪਿਛੇ ਹਟ ਜਾਣ ਅਤੇ ਵਿਗਿਆਨ ਵੱਲੋਂ ਉਠਾਏ ਪ੍ਰਸ਼ਨਾਂ ਦੇ ਜਵਾਬ ਨਾ ਦੇਣ ਲਈ ਉਨ੍ਹਾਂ ਨੂੰ ਨਿਹੋਰਾ ਵੀ ਮਾਰਦਾ ਸੀ।

ਸਟੀਫਨ ਹਾਕਿੰਗ ਇਸ ਵਿਚਾਰ ਤੋਂ ਭਲੀਭਾਂਤ ਸੁਚੇਤ ਸੀ ਕਿ ਵਿਗਿਆਨ ਇਹ ਤਾਂ ਦੱਸ ਸਕਦਾ ਹੈ ਕਿ ਇਹ ਬ੍ਰਹਿਮੰਡ ਕੀ ਹੈ, ਪਰ ਅਸਤਿਤਵ ਦੀ ਹੋਂਦ ਕਿਉਂ ਹੋਈ ਅਤੇ ਇਸ ਦੇ ਮਕਸਦ ਕੀ ਸਨ (ਹਨ), ਬਾਰੇ ਤਾਂ ਫਿਲਾਸਫੀ ਬਿਹਤਰ ਢੰਗ ਨਾਲ ਦੱਸ ਸਕਦੀ ਹੈ। ਇਸੇ ਲਈ ਸਟੀਫਨ ਹਾਕਿੰਗ ਇਹ ਮੰਨਦਾ ਸੀ ਕਿ ਵਿਗਿਆਨ ਅਤੇ ਫਿਲਾਸਫੀ ਨੂੰ ਮਿਲ ਕੇ ਇਸ ਸਬੰਧੀ ਕੰਮ ਕਰਨ ਦੀ ਲੋੜ ਹੈ। ਜੇ ਵਿਸ਼ਵ ਵਿਗਿਆਨੀਆਂ ਅਤੇ ਦਾਰਸ਼ਨਿਕਾਂ ਵਿਚਾਲੇ ਅਜਿਹੀ ਇਕਸੁਰਤਾ ਪੈਦਾ ਹੋ ਜਾਂਦੀ ਤਾਂ ਸ਼ਾਇਦ ਹਾਕਿੰਗ ਨੂੰ ਇਹ ਲਿਖਣ ਦੀ ਲੋੜ ਨਾ ਪੈਂਦੀ ਅਤੇ ਸ਼ਾਇਦ ਆਪਣੇ ਸਿਧਾਂਤਾਂ ਤੇ ਖੋਜਾਂ ਦੀ ਸੁਰ ਬਦਲਨੀ ਪੈਂਦੀ।

ਜ਼ਾਹਿਰ ਹੈ ਕਿ ਜਦੋਂ ਸਟੀਫਨ ਹਾਕਿੰਗ ਵਰਗਾ ਵਿਸ਼ਵ ਪ੍ਰਸਿਧੀ ਨੂੰ ਪ੍ਰਾਪਤ ਵਿਗਿਆਨੀ ਫਿਲਾਸਫੀ ਅਤੇ ਵਿਸ਼ਵ ਦਾਰਸ਼ਨਿਕਾਂ ਨੂੰ ਇਸ ਪ੍ਰਸੰਗ ਵਿਚ ਪਿਛੇ ਰਹਿ ਜਾਣ ਦਾ ਵਿਚਾਰ ਦਿੰਦਾ ਹੈ ਤਾਂ ਉਸ ਦੇ ਧਿਆਨ ਵਿਚ ਪੱਛਮੀ ਬੌਧਿਕ ਪਰੰਪਰਾ ਨਾਲ ਜੁੜੇ ਵਿਦਵਾਨ ਹੀ ਹਾਵੀ ਸਨ। ਪੱਛਮ ਵਿਚੋਂ ਨਿਕਲ ਕੇ ਜੇ ਉਸ ਨੇ ਪੂਰਬੀ ਚਿੰਤਨ ਦੇ ਸਿਖ਼ਰ, ਸਿੱਖ ਧਰਮ ਫਲਸਫੇ ਦੀਆਂ ਇਸ ਸਬੰਧੀ ਦਰਸਾਈਆਂ ਗਈਆਂ ਗੰਭੀਰ ਦਿਸ਼ਾਵਾਂ

***(ਬਾਕੀ ਅਗਲੇ ਸਫੇ 'ਤੇ)***

# ਡੇਰਾਵਾਦ ਦਾ ਮੱਕੜ-ਜਾਲ ਅਤੇ ਔਰਤ

**ਅਜੋਕੇ ਮਸਲੇ**

*ਡੇਰਾਵਾਦ ਦੇ ਵਧਣ-ਫੁੱਲਣ ਦਾ ਵੱਡਾ ਕਾਰਨ ਅਗਿਆਨ ਹੈ। ਭਾਰਤੀ ਸਮਾਜ ਦਾ ਵਿਤਕਰੇ ਭਰਪੂਰ ਸਮਾਜਿਕ-ਆਰਥਿਕ ਤਾਣਾ-ਬਾਣਾ ਵੀ ਡੇਰਾਵਾਦ ਲਈ ਸਹਾਈ ਹੋ ਰਿਹਾ ਹੈ। ਲੇਖਕ ਨਰਿੰਦਰ ਸਿੰਘ ਢਿੱਲੋਂ ਨੇ ਲੋਕਾਂ, ਖਾਸ ਕਰ ਕੇ ਔਰਤਾਂ ਦੀ ਡੇਰਿਆਂ ਵੱਲ ਖਿੱਚ ਦੇ ਕੁਝ ਕਾਰਨਾਂ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ, ਜੋ ਪਾਠਕਾਂ ਦੀ ਨਜ਼ਰ ਹੈ। -ਸੰਪਾਦਕ*

ਭਾਰਤ ਵਿਚ ਡੇਰਾਵਾਦ ਲੰਮੇ ਸਮੇਂ ਤੋਂ ਚਰਚਾ ਦਾ ਵਿਸ਼ਾ ਰਿਹਾ ਹੈ। ਪੰਜਾਬ ਵਿਚ ਡੇਰਿਆਂ ਦੀ ਗਿਣਤੀ ਹਜ਼ਾਰਾਂ ਵਿਚ ਦੱਸੀ ਜਾਂਦੀ ਹੈ। ਆਮ ਕਰ ਕੇ ਕਿਸੇ ਬੰਦੇ ਵਲੋਂ ਆਪਣੇ ਵਿਚਾਰਾਂ ਦਾ ਪ੍ਰਚਾਰ ਕਰ ਕੇ ਲੋਕਾਂ ਨੂੰ ਆਪਣੇ ਨਾਲ ਜੋੜਨ ਲਈ ਬਣਾਏ ਕੇਂਦਰ ਨੂੰ ਡੇਰਾ ਆਖਦੇ ਹਨ। ਉਂਜ ਤਾਂ ਜਦ ਆਸਾ ਰਾਮ ਅਤੇ ਉਸ ਦੇ ਪੁੱਤਰ ਨੂੰ ਜਬਰ ਜਨਾਹ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਸੀ, ਉਸ ਵੇਲੇ ਹੀ ਡੇਰਿਆਂ ਦੀ ਕਾਰਜਸ਼ੈਲੀ 'ਤੇ ਪ੍ਰਸ਼ਨ ਚਿੰਨ ਲੱਗ ਗਏ ਸਨ ਪਰ ਇਸ ਪਿਛੋਂ ਹਰਿਆਣਾ 'ਚ 'ਸੰਤ' ਰਾਮ ਪਾਲ ਨੂੰ ਗ੍ਰਿਫਤਾਰ ਕੀਤਾ ਗਿਆ। ਹਰਿਆਣਾ ਸਰਕਾਰ ਤਾਂ ਰਾਮ ਪਾਲ ਨੂੰ ਗ੍ਰਿਫਤਾਰ ਕਰਨ ਵਿਚ ਵੀ ਢਿੱਲ੍ਹ-ਮੱਠ ਹੀ ਦਿਖਾ ਰਹੀ ਸੀ ਪਰ ਅਦਾਲਤ ਦੇ ਸਖਤ ਹੁਕਮਾਂ 'ਤੇ ਪੁਲਿਸ ਅਤੇ ਨੀਮ ਫੌਜੀ ਦਲਾਂ ਨੂੰ ਸਖਤ ਕਾਰਵਾਈ ਕਰਦਿਆਂ

**ਨਰਿੰਦਰ ਸਿੰਘ ਢਿੱਲੋਂ**
ਫੋਨ: 91-99153-58584

ਰਾਮ ਪਾਲ ਨੂੰ ਗ੍ਰਿਫਤਾਰ ਕਰਨਾ ਪਿਆ। ਡੇਰੇ ਵਿਚ ਵੱਡੀ ਗਿਣਤੀ ਵਿਚ ਸ਼ਰਧਾਲੂਆਂ ਵਿਚ ਮੁੱਖ ਤੌਰ 'ਤੇ ਔਰਤਾਂ ਹੀ ਸਨ। ਡੇਰੇ ਵਿਚੋਂ ਜੋ ਕੁਝ ਬਰਾਮਦ ਹੋਇਆ, ਉਸ ਤੋਂ ਸਪਸ਼ਟ ਹੋ ਗਿਆ ਸੀ ਕਿ ਉਥੇ ਔਰਤਾਂ ਦਾ ਵੱਡੀ ਪੱਧਰ 'ਤੇ ਸਰੀਰਕ ਸ਼ੋਸ਼ਣ ਹੁੰਦਾ ਸੀ। ਇਸ ਤੋਂ ਬਾਅਦ ਜਦ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸਾਧਵੀਆਂ ਨਾਲ ਬਲਾਤਕਾਰ ਦੇ ਮਾਮਲੇ ਵਿਚ ਅਦਾਲਤ ਨੇ ਸਜ਼ਾ ਸੁਣਾਈ ਹੈ, ਉਦੋਂ ਤੋਂ ਹੀ ਡੇਰਾਵਾਦ ਚਰਚਾ ਵਿਚ ਹੈ।

ਡੇਰਾ ਸਿਰਸਾ ਮੁਖੀ ਨੂੰ ਸਜ਼ਾ ਤੋਂ ਬਾਅਦ ਪੰਜਾਬ ਦੇ ਹੋਰ ਡੇਰਿਆਂ ਅੰਦਰ ਵੀ ਹਲਚਲ ਸੁਣੀ ਗਈ। ਸਵਾਲ ਇਹ ਵੀ ਉਠਿਆ ਕਿ ਡੇਰਿਆਂ ਅੰਦਰ ਜਦ ਤਨ, ਮਨ ਤੇ ਧਨ ਦੀ ਲੁੱਟ ਹੁੰਦੀ ਹੈ, ਉਥੇ ਜਾਣ ਤੋਂ ਲੋਕ, ਵਿਸ਼ੇਸ਼ ਤੌਰ 'ਤੇ ਔਰਤਾਂ, ਬਾਜ਼ ਕਿਉਂ ਨਹੀਂ ਆਉਂਦੇ? ਸੁਣਿਆ ਇਹ ਵੀ ਜਾਂਦਾ ਹੈ ਕਿ ਡੇਰੇ ਤਾਂ ਚਲਦੇ ਹੀ ਔਰਤਾਂ ਦੇ ਸਿਰ 'ਤੇ ਹਨ। ਡੇਰੇ ਜਾਣ ਵਾਲਿਆਂ ਵਿਚ ਔਰਤਾਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ। ਬਾਪੂ ਕਹੇ ਜਾਂਦੇ ਆਸਾ ਰਾਮ ਨੂੰ ਜੇਲ੍ਹ ਭੇਜਿਆ ਗਿਆ ਸੀ ਤਾਂ ਕੁਝ ਦਿਨ ਬਾਅਦ ਔਰਤਾਂ ਵੱਡੀ ਗਿਣਤੀ ਵਿਚ ਜੇਲ੍ਹ ਦੇ ਦਰਵਾਜੇ ਅੱਗੇ ਜਾ ਬੈਠੀਆਂ ਸਨ।

ਇਕ ਹੋਰ ਡੇਰੇ ਬਾਰੇ ਚਰਚਾ ਹੈ ਕਿ ਉਹ ਭਰੂਣ ਟੈਸਟ ਕਰਵਾਉਂਦਾ ਹੈ। ਜੇ ਭਰੂਣ ਲੜਕੀ ਹੋਵੇ ਤਾਂ ਉਹ ਡਾਕਟਰਾਂ ਰਾਹੀਂ ਕਿਸੇ ਬਹਾਨੇ ਗਰਭਪਾਤ ਕਰਵਾ ਦਿੰਦਾ ਹੈ ਪਰ ਜੇ ਲੜਕਾ ਹੋਵੇ ਤਾਂ ਕਹਿੰਦਾ ਹੈ ਕਿ ਲੜਕਾ ਉਸ ਦੇ ਆਸ਼ੀਰਵਾਦ ਨਾਲ ਹੋਇਆ ਹੈ। ਇਹ ਡੇਰੇਦਾਰ ਔਰਤਾਂ ਦਾ ਸਰੀਰਕ ਸ਼ੋਸ਼ਣ ਵੀ ਕਰਦਾ ਹੈ। ਲੜਕਾ ਹੋਣ 'ਤੇ ਸਬੰਧਤ ਪਰਿਵਾਰ ਡੇਰੇ ਦਾ ਸ਼ਰਧਾਲੂ ਬਣ ਜਾਂਦਾ ਹੈ। ਕਈ ਹੋਰ ਡੇਰਿਆਂ ਬਾਰੇ ਵੀ ਅਜਿਹੀ ਘੁਸਰ-ਮੁਸਰ ਚਲਦੀ ਰਹਿੰਦੀ ਹੈ।

ਇਸ ਪਿਛੋਕੜ ਵਿਚ ਇਹ ਵਿਚਾਰ ਕਰਨਾ ਬਣਦਾ ਹੈ ਕਿ ਆਖਰਕਾਰ ਵਧੇਰੇ ਔਰਤਾਂ ਹੀ ਇਸ ਪਾਸੇ ਜ਼ਿਆਦਾ ਰੁਚੀ ਕਿਉਂ ਲੈਂਦੀਆਂ ਹਨ? ਇਹ ਰੁਝਾਨ ਮੂਲ ਰੂਪ ਵਿਚ ਅੰਧਵਿਸ਼ਵਾਸ ਵਿਚੋਂ ਜਨਮ ਲੈਂਦਾ ਹੈ ਤੇ ਅੰਧਵਿਸ਼ਵਾਸ ਦੀ ਜਨਮ ਭੂਮੀ ਅਗਿਆਨ ਹੈ। ਅਗਿਆਨਤਾ ਕੇਵਲ ਬਹੁਤ ਸਾਰੀਆਂ ਔਰਤਾਂ ਵਿਚ ਹੀ ਨਹੀਂ, ਮਰਦਾਂ ਵਿਚ ਵੀ ਬਥੇਰੀ ਹੈ ਪਰ ਇਸ ਲੇਖ ਦਾ ਵਿਸ਼ਾ ਕੇਵਲ ਔਰਤਾਂ ਬਾਰੇ ਹੀ ਹੈ।

ਅਸਲ ਵਿਚ, ਅੰਧਵਿਸ਼ਵਾਸ 'ਚ ਫਸੇ ਲੋਕ ਵਿਗਿਆਨਕ ਦ੍ਰਿਸ਼ਟੀਕੋਣ ਬਾਰੇ ਜਾਣਨ ਨੂੰ ਤਿਆਰ ਨਹੀਂ ਹੁੰਦੇ। ਉਂਜ ਵੀ ਕੁਝ ਗੱਲਾਂ ਸਾਨੂੰ ਮੁਢਲੇ ਸੰਸਕਾਰਾਂ ਵਿਚ ਹੀ ਮਿਲ ਜਾਂਦੀਆਂ ਹਨ, ਜਿਵੇਂ ਮੱਥਾ ਟੇਕਣ 'ਤੇ ਮੁਰਾਦ ਪੂਰੀ ਹੋਣਾ। ਖੀਰ ਚੜ੍ਹਾ ਕੇ, ਪ੍ਰਸ਼ਾਦ ਕਰਵਾ ਕੇ, ਲੰਗਰ ਲਗਵਾ ਕੇ, ਕਿਸੇ ਡੇਰੇ ਦੇ ਅਖੌਤੀ ਸੰਤ ਦੇ ਪੈਰੀਂ ਹੱਥ ਲਾ ਕੇ ਜਾਂ ਡੇਰਾ ਮੁਖੀ ਨੂੰ ਪੈਸਿਆਂ ਦੀ ਥੈਲੀ ਭੇਟ ਕਰ ਕੇ ਮੁਰਾਦ ਪੂਰੀ ਹੋਣ ਦੇ ਭਰਮ ਪਾਲੇ ਜਾਂਦੇ ਹਨ। ਇਸੇ ਤਰ੍ਹਾਂ ਕਿਸੇ ਕਬਰ 'ਤੇ ਚਾਦਰ ਚੜ੍ਹਾਉਣੀ, ਦੀਵਾ ਜਗਾਉਣਾ, ਕੁੱਕੜ ਜਾਂ ਬੱਕਰੇ ਦੀ ਬਲੀ ਦੇਣਾ, ਸ਼ਰਾਬ ਚੜ੍ਹਾਉਣੀ, ਟੇਵਾ ਲਗਾਉਣਾ ਅਤੇ ਕਿਸੇ ਅਖੌਤੀ ਫਕੀਰ ਕੋਲੋਂ ਭਬੂਤੀ (ਸੁਆਹ) ਦੀ ਪੁੜੀ ਲੈਣੀ ਤੇ ਮੁਰਾਦ ਪੂਰੀ ਹੋਣ ਦੀ ਆਸ ਰੱਖਣੀ ਆਦਿ ਪ੍ਰਚਲਿਤ ਹਨ।

ਡੇਰਿਆਂ ਦੇ ਮੁਖੀ ਅਖੌਤੀ ਬਾਬੇ ਹਰ ਔਰਤ ਅਤੇ ਮਰਦ ਸ਼ਰਧਾਲੂ ਪਾਸੋਂ ਇਹ ਵਾਅਦਾ ਲੈ ਲੈਂਦੇ ਹਨ: ਮੈਂ ਜੋ ਕਹਾਂਗਾ, ਮੰਨਣਾ ਪਵੇਗਾ। ਇਸ ਨਾਲ ਉਹ ਅਗਲਾ ਜਨਮ ਸੰਵਾਰਨ ਅਤੇ ਸਵਰਗਾਂ ਵਿਚ ਭੇਜਣ ਦੇ ਵਾਅਦੇ ਕਰ ਕੇ ਲੋਕਾਂ ਨੂੰ ਚੁੰਗਲ


ਆਸਾ ਰਾਮ ਦੇ ਆਸ਼ਰਮ ਦਾ ਮੁੱਖ ਦੁਆਰ।

ਵਿਚ ਫਸਾ ਲੈਂਦੇ ਹਨ। ਉਹ ਇਹ ਵੀ ਕਹਿੰਦੇ ਹਨ: ਜੇ ਮੇਰੇ ਕਹੇ ਵਿਚ ਰਹੋਗੇ ਤਾਂ ਤੁਹਾਡੀ ਹਰ ਮੁਰਾਦ ਪੂਰੀ ਹੋਵੇਗੀ। ਜੇ ਔਰਤ ਜਾਂ ਮਰਦ ਉਸ ਬਾਬੇ 'ਤੇ ਅੰਨ੍ਹਾ ਵਿਸ਼ਵਾਸ ਨਹੀਂ ਕਰਦੇ, ਉਹ ਡੇਰੇ ਦੇ ਸ਼ਰਧਾਲੂ ਨਹੀਂ ਰਹਿ ਸਕਦੇ। ਔਰਤ ਨੂੰ ਕੁਦਰਤ ਨੇ ਮੁਕਾਬਲਤਨ ਵਧ ਕੋਮਲਤਾ ਦਿੱਤੀ ਹੋਈ ਹੈ ਜਿਸ ਕਰ ਕੇ ਉਹ ਜਲਦੀ ਹੀ ਵਰਗਲਾਈਆਂ ਜਾਂਦੀਆਂ ਹਨ। ਔਰਤਾਂ ਦੀਆਂ ਆਪਣੀਆਂ ਘਰੇਲੂ ਜਾਂ ਸਮਾਜਿਕ ਮੁਸ਼ਕਿਲਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਆਪ ਹੱਲ ਕਰਨ ਦੀ ਥਾਂ ਉਹ ਇਧਰ-ਉਧਰ ਦੌੜਦੀਆਂ ਹਨ। ਭਾਰਤ ਦੇ ਸਮਾਜਿਕ ਤਾਣੇ-ਬਾਣੇ ਵਿਚ ਉਂਜ ਵੀ ਔਰਤ ਨੂੰ ਦਬਾਅ ਕੇ ਰੱਖਣ ਦਾ ਰੁਝਾਨ ਬਹੁਤ ਜ਼ਿਆਦਾ ਹੈ।

ਘਰੇਲੂ ਔਰਤ ਹੋਵੇ ਜਾਂ ਕੰਮਕਾਜੀ, ਇਸ ਦੀ ਜ਼ਿੰਦਗੀ ਮਰਦ ਨਾਲੋਂ ਔਖੀ ਹੈ। ਔਰਤ ਸਭ ਤੋਂ ਪਹਿਲਾਂ ਬਿਸਤਰੇ ਵਿਚੋਂ ਉਠਦੀ ਹੈ, ਘਰੇਲੂ ਜਾਂ ਨੌਕਰੀ ਆਦਿ ਕੰਮਕਾਰ ਤੋਂ ਬਾਅਦ ਸਭ ਤੋਂ ਪਿੱਛੋਂ ਬਿਸਤਰੇ 'ਤੇ ਜਾਂਦੀ ਹੈ। ਕਈ ਔਰਤਾਂ ਦੇ ਪਤੀ ਨਸ਼ੇੜੀ, ਸ਼ਰਾਬੀ ਜਾਂ ਮਾੜਾ ਵਿਹਾਰ ਕਰਨ ਵਾਲੇ ਵੀ ਹੁੰਦੇ ਹਨ, ਜਿਨ੍ਹਾਂ ਨੂੰ ਸਮਝਾ ਸਮਝਾ ਕੇ ਉਹ ਅੱਕ ਜਾਂਦੀਆਂ ਹਨ। ਉਹ ਮਾਰ-ਕੁਟਾਈ ਜਾਂ ਦੁਰਵਿਹਾਰ ਤੋਂ ਡਰਦੀਆਂ ਬੋਲ ਨਹੀਂ ਸਕਦੀਆਂ ਅਤੇ ਪਤੀ ਤੋਂ ਥੋੜ੍ਹਾ ਪਿੱਛੇ ਹਟ ਜਾਂਦੀਆਂ ਹਨ। ਇਸੇ ਕਰ ਕੇ ਉਹ ਪਤੀ ਨੂੰ ਠੀਕ ਰਸਤੇ ਉਤੇ ਲਿਆਉਣ ਲਈ ਕਬਰਾਂ, ਡੇਰਿਆਂ ਜਾਂ ਵੱਖ ਵੱਖ ਧਾਰਮਿਕ ਥਾਂਵਾਂ 'ਤੇ ਜਾ ਕੇ ਸੁਖਣਾ ਸੁੱਖਦੀਆਂ ਹਨ। ਉਹ ਘਰੇਲੂ ਦੁਰਵਿਹਾਰ ਤੋਂ ਬਚਣ ਲਈ ਅੰਧਵਿਸ਼ਵਾਸ ਅਧੀਨ ਡੇਰਿਆਂ 'ਤੇ ਜਾਣਾ ਜਾਰੀ ਰਖਦੀਆਂ ਹਨ।

ਸਮਾਜ ਵਿਚ ਔਰਤ ਮਾਂ, ਪਤਨੀ, ਨੂੰਹ, ਧੀ ਅਤੇ ਭੈਣ ਆਦਿ ਰੂਪਾਂ ਵਿਚ ਵਿਚਰਦੀ ਹੈ। ਪਰਿਵਾਰ ਵਿਚ ਇਨ੍ਹਾਂ ਸਾਰਿਆਂ ਨੂੰ ਬਣਦਾ ਮਾਣ ਸਨਮਾਨ ਦੇਣਾ ਚਾਹੀਦਾ ਹੈ। ਜਦ ਘਰ ਵਿਚ ਔਰਤ ਦੇ ਕਿਸੇ ਵੀ ਰੂਪ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਤਾਂ ਉਹ ਔਰਤ ਦੁਖੀ ਹੋ ਕੇ ਬਾਹਰੋਂ ਆਸਰਾ ਭਾਲਦੀ ਹੈ ਤੇ ਆਪਣੇ ਸਨਮਾਨ ਦੀ ਬਹਾਲੀ ਲਈ ਧਾਗੇ-ਤਵੀਤ ਕਰਾਉਣ ਜਾਂ ਡੇਰੇ ਜਾ ਕੇ ਸੁੱਖਣਾ ਸੁਖਣ ਅਤੇ ਬਾਬਿਆਂ ਦੀ ਸ਼ਰਨ ਵਿਚ ਜਾਣਾ ਸ਼ੁਰੂ ਕਰਦੀ ਹੈ। ਡੇਰਿਆਂ ਦੇ ਮੁਖੀ ਬਾਬਿਆਂ ਨੇ ਆਪਣੇ ਚੇਲੇ ਚਾਟੜੇ ਛੱਡੇ ਹੁੰਦੇ ਹਨ ਜੋ ਦੁਖੀ ਔਰਤਾਂ ਨੂੰ ਸਬਜ਼ ਬਾਗ ਦਿਖਾ ਕੇ ਅਤੇ ਸਭ ਮੁਸ਼ਕਿਲਾਂ ਦਾ ਹੱਲ ਬਾਬੇ ਕੋਲ ਦੱਸ ਕੇ ਆਪਣੇ ਚੁੰਗਲ ਵਿਚ ਫਸਾ ਲੈਂਦੇ ਹਨ।

ਬਹੁਤ ਸਾਰੇ ਪਰਿਵਾਰ ਗਰੀਬੀ ਦੀ ਦਲਦਲ ਵਿਚ ਫਸੇ ਹੋਏ ਹਨ। ਇਨ੍ਹਾਂ ਪਰਿਵਾਰਾਂ ਦੀਆਂ


ਰਾਮ ਰਹੀਮ ਸਿੰਘ

ਔਰਤਾਂ ਕੰਮਕਾਰ ਵਿਚ ਟੁੱਟ ਚੁਕੀਆਂ ਹੁੰਦੀਆਂ ਹਨ ਤੇ ਅਗਿਆਨ ਵੱਸ ਉਹ ਆਪਣੀ ਕਿਸਮਤ ਨੂੰ ਦੋਸ਼ ਦਿੰਦੀਆਂ ਹਨ। ਕਿਸਮਤ ਬਦਲਣ ਤੇ ਗਰੀਬੀ ਤੋਂ ਛੁਟਕਾਰਾ ਹਾਸਲ ਕਰ ਕੇ ਚੰਗੇ ਦਿਨਾਂ ਦੀ ਆਸ ਵਿਚ ਉਹ ਡੇਰੇ ਦੇ ਬਾਬੇ ਅੱਗੇ ਨੱਕ ਰਗੜਦੀਆਂ ਹਨ। ਉਹ ਦੇਖਦੀਆਂ ਹਨ ਕਿ ਡੇਰੇ ਵਿਚ ਦੋ ਡੰਗ ਰੋਟੀ ਤਾਂ ਮਿਲ ਹੀ ਜਾਂਦੀ ਹੈ, ਤੇ ਫਿਰ ਉਹ ਹੌਲੀ ਹੌਲੀ ਸਾਰੇ ਪਰਿਵਾਰ ਨੂੰ ਹੀ ਡੇਰੇ ਦੇ ਲੜ ਲਾ ਦਿੰਦੀਆਂ ਹਨ।

ਮਨੁੱਖੀ ਨਸਲ ਨੂੰ ਅਗਾਂਹ ਤੋਰਨ ਹਿਤ ਬੱਚੇ ਨੂੰ ਜਨਮ ਦੇਣ ਦਾ ਔਖਾ ਪਵਿਤਰ ਕਾਰਜ ਵੀ ਔਰਤ ਦੇ ਜਿੰਮੇ ਹੈ। ਔਰਤ ਦੇ ਲੜਕੀ ਨੂੰ ਜਨਮ ਦੇਣ ਤੋਂ ਬਾਅਦ ਕਈ ਲੋਕ ਔਰਤ ਨੂੰ ਦੋਸ਼ੀ ਗਰਦਾਨਦੇ ਤੇ ਉਸ ਨਾਲ ਦੁਰਵਿਹਾਰ ਕਰਦੇ ਹਨ। ਮੈਡੀਕਲ ਮਾਹਿਰਾਂ ਮੁਤਾਬਕ ਲੜਕੇ ਜਾਂ ਲੜਕੀ ਨੂੰ ਜਨਮ ਦੇਣਾ ਔਰਤ ਦੀ ਮਰਜ਼ੀ 'ਤੇ ਨਿਰਭਰ ਨਹੀਂ ਕਰਦਾ, ਸਗੋਂ ਇਹ ਸੌ ਫੀਸਦੀ ਮਰਦ ਉਤੇ ਨਿਰਭਰ ਹੈ, ਪਰ ਅਗਿਆਨੀ ਲੋਕ ਤਾਅਨੇ-ਮਿਹਣੇ ਮਾਰ ਕੇ ਔਰਤ ਦਾ ਜਿਉਣਾ ਦੁੱਭਰ ਕਰ ਦਿੰਦੇ ਹਨ। ਅਗਲਾ ਬੱਚਾ ਲੜਕਾ ਹੋਵੇ, ਇਸ ਲਈ ਉਹ ਔਰਤ ਡੇਰੇ 'ਚ ਬਾਬੇ ਦੇ ਚਰਨੀਂ ਜਾ ਲਗਦੀ ਹੈ। ਅਜਿਹੀਆਂ ਕੁਝ ਅੰਧਵਿਸ਼ਵਾਸੀ ਔਰਤਾਂ ਡੇਰੇ ਵਿਚ ਹਵਸ ਦਾ ਸ਼ਿਕਾਰ ਹੋ ਜਾਂਦੀਆਂ ਹਨ। ਡੇਰੇ ਵਿਚ ਲੜਕੇ ਦੀ ਮੰਗ ਲੈ ਕੇ ਆਉਂਦੀਆਂ ਜਿਨ੍ਹਾਂ ਔਰਤਾਂ ਦੇ ਕੁਦਰਤੀ ਲੜਕਾ ਹੀ ਪੈਦਾ ਹੋ ਜਾਵੇ, ਉਹ ਪੱਕੀਆਂ ਹੀ ਡੇਰੇ ਨਾਲ ਜੁੜ ਜਾਂਦੀਆਂ ਹਨ। ਅਜਿਹੀਆਂ ਔਰਤਾਂ ਦਾ ਡੇਰੇ ਨਾਲ ਜੁੜਨ ਦਾ ਮੁੱਖ ਕਾਰਨ ਘਰੇਲੂ ਦੁਰਵਿਹਾਰ ਹੈ, ਜਿਸ ਨੂੰ ਲੋਕ ਸਮਝਣ ਨੂੰ ਤਿਆਰ ਨਹੀਂ।

ਅੱਜ ਕੱਲ੍ਹ ਬਹੁਤ ਸਾਰੇ ਲੜਕੇ-ਲੜਕੀਆਂ ਬੇਰੁਜ਼ਗਾਰ ਹਨ। ਨੌਕਰੀ ਲਈ ਤਰਲੇ ਮਾਰਦਿਆਂ ਉਹ ਡੇਰੇ ਜਾ ਕੇ ਸੁੱਖਣਾ ਸੁਖਦੇ ਹਨ ਤੇ ਸੇਵਾ ਕਰਦੇ ਹਨ। ਗਰੀਬੀ ਜਾਂ ਬੇਰੁਜ਼ਗਾਰੀ ਕਰਕੇ ਲੜਕੇ-ਲੜਕੀਆਂ ਲਈ ਜੀਵਨ ਸਾਥੀ ਲੱਭਣੇ ਔਖੇ ਹੋ ਗਏ ਹਨ। ਕਈ ਗਰੀਬ ਆਪਣੀ ਲੜਕੀਆਂ ਦੀ ਸ਼ਾਦੀ ਲਈ ਖਰਚ ਨਹੀਂ ਕਰ ਸਕਦੇ। ਕਈ ਡੇਰਾ ਮੁਖੀ ਇਹੋ ਜਿਹੇ ਪਰਿਵਾਰਾਂ ਨੂੰ ਕੁਝ ਨਾ ਕੁਝ ਰਾਹਤ ਦੇਣ ਜਾਂ ਆਪਣੇ ਸ਼ਰਧਾਲੂਆਂ ਵਿਚੋਂ ਲੜਕੀ ਜਾਂ ਲੜਕੇ ਲਈ ਢੁਕਵਾਂ ਜੋੜ ਲੱਭਣ ਦਾ ਵਾਅਦਾ ਕਰਦੇ ਹਨ ਤੇ ਡੇਰੇ ਨਾਲ ਲਗਾਤਾਰ ਸੰਪਰਕ ਰੱਖਣ ਲਈ ਕਹਿੰਦੇ ਹਨ। ਕਿਸੇ ਤਰ੍ਹਾਂ ਦੀ ਥੋੜ੍ਹੀ ਬਹੁਤ ਰਾਹਤ ਮਿਲਣ ਨਾਲ ਉਹ ਡੇਰੇ ਦੇ ਪੱਕੇ ਸ਼ਰਧਾਲੂ ਬਣ ਜਾਂਦੇ ਹਨ।

ਕਈ ਡੇਰਾ ਮੁਖੀ ਕਿਸੇ ਬਿਮਾਰੀ ਦੀ ਹਾਲਤ ਵਿਚ ਦੁਖੀ ਵਿਅਕਤੀ ਦੀ ਮਦਦ ਕਰ ਦਿੰਦੇ ਹਨ ਅਤੇ ਉਹ ਪਰਿਵਾਰ ਖੁਦ ਤਾਂ ਸ਼ਰਧਾਲੂ ਬਣਦਾ ਹੀ ਹੈ, ਹੋਰਨਾਂ ਨੂੰ ਵੀ ਡੇਰੇ ਜਾਣ ਲਈ ਪ੍ਰੇਰਦਾ ਹੈ। ਇਉਂ ਡੇਰਿਆਂ ਦਾ ਘੇਰਾ ਵਧਦਾ ਜਾਂਦਾ ਹੈ। ਕਈ ਚੰਗੇ ਖਾਂਦੇ ਪੀਂਦੇ ਘਰਾਂ ਵਿਚ ਔਰਤਾਂ ਦੀ ਝਾੜ-ਝੰਭ ਅਤੇ ਮਾਰ-ਕੁਟਾਈ ਹੁੰਦੀ ਹੈ। ਦੁਖੀ ਹੋ ਕੇ ਔਰਤ ਡੇਰੇ ਤੋਂ ਆਸਰਾ ਭਾਲਦੀ ਹੈ ਅਤੇ ਪਤੀ ਦੀ ਵਧੀਕੀ ਤੋਂ ਨਿਜਾਤ ਲਈ ਤਰਲੇ ਕਰਦੀ ਹੈ। ਕਈ ਔਰਤਾਂ ਹੌਲੀ ਹੌਲੀ ਆਪਣੇ ਪਰਿਵਾਰ ਨੂੰ ਪ੍ਰੇਰ ਕੇ ਡੇਰੇ ਦੀ ਸ਼ਰਨ ਲੈ ਜਾਂਦੀਆਂ ਹਨ। ਕਈ ਸੁਭਾਅ ਵਜੋਂ ਫਿਰਤੂ ਹੁੰਦੀਆਂ ਹਨ। ਉਹ ਜਾਂ ਤਾਂ ਘਰਵਾਲਿਆਂ ਦੇ ਕੰਟਰੋਲ ਤੋਂ ਬਾਹਰ ਹੁੰਦੀਆਂ ਹਨ ਜਾਂ ਘਰ ਵਿਚ ਉਨ੍ਹਾਂ ਦੀ ਚੌਧਰ ਹੁੰਦੀ ਹੈ। ਉਹ ਵੀ ਡੇਰੇ ਜਾਣਾ ਸ਼ੁਰੂ ਕਰ ਦਿੰਦੀਆਂ ਹਨ। ਲੋਕਾਂ ਵਿਚ ਅੰਧਵਿਸ਼ਵਾਸ ਇੰਨਾ ਹੈ ਕਿ ਡੇਰਿਆਂ ਵਿਚੋਂ ਮਿਲਦੇ ਭਰੋਸਿਆਂ ਕਾਰਨ ਉਹ ਘਰ-ਬਾਰ ਲੁਟਾਉਣ ਤਕ ਚਲੇ ਜਾਂਦੇ ਹਨ। ਜਦ ਕਦੇ ਆਸਾ ਰਾਮ ਤੇ ਉਸ ਦਾ ਲੜਕਾ, ਰਾਮ ਪਾਲ, ਰਾਮ ਰਹੀਮ ਆਦਿ ਅਖੌਤੀ ਬਾਬਿਆਂ ਦਾ ਕਿਰਦਾਰ ਬੇਪਰਦ ਹੋ ਜਾਵੇ ਤਾਂ ਕਈ ਸ਼ਰਧਾਲੂ ਫਿਰ ਵੀ ਇਨ੍ਹਾਂ ਬਾਬਿਆਂ ਦੇ ਪੱਖ ਵਿਚ ਖੜ੍ਹੇ ਦਿਸਦੇ ਹਨ।

ਵਿਗਿਆਨਕ ਸੋਚ ਵਾਲੀਆਂ ਔਰਤਾਂ ਵੀ ਬਥੇਰੀਆਂ ਹਨ ਜੋ ਡੇਰਾਵਾਦ ਤੋਂ ਕੋਹਾਂ ਦੂਰ ਹਨ। ਲੋਕਾਂ ਨੂੰ ਜਾਗਰੂਕ ਕਰਨ ਲਈ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਇਹ ਪ੍ਰੇਰਨਾ ਦੇਣ ਦੀ ਲੋੜ ਹੈ ਕਿ ਮਨੁੱਖ ਨਾ ਪਹਿਲਾਂ ਪੈਦਾ ਹੋਇਆ ਸੀ ਅਤੇ ਮੌਤ ਤੋਂ ਬਾਅਦ ਇਸ ਨੇ ਦੁਬਾਰਾ ਜਨਮ ਨਹੀਂ ਲੈਣਾ। ਇਸ ਲਈ ਇਸੇ ਜਨਮ ਵਿਚ ਚੰਗਾ ਮਨੁੱਖ ਬਣ ਕੇ ਵਿਚਰਨਾ ਚਾਹੀਦਾ ਹੈ। ਵਿਗਿਆਨ ਨੇ ਸਾਬਤ ਕਰ ਦਿੱਤਾ ਹੈ ਕਿ ਦੁਨੀਆਂ ਵਿਚ ਕੋਈ ਗੈਬੀ ਸ਼ਕਤੀ ਨਹੀਂ। ਇਸ ਲਈ ਮਨੁੱਖ ਨੂੰ ਆਪਣੇ ਦੁੱਖਾਂ ਅਤੇ ਮੁਸ਼ਕਿਲਾਂ 'ਤੇ ਆਪ ਹੀ ਕਾਬੂ ਪਾਉਣ ਲਈ ਸੰਘਰਸ਼ ਕਰਨਾ ਪੈਣਾ ਹੈ।

ਡੇਰਾਵਾਦ ਧਾਰਮਿਕ ਆਗੂਆਂ ਦੀਆਂ ਕਮਜ਼ੋਰੀਆਂ ਅਤੇ ਸਿਆਸੀ ਆਗੂਆਂ ਦੀ ਸਰਪ੍ਰਸਤੀ ਹੇਠ ਪੈਦਾ ਹੁੰਦਾ ਅਤੇ ਵਧਦਾ ਫੁਲਦਾ ਹੈ। ਡੇਰਾਵਾਦ ਦਾ ਕਿਰਦਾਰ ਹੁਣ ਸਭ ਦੇ ਸਾਹਮਣੇ ਹੈ। ਜੋ ਸਿਆਸੀ ਨੇਤਾ ਅਜੇ ਵੀ ਡੇਰਿਆਂ ਅੰਦਰ ਬੈਠੇ ਅਖੌਤੀ ਭ੍ਰਿਸ਼ਟ ਬਾਬਿਆਂ ਦੀ ਪਿੱਠ ਪੂਰਦਾ ਹੈ, ਉਸ ਨੇਤਾ ਖਿਲਾਫ ਸਮੁੱਚੇ ਲੋਕਾਂ ਨੂੰ ਖੜ੍ਹਨਾ ਚਾਹੀਦਾ ਹੈ।

# ਬ੍ਰਹਿਮੰਡ ਦੀ ਰਚਨਾ, ਜੀਵ ਵਿਗਿਆਨ ਤੇ ਸਟੀਫਨ ਹਾਕਿੰਗ

*(ਪਿਛਲੇ ਸਫੇ ਦੀ ਬਾਕੀ)*

ਨੂੰ ਸਮੁੱਚੇ ਰੂਪ ਵਿਚ ਫਰੋਲਿਆ ਹੁੰਦਾ ਤਾਂ ਉਸ ਦੇ ਵਿਚਾਰ ਸ਼ਾਇਦ ਹੋਰ ਹੋਣੇ ਸਨ। ਇਸ ਸਭ ਦੇ ਬਾਵਜੂਦ ਸਟੀਫਨ ਹਾਕਿੰਗ ਨੇ ਜਿਨ੍ਹਾਂ ਵੀ ਵਿਚਾਰਾਂ ਨੂੰ ਆਪਣੀ ਖੋਜ ਦਾ ਵਿਸ਼ਾ ਬਣਾਇਆ, ਉਹ ਸਿੱਖ ਫਿਲਾਸਫੀ ਵਿਚ ਆਏ ਇਸ ਸਬੰਧੀ ਵਿਚਾਰਾਂ ਦਾ ਵਿਸਥਾਰ ਹੀ ਹਨ।

ਸਾਨੂੰ ਬ੍ਰਹਿਮੰਡ ਦੀ ਰਚਨਾ ਬਾਰੇ ਸਟੀਫਨ ਹਾਕਿੰਗ ਦੇ ਵਿਚਾਰਾਂ ਦੇ ਮੂਲ ਆਧਾਰਾਂ ਨੂੰ ਵੇਖਣਾ ਹੋਵੇਗਾ। ਇਹ ਵਿਗਿਆਨੀ ਆਪਣੇ ਵਿਚਾਰਾਂ ਨੂੰ ਘੁਮਾ-ਫਿਰਾ ਕੇ ਬ੍ਰਹਿਮੰਡ ਦੀ ਬਿੱਗ ਬੈਂਗ ਤੋਂ ਹੋਈ ਸ਼ੁਰੂਆਤ ਉਤੇ ਹੀ ਕੇਂਦਰਿਤ ਕਰਦਾ ਹੈ। ਸ਼ਾਇਦ ਉਸ ਦੇ ਮਨ ਉਤੇ ਇਸਾਈ ਚਰਚ ਦੇ ਡਰ ਦਾ ਪ੍ਰਭਾਵ ਬਣਿਆ ਹੋਇਆ ਸੀ। ਆਪਣੀ ਪੁਸਤਕ 'ਏ ਬ੍ਰੀਫ ਹਿਸਟਰੀ ਆਫ ਟਾਈਮ' ਦੇ ਪੰਨਾ ਨੰਬਰ 122 ਉਤੇ ਉਹ 1981 ਵਿਚ ਹੋਰ ਵਿਗਿਆਨੀਆਂ ਸਮੇਤ ਉਸ ਦੀ ਪੋਪ ਨਾਲ ਹੋਈ ਮਿਲਣੀ ਦਾ ਜ਼ਿਕਰ ਕਰਦਾ ਹੈ। ਪੋਪ ਨੇ ਵਿਗਿਆਨੀਆਂ ਨੂੰ ਤਾੜਨਾ ਭਰੇ ਲਹਿਜੇ ਵਿਚ ਕਿਹਾ ਸੀ ਕਿ ਵਿਗਿਆਨੀ ਬਿੱਗ ਬੈਂਗ ਤੋਂ ਪਹਿਲਾਂ ਦੀ ਖੋਜ ਨਾ ਕਰਨ, ਕਿਉਂਕਿ ਉਹ ਬ੍ਰਹਿਮੰਡ ਸਿਰਜਕ ਪਰਮਾਤਮਾ ਦਾ ਕਾਰਜ ਖੇਤਰ ਹੈ।

ਪੋਪ ਦਾ ਇਹ ਵਿਚਾਰ ਸੱਚਮੁੱਚ ਹੈਰਾਨ ਕਰਨ ਵਾਲਾ ਹੈ। ਜਦੋਂ ਅਸੀਂ ਇਸ ਧਰਤੀ ਉਤੇ ਉਪਜੀ ਬਨਸਪਤੀ ਅਤੇ ਮਾਨਵ ਸਮੇਤ ਹਰ ਪ੍ਰਕਾਰ ਦੇ ਜੀਵਾਂ ਦੇ ਕੁਦਰਤ ਦੇ ਨਿਯਮਾਂ ਅਨੁਸਾਰ ਜਨਮ ਲੈਣ ਤੋਂ ਪਹਿਲਾਂ ਉਨ੍ਹਾਂ ਦੇ ਸਾਬਤ ਬੀਜ ਬਣਨ ਦੀ ਤਹਿ ਤਕ ਜਾ ਸਕਦੇ ਹਾਂ ਤਾਂ ਇਸ ਗਤੀਮਾਨ ਬ੍ਰਹਿਮੰਡ ਦੀ ਯਾਤਰਾ ਸ਼ੁਰੂ ਹੋਣ ਦੇ ਉਸ ਬਿੰਦੂ ਤਕ ਕਿਉਂ ਨਹੀਂ ਜਾ ਸਕਦੇ? ਬਿੱਗ ਬੈਂਗ ਦੀ ਮਹਾਂ-ਘਟਨਾ ਤਾਂ ਇਸ ਗਤੀਮਾਨ ਬ੍ਰਹਿਮੰਡ ਦੇ ਸਮੇਂ ਅਤੇ ਸਪੇਸ ਵਿਚ ਉਤਰਨ ਨਾਲ ਸਬੰਧ ਰੱਖਣ ਵਾਲਾ ਪੜਾਅ ਸੀ। ਬ੍ਰਹਿਮੰਡ ਦੀ ਸਿਰਜਣਾ ਇਕ ਜੀਵ ਦੇ ਗਤੀਮਾਨ ਜੀਵਨ ਯੁੱਗ ਵਾਂਗ ਹੈ। ਸੋ ਇਸ ਦਾ ਇਕ ਜੀਵ ਵਾਂਗ ਅਧਿਐਨ ਤਾਂ ਇਸ ਦੇ ਅੰਦਰ ਹੀ ਪਿਆ ਹੈ।

ਸਟੀਫਨ ਹਾਕਿੰਗ ਨੇ ਆਈਨਸਟਾਈਨ ਦੇ 1915 ਵਿਚ ਸਾਹਮਣੇ ਆਏ ਸਾਪੇਖਤਾ ਦੇ ਵਿਆਪਕ ਸਿਧਾਂਤ ਨੂੰ ਇੰਨ-ਬਿੰਨ ਮੰਨ ਕੇ ਬਿੱਗ ਬੈਂਗ ਤੋਂ ਪਾਰਲੇ ਪਾਸੇ ਦੇ ਵਰਤਾਰੇ ਨੂੰ ਉਕਾ ਹੀ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਉਸ ਅਨੁਸਾਰ ਇਹ ਥਿਊਰੀ ਕਿਉਂਕਿ ਪੁਲਾੜ ਅਤੇ ਸਮੇਂ ਵਿਚ ਸਮੁੱਚੇ ਤੌਰ 'ਤੇ ਪੂਰਨ ਨਹੀਂ ਹੈ, ਇਸ ਲਈ ਬ੍ਰਹਿਮੰਡ ਦੀ ਬੀਜ ਰੂਪ ਤੋਂ ਬਿੱਗ ਬੈਂਗ ਤਕ ਦੀ ਸਿਰਜਣਾ ਵਿਗਿਆਨ ਦੇ ਭੌਤਿਕਤਾ ਨਿਯਮਾਂ ਦੇ ਘੇਰੇ ਤੋਂ ਹੀ ਬਾਹਰ ਹੈ। ਉਹ ਪੁਲਾੜ ਅਤੇ ਸਮੇਂ ਨੂੰ ਗਤੀਸ਼ੀਲ ਹੋਂਦ ਵਾਂਗ ਮੰਨਦਾ ਹੈ।

ਉਸ ਨੇ ਇਹ ਵਿਚਾਰ ਭਾਵੇਂ ਸਮੇਂ ਦੇ ਪ੍ਰਸੰਗ ਵਿਚ ਦਿੱਤੇ ਹਨ ਕਿ ਬ੍ਰਹਿਮੰਡ ਤੋਂ ਪਹਿਲਾਂ ਸਮੇਂ ਦੀ ਕੋਈ ਹੋਂਦ ਨਹੀਂ ਸੀ, ਪਰ ਉਹ ਇਨ੍ਹਾਂ ਵਿਚਾਰਾਂ ਦੇ ਆਧਾਰ 'ਤੇ ਬ੍ਰਹਿਮੰਡ ਦੀ ਬਿੱਗ ਬੈਂਗ ਜਾਂ ਮਹਾਂ-ਕਵਾਓ ਤਕ ਹੋਈ ਸਿਰਜਣਾ ਬਾਰੇ ਚੁੱਪ ਹੈ। ਇਹੀ ਤਾਂ ਉਹ ਜੀਵ ਵਿਗਿਆਨੀ ਮਾਡਲ ਹੈ, ਜਿਸ ਨੂੰ ਅਪਨਾ ਕੇ ਅਸੀਂ ਬ੍ਰਹਿਮੰਡ ਦੀ ਰਚਨਾ ਅਤੇ ਵਿਹਾਰਾਂ ਨੂੰ ਬਿਹਤਰ ਢੰਗ ਨਾਲ ਸਮਝ ਸਕਦੇ ਹਾਂ। ਮੇਰਾ ਪੱਕਾ ਵਿਚਾਰ ਹੈ ਕਿ ਜੇ ਅਸੀਂ ਮਨੁੱਖੀ ਦਿਮਾਗ਼ ਦੀਆਂ ਪ੍ਰਵਿਰਤੀਆਂ ਅਤੇ ਕੰਮ ਕਰਨ ਦੇ ਢੰਗਾਂ ਦਾ ਹੀ ਬ੍ਰਹਿਮੰਡ ਦੇ ਪ੍ਰਸੰਗ ਵਿਚ ਮੰਥਨ ਕਰ ਲਈਏ ਤਾਂ ਸਰੀਰ ਦੀ ਇਹ ਪ੍ਰਯੋਗਸ਼ਾਲਾ ਹਰ ਮਨੁੱਖ ਦੇ ਅੰਗ-ਸੰਗ ਹਰ ਪਲ ਚੱਲ ਰਹੀ ਹੈ, ਜਿਸ ਨੂੰ ਸਿੱਖ ਫਲਸਫਾ 'ਜੋ ਬ੍ਰਹਿਮੰਡੇ ਸੋਈ ਪਿੰਡੇ' ਦੇ ਰੂਪ ਵਿਚ ਬਿਆਨ ਕਰਦਾ ਹੈ। ਕੁਆਂਟਮ ਮਕੈਨਿਕਸ ਦੇ ਸਿਧਾਂਤ ਨਾਲ ਬ੍ਰਹਿਮੰਡ ਦੇ ਕਣਤੰਤਰ ਅਤੇ ਮਾਦਾ ਪਦਾਰਥ ਦੀ ਬਣਤਰ ਅਤੇ ਵਿਹਾਰਾਂ ਨੂੰ ਜ਼ਰੂਰ ਸਮਝਿਆ ਜਾ ਸਕਦਾ ਹੈ। ਸਟੀਫਨ ਹਾਕਿੰਗ ਦੇ ਇਨ੍ਹਾਂ ਵਿਚਾਰਾਂ ਦੇ ਆਧਾਰ 'ਤੇ 'ਬ੍ਰਹਿਮੰਡ ਦੀ ਸੰਯੁਕਤ ਥਿਊਰੀ' ਦੀ ਸਿਰਜਣਾ ਕੀਤੀ ਜਾ ਸਕਦੀ ਹੈ।

## ਰਿਸਦੇ ਫੱਟ

ਰਿਸਦੇ ਫੱਟ ਹਜ਼ਾਰਾਂ ਏਥੇ
ਕੋਈ ਨਾ ਲੈਂਦਾ ਸਾਰਾਂ ਏਥੇ।
ਅੰਦਰੋਂ ਖੋਟੇ ਬਾਹਰੋਂ ਸੋਹਣੇ
ਆਪਣੇ ਮਾਰਨ ਮਾਰਾਂ ਏਥੇ।
ਬਹਿ ਬੁੱਕਲ 'ਚ ਦਗਾ ਕਮਾਉਂਦੇ
ਭੇਸ ਬਦਲ ਲਏ ਯਾਰਾਂ ਏਥੇ।
ਕੌਣ ਚੜ੍ਹਾਈ ਕਿਸੇ ਦੀ ਜਰਦਾ
ਦੇਖ ਤਰੱਕੀ ਖਾਣ ਖਾਰਾਂ ਏਥੇ।
ਦੁੱਖਾਂ ਦਾ ਨਾ ਕੋਈ ਦਰਦੀ ਬਣਦਾ
ਆਉਣ ਖੁਸ਼ੀਆਂ ਵਿਚ ਡਾਰਾਂ ਏਥੇ।
ਮਤਲਬ ਦੇ ਹੁਣ ਰਿਸ਼ਤੇ ਰਹਿ ਗਏ
ਨਾ ਜੁੜਨ ਦਿਲਾਂ ਦੀਆਂ ਤਾਰਾਂ ਏਥੇ।
ਕਿੱਥੋਂ ਹੱਕ ਸਲਾਮਤ ਮਿਲਣੇ
ਲੁੱਟਣ ਲੱਗੀਆਂ ਨੇ ਸਰਕਾਰਾਂ ਏਥੇ।
ਸੱਚ ਤਾਂ ਰੱਖ ਦਿੱਤਾ ਖੂੰਜੇ ਲਾ ਕੇ
ਝੂਠ ਵਿਕਦਾ ਵਿਚ ਬਾਜ਼ਾਰਾਂ ਏਥੇ।
ਸਿੱਖ 'ਆਲੀਕੇ' ਸਬਰ 'ਚ ਰਹਿਣਾ
ਜ਼ਿੰਦਗੀ ਮਿਲਦੀ ਨਈ ਦੁਬਾਰਾ ਏਥੇ।

*-ਬਲਜਿੰਦਰ ਆਲੀਕੇ*
*ਫੋਨ: 91-94645-62678*

# ਅਲੋਪ ਹੋ ਚੁੱਕੀਆਂ ਵਿਆਹ ਰਸਮਾਂ

**ਸਾਡੇ ਰਸਮੋ ਰਿਵਾਜ**

"ਉਪਰ ਤਾਂ ਵਾਰੇ ਤੈਨੂੰ ਸੱਦ ਹੋਈ
ਨੀ ਸਾਲੂ ਵਾਲੀਏ,
ਆ ਕੇ ਸਾਹਾ ਨੀ ਸੁਧਾ ਨੀ ਸਾਲੂ ਵਾਲੀਏ।"
"ਸਾਹਾ ਤਾਂ ਸੁਧਾਉਣ ਤੇਰੀਆਂ ਦਾਦੀਆਂ
ਵੇ ਚੀਰੇ ਵਾਲਿਆ,
ਜਿਨ੍ਹਾਂ ਦੇ ਮਨ ਵਿਚ ਚਾਅ।"

ਇਸ ਗੀਤ ਨਾਲ ਸ਼ੁਰੂ ਹੁੰਦਾ ਵਿਆਹ ਕਾਰਜ ਅਨੇਕਾਂ ਰਸਮਾਂ ਨਾਲ ਕਈ ਦਿਨਾਂ ਵਿਚ ਸੰਪੂਰਨ ਹੁੰਦਾ। ਪਹਿਲੇ ਸਮਿਆਂ ਵਿਚ 5-7 ਬੱਚੇ ਆਮ ਹੀ ਹੁੰਦੇ ਸਨ। ਇਸ ਲਈ ਵਿਆਹ ਚੱਲਦੇ ਹੀ ਰਹਿੰਦੇ ਸਨ, ਪਰ ਫੇਰ ਵੀ ਹਰ ਕਿਸੇ ਨੂੰ ਵਿਆਹ ਦਾ ਹੱਦੋਂ ਵੱਧ ਚਾਅ ਹੁੰਦਾ ਸੀ। ਵਿਆਹ ਧਾਰਮਿਕ ਤੇ ਸਮਾਜਿਕ ਰਸਮਾਂ ਦਾ ਇਕ ਸੰਗ੍ਰਿਹ ਹੀ ਹੁੰਦਾ ਹੈ। ਸਮੇਂ ਨਾਲ ਇਹ ਰਸਮਾਂ ਘਟ ਰਹੀਆਂ ਹਨ,

ਸ਼ਮਿੰਦਰ ਕੌਰ
shaminderbrar83@gmail.com

ਕੁਝ ਖਤਮ ਹੋ ਗਈਆਂ ਹਨ ਤੇ ਕੁਝ ਅੱਧ ਅਧੂਰੀਆਂ ਰਹਿ ਗਈਆਂ ਹਨ। ਸਾਲੀਆਂ ਵੱਲੋਂ ਬਾਰ ਰੋਕਣ ਦੀ ਨਵੀਂ ਰਸਮ ਸ਼ੁਰੂ ਹੋ ਗਈ ਹੈ, ਚਾਰ ਦਹਾਕੇ ਪਹਿਲਾਂ ਇਹ ਨਹੀਂ ਸੀ।

**ਰੋਪਣਾ ਪੈਣੀ:** ਰਿਸ਼ਤਾ ਪੱਕਾ ਕਰਨ ਸਮੇਂ ਰੋਪਣਾ ਦੀ ਰਸਮ ਕੀਤੀ ਜਾਂਦੀ ਸੀ। ਮੁੰਡੇ ਨੂੰ ਚੌਂਕੀ ਉਤੇ ਬਿਠਾ ਕੇ ਵਿਚੋਲਾ ਜਾਂ ਨਾਈ (ਪਹਿਲਾਂ ਨਾਈ ਹੀ ਰਿਸ਼ਤਾ ਵੇਖਦੇ ਤੇ ਪੱਕਾ ਕਰਦੇ ਸਨ) ਉਸ ਦੀ ਝੋਲੀ ਵਿਚ ਚਾਂਦੀ ਦਾ ਇਕ ਰੁਪਈਆ ਅਤੇ ਸ਼ੱਕਰ ਪਾ ਕੇ ਮੂੰਹ ਮਿੱਠਾ ਕਰਾ ਦਿੰਦਾ ਸੀ। ਘਰਾਂ ਦੀਆਂ ਔਰਤਾਂ ਸ਼ਗਨ ਵਾਲੇ ਘਰ ਆਉਣ ਵੇਲੇ ਛੰਨੇ ਵਿਚ ਦਾਣੇ ਲੈ ਕੇ ਆਉਂਦੀਆਂ ਸਨ। ਰਸਮ ਤੋਂ ਬਾਅਦ ਵਾਪਸੀ ਸਮੇਂ ਔਰਤਾਂ ਦੇ ਛੰਨੇ ਵਿਚ ਸ਼ੱਕਰ ਪਾ ਦਿੱਤੀ ਜਾਂਦੀ ਸੀ। ਰਿਸ਼ਤਾ ਪੱਕਾ ਹੋਣ ਦੀ ਖੁਸ਼ੀ ਵਿਚ ਚੌਲ ਉਬਾਲ ਕੇ ਪੂਣ ਕੇ ਉਤੇ ਸ਼ੱਕਰ ਪਾ ਕੇ ਸ਼ਰੀਕੇ ਵਿਚ ਵੰਡ ਦਿੱਤੀ ਜਾਂਦੀ ਸੀ। ਇਹ ਰੋਪਣਾ ਦੀ ਰਸਮ ਅਕਸਰ ਵਿਆਹ ਤੋਂ ਕਈ ਸਾਲ ਪਹਿਲਾਂ ਹੀ ਕਰ ਦਿੱਤੀ ਜਾਂਦੀ ਸੀ।

**ਸੱਦਾ ਪੱਤਰ:** ਵਿਆਹ ਦਾ ਸੱਦਾ ਪੱਤਰ ਦੇਣ ਲਈ ਨਾਈ ਰਿਸ਼ਤੇਦਾਰੀਆਂ ਵਿਚ ਜਾਂਦਾ ਸੀ। ਸੱਦੇ ਪੱਤਰ ਵਜੋਂ ਇਕ ਚਿੱਠੀ ਲਿਖ ਕੇ ਉਤੇ ਹਲਦੀ ਧੂੜ ਕੇ ਖੰਮਣੀ ਬੰਨ ਦਿੱਤੀ ਜਾਂਦੀ ਸੀ। ਜਿਹੜੀ ਵੀ ਰਿਸ਼ਤੇਦਾਰੀ ਵਿਚ ਲਾਗੀ ਜਾਂਦਾ, ਉਥੋਂ ਉਸ ਨੂੰ ਖੇਸ ਜਾਂ ਪੈਸੇ ਜਾਂ ਦੋਵੇਂ ਦਿੱਤੇ ਜਾਂਦੇ ਸਨ।

**ਗੰਢ ਤਿਓਰ:** ਵਿਆਹ ਤੋਂ ਪਹਿਲਾਂ ਕੁੜੀ ਵਾਲੇ ਮੁੰਡੇ ਦੀ ਮਾਂ ਲਈ ਕੱਪੜੇ ਤੇ ਕੋਈ ਗਹਿਣਾ ਭੇਜਦੇ ਸਨ। ਆਮ ਕਰਕੇ ਇਸ ਵਿਚ ਸਾਟਨ ਦਾ ਘੱਗਰਾ, ਕੁੜਤੀ, ਦੁਪੱਟਾ, ਪੰਜ ਮੋਹਰਾਂ ਨਾਲਾਪੋਣੀ ਤੇ ਸ਼ਿੰਗਾਰ ਦਾ ਸਮਾਨ ਸ਼ਾਮਿਲ ਹੁੰਦਾ। ਆਮ ਕਰਕੇ ਗਹਿਣਾ ਰੱਖ ਕੇ ਬਾਕੀ ਸਭ ਕੁਝ ਕੁੜੀ ਵਾਲਿਆਂ ਨੂੰ ਵਾਪਸ ਕਰ ਦਿੱਤਾ ਜਾਂਦਾ ਸੀ।

**ਵੜੀਆਂ ਟੁੱਕਣਾ:** ਵਿਆਹ ਵਾਲੇ ਘਰ ਕਾਫੀ ਕੰਮ ਹੁੰਦਾ ਹੈ, ਇਸ ਲਈ ਵੜੀਆਂ ਟੁੱਕਣ ਦੀ ਰਸਮ ਕੀਤੀ ਜਾਂਦੀ ਸੀ ਤਾਂ ਜੋ ਸਬਜ਼ੀ ਕੱਟਣ ਦਾ ਸਮਾਂ ਬਚ ਜਾਵੇ ਅਤੇ ਵਿਆਹ ਦੇ ਕੰਮਕਾਰ ਦੌਰਾਨ ਵੜੀਆਂ ਦੀ ਸਬਜ਼ੀ ਧਰ ਲਈ ਜਾਵੇ। ਵਿਆਹ ਤੋਂ 9 ਜਾਂ 11 ਦਿਨ ਪਹਿਲਾਂ ਰਾਤ ਨੂੰ ਦਾਲਾਂ ਦਾ ਆਟਾ ਗੁੰਨ ਕੇ ਰੱਖ ਦਿੱਤਾ ਜਾਂਦਾ ਸੀ। ਅਗਲੇ ਦਿਨ ਪਿੰਡ ਦੀਆਂ ਔਰਤਾਂ ਕਨਕ ਲੈ ਕੇ ਵਿਆਹ ਵਾਲੇ ਘਰ ਜਾਂਦੀਆਂ ਅਤੇ ਵੜੀਆਂ ਟੁੱਕਣ ਵਿਚ ਮਦਦ ਕਰਦੀਆਂ। ਕਈ ਮੰਜੇ ਵੜੀਆਂ ਟੁੱਕ ਕੇ ਭਰ ਦਿੱਤੇ ਜਾਂਦੇ। ਵਾਪਸੀ ਸਮੇਂ ਸਭ ਦੇ ਕਨਕ ਵਾਲੇ ਭਾਂਡੇ ਵਿਚ ਥੋੜ੍ਹਾ-ਥੋੜ੍ਹਾ ਵੜੀਆਂ ਵਾਲਾ ਆਟਾ ਪਾ ਕੇ ਦਿੱਤਾ ਜਾਂਦਾ। ਇਹ ਰਸਮ ਸਿਰਫ ਪਹਿਲੇ ਵਿਆਹ ਨੂੰ ਕੀਤੀ ਜਾਂਦੀ ਸੀ।

**ਜੋਗ ਝੋਹਣੀ ਜਾਂ ਤੌਲੀ ਪੀਠਣੀ:** ਇਕ ਮੱਘੀ (ਛੋਟਾ ਘੜਾ) ਵਿਚ ਸਵਾ ਕਿੱਲੋ ਜਾਂ ਵੱਧ ਕਨਕ ਪਾ ਲਈ ਜਾਂਦੀ ਸੀ, ਫਿਰ ਮੁੰਡੇ ਦੀ ਮਾਂ ਤੇ ਨਾਲ ਉਸ ਦੀ ਦਰਾਣੀ ਜਾਂ ਜੇਠਾਣੀ-ਦੋਵੇਂ ਚੱਕੀ ਉਤੇ ਇਹ ਕਨਕ ਪੀਂਹਦੀਆਂ। ਜਦ ਤੱਕ ਪੂਰੀ ਕਨਕ ਪੀਠੀ ਨਾ ਜਾਂਦੀ, ਉਦੋਂ ਤੱਕ ਦੋਵਾਂ ਨੇ ਬਿਲਕੁਲ ਚੁੱਪ ਰਹਿਣਾ ਹੁੰਦਾ। ਕਨਕ ਪੀਹ-ਛਾਣ ਕੇ ਉਸੇ ਮੱਘੀ ਵਿਚ ਪਾ ਕੇ ਕੱਪੜੇ ਨਾਲ ਢੱਕ ਕੇ ਰੱਖ ਦਿੱਤੀ ਜਾਂਦੀ। ਦਰਾਣੀ-ਜਠਾਣੀ ਉਠ ਕੇ ਮਹਿਮਾਨਾਂ ਵਿਚ ਬੈਠੀਆਂ ਬਜ਼ੁਰਗ ਔਰਤਾਂ ਦੇ ਪੈਰੀਂ ਹੱਥ ਲਾਉਂਦੀਆਂ। ਘਰ ਆਈਆਂ ਸਭ ਔਰਤਾਂ ਨੂੰ ਗੁੜ ਵੰਡਿਆ ਜਾਂਦਾ। ਇਹ ਆਟਾ ਘਰਾਂ ਨੂੰ ਰੋਟੀ ਦੀ ਰਸਮ ਕਰਨ ਵੇਲੇ ਕੜਾਹ ਵਿਚ ਪਾ ਲੈਂਦੇ। ਇਹ ਰਸਮ ਸਿਰਫ ਪਹਿਲੇ ਵਿਆਹ ਵੇਲੇ ਵਿਆਹ ਤੋਂ 10-15 ਦਿਨ ਪਹਿਲਾਂ ਕੀਤੀ ਜਾਂਦੀ।

**ਬਾਜਰਾ ਭਿਓਣਾ:** ਵਿਆਹ ਤੋਂ 6 ਦਿਨ ਪਹਿਲਾਂ ਰਾਤ ਨੂੰ ਸਭ ਤੋਂ ਪਹਿਲਾਂ ਵਿਆਹੁੰਦੜ ਦੀ ਮਾਂ ਕੁੱਜੇ ਵਿਚ ਕੋਈ ਪੈਸੇ (ਦੁਆਨੀ-ਚੁਆਨੀ) ਪਾ ਕੇ ਵਿਚ ਸੱਤ ਮੁੱਠੀਆਂ ਬਾਜਰੇ ਦੀਆਂ ਪਾ ਕੇ ਵਿਚ ਗੜਵੀ ਨਾਲ ਸੱਤ ਵਾਰੀ ਪਾਣੀ ਪਾ ਦਿੰਦੀ ਸੀ, ਉਸ ਪਿੱਛੋਂ ਬਾਕੀ ਔਰਤਾਂ ਵੀ ਇਵੇਂ ਹੀ ਕਰਦੀਆਂ। ਔਰਤਾਂ ਦੀ ਗਿਣਤੀ ਕਲੀ ਵਿਚ (5, 7, 11) ਹੀ ਰੱਖੀ ਜਾਂਦੀ। ਹਰ ਰਸਮ ਵਿਚ ਕਿਸੇ ਵੀ ਚੀਜ਼ ਦੀ ਗਿਣਤੀ ਗਿਣ ਕੇ ਕਲੀ ਵਿਚ ਹੀ ਰੱਖੀ ਜਾਂਦੀ ਸੀ।

ਮੇਰਾ ਬਾਜਰਾ ਭੈਣੇ ਨੀ
ਰਾਤੀਂ ਰੰਗ ਮਹੱਲੇ ਚੜ੍ਹਿਆ,
(ਦੀਪੋ) ਕੁੜੀਆਂ ਚੱਬਣ ਲੱਗੀ
ਸੰਘ 'ਚ ਦਾਣਾ ਅੜ੍ਹਿਆ,
ਮੇਰਾ ਬਾਜਰਾ ਭੈਣੇ ਨੀ
ਰਾਤੀਂ ਫੁੱਲ ਗੁਲਾਬੀ ਖਿੜ੍ਹਿਆ,
(ਦੀਪੋ) ਕੁੜੀਆਂ ਚੱਬਣ ਲੱਗੀ
ਨਾਸੀਂ ਦਾਣਾ ਚੜ੍ਹਿਆ,
ਮੇਰਾ ਬਾਜਰਾ ਭੈਣੇ ਨੀ
ਰਾਤੀਂ ਰੰਗ ਮਹੱਲੇ ਚੜ੍ਹਿਆ।

**ਗਲਾ ਪਾਉਣਾ:** ਅਗਲੇ ਦਿਨ ਉਹ ਭਿਓਂਤਾ ਬਾਜਰਾ ਪੂਣ ਕੇ ਵਿਆਹ ਵਾਲੇ ਮੁੰਡੇ ਜਾਂ ਕੁੜੀ ਦੀ ਝੋਲੀ ਵਿਚ ਪਾ ਦਿੱਤਾ ਜਾਂਦਾ। ਤਰਖਾਣੀ ਵਿਆਹੁੰਦੜ ਦੇ ਗਿੱਟੇ ਉਤੇ ਗਾਨਾ ਬੰਨ੍ਹ ਕੇ ਜਾਂਦੀ। ਗਾਨਾ ਬੰਨਣ ਪਿੱਛੋਂ ਵਿਆਹ ਤੱਕ ਵਿਆਹੁੰਦੜ ਨੇ ਘਰੋਂ ਬਾਹਰ ਨਹੀਂ ਨਿਕਲਣਾ ਹੁੰਦਾ। ਇਹ ਗਾਨਾ ਵਿਆਹ ਤੋਂ ਪਿੱਛੋਂ ਮੁੰਡਾ ਆਪਣੇ ਸਹੁਰੇ ਪਿੰਡ ਤੇ ਕੁੜੀ ਆਪਣੇ ਸਹੁਰੇ ਪਿੰਡ ਖੋਲ੍ਹ ਕੇ ਸੁੱਟ ਦਿੰਦੇ।

ਗਾਨਾ ਬੰਨਣ ਤੋਂ ਬਾਅਦ ਚੱਕੀ ਗਲਾ ਪਾਇਆ ਜਾਂਦਾ। ਸਭ ਤੋਂ ਪਹਿਲਾਂ ਮਾਂ ਵੱਟੇ ਉਤੇ ਹਲਦੀ ਦੀ ਗੰਢੀ ਰੱਖ ਕੇ ਉਤੇ ਵੱਟਾ ਮਾਰ ਕੇ ਭੰਨਦੀ, ਫੇਰ ਬਾਕੀ ਔਰਤਾਂ ਗੰਢੀ ਭੰਨਦੀਆਂ। ਫੇਰ ਮਾਂ ਚੱਕੀ ਵਿਚ ਸੱਤ ਵਾਰੀ ਕਨਕ ਪਾਉਂਦੀ ਅਤੇ ਉਸ ਤੋਂ ਬਾਅਦ ਬਾਕੀ ਚਾਚੀਆਂ-ਤਾਈਆਂ, ਫੇਰ ਸਭ ਇਕੱਠੀਆਂ ਚੱਕੀ ਦਾ ਹੱਥਾ ਗੇੜਦੀਆਂ। ਚੱਕੀ ਗੇੜਦਿਆਂ ਇਹ ਗੀਤ ਗਾਇਆ ਜਾਂਦਾ:

ਕਿਹੜੇ ਰਾਜੇ ਚੱਕੀ ਲਿਆਂਦੀ
ਕਿਹੜੀ ਰਾਣੀ ਪੀਠਿਆ
ਕਿਥੋਂ ਲਿਆਂਦੀ ਚੱਕੀ
ਤੇ ਕਿਥੋਂ ਲਿਆਂਦਾ ਹੱਥਾ
ਧੁਰੋਂ ਲਾਹੌਰੋਂ ਚੱਕੀ ਲਿਆਂਦੀ
ਵਣੋਂ ਕਰੀਰੋਂ ਹੱਥਾ।
(ਸਾਉਣ ਸਿਓਂ) ਰਾਜੇ ਚੱਕੀ ਲਿਆਂਦੀ
(ਰਣਜੀਤ ਕੁਰ) ਰਾਣੀ ਪੀਠਿਆ।

ਵਾਪਸੀ ਸਮੇਂ ਸਭ ਔਰਤਾਂ ਨੂੰ ਸ਼ੱਕਰ ਪਾ ਕੇ ਬੱਕਲੀਆਂ (ਘੁੰਗਣੀਆਂ) ਵੰਡੀਆਂ ਜਾਂਦੀਆਂ।

**ਮਾਈਆਂ:** ਸੁਬਹ ਗਲਾ ਪਾਉਣ ਤੋਂ ਬਾਅਦ ਉਸੇ ਰਾਤ ਮਾਈਆਂ ਦੀ ਰਸਮ ਹੁੰਦੀ। ਮੁੰਡੇ ਨੂੰ 5-7 ਮੁੰਡੇ ਤੇ ਕੁੜੀ ਨੂੰ ਕੁੜੀਆਂ ਮਿੱਠੇ ਚੌਲ ਖਵਾਉਂਦੀਆਂ। ਪਹਿਲਾਂ ਸਾਰੇ ਵਿਆਹੁੰਦੜ ਨੂੰ ਵਾਰੀ ਨਾਲ 5-7 ਚਮਚ ਚੌਲ ਖਵਾਉਂਦੇ, ਫੇਰ ਵਾਲੇ ਘਰ ਹੁੰਦੀ। ਇਹ ਰਸਮ ਸਿਰਫ ਵੱਡੇ ਮੁੰਡੇ ਦੇ ਵਿਆਹ ਨੂੰ ਕੀਤੀ ਜਾਂਦੀ। ਸਮਾਂ ਪਾ ਕੇ 2-2 ਕਿਲੋ ਕੜਾਹ ਦਿੱਤਾ ਜਾਣ ਲੱਗਾ ਅਤੇ ਫੇਰ ਇਹ ਰਸਮ ਅਲੋਪ ਹੋ ਗਈ।

**ਜੰਡੀ ਵੱਢਣੀ:** ਬਰਾਤ ਘਰੋਂ ਤੁਰ ਕੇ ਪਿੰਡੋਂ ਬਾਹਰ ਵਾਰ ਕਿਸੇ ਜੰਡੀ 'ਤੇ ਜਾਂਦੀ। ਲਾੜਾ ਜੰਡੀ ਦੁਆਲੇ ਪੰਜ ਗੇੜੇ ਕੱਢਦਾ ਤੇ ਛੇਵੇਂ ਗੇੜੇ ਜੰਡੀ ਉਤੇ ਆਪਣੀ ਕਿਰਪਾਨ ਨਾਲ ਪੰਜ ਟੱਕ ਮਾਰਦਾ। ਇਸ ਸਮੇਂ ਲਾੜੇ ਉਤੋਂ ਪੈਸੇ ਵਾਰੇ ਜਾਂਦੇ। ਜੰਡੀ



ਸਾਰੇ ਰਲ ਕੇ ਚੌਲ ਖਾ ਲੈਂਦੇ। ਇਹ ਰਸਮ ਮੁੰਡੇ ਦੇ ਵਿਆਹ ਤੋਂ ਪੰਜ ਦਿਨ ਪਹਿਲਾਂ ਤੇ ਕੁੜੀ ਦੇ ਵਿਆਹ ਤੋਂ ਤਿੰਨ ਦਿਨ ਪਹਿਲਾਂ ਕੀਤੀ ਜਾਂਦੀ।

**ਰੋਟੀ:** ਵਿਆਹ ਤੋਂ 4-5 ਦਿਨ ਪਹਿਲਾਂ ਸ਼ਰੀਕੇ-ਕਬੀਲੇ ਨੂੰ ਰੋਟੀ ਕੀਤੀ ਜਾਂਦੀ। ਇਸ ਲਈ ਵਿਆਹ ਵਾਲੇ ਘਰੇ ਵੱਡੀਆਂ ਤਵੀਆਂ ਉਤੇ ਮੰਡੇ (ਢਿੱਲੇ ਆਟੇ ਦੀਆਂ ਵੱਡੀਆਂ-ਵੱਡੀਆਂ ਰੋਟੀਆਂ) ਪਕਾਏ ਜਾਂਦੇ ਅਤੇ ਵੱਡੀਆਂ ਵੱਡੀਆਂ ਦੇਗਾਂ ਵਿਚ ਕੜ੍ਹਾਹ ਬਣਾਇਆ ਜਾਂਦਾ। ਨਾਈ ਸਭ ਸ਼ਰੀਕੇ ਨੂੰ ਵਿਆਹ ਵਾਲੇ ਘਰ ਰੋਟੀ ਲਈ ਸੱਦਾ ਦੇ ਦਿੰਦਾ। ਸਭ ਘਰਾਂ ਦੇ ਲੋਕ ਆਪਣੀ-ਆਪਣੀ ਰੋਟੀ ਵਿਆਹ ਵਾਲੇ ਘਰੋਂ ਪਰਾਤ ਵਿਚ ਪਵਾ ਕੇ ਲੈ ਜਾਂਦੇ। ਇੱਕ ਬੰਦਾ ਕੋਲ ਵਹੀ ਅਤੇ ਤੱਕੜੀ ਰੱਖ ਕੇ ਬੈਠਦਾ ਅਤੇ ਵਿੜੀ ਅਨੁਸਾਰ ਖਾਣਾ ਤੋਲ ਕੇ ਪਰਾਤ ਵਿਚ ਪਾਉਂਦਾ ਭਾਵ ਜਿੰਨਾ ਖਾਣਾ ਕਿਸੇ ਘਰੋਂ ਉਨ੍ਹਾਂ ਦੇ ਵਿਆਹ ਸਮੇਂ ਆਇਆ ਹੁੰਦਾ, ਓਨਾ ਜ਼ਰੂਰ ਮੋੜਿਆ ਜਾਂਦਾ। ਆਮ ਕਰਕੇ ਇਹ 20-20 ਮੰਡੇ ਅਤੇ 5-5 ਕਿਲੋ ਕੜਾਹ ਹੁੰਦਾ। ਇਸ ਦਿਨ ਤੋਂ ਬਾਅਦ ਸ਼ਰੀਕੇ ਦੀ ਰੋਟੀ ਵਿਆਹ

ਵੱਢਣ ਦਾ ਅਰਥ ਸੀ ਕਿ ਜੇ ਰਸਤੇ ਵਿਚ ਕੋਈ ਮੁਸੀਬਤ ਆਈ ਤਾਂ ਲਾੜਾ ਉਸ ਦਾ ਮੁਕਾਬਲਾ ਕਰਨ ਦੇ ਸਮਰੱਥ ਹੈ। ਜੰਨ ਉਥੋਂ ਹੀ ਵਿਦਾ ਹੋ ਜਾਂਦੀ ਤੇ ਔਰਤਾਂ ਗੀਤ ਗਾਉਂਦੀਆਂ ਘਰ ਨੂੰ ਆ ਜਾਂਦੀਆਂ:

ਸੁੱਖ ਵਸਦੀ ਵੇ ਬਾਬਾ
ਤੇਰੀ ਨਗਰੀ ਵੇ ਸੁੱਖ ਵਸਦੀ,
ਥੋੜੇ ਹੱਥੋਂ ਕਟੋਰਾ, ਥੋੜੇ ਮੁਖੋਂ ਜਲੇਬੀ,
ਥੋੜੇ ਸਿਰ ਪੁਰ ਕਲਗੀ ਸਜਦੀ ਜੀ।

**ਪਰੋਸਾ:** ਜਦ ਕੋਈ ਕਿਸੇ ਪਿੰਡ ਵਿਆਹ ਜਾਂਦਾ ਤੇ ਉਥੇ ਕਿਸੇ ਘਰ ਕੋਈ ਹੋਰ ਰਿਸ਼ਤੇਦਾਰੀ ਵੀ ਹੁੰਦੀ, ਖਾਸ ਕਰਕੇ ਜੇ ਕੋਈ ਕੁੜੀ ਉਥੇ ਵਿਆਹੀ ਹੁੰਦੀ ਤਾਂ ਉਸ ਦੇ ਘਰ ਮਠਿਆਈ ਲੈ ਕੇ ਜਾਂਦੇ। ਇਸ ਰਸਮ ਨੂੰ ਪਰੋਸਾ ਦੇਣਾ ਕਹਿੰਦੇ।

**ਜੰਨ ਬੰਨ੍ਹਣੀ:** ਪੁਰਾਣੇ ਸਮਿਆਂ ਵਿਚ ਜਦ ਬਰਾਤ ਅੱਗੇ ਖਾਣਾ ਪਰੋਸਦੇ ਤਾਂ ਮੇਲਣਾਂ ਗੀਤ ਗਾ ਕੇ ਜੰਨ ਨੂੰ ਖਾਣਾ ਖਾਣ ਤੋਂ ਰੋਕ ਦਿੰਦੀਆਂ:

ਉਡੇ ਜਾਂਦੇ ਕਬੂਤਰ ਕਰਦੇ ਘੂੰ-ਘੂੰ
ਨਾਲੇ ਤੇਰੀ ਜੰਨ ਬੰਨ੍ਹੀ ਨਾਲੇ ਬੰਨ੍ਹਿਆਂ ਤੂੰ।
ਜਾਨੀਆਂ ਦੀ ਜੰਨ ਬੰਨ੍ਹਾ
ਪਿੱਪਲਾਂ ਦੇ ਪੱਤ ਬੰਨ੍ਹਾ,
ਬੰਨ੍ਹ ਦਿੰਨੀ ਆ ਜ਼ਰੂਰ ਜੀ।

ਜਦ ਤਕ ਜਾਨੀਆਂ ਵਿਚੋਂ ਕੋਈ ਬੰਦਾ ਉਠ ਕੇ ਗੀਤ ਦੇ ਜਵਾਬ ਵਿਚ ਗੀਤ ਗਾ ਕੇ ਜੰਨ ਨਾ ਖੋਲ੍ਹਦਾ, ਜੰਨ ਰੋਟੀ ਖਾਣ ਤੋਂ ਬੈਠੀ ਰਹਿੰਦੀ। ਜੇ ਕਿਸੇ ਨੂੰ ਗੀਤ ਗਾਉਣਾ ਨਾ ਆਉਂਦਾ ਤਾਂ ਮੇਲਣਾਂ ਮਿਹਣਾ ਮਾਰਦੀਆਂ:

ਜੰਨ ਛੁੜਾਉਣੀ ਨਾ ਆਈ
ਕੱਚਾ ਹੁੰਦਾ ਬਹਿ ਨੀ ਗਿਆ।

**ਬਰਾਤ ਦੀ ਸੇਵਾ:** ਪਹਿਲੇ ਸਮਿਆਂ 'ਚ ਬਰਾਤ 2-3 ਰਾਤਾਂ ਰਹਿ ਕੇ ਮੁੜਦੀ। ਅਨੰਦ ਕਾਰਜ ਸਵੇਰੇ 4 ਵਜੇ ਦੇ ਕਰੀਬ ਤਾਰਿਆਂ ਦੀ ਛਾਂਵੇਂ ਕੀਤਾ ਜਾਂਦਾ। ਅਨੰਦ ਕਾਰਜ ਤੋਂ ਪਹਿਲਾਂ ਆਸਾ ਦੀ ਵਾਰ ਦਾ ਪਾਠ ਕੀਤਾ ਜਾਂਦਾ। ਉਸ ਸਮੇਂ ਜ਼ਿਆਦਾ ਤਰ੍ਹਾਂ ਦੀਆਂ ਮਠਿਆਈਆਂ ਨਹੀਂ ਸਨ ਹੁੰਦੀਆਂ। ਬਰਾਤ ਦੀ ਸੇਵਾ ਲੱਡੂ-ਜਲੇਬੀਆਂ ਨਾਲ ਹੀ ਕੀਤੀ ਜਾਂਦੀ ਅਤੇ ਰੋਟੀ ਨਾਲ ਸਿਰਫ ਆਲੂ ਪਕੌੜਿਆਂ ਦੀ ਸਬਜ਼ੀ ਹੀ ਮੁੱਖ ਹੁੰਦੀ। ਕੋਈ ਸਰਦਾ ਘਰ ਹੀ ਚੌਲ ਪੀਹ ਕੇ ਫਿਰਨੀ ਬਣਾਉਂਦਾ ਅਤੇ ਬੱਕਰੇ ਰਿੰਨ੍ਹਦਾ। ਬਰਾਤ ਹੇਠਾਂ ਸਣ ਦੀਆਂ ਪੱਟੀਆਂ ਉਤੇ ਬੈਠ ਕੇ ਰੋਟੀ ਖਾਂਦੀ। ਸਰਦੇ ਲੋਕ ਖੱਦਰ ਦੀਆਂ ਕੋਰਾਂ ਵਿਛਾਉਂਦੇ।

ਲੱਡੂ-ਜਲੇਬੀਆਂ ਕਈ ਪਰਾਤਾਂ ਵਿਚ ਪਾ ਦਿੱਤੇ ਜਾਂਦੇ ਅਤੇ ਹਰ ਪਰਾਤ ਦੁਆਲੇ 10-12 ਬੰਦੇ ਬੈਠ ਕੇ ਇਕੱਠੇ ਹੀ ਲੱਡੂ-ਜਲੇਬੀਆਂ ਖਾ ਲੈਂਦੇ। ਉਦੋਂ ਵੇਟਰ ਨਹੀਂ ਸਨ ਹੁੰਦੇ, ਘਰਾਂ ਦੇ ਮੁੰਡੇ ਹੀ ਪਰੀਹੇ (ਵਰਤਾਵੇ) ਹੁੰਦੇ। ਉਹ ਚੰਗੇਰਾਂ ਵਿਚ ਲੱਡੂ-ਜਲੇਬੀਆਂ ਪਾ ਕੇ ਵਰਤਾਉਂਦੇ। ਲੱਡੂ-ਜਲੇਬੀਆਂ ਨਾਲ ਰੱਜ ਜਾਣ ਤੋਂ ਬਾਅਦ ਉਸੇ ਪਰਾਤ ਨੂੰ ਝਾੜ ਕੇ ਵਿਚ ਸਬਜ਼ੀ ਪਾ ਦਿੱਤੀ ਜਾਂਦੀ ਤੇ ਸਭ ਇਕੱਠੇ ਹੀ ਰੋਟੀ ਖਾ ਲੈਂਦੇ। ਬਰਾਤ ਦੇ ਪੀਣ ਲਈ ਵੱਡੇ ਵੱਡੇ ਕੂੰਡਿਆਂ ਵਿਚ ਖਸ-ਖਸ ਅਤੇ ਹੋਰ ਸਮਾਨ ਰਗੜ ਕੇ ਢੰਡਿਆਈ ਦੇ ਕਈ ਘੜੇ ਤਿਆਰ ਕੀਤੇ ਜਾਂਦੇ।

**ਸੱਸ ਦਾ ਜਲੇਬ:** ਕੁੜੀ ਦੀ ਡੋਲੀ ਦੇ ਨਾਲ ਹੀ ਇੱਕ ਟੋਕਰੀ ਵਿਚ 5 ਜਲੇਬ ਅਤੇ 5 ਗਜ਼ ਖੱਦਰ ਦਾ ਕੱਪੜਾ ਸੱਸ ਲਈ ਭੇਜਿਆ ਜਾਂਦਾ।

**ਤਾਰਾ ਮੀਰਾ ਗਾਹੁਣਾ:** ਨਾਨਕਾ ਮੇਲ ਨੂੰ ਸਵਾ ਮਣ ਮਠਿਆਈ ਦੇ ਕੇ ਵਿਦਾ ਕੀਤਾ ਜਾਂਦਾ। ਇੰਨੀ ਮਠਿਆਈ ਇਸ ਲਈ ਦਿੱਤੀ ਜਾਂਦੀ ਕਿ ਨਾਨਕੇ ਆਪਣੇ ਪਿੰਡ ਜਾ ਕੇ ਆਪਣੇ ਸ਼ਰੀਕੇ ਵਿਚ ਦੋਹਤੇ ਦੀ ਵਿਆਹ ਦੀ ਭਾਜੀ ਵੰਡਦੇ। ਜਾਣ ਵੇਲੇ ਮਾਮੀਆਂ ਇਹ ਖਾਸ ਤੌਰ 'ਤੇ ਗੀਤ ਗਾਉਂਦੀਆਂ:

ਗੰਢਾਂ ਦੇ ਦੇ ਮੇਲ ਸਦਾਇਆ
ਹੁਣ ਕਿਉਂ ਮੇਲ ਤਾਹੀਦਾ ਭੈਣੇ।
ਸਾਡਾ ਤਾਰਾ ਮੀਰਾ,
ਸਾਡਾ ਤਾਰਾ ਮੀਰਾ ਗਾਹੀਦਾ ਭੈਣੇ।
(ਰਣਜੀਤ ਕੁਰ) ਕੁੜੀ ਨੇ ਰੋਟੀ ਕੀਤੀ
ਨਾਲ ਪਕਾਏ ਪੂੜੇ,
ਬੀਬੀ ਜੀ ਸਾਨੂੰ ਜਾਣ ਦਿਓ
ਕਾਰਜ ਹੋ'ਗੇ ਪੂਰੇ।

ਮੇਲ ਜਾਣ ਲੱਗਿਆ ਆਟਾ-ਦਾਲ ਮੁੱਕ ਜਾਣ ਦਾ ਮਿਹਣਾ ਵੀ ਮਾਰ ਦਿੰਦਾ:

ਕਰੀਰਾਂ ਨੂੰ ਲੱਗਿਆ ਬਾਟਾ,
ਵੇ (ਬਰਾਤਾਂ) ਦੀ ਦਾਲ ਮੁੱਕ'ਗੀ
ਨਾਲੇ ਮੁੱਕਿਆ ਕਨਕ ਦਾ ਆਟਾ।

ਇੰਜ ਜਿਹੜਾ ਨਾਨਕਾ ਮੇਲ ਬੰਬੀਹਾ ਬਲਾਉਂਦਾ ਆਇਆ ਹੁੰਦਾ, ਗੀਤ ਗਾਉਂਦਾ-ਗਾਉਂਦਾ ਵਿਦਾ ਹੋ ਜਾਂਦਾ।

## ਅੱਜ ਕਲ੍ਹ ਦੇ ਵਿਆਹ

ਤਿੰਨ ਘੰਟੇ 'ਚ ਪੰਜ ਲੱਖ ਦਾ ਖਰਚਾ,
ਅੱਜ ਕਲ੍ਹ ਦੇ ਵਿਆਹ ਨੇ ਕਾਹਦੇ।
ਸਭ ਕੋਈ ਇਹੀ ਕਹਿੰਦਾ,
ਕੈਮਰੇ ਵਾਲਿਆ ਮੇਰੀ ਫੋਟੋ ਲਾਹ ਦੇਹ।

ਪਿੰਡ ਦੇ ਜੰਝ ਘਰ,
ਗੁਰੂਦੁਆਰੇ, ਸਕੂਲ ਵਿਚ
ਕੋਈ ਵਿਆਹ ਨਹੀਂ ਕਰਦਾ।
ਓਦਾਂ ਚੰਦਾ ਇਕੱਠਾ ਕਰਦੇ ਰਹਿੰਦੇ
ਕਹਿੰਦੇ ਲੰਗਰ ਹਾਲ ਬਿਨਾ ਨਹੀਂ ਸਰਦਾ।
ਉਸਾਰੀ ਦਾ ਕੰਮ ਚਾਲੂ ਹੋ ਗਿਆ,
ਰੱਬ ਦੇ ਘਰ ਦਾ, ਦੇਖੋ ਕਦੋਂ ਹੈ ਭਾਂਡਾ ਭਰਦਾ।
ਬਾਹਰਲੇ ਕਹਿੰਦੇ ਲੋੜ ਨਹੀਂ ਇਸ ਦੀ,
ਇਸ ਕਰਕੇ ਕੋਈ ਨਹੀਂ ਹੁੰਗਾਰਾ ਭਰਦਾ।

ਮਜ਼ਦੂਰ ਨੇ ਕਹਿੰਦੇ
ਕਿਵੇਂ ਨਾ ਕਿਵੇਂ ਲੈਂਟਰ ਪੈ ਜੇ
ਨਾਲ ਉਥੇ ਹੀ ਜ਼ਰਦਾ ਮਲਦਾ।
ਵਿਆਹ ਤਾਂ ਪੈਲੇਸ ਵਿਚ ਹੀ ਕਰਨਾ,
ਤੂੰ ਜਿਹੜੀ ਮਰਜ਼ੀ ਸਲਾਹ ਦੇਹ...।

ਦਿਨ ਛਿਪਣ ਤੋਂ ਪਹਿਲਾਂ ਚੂੜਾ ਪਾਉਣਾ,
ਮਾਮਾ ਜੀ ਛੇਤੀ ਆ ਜੀਂ।
ਵੀਡੀਓ ਵਾਲਾ ਭਾਈ ਨਹੀਂ ਆਇਆ,
ਹੁਣ ਕਾਹਲੀ ਹੈ ਕਾਹਦੀ।
ਅੱਗੇ-ਪਿੱਛੇ ਕੈਮਰੇ ਵਾਲੇ,
ਜਿੱਦਾਂ ਕਹਿੰਦੇ, ਓਦਾਂ ਹੁੰਦੀ ਹੈ ਸ਼ਾਦੀ।
ਵੀਡੀਓ ਸਾਡੀ ਚੰਗੀ ਬਣ'ਜੇ,
ਰੀਤ-ਰਿਵਾਜ਼ ਰਹਿ ਗਏ ਨੇ ਫਾਡੀ।
ਮੇਰੇ ਫਰੈਂਡਸ ਨੇ ਲਾਈਕ ਹੈ ਕਰਨਾ,
ਛੇਤੀ ਫੇਸਬੁੱਕ 'ਤੇ ਪਾ'ਦੀਂ।

ਵਿਚੋਲੇ ਨੂੰ ਕੁਝ ਪਤਾ ਨਹੀਂ ਹੁੰਦਾ,
ਭਾਵੇਂ ਮਾਮੇ ਦੀ ਥਾਂ
ਤਾਏ ਦੀ ਮਿਲਣੀ ਕਰਾ ਦੇਹ...।

ਸੱਦੇ-ਪੱਤਰ ਵਿਚ
ਗੁਰੂਦੁਆਰੇ ਦਾ ਨਾਂ ਨਹੀਂ,
ਪੈਲੇਸ ਦਾ ਨਾਂ ਨੇ ਲੱਭਦੇ।
ਤਿੰਨ-ਚਾਰ ਘੰਟੇ ਜੰਝ ਲੇਟ ਹੋ ਗਈ,
ਅਜੇ ਮੁੰਡੇ-ਕੁੜੀਆਂ ਨੇ ਫੱਬਦੇ।
ਕੁੜੀ ਵਾਲਿਆਂ ਨੂੰ ਫਿਕਰ ਪੈ ਗਿਆ,
ਫਿਰ ਫੋਨ 'ਤੇ ਫੋਨ ਨੇ ਵੱਜਦੇ।
ਅਨੰਦ ਕਾਰਜ ਵਿਚ ਗਿਣਵੇਂ-ਚੁਣਵੇਂ ਬੰਦੇ,
ਬਾਕੀ ਟੇਬਲ ਮੱਲਣ ਲਈ ਭੱਜਦੇ।
ਡਿੱਸ਼ਾਂ ਦੀ ਗਿਣਤੀ ਵਾਧੂ,
ਕੀ ਖਾਈਏ ਕੀ ਨਾ,
ਇੱਕ-ਇੱਕ ਠੂੰਗੇ ਨਾਲ ਨੇ ਰੱਜਦੇ।

ਪੰਜਾਹ ਰੁਪਈਏ ਵੇਟਰ ਨੂੰ ਦੇ ਕੇ ਕਹਿੰਦੇ,
ਸਟੇਜ ਦੇ ਨੇੜੇ ਟੇਬਲ ਸਜਾ ਦੇਹ...।

ਢੋਲ-ਢਮੱਕਾ, ਰੌਲਾ ਰੱਪਾ,
ਆਵਾਜ਼ ਵੀ ਗੂੰਜੇ,
ਕੰਨ ਬੋਲੇ ਜਿਹੇ ਕਰ'ਤੇ।
ਸਟੇਜ 'ਤੇ ਕੁੜੀਆਂ ਨੱਚਦੀਆਂ ਵੇਖਣ,
ਬੇਸ਼ਰਮੀ ਨਾਲ ਕਰਦੇ ਚਰਚੇ।
ਫੁਕਰੀ ਦੀ ਹੱਦ ਇੰਨੀ ਹੋ ਗਈ,
ਗੋਲੀ ਪਸਤੌਲ ਵੀ ਰੱਖਦੇ ਭਰ ਕੇ।
ਅੰਨੇ-ਬੋਲੇ ਹੋ ਕੇ ਨੱਚਦੇ-ਨੱਚਦੇ,
'ਤਾਂਹ ਨੂੰ ਫੋਕੇ ਫੈਰ ਜਿਹੇ ਕਰ'ਤੇ।
ਥੋੜ੍ਹੀ ਜਿਹੀ ਜੇ ਚੁਕ ਹੋ ਗਈ,
ਕੋਈ ਤਾਂ ਜਾਊ ਮਰ ਕੇ।
ਨਵੀਂ ਪੀੜ੍ਹੀ ਦੀ ਸਮਝ ਨਹੀ ਆਉਂਦੀ,
ਕੀ ਨੇ ਇਨ੍ਹਾਂ ਦੇ ਇਰਾਦੇ।

ਤਿੰਨ ਘੰਟੇ 'ਚ ਪੰਜ ਲੱਖ ਦਾ ਖਰਚਾ,
ਅੱਜ ਕਲ੍ਹ ਦੇ ਵਿਆਹ ਨੇ ਕਾਹਦੇ।

-ਡਾ. ਚਰਨਜੀਤ ਸਿੰਘ ਪੰਨੂ
ਫੋਨ: 408-646-3597

---

## ਧਰਮੀ

ਆਓ ਦੋਸਤੋ ਧਰਮੀ ਬਣੀਏ!
ਧਰਮ ਦੀ ਚਾਦਰ ਲਪੇਟ ਲਈਏ
ਸਰੀਰ ਦੇ ਦੁਆਲੇ ਤਾਂ ਕਿ
ਇਨਸਾਨੀਅਤ ਵਾਲਾ
ਕੋਈ ਅੰਗ ਰਹਿ ਨਾ ਜਾਵੇ
ਬਿਨ ਕੱਜਿਆਂ, ਬਿਨ ਢੱਕਿਆਂ।
ਆਓ ਦੋਸਤੋ ਧਰਮੀ ਬਣੀਏ!

-ਡਾ. ਨਿਸ਼ਾਨ ਸਿੰਘ ਰਾਠੌਰ
ਫੋਨ: 91-75892-33437

ਕਹਾਣੀ

# ਬਸ ਕੰਡਕਟਰ

*ਡਾ. ਦਲੀਪ ਕੌਰ ਟਿਵਾਣਾ ਉਸੇ ਕਹਾਣੀ ਸ਼ੈਲੀ ਦੇ ਅਨੁਸਾਰੀ ਹਨ ਜਿਸ ਦੀ ਰੀਤ ਨਾਨਕ ਸਿੰਘ, ਕਰਤਾਰ ਸਿੰਘ ਦੁੱਗਲ, ਕੁਲਵੰਤ ਸਿੰਘ ਵਿਰਕ, ਸੰਤ ਸਿੰਘ ਸੇਖੋਂ, ਸੰਤੋਖ ਸਿੰਘ ਧੀਰ ਆਦਿ ਕਹਾਣੀਕਾਰਾਂ ਨੇ ਪਾਈ ਸੀ। ਉਨ੍ਹਾਂ ਵੇਲਿਆਂ ਵਿਚ ਕਹਾਣੀ ਨੂੰ ਨਿੱਕੀ ਕਹਾਣੀ ਕਿਹਾ ਜਾਂਦਾ ਸੀ। ਕਹਾਣੀ 'ਬੱਸ ਕੰਡਕਟਰ' ਵਿਚ ਸਾਧਾਰਨ ਜਿਹੀ ਜਾਪਦੀ ਗੱਲ ਉਸ ਤੁਣਕੇ 'ਤੇ ਪਹੁੰਚਦੀ ਹੈ ਜਦੋਂ ਪਤਾ ਲੱਗਦਾ ਹੈ ਕਿ ਬੱਸ ਕੰਡਕਟਰ ਜੀਤ ਕਹਾਣੀ ਦੀ ਮੁੱਖ ਪਾਤਰ ਡਾਕਟਰ ਪਾਲੀ ਵਿਚੋਂ 47 ਦੇ ਰੌਲਿਆਂ ਵੇਲੇ ਮਾਰੀ ਗਈ ਡਾਕਟਰੀ ਦੀ ਵਿਦਿਆਰਥਣ ਆਪਣੀ ਭੈਣ ਨੂੰ ਦੇਖਦਾ ਹੈ, ਉਦੋਂ ਪਾਠਕ, ਖਾਸ ਕਰ ਉਹ, ਜਿਨ੍ਹਾਂ 1947 ਦੀ ਵੰਡ ਦਾ ਸੰਤਾਪ ਆਪਣੇ ਹੱਡੀਂ ਹੰਢਾਇਆ ਹੈ ਜਾਂ ਫਿਰ ਇਸ ਕਹਿਰ ਦੀ ਵਾਰਤਾ ਆਪਣੇ ਬਜ਼ੁਰਗਾਂ ਪਾਸੋਂ ਸੁਣੀ ਹੋਈ ਹੈ, ਇਕ ਦਮ ਜਜ਼ਬਾਤ ਦੇ ਵਹਿਣ ਵਿਚ ਵਹਿ ਜਾਂਦੇ ਹਨ। -ਸੰਪਾਦਕ*

ਲੇਡੀ ਡਾਕਟਰ ਪਾਲੀ ਦੀ ਬਦਲੀ ਨਾਭੇ ਤੋਂ ਪਟਿਆਲੇ ਦੀ ਹੋ ਗਈ। ਘਰ ਦੇ ਕੋਸ਼ਿਸ਼ ਕਰ ਰਹੇ ਸਨ ਕਿ ਬਦਲੀ ਰੁਕਵਾ ਲਈ ਜਾਵੇ। ਜਿਸ ਕਰਕੇ ਪਟਿਆਲੇ ਮਕਾਨ ਲੈ ਕੇ ਰਹਿਣ ਦੀ ਥਾਂ ਵੱਡੇ ਡਾਕਟਰ ਤੋਂ ਇਜਾਜ਼ਤ ਲੈ ਹਰ ਰੋਜ਼ ਬੱਸ 'ਤੇ ਸਵੇਰੇ ਨਾਭੇ ਤੋਂ ਚਲੀ ਜਾਂਦੀ ਤੇ ਆਥਣ ਨੂੰ ਪਰਤ ਆਉਂਦੀ।

ਬੱਸਾਂ ਦੀ ਖੜ-ਖੜ, ਗਰਮੀ, ਪਸੀਨਾ, ਭੀੜ ਤੇ ਕੰਡਕਟਰਾਂ ਦੀਆਂ ਬੇਹੂਦਾ ਹਰਕਤਾਂ, ਅਸ਼ਲੀਲ ਗੱਲਾਂ ਤੋਂ ਉਹਦਾ ਜੀਅ ਕਾਹਲਾ ਪੈਂਦਾ। 'ਪਰ ਕੁਝ ਦਿਨਾਂ ਦੀ ਤਾਂ ਗੱਲ ਏ' ਸੋਚ, ਉਹ ਸਭੋ ਕੁਝ ਜ਼ਰ ਲੈਂਦੀ। ਜਿਸ ਦਿਨ ਜੀਤ ਦੀ ਉਸ ਬੱਸ 'ਤੇ ਡਿਊਟੀ ਹੁੰਦੀ, ਉਹ ਥੋੜ੍ਹੀ ਸੌਖੀ ਰਹਿੰਦੀ ਕਿਉਂਕਿ ਕੰਡਕਟਰ ਹੁੰਦਾ ਹੋਇਆ ਵੀ ਉਹ ਬੜਾ ਸਾਊ ਦਿੱਸਦਾ ਸੀ।



'ਇਹ ਬੈਗ ਵਾਲੀ ਕੁੜੀ ਕਾਸੇ ਵਿਚ ਨੌਕਰ ਏ?' ਇਕ

ਡਾ. ਦਲੀਪ ਕੌਰ ਟਿਵਾਣਾ
ਫੋਨ: 91-90233-78007

ਦਿਨ ਇਕ ਭਾਈ ਨੇ ਜੀਤ ਨੂੰ ਪੁਛਿਆ।

'ਆਹੋ ਜੀ! ਡਾਕਟਰਨੀ ਏ, ਵੱਡੀ ਡਾਕਟਰਨੀ। ਆਂਹਦੇ ਨੇ ਪੂਰਾ ਤਿੰਨ ਸੌ ਰੁਪਈਆ ਤਨਖਾਹ ਲੈਂਦੀ ਏ।' ਜੀਤ ਨੇ ਟਿਕਟ ਫੜਾਉਂਦਿਆਂ ਹੌਲੀ ਜਿਹੀ ਦੱਸਿਆ।

'ਜੀ ਅੱਜ ਕੱਲ੍ਹ ਤਾਂ ਕੁੜੀਆਂ ਵੀ ਆਦਮੀਆਂ ਤੋਂ ਵੱਧ ਕਮਾਉਂਦੀਆਂ ਨੇ। ਤਦੇ ਤਾਂ ਆਦਮੀਆਂ ਦਾ ਰੋਅਬ ਨਹੀਂ ਰਿਹਾ।' ਨਾਲ ਦੀ ਸੀਟ 'ਤੇ ਬੈਠੇ ਅੱਧਖੜ ਜਿਹੇ ਬੰਦੇ ਨੇ ਆਖਿਆ।

'ਜੀ, ਭਾਵੇਂ ਕਿੰਨਾ ਹੀ ਕਮਾਉਣ, ਘਰਾਣਿਆਂ ਦੀਆਂ ਕਾਹਨੂੰ ਆਦਮੀ ਸਾਹਮਣੇ ਅੱਖ ਚੁੱਕਦੀਆਂ...ਤੇ ਆਹ ਕੁੜੀ ਡਾਕਟਰਨੀ, ਮੈਂ ਕਈ ਵਾਰ ਪਟਿਆਲੇ ਜਾਂਦਾ ਰਹਿਨਾਂ, ਦੇਖੀ ਐ, ਸਹੁਰੀ ਦੇ ਜਾਣੀਂ ਮੂੰਹ ਵਿਚ ਬੋਲ ਨੀਂ...।' ਪਾਲੀ ਵੱਲ ਤੱਕਦਿਆਂ ਪਿਛਲੀਆਂ ਸੀਟਾਂ 'ਤੇ ਬੈਠੇ ਇਕ ਸਰਦਾਰ ਨੇ ਆਖਿਆ।

'ਯਾ ਰੱਬ! ਸਾਡੀ ਵੀ ਕਿਸੇ...।' ਫਿਕਰਾ ਵਿਚ ਹੀ ਰਹਿ ਗਿਆ ਜਦੋਂ ਟਿਕਟ ਫੜਾਉਂਦਿਆਂ ਗੁਲਾਬੀ ਜਿਹੇ ਕੁੜਤੇ ਵਾਲੇ ਧੇਲੇ ਦੇ ਸ਼ੁਕੀਨ ਵੱਲ ਜੀਤ ਨੇ ਘੂਰ ਕੇ ਤੱਕਿਆ ਤੇ ਆਖਿਆ, 'ਕਿਉਂ ਬਈ ਓਏ ਜਾਣ ਦੀ ਸਲਾਹ ਕਿ ਲਾਹ ਦਿਆਂ ਹੁਣੇ ਈ ਭੁੰਜੇ?'

'ਮੈਂ ਤਾਂ ਕੰਡਕਟਰ ਸਾਹਿਬ ਕੁਝ ਨਹੀਂ ਆਖਿਆ, ਐਵੇਂ ਕਾਹਨੂੰ ਗਰਮ ਹੁੰਦੇ ਓ।'

ਪਾਲੀ ਨੂੰ ਜਦੋਂ ਜੀਤ ਨੇ ਟਿਕਟ ਫੜਾਇਆ ਤਾਂ ਉਹ ਅੱਗੋਂ ਦਸਾਂ ਦਾ ਨੋਟ ਕੱਢ ਕੇ ਦੇਣ ਲੱਗੀ।

'ਭਾਨ ਤਾਂ ਹੈ ਨਹੀਂ ਮੇਰੇ ਕੋਲ, ਚਲੋ ਪੈਸੇ ਕੱਲ੍ਹ ਦੇ ਦੇਣਾ।' ਆਖ, ਉਹ ਅਗਾਂਹ ਲੰਘ ਗਿਆ।

ਅੱਗੋਂ ਇਕ ਬੁੱਢੀ ਨੇ ਹੋਰ ਦਸਾਂ ਦਾ ਨੋਟ ਹੀ ਕੱਢਿਆ।

'ਮਾਏ ਟੁੱਟੇ ਹੋਏ ਨਹੀਂ ਮੇਰੇ ਕੋਲ। ਸਾਢੇ ਦਸ ਆਨੇ ਸਾਰਾ ਭਾੜੇ ਤੇ ਐਡਾ ਸਾਰਾ ਨੋਟ ਕੱਢ ਫੜਾਉਂਦੇ ਓ। ਚੰਗਾ ਜਾਹ ਪੈਸੇ ਭਨਾ ਲਿਆ ਉਤਰ ਕੇ।' ਜੀਤ ਨੇ ਜ਼ਰਾ ਸਖਤ 'ਵਾਜ਼ ਨਾਲ ਆਖਿਆ।

'ਵੇ ਪੁੱਤਾ! ਐਨੇ ਨੂੰ ਬੱਸ ਨਾ ਤੁਰ ਜਾਵੇ, ਮੈਂ ਤਾਂ ਜ਼ਰੂਰੀ ਜਾਣਾ ਏ। ਤੂੰ ਬਾਕੀ ਪੈਸੇ ਮੈਨੂੰ ਪਟਿਆਲੇ ਜਾ ਕੇ ਦੇ ਦੇਵੀਂ।' ਬੁੱਢੀ ਨੇ ਤਰਲੇ ਨਾਲ ਆਖਿਆ।

'ਅੱਛਾ ਮਾਈ ਬੈਠ ਜਾ।' ਆਖ, ਉਹ ਟਿਕਟ ਕੱਟਣ ਲੱਗ ਪਿਆ।

ਪਾਲੀ ਆਪਣੇ ਹਸਪਤਾਲ, ਮਰੀਜ਼ਾਂ, ਦਵਾਈਆਂ, ਨਰਸਾਂ, ਡਿਊਟੀਆਂ ਬਾਰੇ ਸੋਚ ਰਹੀ ਸੀ ਕਿ ਬੱਸ ਰੱਖੜਾ, ਕਲਿਆਣ ਤੇ ਰੌਣੀ ਪਿੱਛੇ ਛੱਡਦੀ ਹੋਈ ਚੁੰਗੀ ਦੇ ਕੋਲ ਪਹੁੰਚ ਗਈ।

'ਯਾਰ, ਅੱਜ ਏਧਰ ਦੀ ਚੱਲੀਂ ਨੀਲਾ ਭਵਨ ਕੰਨੀ ਦੀ।' ਜੀਤ ਨੇ ਡਰਾਈਵਰ ਨੂੰ ਆਖਿਆ।

ਗੁਰਦੁਆਰੇ ਵੱਲ ਨੂੰ ਜਾਣ ਵਾਲੀਆਂ ਸਵਾਰੀਆਂ ਜ਼ਰਾ ਕੁ ਬੁੜਬੁੜਾਈਆਂ ਪਰ ਹੁਣ ਤੀਕ ਤਾਂ ਬੱਸ ਮੁੜ ਕੇ ਸਿੱਧੀ ਸੜਕੇ ਵੀ ਪੈ ਚੁਕੀ ਸੀ। ਫੂਲ ਸਿਨਮੇ ਕੋਲ ਕੰਡਕਟਰ ਨੇ ਘੰਟੀ ਮਾਰ ਕੇ ਬੱਸ ਰੋਕ ਲਈ ਤੇ ਤਾਕੀ ਖੋਲ੍ਹਦਿਆਂ ਪਾਲੀ ਨੂੰ ਆਖਣ ਲੱਗਾ, 'ਤੁਸੀਂ ਏਧਰ ਉਤਰ ਜਾਓ, ਹਸਪਤਾਲ ਨੇੜੇ ਰਹੂਗਾ।'

ਪਾਲੀ ਕਾਹਲੀ ਨਾਲ ਉਤਰ ਗਈ। ਉਹ ਉਹਦਾ ਧੰਨਵਾਦ ਕਰਨਾ ਵੀ ਭੁੱਲ ਗਈ। 'ਬਚਾਰਾ ਬੜਾ ਚੰਗਾ ਕੰਡਕਟਰ ਏ।' ਉਹਨੂੰ ਇਕ ਵਾਰੀ ਖਿਆਲ ਆਇਆ।

ਅੱਜ ਸ਼ਾਮ ਨੂੰ ਵਾਪਸ ਜਾਣ ਲੱਗਿਆਂ ਜਦੋਂ ਉਹ ਬੱਸ ਅੱਡੇ 'ਤੇ ਪਹੁੰਚੀ ਤਾਂ ਬੱਸ ਭਰ ਚੁਕੀ ਸੀ। ਬੜੀ ਔਖੀ ਹੋ ਕੇ ਪੌਣਾ ਘੰਟਾ ਦੂਸਰੀ ਬੱਸ ਦਾ ਇੰਤਜ਼ਾਰ ਕੀਤਾ। ਕਿਸੇ ਬੱਸ ਦਾ ਇਕ ਕੰਡਕਟਰ ਕਮੀਜ਼ ਦੇ ਗਲਮੇ ਦੇ ਬਟਣ ਖੋਲ੍ਹ 'ਆਵਾਰਾ' ਫਿਲਮ ਦਾ ਗਾਣਾ ਗੁਣਗੁਣਾਂਦਾ ਦੋ ਤਿੰਨ ਵਾਰੀ ਉਹਦੇ ਅੱਗੋਂ ਦੀ ਲੰਘਿਆ। ਇਕ ਮੰਗਤੀ ਨੂੰ ਆਨਾ ਦੇ ਕੇ ਉਸ ਮਸਾਂ ਗਲੋਂ ਲਾਹਿਆ। ਪਤਾ ਨਹੀਂ ਕਿਉਂ ਲੋਕੀ ਉਸ ਵੱਲ



ਅੱਖਾਂ ਪਾੜ-ਪਾੜ ਤੱਕਦੇ ਸਨ।

ਅਗਲੇ ਦਿਨ ਫਿਰ ਚਾਂਸ ਅਜਿਹਾ ਹੋਇਆ ਕਿ ਜਦੋਂ ਉਹ ਨਾਭੇ ਅੱਡੇ 'ਤੇ ਪਹੁੰਚੀ ਤਾਂ ਬੱਸ ਭਰ ਚੁਕੀ ਸੀ ਤੇ ਬਿਨਾ ਟਿਕਟਾਂ, ਵਾਧੂ ਸਵਾਰੀਆਂ ਨੂੰ ਜੀਤ ਫੜ-ਫੜ ਉਤਾਰ ਰਿਹਾ ਸੀ। ਜੀਤ ਇਕ ਪਲ ਉਹਦੇ ਕੋਲ ਆਇਆ ਤੇ ਆਖਣ ਲੱਗਾ, 'ਤੁਸੀਂ ਅਗਲੀ ਸੀਟ ਤੋਂ ਝੋਲਾ ਚੁੱਕ ਕੇ ਬੈਠ ਜਾਵੋ। ਤੁਹਾਡੀ ਖਾਤਰ ਸੀਟ ਰੱਖੀ ਪਈ ਐ।'

ਕਈ ਘੂਰਦੀਆਂ ਅੱਖਾਂ ਕੋਲੋਂ ਲੰਘ ਪਾਲੀ ਸੀਟ 'ਤੇ ਜਾ ਬੈਠੀ ਤੇ ਜੀਤ ਨੇ ਝੱਟ ਬੱਸ ਨੂੰ ਚੱਲਣ ਦੀ ਘੰਟੀ ਮਾਰ ਦਿੱਤੀ।

'ਇਹ ਤਾਂ ਵਚਾਰਾ ਬੜਾ ਚੰਗਾ ਕੰਡਕਟਰ ਏ।' ਪਾਲੀ ਨੂੰ ਦਿਲ 'ਚ ਖਿਆਲ ਆਇਆ।

ਬਦਲੀ ਮੁੜ ਨਾਭੇ ਦੀ ਕਰਾਉਣ ਵਿਚ ਜਿਉਂ-ਜਿਉਂ ਦੇਰ ਹੋ ਰਹੀ ਸੀ, ਪਾਲੀ ਦੁਖੀ ਹੁੰਦੀ। ਬੱਸਾਂ ਦੀ ਖੜਖੜ, ਬੱਸ ਨਿਕਲ ਜਾਣ ਦਾ ਡਰ ਹਰ ਵੇਲੇ ਦਿਮਾਗ 'ਤੇ ਚੜ੍ਹੇ ਰਹਿੰਦੇ। ਕਈ ਵਾਰੀ ਜਦੋਂ ਕਦੇ ਮੋਟੀਆਂ ਸਵਾਰੀਆਂ ਨਾਲ ਬੈਠਣਾ ਪੈਂਦਾ, ਉਹਦੇ ਵਧੀਆ ਕਪੜੇ ਵੱਟੋ ਵੱਟ ਹੋ ਜਾਂਦੇ ਤੇ ਕਿਸੇ ਕੋਲੋਂ ਆਉਂਦੀ ਪਸੀਨੇ ਦੀ ਬੋ ਉਹਦਾ ਸਿਰ ਚਕਰਾਉਣ ਲਾ ਦਿੰਦੀ।

ਫਿਰ ਇਕ ਦਿਨ ਪਾਲੀ ਜਦੋਂ ਟਿਕਟ ਦੇ ਪੈਸੇ ਦੇਣ ਲੱਗੀ ਤਾਂ, 'ਨਹੀਂ ਬੀਬੀ ਰਹਿਣ ਦਿਓ' ਆਖ ਜੀਤ ਅਗਾਂਹ ਲੰਘ ਗਿਆ।

'ਨਹੀਂ ਬਈ ਪੈਸੇ ਲੈ ਲੈ।' ਪਾਲੀ ਨੇ ਜ਼ੋਰ ਲਾਇਆ।

'ਕੀ ਫਰਕ ਪੈ ਚੱਲਿਆ ਏ।' ਆਖ ਉਹ ਹੋਰ ਅਗਾਂਹ ਜਾ ਕੇ ਕਿਸੇ ਨੂੰ ਟਿਕਟ ਦੇਣ ਲੱਗ ਪਿਆ।

ਝਗੜਾ ਕਰਦਿਆਂ ਪਾਲੀ ਨੂੰ ਸੰਗ ਲੱਗੀ ਤੇ ਉਹ ਚੁੱਪ ਕਰ ਕੇ ਬੈਠ ਗਈ, ਪਰ ਸਾਰੇ ਰਾਹ ਉਹ ਹੈਰਾਨ ਹੁੰਦੀ ਰਹੀ ਕਿ ਕੰਡਕਟਰ ਨੇ ਉਹਦੇ ਕੋਲੋਂ ਪੈਸੇ ਕਿਉਂ ਨਹੀਂ ਲਏ? ਉਹਨੂੰ ਇਹ ਚੰਗਾ ਵੀ ਨਾ ਲੱਗਿਆ। ਤਿੰਨ ਸੌ ਰੁਪਈਆ ਕਮਾਉਣ ਵਾਲੀ ਲਈ ਸਾਢੇ ਦਸ ਆਨੇ ਭਲਾ ਕੀ ਮਾਇਨੇ ਰੱਖਦੇ ਸਨ!

ਅਗਲੇ ਦਿਨ ਉਹ ਜਾਣ ਕੇ ਪੰਜ ਮਿੰਟ ਦੇਰ ਨਾਲ ਗਈ, ਉਸ ਨੇ ਸੋਚਿਆ, 'ਅੱਜ ਪੀਪਲ ਬੱਸ 'ਤੇ ਨਹੀਂ, ਸਗੋਂ ਪੈਪਸੂ ਰੋਡਵੇਜ਼ 'ਤੇ ਜਾਵਾਂਗੀ। ਕੀ ਫਜ਼ੂਲ ਗੱਲ ਏ ਕਿ ਪੈਸੇ ਹੀ ਨਾ ਲਏ ਜਾਣ।

ਪਰ ਉਹ ਦੇਖ ਕੇ ਹੈਰਾਨ ਹੋਈ ਕਿ ਡਰਾਈਵਰ ਬੱਸ ਸਟਾਰਟ ਕਰੀ ਖੜ੍ਹਾ ਸੀ ਤੇ ਕੰਡਕਟਰ ਨੂੰ ਆਵਾਜ਼ਾਂ ਮਾਰ ਰਿਹਾ ਸੀ।

'ਓਏ, ਆਉਂਦਾ ਹੁਣ, ਕਿਉਂ ਭੇਰਮੀਂ ਵੱਢੀ ਐ। ਐਡੀ ਛੇਤੀ ਜਾਣੀ ਮੀਂਹ ਆਉਂਦਾ ਏ,' ਜੀਤ ਨੇ ਹੌਲੀ ਹੌਲੀ ਆਉਂਦਿਆਂ ਆਖਿਆ।

'ਅੱਗੇ ਪਹੁੰਚਣਾ ਏ ਕਿ ਨਹੀਂ, ਮੜਕਾਂ ਨਾਲ ਹੀ ਆਊਨਾਂ ਏਂ।' ਡਰਾਈਵਰ ਬੋਲਿਆ।

'ਚਲੋ ਬੀਬੀ, ਬੈਠੋ ਅਗਲੀ ਸੀਟ 'ਤੇ,' ਤਾਕੀ ਖੋਲ੍ਹਦਿਆਂ ਪਾਲੀ ਨੂੰ ਉਹਨੇ ਆਖਿਆ।

'ਮੇਮ ਸਾਹਿਬਾ ਤੋਂ ਬਿਨਾ ਬੱਸ ਕਿਵੇਂ ਤੁਰ ਪੈਂਦੀ?' ਪਿਛਿਓਂ ਨਾਭੇ ਤੋਂ ਪਟਿਆਲੇ ਹਰ ਰੋਜ਼ ਜਾਣ ਵਾਲਾ ਇਕ ਕਲਰਕ ਹੌਲੀ ਜਿਹੀ ਬੋਲਿਆ।

ਜੀਤ ਨੇ ਘੂਰ ਕੇ ਉਹਦੇ ਵੱਲ ਤੱਕਿਆ। ਸਭ ਚੁੱਪ ਕਰ ਗਏ। ਬੱਸ ਤੁਰ ਪਈ। ਪਾਲੀ ਨੇ ਪੈਸੇ ਕੱਢੇ ਪਰ ਉਹਦੇ ਵਾਰ ਵਾਰ ਆਖਣ 'ਤੇ ਵੀ ਜੀਤ ਨੇ ਨਾਂਹ ਕਰ ਦਿੱਤੀ। ਪਾਲੀ ਨੂੰ ਡਾਢਾ ਗੁੱਸਾ ਆਇਆ। 'ਇਸ ਬੇਈਮਾਨੀ ਵਿਚ ਇਹ ਮੈਨੂੰ ਵੀ ਹਿੱਸੇਦਾਰ ਬਣਾ ਰਿਹਾ ਏ...ਪਰ ਕਿਹੜਾ ਪੈਸੇ ਲੈ ਕੇ ਟਿਕਟ ਨਹੀਂ ਕੱਟਦਾ...ਖੈਰ, ਕੰਪਨੀ ਨਾਲ ਤਾਂ ਧੋਖਾ ਹੀ ਹੈ ਨਾ।' ਉਹ ਸੋਚ ਹੀ ਰਹੀ ਸੀ ਕਿ ਬੱਸ ਖੜ੍ਹੀ ਕਰ, ਇੱਕ ਚੈਕਰ ਚੜ੍ਹ ਪਿਆ। ਲੋਕਾਂ ਦੀਆਂ ਉਹ ਜਦੋਂ ਟਿਕਟਾਂ ਦੇਖ ਰਿਹਾ ਸੀ ਤਾਂ ਪਾਲੀ ਤ੍ਰੇਲੀਓ-ਤ੍ਰੇਲੀ ਹੋ ਗਈ।

'ਕਿੱਡੀ ਸ਼ਰਮ ਦੀ ਗੱਲ ਏ ਕਿ ਮੇਰੇ ਕੋਲ ਟਿਕਟ ਹੀ ਨਹੀਂ...ਮੈਂ ਆਖ ਦਿਆਂਗੀ ਕਿ ਕੰਡਕਟਰ ਨੇ ਦਿੱਤਾ ਹੀ ਨਹੀਂ, ਮੈਂ ਮੰਗਿਆ ਸੀ।' ਉਹਨੇ ਸੋਚਿਆ। 'ਪਰ ਬਚਾਰਾ ਫਸੇਗਾ...ਨਹੀਂ ਕਹਿ ਦਿਆਂਗੀ ਕਿ ਮੈਂ ਲੈਣਾ ਭੁੱਲ ਗਈ ਪਰ ਨਹੀਂ, ਮੈਂ ਕਾਹਨੂੰ ਝੂਠ ਬੋਲਾਂ।' ਉਹਦੇ ਅੰਦਰੋਂ-ਅੰਦਰ ਬਹਿਸ ਹੋਣ ਲੱਗੀ। ਇੰਨੇ ਨੂੰ ਚੈਕਰ ਉਹਦੇ ਕੋਲ ਆ ਪਹੁੰਚਿਆ।

'ਜੀ...ਟਿਕਟ,' ਉਹਨੇ ਆਖਿਆ ਹੀ ਸੀ ਕਿ ਜੀਤ ਨੇ ਆਪਣੀ ਜੇਬ ਵਿਚੋਂ ਟਿਕਟ ਕੱਢ ਕੇ ਕਿਹਾ, 'ਏਹ...ਏਹ ਬੀਬੀ ਮੇਰੀ ਭੈਣ ਏ, ਇਨ੍ਹਾਂ ਦਾ ਟਿਕਟ ਮੇਰੇ ਕੋਲ ਏ।'

ਟਿਕਟ ਦੇਖ ਕੇ ਚੈਕਰ ਇੱਕ ਵਾਰੀ ਗੋਡਿਆਂ ਤੋਂ ਘਸੇ ਪਜਾਮੇ ਤੇ ਕੂਹਣੀਆਂ ਤੋਂ ਫਟੇ ਖਾਕੀ ਕੱਪੜਿਆਂ ਵਾਲੇ ਕੰਡਕਟਰ ਤੇ ਕੀਮਤੀ ਸਾੜ੍ਹੀ ਵਾਲੀ ਡਾਕਟਰਨੀ ਵੱਲ ਤੱਕ ਕੇ ਅੱਖਾਂ ਹੀ ਅੱਖਾਂ ਵਿਚ ਮੁਸਕਰਾਇਆ।

ਜੀਤ ਲੋਹਾ ਲਾਖਾ ਹੋ ਗਿਆ। ਚੈਕਰ ਛੇਤੀ ਨਾਲ ਉਸ ਬੱਸ ਵਿਚੋਂ ਉਤਰ ਗਿਆ।

ਪਾਲੀ ਹੈਰਾਨ-ਪਰੇਸ਼ਾਨ ਸੋਚ ਰਹੀ ਸੀ, ਸੱਠਾਂ ਰੁਪਿਆਂ ਵਿਚ ਗੁਜ਼ਾਰਾ ਕਰਨ ਵਾਲਾ ਖਬਰੇ ਕਿਸੇ ਦਿਨ ਰੋਟੀ ਖੁਣੋਂ ਵੀ ਐਵੇਂ ਰਹਿ ਕੇ ਮੇਰੇ ਟਿਕਟ ਦੇ ਪੈਸੇ ਪੂਰੇ ਕਰਦਾ ਹੋਵੇ।

ਹਸਪਤਾਲ ਵਿਚ ਉਹਨੂੰ ਕਿੰਨੀ ਵਾਰੀ ਇਹ ਗੱਲ ਯਾਦ ਆਈ ਤੇ ਉਹ ਡਾਢੀ ਬੇਚੈਨ ਹੋਈ।

ਸ਼ਾਮ ਨੂੰ ਜਦੋਂ ਉਹ ਅੱਡੇ 'ਤੇ ਪਹੁੰਚੀ ਤਾਂ ਹੌਲੀ ਹੌਲੀ ਤੁਰਦਾ ਉਦਾਸ ਜੀਤ ਉਹਦੇ ਕੋਲ ਆਇਆ।

'ਮੇਰੀ ਵੱਡੀ ਭੈਣ ਵੀ ਲਾਹੌਰ ਡਾਕਟਰੀ ਵਿਚ ਪੜ੍ਹਦੀ ਸੀ...ਹੱਲਿਆਂ ਵੇਲੇ ਉਥੇ ਹੀ ਮਾਰੀ ਗਈ। ਬਾਕੀ ਦੇ ਵੀ ਮਾਰੇ ਗਏ। ਮੈਂ ਰੁਲਦਾ-ਖੁਲਦਾ ਏਧਰ ਆ ਗਿਆ। ਪੜ੍ਹਾਈ ਵੀ ਕਿਥੋਂ ਹੋਣੀ ਸੀ, ਕਈ ਵਾਰੀ ਤਾਂ ਰੋਟੀ ਵੀ ਨਸੀਬ ਨਾ ਹੁੰਦੀ। ਫਿਰ ਮੈਂ ਕੰਡਕਟਰ ਬਣ ਗਿਆ। ਤੁਹਾਡਾ ਬੈਗ ਤੇ ਟੂਟੀਆਂ ਜਿਹੀਆਂ ਦੇਖ ਕੇ ਮੈਨੂੰ ਅਮਰਜੀਤ ਦੀ ਯਾਦ ਆ ਜਾਂਦੀ ਸੀ...ਤੇ...।' ਅੱਗੋਂ ਉਹਦਾ ਗਲਾ ਭਰ ਆਇਆ।

ਪਾਲੀ ਡਾਢੀ ਬੇਚੈਨ ਹੋਈ, ਉਹਨੂੰ ਸਮਝ ਨਾ ਲੱਗੇ ਕਿ ਕੀ ਆਖੇ।

ਇੰਨੇ ਨੂੰ ਬੱਸ ਆ ਗਈ, ਉਹ ਕਾਹਲੀ ਨਾਲ ਉਧਰ ਨੂੰ ਤੁਰ ਪਿਆ ਤੇ ਪਾਲੀ ਉਹਨੂੰ ਜਾਂਦੇ ਨੂੰ ਡਾਢੀਆਂ ਮੋਹ ਭਿੱਜੀਆਂ ਅੱਖਾਂ ਨਾਲ ਤੱਕਦੀ ਰਹੀ।

# ਮੋਚੀਆਂ ਦਾ ਦਾਲਾਨ

ਪ੍ਰੋ. ਪ੍ਰੀਤਮ ਸਿੰਘ ਗਰੇਵਾਲ

ਉਨੀ ਸੌ ਸੰਤਾਲੀ ਨੂੰ ਭੁੱਲ ਗਏ? ਮੈਂ ਕਿਵੇਂ ਭੁੱਲ ਸਕਦਾਂ? ਕੈਸਾ ਮਨਹੂਸ ਵਰ੍ਹਾ ਸੀ! ਮੈਨੂੰ ਵਸਦੇ ਰਸਦੇ ਨੂੰ ਅਚਾਨਕ ਉਜਾੜ ਕੇ ਚਲਾ ਗਿਆ। ਭਲਾ ਕੀ ਕਸੂਰ ਸੀ ਮੇਰਾ? ਬੜਾ ਈ ਸੋਚਿਆ ਮੈਂ। ਪਰ ਕੋਈ ਸਮਝ ਨਾ ਪਈ। ਭਾਦੋਂ ਦੇ ਉਸ ਚੰਦਰੇ ਮਹੀਨੇ ਅਚੇਤ ਹੀ ਅਜਿਹੀ ਅਨ੍ਹੇਰੀ ਝੁੱਲੀ ਜੋ ਸਦੀਆਂ ਤੋਂ ਮਹਿਕਦੀ ਮਨੁੱਖੀ ਸਾਂਝ ਦੀਆਂ ਨਾਜ਼ਕ ਕਲੀਆਂ ਨੂੰ ਤੋੜ ਮਰੋੜ ਕੇ ਸੁਟ ਗਈ।

ਕੋਈ ਕਹਿਰਾਂ ਭਰੀ ਰਾਤ ਸੀ ਉਹ! ਅਚਾਨਕ ਪਿੰਡ ਦੇ ਚੜ੍ਹਦੇ ਬੰਨਿਓਂ ਕਾੜ ਕਾੜ ਗੋਲੀਆਂ ਚੱਲੀਆਂ। ਸਹਿਮ ਜਿਹਾ ਛਾ ਗਿਆ। ਸਿਧਿਆਣੇ ਦੇ ਬੋਹੜਾਂ ਉਤੇ ਸੁੱਤੇ ਮੋਰਾਂ ਨੇ ਕੁਰਲਾਹਟ ਪਾ ਦਿਤੀ। ਪਰ ਪਿੰਡ ਦੇ ਇਨਸਾਨ ਕਿਓਂ ਪਥਰਾ ਕੇ ਸੁੰਨ ਹੋਏ ਰਹੇ? ਪਲਾਂ ਵਿਚ ਹੀ ਤਕੀਏ ਦੁਆਲੇ ਵਸਦੇ ਮੁਸਲਮਾਨਾਂ ਦੇ ਘਰਾਂ ਤੋਂ ਅੱਗ ਦੀਆਂ ਭਿਆਨਕ ਲਾਟਾਂ ਉਠੀਆਂ।

ਮੇਰੀ ਛੱਤ ਉਤੇ ਪਏ ਅਧਸੁੱਤੇ ਮੇਰੇ ਜੀਆਂ ਨੂੰ ਅਚਿੰਤੇ ਬਾਜ਼ ਪੈਣ ਦੀ ਕੀ ਖਬਰ ਸੀ? ਭਾਜੜ ਪੈ ਗਈ। ਸਹਿਮੇ ਡਰੇ ਬੱਚਿਆਂ ਤੇ ਬਹੂ ਬੇਟੀਆਂ ਸਮੇਤ ਓਹ ਲੱਕੜੀ ਦੀ ਪੌੜੀ ਰਾਹੀਂ ਹੇਠਾਂ ਉਤਰੇ। ਮੇਰੇ ਪਿਛਲੇ ਪਾਸੇ ਦੀਆਂ ਕੱਚੀਆਂ ਕੋਠੜੀਆਂ ਵਿਚੋਂ ਲਕਾ ਤੁਕਾ ਪੋਟਲੀਆਂ 'ਚ ਸਮੇਟਿਆ। ਚੋਰਾਂ ਵਾਂਗ ਹਨੇਰੇ ਵਿਚ ਜਾਨਾਂ ਲੁਕਾਉਂਦੇ ਮੈਨੂੰ ਹੱਕਾ ਬੱਕਾ ਛੱਡ ਕੇ ਤੁਰ ਗਏ। ਮੈਂ ਬਿਟ ਬਿਟ ਤਕਦਾ ਰਹਿ ਗਿਆ। ਇੱਕ ਝਾਤ ਮੁੜ ਕੇ ਵੀ ਨਾ ਪਾਈ ਮੇਰੀ ਤਰਫ।

ਉਡੀਕਦਾ ਰਿਹਾ ਮੈਂ। ਦਿਨ ਬੀਤਦੇ ਗਏ। ਓਹ ਨਹੀਂ ਪਰਤੇ। ਮੈਨੂੰ ਕਦੀ ਵੀ ਤਾਂ ਇੰਜ ਕਲਮਕੱਲਾ ਛੱਡ ਕੇ ਨਹੀਂ ਸੀ ਗਏ! ਕਿੱਥੇ ਅਲੋਪ ਹੋ ਗਏ ਮੈਨੂੰ ਨਿਖਸਮਾ ਛੱਡ ਕੇ? ਕਿਸੇ ਵੀ ਨਾ ਰੋਕਿਆ ਦਹਾਕਿਆਂ ਦੇ ਹਮਸਾਇਆਂ ਨੂੰ? ਐਨੀ ਲੰਬੀ ਤੇ ਪੀਡੀ ਸਾਂਝ ਐਦਾਂ ਵੀ ਤੋੜ ਦਿਤੀ ਜਾਂਦੀ ਐ? ਕਿਵੇਂ, ਕਿਥੋਂ ਆ ਵੜਿਆ ਇਹ ਬੇਗਾਨਾਪਨ?

ਇਸ ਤੋਂ ਪਹਿਲਾਂ ਦੀ ਜਾਣਨਾ ਚਾਹੁੰਦੇ ਹੋ? ਲਓ ਸੁਣੋ। ਆਹ ਮੇਰੇ ਅਗਿਓਂ ਲੰਘਦੀ ਬੀਹੀ ਉਦੋਂ ਪੱਕੀ ਨਹੀਂ ਸੀ ਹੋਈ। ਇਸ ਉਤਲੇ ਘਰ ਵੀ ਚਹੁੰ ਕੁ ਤੋਂ ਬਿਨਾ ਕੱਚੇ ਹੀ ਹੁੰਦੇ। ਮੇਰੇ ਦੋ ਬੂਹੇ ਖੁਲ੍ਹਦੇ ਸਨ, ਇਸ ਗਲੀ ਵੱਲ। ਖੱਬੇ ਫੌਜੇ ਦਾ ਤੇ ਸੱਜੇ ਪਾਸੇ ਬਰਕਤੀ ਦਾ। ਉਪਰ ਸੀ ਮੇਰੀ ਸਾਂਝੀ ਛੱਤ। ਦੋਵੇਂ ਕਾਰੀਗਰ ਮੋਚੀ ਸਨ। ਮੇਰੇ ਬੂਹੇ ਵੜਦਿਆਂ ਇਕ ਕੰਧ ਨਾਲ ਸੀ ਥੜ੍ਹਾ ਫੌਜੇ ਦਾ ਤੇ ਦੂਜੀ ਨਾਲ ਬਰਕਤੀ ਦਾ। ਇਨ੍ਹਾਂ ਅੱਡਿਆਂ ਉਪਰ ਬੈਠੇ ਉਹ ਲੋਕਾਂ ਦੇ ਨੰਗੇ ਪੈਰ ਕੱਜ ਕੇ ਆਪਣੇ ਟੱਬਰਾਂ ਦੇ ਪੇਟ ਪਾਲਣ ਲਈ ਜੁੱਤੀਆਂ ਸਿਉਂਦੇ ਰਹਿੰਦੇ। ਦਿਆਨਤਦਾਰੀ ਵਾਲਾ ਪਿਤਾ ਪੁਰਖੀ ਕਿੱਤਾ।

ਇਸ ਕਿਰਤ ਵਿਚ ਫੌਜੇ ਦਾ ਸਾਥੀ ਸੀ, ਉਹਦਾ ਜਵਾਨ ਪੁੱਤਰ ਖੁਦਾ ਬਖਸ਼। ਬਰਕਤੀ ਦਾ ਹੱਥ ਵਟਾਉਂਦਾ ਸੀ, ਉਸ ਦਾ ਭਰਾ ਜਾਲਾ। ਥੜ੍ਹਿਆਂ ਉਤੇ ਇਨ੍ਹਾਂ ਦਾ ਸਾਮਾਨ-ਚਮੜਾ, ਪੱਥਰ ਦੀ ਸਿਲ, ਪਾਣੀ ਵਾਲਾ ਕੂੰਡਾ, ਧਾਗੇ, ਤਿੱਲਾ, ਆਰਾਂ, ਰੰਬੀਆਂ ਆਦਿ ਪਏ ਹੁੰਦੇ। ਨਮਾਜ਼, ਨਾਸ਼ਤੇ ਅਤੇ ਮੌਜਾਂ ਦੇ ਕੱਖ ਕੰਡੇ ਤੋਂ ਫਾਰਗ ਹੋ ਬਿਸਮਿਲਾ ਆਖ ਇਹ ਆਪਣੇ ਅੱਡਿਆਂ 'ਤੇ ਆ ਬਹਿੰਦੇ। ਨੀਝ ਨਾਲ ਜੁੱਤੀਆਂ ਬਣਾਉਂਦੇ ਰਹਿੰਦੇ, ਸ਼ਾਮਾਂ ਤੀਕ। ਚਮੜੇ ਨੂੰ ਸਿਲ ਉਤੇ ਕੁਟਣ ਅਤੇ ਲੱਕੜੀ ਦੇ ਕਲਬੂਤ ਠੋਕਣ ਦੀ ਠੱਕ ਠੱਕ ਮੈਨੂੰ ਬੜੀ ਭਾਉਂਦੀ।

ਉਨ੍ਹੀਂ ਦਿਨੀਂ ਜੁੱਤੀਆਂ ਜੋੜੇ ਪੈਰਾਂ ਦੇ ਸਹੀ ਨਾਪ ਤੇ ਸ਼ਕਲ ਮੁਤਾਬਕ ਗਹੁ ਨਾਲ ਬਣਾਏ ਜਾਂਦੇ। ਮਰਦ ਤਾਂ ਖੁਦ ਮੇਰੇ ਬੂਹੇ ਅੰਦਰ ਆ ਕੇ ਪੈਰਾਂ ਦਾ ਮੇਚਾ ਦੇ ਜਾਂਦੇ। ਬੜੇ ਗੌਰ ਨਾਲ ਪੈਰ ਮਾਪੇ ਅਤੇ ਜਾਚੇ ਜਾਂਦੇ। ਫਿਰ ਗਾਹਕ ਸਾਈ ਦੇ ਜਾਂਦਾ, ਸਿਰਫ ਇਕ ਚੁਆਨੀ। ਜਨਾਨੀਆਂ ਦੇ ਨਾਪ ਲਈ ਮੋਚੀ ਆਪ ਉਨ੍ਹਾਂ ਦੇ ਘਰੀਂ ਚਲੇ ਜਾਂਦੇ ਸਨ।

ਮੇਰੀ ਛੱਤ ਹੇਠ ਸਾਰੇ ਪਿੰਡ ਦੇ ਬੱਚਿਆਂ ਲਈ ਮੌਜੇ, ਵੱਡਿਆਂ ਲਈ ਨੋਕਦਾਰ ਜਾਂ ਮੁੰਡੀਆਂ ਜੁੱਤੀਆਂ, ਫੌਜੀ ਸਰਦਾਰਾਂ ਤੇ ਮਹਾਜਨਾਂ ਦੀਆਂ ਲਾਲ ਦੁਖੱਲੀਆਂ, ਲਾੜੇ ਲਾੜੀਆਂ ਲਈ ਤਿੱਲੇਦਾਰ ਸੁਨਹਿਰੀ ਅਤੇ ਹਾਲੀਆਂ ਪਾਲੀਆਂ ਵਾਸਤੇ ਧੌੜੀ ਦੇ ਹੰਢਣਸਾਰ ਜੋੜੇ ਤਿਆਰ ਹੁੰਦੇ ਰਹਿੰਦੇ। ਮੇਰੀ ਛੱਤ ਥੱਲੇ ਹੁੰਦੀ ਇਸ ਕਿਰਤ ਕਰ ਕੇ ਮੇਰੀ ਵੀ 'ਮੋਚੀਆਂ ਦਾ ਦਾਲਾਨ' ਵਜੋਂ ਇੱਕ ਖਾਸ ਪਛਾਣ ਸੀ ਪਿੰਡ ਵਿਚ।

ਜੇਠ ਹਾੜ ਦੀਆਂ ਟਿਕੀਆਂ ਦੁਪਹਿਰਾਂ ਨੂੰ ਤਾਂ ਮੇਰੀ ਛੱਤ ਹੇਠ ਤੀਆਂ ਵਰਗੀ ਰੌਣਕ ਲਗ ਜਾਂਦੀ। ਬਰਕਤੀ ਤੇ ਫੌਜੇ ਦੇ ਥੜ੍ਹਿਆਂ ਤੋਂ ਹਟਵਾਂ ਐਨ ਵਿਚਕਾਰ ਕਰ ਕੇ ਇਕ ਹੋਰ ਚੌਂਤਰਾ ਸੀ। ਕਈ ਬਜ਼ੁਰਗ ਘਰੋਂ ਮੰਜੀਆਂ ਲਿਆ ਕੇ ਉਸ ਉਪਰ ਡਾਹ ਲੈਂਦੇ। ਮੇਰੇ ਨਰੋਏ ਜੁੱਸੇ ਦੀ ਕੱਚੀ ਮਿੱਟੀ ਬਾਹਰਲੀ ਗਰਮੀ ਨੂੰ ਅੰਦਰ ਨਾ ਆਉਣ ਦਿੰਦੀ। ਦੋਹਾਂ ਬੂਹਿਆਂ ਰਾਹੀਂ ਹਵਾ ਫਰਨ ਫਰਨ ਅੰਦਰ ਆਉਂਦੀ ਰਹਿੰਦੀ। ਇਕ ਸਫ ਵਿਛ ਜਾਂਦੀ ਜਿਸ ਉਤੇ ਪਾਸੇ ਜਾਂ ਤਾਸ਼ ਦੇ ਸ਼ੌਕੀਨ ਬਾਜ਼ੀਆਂ ਲਾਉਂਦੇ। ਤਮਾਸ਼ਬੀਨਾਂ ਦਾ ਝੁਰਮਟ ਜਿੱਤ ਹਾਰ ਦਾ ਭਾਈਵਾਲ ਬਣ ਕੇ ਸ਼ੋਰ ਸ਼ਰਾਬਾ ਕਰੀ ਜਾਂਦਾ। ਮੈਂ ਫੁਲਿਆ ਨਾ ਸਮਾਉਂਦਾ।

ਟੁੱਟੀਆਂ ਭੱਜੀਆਂ ਲੱਤਾਂ ਬਾਹਾਂ ਚੜ੍ਹਵਾਉਣ ਜਾਂ ਚੁੱਕ ਕਢਵਾਉਣ ਵਾਲੇ ਸਰ੍ਹੋਂ ਦਾ ਤੇਲ ਲੈ ਕੇ ਏਥੇ ਬਾਬੇ ਸੰਤੇ ਕੋਲ ਆ ਜਾਂਦੇ। ਕਿਸੇ ਦਿਨ ਨਾਜ਼ਰ ਤਵਿਆਂ ਆਲੀ ਮਸ਼ੀਨ ਲਿਆ ਕੇ ਕਲੀਆਂ, 'ਵਾਜ਼ਾਂ ਤੇ ਟੱਪਿਆਂ ਦੇ ਰਕਾਟ ਸੁਣਾ ਜਾਂਦਾ। ਲਾਮ ਵਿਚ ਜਾ ਆਏ ਫੌਜੀ ਲੜਾਈ ਦੇ ਮਾਅਰਕੇ, ਫਰਾਂਸ ਦੀਆਂ 'ਰਬੜ' ਦੀਆਂ ਸੜਕਾਂ ਜਾਂ ਮੇਮਾਂ ਬਾਰੇ ਕਿੱਸੇ ਸੁਣਾਉਂਦੇ। ਨਿੱਕੇ ਬੱਚੇ ਮੇਰੇ ਸ਼ਤੀਰਾਂ ਉਤੇ ਬਣੇ ਆਲ੍ਹਣਿਆਂ ਵਿਚੋਂ ਚੋਗਾ ਲੈਣ ਲਈ ਚੁੰਝਾਂ ਕਢਦੇ ਚਿੜੀਆਂ ਦੇ ਬੋਟਾਂ ਨੂੰ ਤੱਕੀ ਜਾਂਦੇ।

ਕੀ ਕਹਿਣੇ ਖੁਦਾ ਬਖਸ਼ ਦੇ! ਜਦ ਉਹ ਮਿੱਠੀ ਹੇਕ ਲਾ ਕੇ ਵਾਰਸ ਦੀ ਹੀਰ ਗਾਉਂਦਾ, 'ਡੋਲੀ ਚੜ੍ਹਦਿਆਂ ਮਾਰੀਆਂ ਹੀਰ ਚੀਕਾਂ ...' ਤਾਂ ਇੱਕ ਚੁਪ ਛਾ ਜਾਂਦੀ। ਮਾਨੋਂ ਹੀਰ ਦੀ ਦਰਦਨਾਕ ਵੇਦਨਾ ਦਾ ਦ੍ਰਿਸ਼ ਅੱਖਾਂ ਅੱਗੇ ਆ ਗਿਆ ਹੋਵੇ। ਕੇਹਾ ਜਾਦੂ ਸੀ ਵਾਰਸ ਦੇ ਕਲਾਮ ਤੇ ਖੁਦਾ ਬਖਸ਼ ਦੀ ਲੈਅ ਅੰਦਰ। ਅਸ਼ਕੇ ਪੰਜਾਬੀ ਸਭਿਆਚਾਰ ਦੇ। ਮੈਂ ਵਾਰੀ ਵਾਰੀ ਜਾਂਦਾ।

ਕੇਹੀ ਚੰਦਰੀ ਸੀ, ਉਹ ਸੰਤਾਲੀ ਦੀ ਰਾਤ। ਪਲਾਂ ਵਿਚ ਸਦੀਆਂ ਦੇ ਰਿਸ਼ਤੇ ਟੁੱਟ ਗਏ। ਸਾਂਝ ਜਿਵੇਂ ਸਦਾ ਲਈ ਮੁੱਕ ਗਈ। ਸਭਿਆਚਾਰ ਦੀ ਸੁਚੀ ਲੜੀ ਤੋੜ ਕੇ ਮਣਕੇ ਬਿਖੇਰ ਦਿੱਤੇ ਗਏ।

ਅਗਲੀ ਸਵੇਰ ਮੇਰੀ ਛੱਤ ਹੇਠ ਸੁੰਨ ਮਸਾਨ। ਨਾ ਕਾਰੀਗਰ ਹੱਥਾਂ ਦੀ ਕਿਰਤ, ਨਾ ਹੀ ਉਸ ਦੁਆਲੇ ਜੁੜਦੀਆਂ ਮਹਿਫਿਲਾਂ ਰਹੀਆਂ! ਵਾਰਸ ਦੇ ਕਲਾਮ 'ਚੋਂ ਉਭਰਨ ਵਾਲੇ ਪੰਜਾਬੀ ਸਭਿਆਚਾਰ ਦੀ ਨੁਹਾਰ ਧੁੰਦਲਾ ਗਈ।

ਉਸ ਦਾ ਕਿੱਸਾ ਤਾਂ ਅਜੇ ਮੇਰੇ ਆਲੇ ਵਿਚ ਹੀ ਪਿਆ ਸੀ। ਪਰ ਉਸ ਵਿਚ ਜਾਨ ਪਾਉਣ ਵਾਲੇ ਖੁਦਾ ਬਖਸ਼ ਦੇ ਬੋਲ ਕੀ ਪਤਾ ਕਿੱਥੇ ਗੁਆਚ ਗਏ। ਬੀਤੇ ਦਿਨੀਂ ਮੇਰੇ ਅੰਦਰ ਹਸਦੇ ਵਸਦੇ ਉਨ੍ਹਾਂ ਜੀਆਂ ਦਾ ਕੀ ਬਣਿਆ?

ਮੇਰੀ ਇਹ ਅਸਹਿ ਇਕੱਲ ਦਰਅਸਲ ਮੇਰੀ ਅਣਿਆਈ ਮੌਤ ਸੀ।

ਕਹਾਣੀ

# ਸਿਮਰਤੀ ਸਮਾਰੋਹ

**ਮੱਖਣ ਮਾਨ**

ਉਹ ਆਪਣੇ ਆਫਿਸ 'ਚ ਬੈਠੀ ਸੋਚਾਂ 'ਚ ਪਈ ਅਤੀਤ ਦੇ ਮੱਥੇ 'ਤੇ ਲੱਗੀਆਂ ਝਰੀਟਾਂ 'ਤੇ ਮਲ੍ਹਮ ਪੱਟੀ ਕਰਨ ਬੈਠ ਗਈ। ਤੇ ਝਰੀਟਾਂ ਜ਼ਖ਼ਮਾਂ ਦਾ ਰੂਪ ਬਦਲਦੀਆਂ ਉਸ ਦੇ ਦਿਲ 'ਤੇ ਨਾਸੂਰ ਬਣ ਗਈਆਂ। ਅਚਾਨਕ ਕਾਲਜ ਦੀ ਘੰਟੀ ਵੱਜੀ ਤਾਂ ਉਹ ਇਨ੍ਹਾਂ ਸੋਚਾਂ 'ਚੋਂ ਨਿਕਲ ਸਾਹਮਣੇ ਲੱਗੇ ਕਲਾਕ ਵੱਲ ਵੇਖਣ ਲੱਗ ਪਈ। ਫਿਰ ਨਾ ਚਾਹੁੰਦੇ ਹੋਏ ਵੀ ਕਲਾਕ ਦੇ ਖੱਬੇ ਪਾਸੇ ਲੱਗੀ ਮਿਸਟਰ ਤਿਵਾੜੀ ਦੀ ਤਸਵੀਰ ਵੱਲ ਉਸ ਦੀਆਂ ਨਜ਼ਰਾਂ ਚਲੇ ਗਈਆਂ। ਕੁਝ ਪਲਾਂ ਲਈ ਉਸ ਨੂੰ ਇੰਜ ਲੱਗਾ ਜਿਵੇਂ ਉਸ ਦਾ ਅਤੀਤ ਸਾਹਮਣੇ ਸ਼ੀਸ਼ੇ 'ਚ ਮੜ੍ਹ ਦਿੱਤਾ ਗਿਆ ਹੋਵੇ। ਅਤੀਤ ਜੋ ਉਸ ਦੀ ਜ਼ਿੰਦਗੀ ਦਾ ਸਰਮਾਇਆ ਸੀ, ਅਤੀਤ ਜੋ ਵਰਤਮਾਨ ਨਾਲੋਂ ਕਿੰਨਾ ਮਿੱਠਾ ਸੀ ਤੇ ਉਹੀ ਅਤੀਤ ਵਰਤਮਾਨ ਦੇ ਫੱਟਾਂ 'ਤੇ ਯਾਦਾਂ ਦੇ ਫੇਹੇ ਬੰਨ੍ਹਦਾ ਉਸ ਦੀਆਂ ਅੱਖਾਂ ਅੱਗੇ ਘੁੰਮਣ ਲੱਗਾ।

ਘਰ ਦੇ ਚਹੁੰ ਪਾਸੀਂ ਚਹਿਲ-ਪਹਿਲ, ਮੰਮੀ ਦੀਆਂ ਅੱਖਾਂ 'ਚ ਉਨੀਂਦਰਾ, ਉਨੀਂਦਰਾ ਤਾਂ ਹਰ ਅੱਖ ਵਿਚ ਸੀ। ਰਾਤ ਦੇਰ ਤਕ ਗਾਉਣ ਚਲਦਾ ਰਿਹਾ। ਮੈਂ ਆਪਣੀ ਸਹੇਲੀ ਤੋਂ ਹੈਰਾਨ ਸੀ। ਰਾਤ ਤਾਂ ਉਸ ਨੇ ਕਮਾਲ ਹੀ ਕਰ ਦਿੱਤੀ। ਉਹਦਾ ਇਹ ਰੂਪ ਕਲ੍ਹ ਰਾਤ ਹੀ ਤਾਂ ਸਭ ਨੇ ਵੇਖਿਆ ਸੀ। ਬਾਬ ਕੱਟ ਵਾਲਾਂ ਵਾਲੀ ਇੰਗਲਿਸ਼ ਦੀ ਲੈਕਚਰਾਰ ਪਰ ਬੋਲੀਆਂ, ਗਿੱਧਾ ਤੇ ਟੱਪੇ ਰਹੇ-ਰੱਬ ਦਾ ਨਾਂ। ਮੈਨੂੰ ਲੱਗਾ ਜਿਵੇਂ ਬਲਜੀਤ ਨੇ ਪੰਜਾਬੀ ਲੋਕ ਗੀਤਾਂ 'ਤੇ ਪੀਐਚ.ਡੀ. ਕੀਤੀ ਹੋਵੇ। ਨਹੀਂ-ਨਹੀਂ, ਇਹ ਕੰਮ ਪੀਐਚ.ਡੀ. ਨਹੀਂ ਕਰ ਸਕਦੀ। ਇਹ ਤਾਂ ਕੋਈ ਪੇਂਡੂ ਮੁਟਿਆਰ ਹੀ ਕਰ ਸਕਦੀ ਹੈ।

"ਨੀਨਾ ਮੇਰੇ ਤਾਂ ਖੱਲੀਆਂ ਪੈ ਗਈਆਂ। ਪਤਾ ਨਹੀਂ ਬਰਾਤ ਆਉਣ ਤਕ ਮੈਂ ਉਠ ਵੀ ਸਕੂੰ ਕਿ ਨਾ।"

"ਚੱਲ ਕੋਈ ਗੱਲ ਨਹੀਂ, ਲਾੜਾ ਤਾਂ ਆਪਾਂ ਪਹਿਲਾਂ ਹੀ ਵੇਖਿਆ ਹੈ, ਸਿਰਫ ਵੇਖਿਆ ਹੀ ਨਹੀਂ ਪੜ੍ਹਿਆ ਵੀ ਆ, ਕਿੰਨੀ ਕਿਸਮਤ ਵਾਲੀ ਏਂ ਤੂੰ, ਪੜ੍ਹਦੀ ਮੈਂ ਰਹੀ, ਮੱਲ ਤੂੰ ਮਾਰ ਗਈ।" ਬਲਜੀਤ ਨੇ ਆਪਣੇ ਬਾਬ ਕੱਟ ਵਾਲਾਂ ਨੂੰ ਹੱਥ ਨਾਲ ਠੀਕ ਕਰਦੇ ਹੋਏ ਨੀਨਾ ਨੂੰ ਮਜ਼ਾਕ ਕੀਤਾ।

"ਅਜੇ ਵੀ ਕੁਝ ਨਹੀਂ ਵਿਗੜਿਆ, ਬਰਾਤ ਹਾਲੇ ਆਉਣੀ ਏ ਤੇ ਫੇਰੇ ਵੀ ਹੋਣੇ ਨੇ, ਤੂੰ ਚਾਹੇਂ ਤੇ ਸਵੇਰੇ ਡੋਲੀ ਵਿਚ ਵੀ ਬੈਠ ਸਕਦੀ ਏਂ। ਸਾਡਾ ਕੁਝ ਵੰਡਿਆ ਥੋੜ੍ਹਾ।" ਨੀਨਾ ਨੇ ਬੜੀ ਚੁਸਤੀ ਨਾਲ ਬਲਜੀਤ ਦੇ ਮਜ਼ਾਕ ਦਾ ਜਵਾਬ ਦਿੱਤਾ।

"ਪਰ੍ਹੇ ਮਰ, ਮਾਹੀ ਤਾਂ ਕੋਈ ਵੀ ਕਿਸੇ ਨਾਲ ਵੰਡ ਕੇ ਰਾਜ਼ੀ ਨਹੀਂ ਹੁੰਦਾ। ਤੇ ਤੂੰ ਉਤੋਂ ਜੋ ਮਰਜ਼ੀ ਆਖੇ, ਅੰਦਰੋਂ ਤਾਂ ਲੱਡੂ ਫੁੱਟ ਰਹੇ ਨੇ।"

"ਲੱਡੂਆਂ ਨੂੰ ਛੱਡੋ, ਬਲਜੀਤ ਜਾਹ ਅੰਦਰ ਤੇ ਤਿਆਰ ਕਰ ਇਹਨੂੰ। ਬਰਾਤ ਆਉਣ ਹੀ ਵਾਲੀ ਹੈ, ਤੁਹਾਡੀਆਂ ਗੱਲਾਂ ਨਹੀਂ ਮੁੱਕੀਆਂ।" ਨੀਨਾ ਦੀ ਮੰਮੀ ਨੇ ਵਿਹੜੇ 'ਚ ਆਉਂਦਿਆਂ ਆਖਿਆ।

ਫਿਰ ਬਰਾਤ, ਫੇਰੇ ਤੇ ਸਹੇਲੀਆਂ ਦਾ ਜੀਜੇ ਨਾਲ ਮਜ਼ਾਕ। "ਜੀਜਾ ਜੀ ਛੰਦ ਨਾਲ ਕੰਮ ਨਹੀਂ ਸਰਨਾ, ਕਵਿਤਾ ਸੁਣਾਉਣੀ ਪਊ, ਜੋ ਅਜੇ ਤਕ ਕਿਤੇ ਨਾ ਛਪੀ ਹੋਵੇ।" ਬਲਜੀਤ ਨੇ ਆਖਿਆ।

ਜੀਜਾ ਜੋ ਹੁਣ ਤਕ ਖਾਮੋਸ਼ ਬੈਠਾ ਸੀ, ਉਸ ਤੋਂ ਰਿਹਾ ਨਾ ਗਿਆ, "ਜੇ ਮੈਨੂੰ ਪਹਿਲਾਂ ਪਤਾ ਹੁੰਦਾ ਮੇਰੀ ਐਨੀ ਮਿੱਠੀ ਸਾਲੀ ਨੇ ਐਨੀ ਸੋਹਣੀ ਫਰਮਾਇਸ਼ ਕਰਨੀ ਏ, ਤਾਂ ਮੈਂ ਇਕ ਮਹਾਂਕਾਵਿ ਲਿਖ ਲਿਆਉਂਦਾ। ਸਾਰੀ ਰਾਤ ਸੁਣਾਉਂਦਾ।" ਇਹ ਸੁਣ ਕੇ ਕੁੜੀਆਂ ਖਿੜਖਿੜਾ ਕੇ ਹੱਸ ਪਈਆਂ।

ਬਲਜੀਤ ਕਿਹੜੀ ਅੱਗੋਂ ਘੱਟ ਸੀ। ਉਸ ਇਕ ਹੋਰ ਜੜ ਦਿੱਤੀ। "ਜੇ ਸਾਰੀ ਰਾਤ ਸਾਲੀ ਨੂੰ ਹੀ ਮਹਾਂਕਾਵਿ ਸੁਣਾਉਂਦੇ ਰਹੋਗੇ ਤਾਂ ਫਿਰ ਦੀਦੀ ਨੂੰ ਕੀ...।" ਹਾਅ...ਸਾਰੀਆਂ ਕੁੜੀਆਂ ਸ਼ਰਮ ਤੇ ਸ਼ਰਾਰਤ ਨਾਲ ਇਕ ਵਾਰ ਫਿਰ ਉੱਚੀ-ਉੱਚੀ ਹੱਸੀਆਂ ਤੇ ਤਿਵਾੜੀ ਨੂੰ ਹਾਰ ਜਿਹੀ ਮੰਨਣੀ ਪਈ।

ਫਿਰ ਸਰਘੀ ਵੇਲੇ ਡੋਲੀ ਤੁਰਨ ਲੱਗਿਆਂ ਕਿੰਨਾ ਰੋਈਆਂ ਸਨ ਬਲਜੀਤ ਤੇ ਮੰਮੀ ਮੇਰੇ ਗਲ ਲਗ ਕੇ, ਉਫ...ਬਲਜੀਤ ਤੇ ਉਸ ਦਿਨ ਵੀ ਬਹੁਤ ਰੋਈ ਸੀ, ਜਿਸ ਦਿਨ ਉਨ੍ਹਾਂ ਦੀ ਲਾਸ਼ ਘਰ ਆਈ ਸੀ। ਮੈਨੂੰ ਉਸ ਨੇ ਹੀ ਸਾਂਭਿਆ ਸੀ। ਨਹੀਂ ਤੇ ਸ਼ਾਇਦ ਮੈਂ ਵੀ ਉਨ੍ਹਾਂ ਨਾਲ ਹੀ...।

ਉਹ ਜਿੱਦ ਦੇ ਪੱਕੇ ਸਨ ਜੇ ਜਿੱਦ ਦੇ ਪੱਕੇ ਨਾ ਹੁੰਦੇ ਤਾਂ ਬਿਨ ਆਈ ਕਿਉਂ ਮਰਦੇ? ਜੋ ਦਿਲ 'ਚ ਆ ਗਿਆ, ਉਨ੍ਹਾਂ ਨੇ ਕੀਤਾ ਤੇ ਉਸ ਦਿਨ, "ਨੀਨਾ ਮੈਂ ਕਲ੍ਹ ਬੈਂਕਾਕ ਜਾ ਰਿਹਾਂ। ਵਿਸ਼ਵ ਪੰਜਾਬੀ ਕਾਨਫਰੰਸ ਵੱਲੋਂ ਸੱਦਾ ਹੈ।" ਉਨ੍ਹਾਂ ਨੇ ਟਾਈ ਖੋਲ੍ਹਦੇ ਹੋਏ ਆਖਿਆ।

"ਤੇ ਤੁਸੀਂ ਹੁਣ ਦੱਸਦੇ ਹੋ, ਨਾ ਕੋਈ ਕੱਪੜਾ ਤਿਆਰ ਹੈ, ਨਾ ਹੀ ਤੁਹਾਡਾ ਕੋਈ ਗਰਮ ਸੂਟ।" ਮੈਂ ਆਟੇ ਵਾਲੇ ਹੱਥ ਧੋਂਦਿਆਂ ਆਖਿਆ।

"ਤੇ ਹੁਣ ਕਿਹੜਾ ਗੋਲੀ ਚੱਲ ਗਈ ਏ। ਅਜੇ 24 ਘੰਟੇ ਬਾਕੀ ਨੇ, ਐਨੇ ਵਿਚ ਤੇ ਸਾਰੀ ਕਲੋਨੀ ਦੇ ਕੱਪੜੇ ਡਰਾਈਕਲੀਨ ਹੋ ਜਾਂਦੇ ਨੇ।"

"ਪਤਾ ਨਹੀਂ ਤੁਸੀਂ ਕਦੋਂ ਸੁਧਰੋਗੇ, ਕਿੰਨੇ ਵਰ੍ਹੇ ਬੀਤ ਗਏ ਨੇ ਪਰ ਤੁਹਾਡੇ ਕਿਸੇ ਵੀ ਪ੍ਰੋਗਰਾਮ ਦੇ ਸ਼ੈਡੂਲ ਦਾ ਪਤਾ ਨਹੀਂ ਚਲਿਆ। ਇਹ ਸੋਚਿਆ ਕਰੋ ਮੈਂ ਵੀ ਇਕ ਇਨਸਾਨ ਹਾਂ, ਕੋਈ ਮਸ਼ੀਨ ਨਹੀਂ।" ਮੈਂ ਤੌਲੀਏ ਨਾਲ ਹੱਥ ਸਾਫ ਕਰਦਿਆਂ ਉਨ੍ਹਾਂ ਦੀ ਗੱਲ ਦਾ ਜਵਾਬ ਤਲਖੀ ਨਾਲ ਦਿੱਤਾ।

"ਮੇਰੇ ਵਿਚ ਕਿਹੜੀ ਕਮੀ ਏ ਜਿਸ ਨੂੰ ਤੂੰ ਸੁਧਾਰਨ ਦੀ ਕੋਸ਼ਿਸ਼ ਕਰੇਂਗੀ। ਸਮਝ ਨਹੀਂ ਆਉਂਦੀ ਤੂੰ ਤੇ ਪੜ੍ਹੀ-ਲਿਖੀ...।"

"ਹਾਂ-ਹਾਂ ਆਖ ਦੇਵੋ ਜੋ ਕਹਿਣਾ ਚਾਹੁੰਦੇ ਹੋ, ਮੈਂ ਪੜ੍ਹੀ ਲਿਖੀ ਗੰਵਾਰ ਹਾਂ, ਬੇਵਕੂਫ ਹਾਂ।" ਗੱਲ ਵਿਚ ਹੀ ਟੋਕਦਿਆਂ ਮੈਂ ਜਵਾਬ ਦਿੱਤਾ।

"ਮੇਰੇ ਨਾਲ ਜ਼ਿਆਦਾ ਬਕਵਾਸ ਕਰਨ ਦੀ ਲੋੜ ਨਹੀਂ। ਅਨਪੜ੍ਹ, ਮੂਰਖ ਗੰਵਾਰ ਇਹ ਸਭ ਡਿਗਰੀਆਂ ਤੂੰ ਆਪਣੇ ਆਪ ਨੂੰ ਦੇ ਰਹੀ ਏਂ। ਤੇ ਤੇਰੀਆਂ ਹਰਕਤਾਂ ਗਵਾਹ ਨੇ। ਕਾਫੀ ਮਿਲੇਗੀ? ਕਿ ਮੈਂ ਬਾਹਰ ਜਾਵਾਂ।" ਉਨ੍ਹਾਂ ਖਿਝਦਿਆਂ ਕਿਹਾ।

"ਤੁਹਾਨੂੰ ਘਰ ਦੀ ਕਾਫੀ ਕਿਉਂ ਚੰਗੀ ਲੱਗੇ, ਜਿਨ੍ਹਾਂ ਨੂੰ ਬਾਹਰ ਦੇ ਸੁਆਦ ਪੈ ਗਏ ਹੋਣ। ਕਾਫੀ ਹਾਊਸ 'ਚ ਸਟੂਡੈਂਟਸ ਨੂੰ ਕਾਵਿ ਸ਼ਾਸਤਰ ਸਮਝਾਂਦਿਆਂ ਪਿਕਨਿਕ 'ਤੇ ਜਾ ਕੇ ਬੋਟਿੰਗ ਕਰਦੇ ਲੈਕਚਰ ਦਿੰਦੇ ਤੇ ਫਿਰ ਰਾਤ ਨੂੰ...ਵਾਹ ਤੁਹਾਡਾ ਕੋਈ ਜਵਾਬ ਨਹੀਂ।" ਮੈਂ ਭੜਕ ਪਈ।

"ਵਿਲ ਯੂ ਪਲੀਜ਼, ਸ਼ੱਟਅਪ। ਉਫ! ਪਤਾ ਨਹੀਂ ਕੀ ਬਕੀ ਜਾਂਦੀ ਏ। ਮੈਂ ਆਪੇ ਬਣਾ ਲੈਨਾਂ।" ਤੇ ਉਹ ਕਾਫੀ ਬਣਾਉਣ ਰਸੋਈ ਵਿਚ ਚਲੇ ਗਏ।

"ਨੀਨਾ ਕਾਫੀ ਪੀਏਂਗੀ।" ਮੈਨੂੰ ਪਤਾ ਸੀ ਮੈਂ ਉਨ੍ਹਾਂ ਦੀ ਦੁੱਖਦੀ ਰਗ 'ਤੇ ਹੱਥ ਰੱਖਿਆ ਸੀ, ਉਹ ਹੁਣ ਜਿਵੇਂ ਸੱਚ ਨੂੰ ਕਾਫੀ ਦੇ ਕੱਪ 'ਚ ਛੁਪਾਉਣਾ ਚਾਹੁੰਦੇ ਸਨ। "ਡਾਰਲਿੰਗ, ਅੱਜ ਮੇਰੇ ਹੱਥ ਦੀ ਕਾਫੀ ਪੀ, ਪਰਸੋਂ ਤਾਂ ਮੈਂ ਬੈਂਕਾਕ ਹੋਊਂ।"

ਮੈਂ ਹੱਸ ਪਈ ਸੀ, "ਸ਼ੁਕਰ ਏ, ਗੁੱਸਾ ਤਾਂ ਠੰਢਾ ਹੋਇਆ। ਤੁਸੀਂ ਚਿੰਤਾ ਨਾ ਕਰੋ, ਪਰਸੋਂ ਤਕ ਤੁਹਾਡਾ ਅਟੈਚੀ ਤਿਆਰ ਹੋਵੇਗਾ, ਨਾਲੇ ਹੁਣ ਤਾਂ ਕਾਫੀ ਦੀ ਰਿਸ਼ਵਤ ਵੀ ਮਿਲ ਰਹੀ ਏ।" ਉਹ ਖਿੜ-ਖਿੜਾ ਕੇ ਹੱਸ ਪਏ ਤੇ ਪੁਰਾਣੇ ਅੰਦਾਜ਼ 'ਚ ਕਹਿਣ ਲੱਗੇ, "ਨੀਨਾ ਤੂੰ ਬਹੁਤ ਨਟਖੱਟ ਏਂ।"

ਟਨ..ਟਨ ਸਾਹਮਣੇ ਦੀਵਾਰ 'ਤੇ ਲੱਗੇ ਕਲਾਕ ਨੇ ਖਿਆਲਾਂ ਦੀ ਲੜੀ ਨੂੰ ਤੋੜ ਦਿੱਤਾ। ਨੀਨਾ ਨੂੰ ਇਕ ਤਰੇਲੀ ਜਿਹੀ ਆਈ। ਉਸ ਨੇ ਆਪਣੇ ਆਪ ਨੂੰ ਸੰਭਾਲਦਿਆਂ ਟੇਬਲ 'ਤੇ ਪਈ ਘੰਟੀ ਵਜਾਈ।

"ਜੈਸ ਮੈਡਮ।" ਚਪੜਾਸੀ ਨੇ ਪਰਦਾ ਚੁੱਕ ਕੇ ਅੰਦਰ ਆਉਂਦਿਆਂ ਕਿਹਾ।

"ਕੁਝ ਨਹੀਂ।" ਉਹ ਬਾਹਰ ਚਲਾ ਗਿਆ, ਥੋੜ੍ਹੀ ਦੇਰ ਬਾਅਦ ਉਹ ਫਿਰ ਆਇਆ ਤੇ ਹੱਥ 'ਚ ਸਲਿਪ ਦਿੰਦਿਆਂ ਬੋਲਿਆ, "ਮੈਡਮ ਆਪ ਨੂੰ ਮਿਲਣਾ ਚਾਹੁੰਦੇ ਨੇ।"

"ਭੇਜ ਦਿਉ।"

ਬੇਦੀ, ਸੰਧੂ, ਬਲਵਿੰਦਰ ਤੇ ਖੁਰਾਣਾ ਚਾਰ ਸਾਹਿਤਕ ਹਸਤੀਆਂ ਅੰਦਰ ਆਈਆਂ। ਬੇਦੀ ਜੋ ਪੰਜਾਬੀ ਕਵਿਤਾ ਦਾ ਮੋਹਰੀ ਗਿਣਿਆ ਜਾਂਦਾ ਹੈ, ਸੰਧੂ ਆਲੋਚਕ ਹੈ ਜਿਸ ਦੀਆਂ ਨਜ਼ਰਾਂ ਤੋਂ ਸ਼ਾਇਦ ਹੀ ਕੋਈ ਲਿਖਾਰੀ ਬਚ ਸਕਿਆ ਹੋਵੇ। ਬਲਵਿੰਦਰ ਉਹ ਗਜ਼ਲਗੋ, ਜਿਸ ਦੀਆਂ ਗਜ਼ਲਾਂ ਨਾ ਸਿਰਫ ਅਖਬਾਰਾਂ ਤੇ ਰਸਾਲਿਆਂ ਵਿਚ ਛੱਪਦੀਆਂ ਨੇ ਸਗੋਂ ਰੇਡੀਓ-ਟੀ.ਵੀ. 'ਤੇ ਵੀ ਗਾਈਆਂ ਜਾਂਦੀਆਂ ਹਨ; ਤੇ ਖੁਰਾਣਾ ਇਕ ਨਾਮਵਰ ਕਹਾਣੀਕਾਰ ਹੈ, ਵੈਸੇ ਤਾਂ ਇਕ ਨਾਵਲ ਵੀ ਲਿਖ ਚੁੱਕਾ ਹੈ, ਸਾਹਿਤਕ ਖੇਤਰ 'ਚ ਕਹਾਣੀਕਾਰ ਵਜੋਂ ਜਾਣਿਆ ਜਾਂਦਾ ਹੈ। ਸੌ ਤੋਂ ਵੱਧ ਕਹਾਣੀਆਂ ਲਿਖ ਚੁੱਕਾ ਹੈ। ਉਹ ਤਾਂ ਖੁਦ ਵੀ ਕਿਸੇ ਕਹਾਣੀ ਦਾ ਪਾਤਰ ਜਾਪਦਾ ਹੈ। ਚਾਰੇ ਹਲੀਮੀ ਨਾਲ ਹੱਥ ਜੋੜ ਸਤਿ ਸ੍ਰੀ ਅਕਾਲ ਆਖ ਕੁਰਸੀਆਂ 'ਤੇ ਬੈਠ ਜਾਂਦੇ ਹਨ।

ਕੁਝ ਪਲਾਂ ਲਈ ਕਮਰੇ ਵਿਚ ਚੁੱਪ ਵਰਤ ਜਾਂਦੀ ਹੈ, ਤੇ ਫਿਰ ਉਸ ਚੁੱਪ ਨੂੰ ਬੇਦੀ ਤੋੜਦਾ ਹੈ, "ਮੈਡਮ ਤਿਵਾੜੀ ਸਾਹਿਬ ਦੀ ਬਰਸੀ 'ਤੇ ਅਸੀਂ ਉਨ੍ਹਾਂ ਦੀ ਯਾਦ ਵਿਚ ਸਿਮਰਤੀ ਸਮਾਰੋਹ ਤੇ ਸੋਵੀਨਾਰ ਵੀ ਕੱਢ ਰਹੇ ਹਾਂ। ਤੁਸੀਂ ਉਸ ਸਮਾਗਮ ਵਿਚ ਹਾਜ਼ਰ ਹੋ ਕੇ ਤਿਵਾੜੀ ਸਾਹਿਬ ਦੀ ਰੂਹ ਦੀ ਸ਼ਾਂਤੀ ਲਈ ਅਰਦਾਸ ਤੇ ਉਨ੍ਹਾਂ ਦੀਆਂ ਕਿਰਤਾਂ ਤੇ ਪ੍ਰਸਨੈਲਿਟੀ ਬਾਰੇ ਚਾਨਣਾ ਪਾਉਣਾ।"

ਇਹ ਸੁਣ ਕੇ ਨੀਨਾ ਨੂੰ ਇਕ ਝਟਕਾ ਜਿਹਾ ਲੱਗਾ। ਇੰਜ ਲੱਗਾ ਜਿਵੇਂ ਹੁਣੇ ਜੋ ਉਹ ਸੋਚ ਰਹੀ ਸੀ, ਬੇਦੀ ਸਾਹਿਬ ਨੂੰ ਪਤਾ ਲੱਗ ਗਿਆ ਹੈ।

ਖੁਰਾਣਾ ਨੇ ਬਹੁਤ ਹੀ ਉਦਾਸ ਮਨ ਨਾਲ ਕਿਹਾ, "ਵਿਸ਼ਵਾਸ ਨਹੀਂ ਆਉਂਦਾ, ਪੂਰਾ ਸਾਲ ਬੀਤ ਗਿਆ, ਤਿਵਾੜੀ ਸਾਹਿਬ ਨੂੰ ਵਿਛੜਿਆਂ, ਕਈ ਵਾਰ ਤਾਂ ਕਾਲਜ ਕੋਲੋਂ ਲੰਘਦਿਆਂ ਇੰਜ ਲਗਦੈ ਜਿਵੇਂ ਤਿਵਾੜੀ ਸਾਹਿਬ ਆਪਣੇ ਆਫਿਸ ਵਿਚ ਬੈਠੇ ਹੋਣ। ਬੱਸ ਯਾਦਾਂ ਹੀ ਰਹਿ ਗਈਆਂ।"

ਸੰਧੂ ਨੇ ਉਦਾਸੀ ਦਾ ਮਾਹੌਲ ਤੋੜਨ ਲਈ ਗੱਲਬਾਤ ਦਾ ਰੁਖ ਬਦਲਿਆ, "ਹਾਲੇ ਪਿਛਲੀਆਂ ਗਰਮੀਆਂ ਦੀ ਹੀ ਤਾਂ ਗੱਲ ਏ, ਕਹਿਣ ਲੱਗੇ 'ਤੁਹਾਨੂੰ ਆਲੋਚਕਾਂ ਨੂੰ ਕੀ ਬੀਮਾਰੀ ਏ? ਸਾਰੇ ਇਕੋ ਰੱਸੇ ਫਾਹੇ ਦੇਣ ਜੋਗੇ ਹੋ। ਮੈਨੂੰ ਸਾਹਿਤ ਅਕਾਦਮੀ ਪੁਰਸਕਾਰ ਮਿਲੇ ਨੂੰ ਪੰਜ ਸਾਲ ਹੋ ਗਏ, ਤੁਸੀਂ ਮੇਰੀ ਕਿਤਾਬ ਦਾ ਖਹਿੜਾ ਨਹੀਂ ਛੱਡਿਆ। ਭੁੱਲਰ ਨੇ ਤਾਂ ਇਥੋਂ ਤਕ ਲਿਖ ਦਿੱਤਾ...। ਖੈਰ ਛੱਡ, ਮਰੇ ਸੱਪ ਅੱਗੇ ਬੀਨ ਬਜਾਉਣ ਦਾ ਕੀ ਫਾਇਦਾ? ਭੁੱਲਰ ਹੋਵੇ ਜਾਂ ਤੂੰ ਹੋਵੇਂ, ਹੈ ਤਾਂ ਆਲੋਚਕ। ਯਾਰ ਤੁਸੀਂ ਕਿਸੇ ਰਚਨਾ ਨੂੰ ਨਕਾਰਨ ਤੋਂ ਪਹਿਲਾਂ ਸਵੀਕਾਰਦੇ ਕਿਉਂ ਨਹੀਂ।' ਤੇ ਅੱਜ ਸੋਚਦਾਂ ਤਿਵਾੜੀ ਸਾਹਿਬ ਦੀ ਗੱਲ ਵਿਚ ਕਿੰਨਾ ਤਰਕ ਸੀ।" ਨੀਨਾ ਚੁੱਪ ਚਾਪ ਗੱਲਾਂ ਸੁਣ ਰਹੀ ਹੈ, ਸਿਰਫ ਚਿਹਰੇ ਨਾਲ ਹੀ ਹੁੰਗਾਰਾ ਭਰਦੀ ਹੈ।

"ਆਹ ਲਓ ਮੈਡਮ ਕਾਰਡ।" ਬੇਦੀ ਨੇ ਮੈਡਮ ਦੇ ਹੱਥ 'ਚ ਕਾਰਡ ਫੜਾਂਦਿਆਂ ਆਖਿਆ। "ਹਾਂ ਸੱਚ ਮੈਡਮ ਯਾਦ ਆਇਆ, ਜੇ ਹੋ ਸਕੇ ਤਾਂ ਤੁਸੀਂ ਸੋਵੀਨਾਰ ਲਈ ਤਿਵਾੜੀ ਸਾਹਿਬ ਦੀ ਨਿਜੀ ਜ਼ਿੰਦਗੀ 'ਤੇ ਕੁਝ ਲਿਖਣਾ। ਤੁਹਾਡੇ ਤੋਂ ਵੱਧ ਤਿਵਾੜੀ ਸਾਹਿਬ ਨੂੰ ਕੌਣ ਜਾਣਦਾ ਹੈ?"

"ਕੋਸ਼ਿਸ਼ ਕਰਾਂਗੀ।" ਇਕ ਪਲ ਲਈ ਨੀਨਾ ਦੀਆਂ ਅੱਖਾਂ ਅੱਗੇ ਯਾਦਾਂ ਦੇ ਕਈ ਟੁਕੜੇ ਤੇ ਕਈ ਖਾਲੀ ਬੋਤਲਾਂ ਉਭਰ ਗਈਆਂ, ਜੋ ਅਜੇ ਤਕ ਉਸ ਦੇ ਦਿਲ ਤੇ ਤਿਵਾੜੀ ਸਾਹਿਬ ਦੇ ਕਮਰੇ ਵਿਚ ਮਹਿਫੂਜ਼ ਹਨ।

"ਗੱਲਾਂ ਗੱਲਾਂ ਵਿਚ ਤੁਹਾਨੂੰ ਚਾਹ ਪਾਣੀ ਵੀ ਨਹੀਂ ਪੁੱਛਿਆ।" ਮੈਡਮ ਨੇ ਆਪਣੇ ਆਪ ਨੂੰ ਸੰਭਾਲਦਿਆਂ ਬੈਲ ਦਿੱਤੀ ਤੇ ਚਾਹ ਦਾ ਆਡਰ ਦਿੱਤਾ। ਚਾਹ ਦੌਰਾਨ ਗੱਲ ਦਾ ਵਿਸ਼ਾ ਤਿਵਾੜੀ ਸਾਹਿਬ ਤੋਂ ਹੱਟ ਕੇ ਸਾਹਿਤ ਸਭਾ ਤੇ ਉਸ ਦੇ ਪ੍ਰੋਗਰਾਮਾਂ ਦੇ ਵਿਚਕਾਰ ਹੀ ਰਹਿੰਦਾ ਹੈ, ਮੈਡਮ ਨੂੰ ਹਾਲੇ, ਕਿਤਾਬ ਰਿਲੀਜ਼, ਪਰਚਾ ਪੜ੍ਹਨਾ, ਉਸਾਰੂ ਬਹਿਸ ਤੇ ਕਵੀ ਦਰਬਾਰ ਇਨ੍ਹਾਂ ਚੀਜ਼ਾਂ ਵਿਚ ਖਾਸ ਦਿਲਚਸਪੀ ਨਹੀਂ, ਫਿਰ ਵੀ ਉਹ ਬੜੇ ਧਿਆਨ ਨਾਲ ਗੱਲਾਂ ਸੁਣਦੀ ਰਹੀ। ਉਠਦੇ ਹੋਏ, ਬੇਦੀ ਨੇ ਕਿਹਾ, "ਅੱਛਾ ਮੈਡਮ, 11 ਤਾਰੀਖ ਐਤਵਾਰ ਸਵੇਰੇ ਤੁਹਾਨੂੰ ਕਾਰ ਲੈਣ ਪਹੁੰਚ ਜਾਊ।"

"ਜੀ ਬਹੁਤ ਅੱਛਾ।" ਨੀਨਾ ਨੇ ਉਠ ਕੇ ਹੱਥ ਜੋੜਦਿਆਂ ਕਿਹਾ। ਹੁਣ ਫਿਰ ਉਹ ਦਫਤਰ ਵਿਚ ਇਕੱਲੀ ਸੀ। ਇਕ ਹੋਰ ਯਾਦ ਉੱਭਰੀ, ਨਸ਼ੇ 'ਚ ਗੁੱਟ ਤਿਵਾੜੀ ਘਰ ਪਹੁੰਚਿਆ ਤੇ ਸੋਫੇ 'ਤੇ ਢਹਿ ਪਿਆ, "ਨੀਨਾ ਪਤਾ ਨਹੀਂ ਕਿਥੇ ਉਡ ਗਈ ਏ, ਕੋਈ ਪ੍ਰਵਾਹ ਨਹੀਂ।"

"ਮੈਂ ਇਥੇ ਹੀ ਆਂ।" ਨੀਨਾ ਨੇ ਡਰਾਇੰਗ ਰੂਮ 'ਚ ਆਉਂਦਿਆਂ ਕਿਹਾ। "ਅੱਜ ਫਿਰ! ਮੈਂ ਤਾਂ ਤੰਗ ਆ ਗਈ ਆਂ ਇਸ ਸ਼ਰਾਬ ਤੋਂ, ਕਈ ਵਾਰ ਤੇ ਲਗਦਾ ਤੁਸੀਂ ਪੜ੍ਹੇ ਲਿਖੇ ਅਨਪੜ੍ਹਾਂ ਤੋਂ ਵੀ ਬੱਦਤਰ ਹੋ।"

"ਅੱਜ ਸੰਧੂ ਮਿਲ ਗਿਆ ਸੀ, ਸਾਲਾ ਡਰੰਮ ਏ ਡਰੰਮ, ਜਿੰਨੀ ਮਰਜ਼ੀ ਪਿਲਾ ਦਿਓ, ਇਕ ਸ਼ਰਾਬੀ ਤੇ ਉਤੋਂ ਆਲੋਚਕ, ਚੰਗਾ ਮੇਲ ਏ। ਰਚਨਾ ਨੂੰ ਵੀ ਸ਼ਰਾਬ ਹੀ ਸਮਝਦਾ। ਸ਼ਰਾਬ ਭਾਵੇਂ ਚੜ੍ਹੇ ਨਾ ਚੜ੍ਹੇ, ਰਚਨਾ ਉਹਦੇ ਸਿਰ ਨੂੰ ਚੜ੍ਹ ਜਾਂਦੀ ਏ।"

"ਰੋਟੀ ਖਾਉਗੇ ਕਿ ਨਹੀਂ, ਮੈਂ ਰੋਜ਼ ਕਹਿੰਦੀ ਪਰ ਤੁਹਾਡੇ 'ਤੇ ਕੋਈ ਅਸਰ ਨਹੀਂ ਹੁੰਦਾ, ਜੇ ਬਾਹਰੋਂ ਸੋਫੀ ਆ ਗਏ ਤੇ ਫਿਰ ਘਰ ਕਿਹੜਾ ਘੱਟ ਕਰਦੇ ਹੋ। ਸਾਰਾ ਕਮਰਾ ਖਾਲੀ ਬੋਤਲਾਂ ਨਾਲ ਭਰਿਆ ਪਿਆ, ਮੇਰਾ ਦਿਲ ਕਰਦਾ ਸਾਰੀਆਂ ਬੋਤਲਾਂ ਖੂਹ 'ਚ ਸੁੱਟ ਆਵਾਂ।"

"ਬਕਵਾਸ ਬੰਦ ਕਰ ਬੋਤਲਾਂ ਖਾਲੀ ਨੇ ਤਾਂ ਕੀ ਹੋਇਆ। ਅਸੀਂ ਵੀ ਖਾਲੀ ਹਾਂ, ਹਰ ਬੰਦਾ ਖਾਲੀ ਹੈ, ਹਰ ਬੰਦੇ ਨੂੰ ਖੂਹ 'ਚ ਸੁੱਟ ਦੇਵੇਂਗੀ?"

ਇਕ ਹੋਰ ਪੀਰੀਅਡ ਦੀ ਘੰਟੀ ਵੱਜੀ, ਨੀਨਾ ਉਠੀ ਤੇ ਯਾਦਾਂ ਤੋਂ ਪੱਲਾ ਛੁਡਾਉਣ ਲਈ ਕਾਲਜ ਦੇ ਰਾਊਂਡ 'ਤੇ ਚਲੇ ਗਈ।

ਅੱਜ 11 ਤਾਰੀਖ ਸੀ। ਗੌਰਮਿੰਟ ਕਾਲਜ ਵਿਚ ਸਟੇਜ ਬੜਾ ਸਜਾਇਆ ਜਾ ਰਿਹਾ ਸੀ। ਪੰਡਾਲ ਵਿਚ ਕੁਰਸੀਆਂ ਲੱਗੀਆਂ ਹੋਈਆਂ ਸਨ। ਬੇਦੀ, ਖੁਰਾਣਾ ਤੇ ਸੰਧੂ-ਤਿੰਨੋ ਪੰਡਾਲ ਦਾ ਜਾਇਜ਼ਾ ਲੈ ਰਹੇ ਸਨ। ਖੁਰਾਣੇ ਨੇ ਐਨਕ ਦਾ ਸ਼ੀਸ਼ਾ ਸਾਫ ਕਰਦਿਆਂ ਆਖਿਆ, "ਯਾਰ ਬੇਦੀ ਗਿਆਰਾਂ ਵਜ ਗਏ ਨੇ, ਕਾਰ ਭੇਜ ਦਿੱਤੀ।"

"ਹਾਂ, ਹਾਂ ਕਾਰ ਤਾਂ ਸਵੇਰੇ ਹੀ ਭੇਜ ਦਿੱਤੀ।" ਬੇਦੀ ਨੇ ਸਟੇਜ 'ਤੇ ਪਈ ਤਿਵਾੜੀ ਦੀ ਤਸਵੀਰ ਨੂੰ ਸਹੀ ਜਗ੍ਹਾ ਟਿਕਾਉਂਦਿਆਂ ਕਿਹਾ।

"ਲਉ ਆ ਗਏ ਨੇ।" ਸੰਧੂ ਨੇ ਲੇਖਕਾਂ ਦੀ ਜੁੰਡਲੀ ਵੱਲ ਇਸ਼ਾਰਾ ਕਰਦਿਆਂ ਆਖਿਆ, ਜੋ ਹੁਣੇ ਹੁਣੇ ਪੰਡਾਲ 'ਚ ਦਾਖਲ ਹੋਏ ਸੀ। "ਲੈ ਮਿਲਖੀ ਵੱਲ ਵੇਖੋ, ਅੱਜ ਤਾਂ ਨਵਾਂ ਕੁੜਤਾ ਪਜਾਮਾ ਪਾਇਆ ਈ, ਪਰ ਚਾਲ 'ਚ ਉਹੀ ਫਕੀਰੀ ਏ।"

"ਮੈਨੂੰ ਪਤਾ ਤੂੰ ਮੇਰੇ ਬਾਰੇ ਗੱਲ ਕਰ ਰਿਹਾ ਹੈਂ, ਤੂੰ ਨਾ ਬਾਜ ਆਈਂ, ਵੱਡਿਆ ਆਲੋਚਕਾ।"

"ਵਾਰਸਸ਼ਾਹ ਨਾ ਆਦਤਾਂ ਜਾਂਦੀਆਂ ਨੇ" ਕਹਿੰਦਿਆਂ ਅਬਦੁਲ ਖਾਨ ਨੇ ਮਿਲਖੀ ਦੀ ਹਮਾਇਤ ਕੀਤੀ।

"ਖਾਨ ਤੇਰੀ ਮਨਜੀਤ ਨਹੀਂ ਆਈ, ਉਹਦੇ ਬਿਨਾ ਤੇ ਸਭ ਫਿੱਕਾ-ਫਿੱਕਾ ਏ। ਯਾਰ ਪਿਛਲੀ ਵਾਰ ਜਦੋਂ ਉਹ ਕਿਤਾਬ ਵਿਚੋਂ ਨਜ਼ਮ ਪੜ੍ਹ ਰਹੀ ਸੀ, ਸਾਰੇ ਉਹਨੂੰ ਹੀ ਵੇਖਦੇ ਰਹੇ ਸਨ। ਇੰਜ ਲਗਦਾ ਸੀ ਜਿਵੇਂ ਅਸੀਂ ਸਾਰੇ ਉਹਦੀਆਂ ਅੱਖਾਂ ਨਾਲ ਨਜ਼ਮ ਸੁਣ ਰਹੇ ਸਾਂ।" ਉਹ ਸੱਚ ਯਾਦ ਆਇਆ, "ਯਾਰ ਤੂੰ ਟਾਈਟਲ ਬਹੁਤ ਵਧੀਆ ਤਿਆਰ ਕੀਤਾ ਏ, ਤਿਵਾੜੀ ਦੀ ਤਸਵੀਰ ਮੂੰਹੋਂ ਬੋਲਦੀ ਏ, ਨਾਲੇ ਪੋਸਟਰ ਚੰਗੇ ਤਿਆਰ ਕੀਤੇ ਨੇ, ਵੇਖ ਕੇ ਭੁੱਖ ਲਹਿੰਦੀ ਏ। ਪਰ ਇਕ ਗੱਲ, ਤੂੰ ਪ੍ਰਧਾਨ ਦਾ ਨਾਂ ਖੂੰਜੇ 'ਚ ਲਾ ਦਿੱਤਾ ਤੇ ਆਪਣਾ ਸੈਂਟਰ 'ਚ ਉਹ ਵੀ ਮੋਟੇ ਅੱਖਰਾਂ ਵਿਚ। ਇੰਜ ਲਗਦੈ ਜਿਵੇਂ ਤਿਵਾੜੀ ਸਾਹਿਬ ਦੀ ਨਹੀਂ, ਤੇਰੀ ਆਪਣੀ ਬਰਸੀ ਹੋਵੇ।" ਸਾਰੇ ਖਿੜ-ਖਿੜਾ ਕੇ ਹੱਸ ਪਏ। ਖਾਨ ਤੋਂ ਜਰਿਆ ਤਾਂ ਨਾ ਗਿਆ ਪਰ ਵਿਚਾਰਾ ਨਾ ਚਾਹੁੰਦਿਆਂ ਵੀ ਹੱਸ ਪਿਆ।

ਮਿਲਖੀ ਨੇ ਖਾਨ ਦੀ ਖਿੱਲੀ ਉਡਦੀ ਵੇਖ ਕੇ ਪ੍ਰਧਾਨ 'ਤੇ ਵਿਅੰਗ ਕੱਸਿਆ, "ਯਾਰ ਖਾਨ, ਇਸ ਸਭਾ ਦੀ ਜਾਨ ਹੀ ਤੂੰ ਹੈਂ, ਤਦੇ ਪ੍ਰਧਾਨ ਹੁਣੀ ਤੇਰੇ ਨਾਲ ਇਸ ਕਿਸਮ ਦਾ ਪਿਆਰ ਕਰਦੇ ਨੇ। ਕਿਉਂ ਪ੍ਰਧਾਨ ਜੀ ਠੀਕ ਆਖਿਆ, ਮੈਂ?"

"ਤੂੰ ਫੱਕਰ ਲੋਕ ਏਂ, ਤੂੰ ਗਲਤ ਕਹਿ ਸਕਦਾਂ? ਪਰ...ਤੂੰ ਸਿਰਫ ਰਾਜਗਿਰੀ ਨਹੀਂ, ਗੱਲ ਬਣਾਉਣਾ ਵੀ ਜਾਣਦਾ ਹੈਂ।" ਪ੍ਰਧਾਨ ਨੇ ਉਸ ਨੂੰ, ਵਾਰੀ ਦਾ ਵੱਟਾ ਲਾਹੁੰਦੇ ਹੋਏ ਆਖਿਆ।

ਇਕ ਵੱਜ ਗਿਆ ਸੀ। ਪੰਡਾਲ ਵਿਚ ਕਈ ਸੱਜਣ ਪਹੁੰਚ ਚੁੱਕੇ ਸਨ। ਅਖਬਾਰਾਂ, ਰਸਾਲਿਆਂ ਦੇ ਕਈ ਨੁਮਾਇੰਦੇ ਤੇ ਡੀ.ਸੀ. ਸਾਹਿਬ ਵੀ ਪੰਡਾਲ ਵਿਚ ਬੈਠ ਗਏ ਸਨ। ਇੰਤਜ਼ਾਰ ਸੀ ਤਾਂ ਸਿਰਫ ਮਿਸਜ਼ ਨੀਨਾ ਤਿਵਾੜੀ ਦਾ। ਰੇਡੀਓ ਟੀ.ਵੀ. ਦੇ ਪ੍ਰੋਡਿਊਸਰ ਆਪਣੇ-ਆਪ ਨੂੰ ਸਭ ਤੋਂ ਉਚੇ ਸਮਝ ਰਹੇ ਸਨ, ਜਿਵੇਂ ਉਨ੍ਹਾਂ ਸਮਾਰੋਹ 'ਚ ਆ ਕੇ ਸਭ 'ਤੇ ਅਹਿਸਾਨ ਕੀਤਾ ਹੋਵੇ।

ਕਾਲਜ ਦੇ ਗੇਟ ਮੋਹਰੇ ਆ ਕੇ ਕਾਰ ਰੁਕੀ। ਬੇਦੀ ਤੇ ਸਭਾ ਦੇ ਕੁਝ ਹੋਰ ਮੈਂਬਰ ਮਿਸਜ਼ ਤਿਵਾੜੀ ਨੂੰ ਰਸੀਵ ਕਰਨ ਲਈ ਅੱਗੇ ਵਧੇ। ਨਿੱਘੇ ਸਵਾਗਤ ਪਿਛੋਂ ਸਮਾਰੋਹ ਦੀ ਸ਼ੁਰੂਆਤ ਬੇਦੀ ਤੇ ਡੀ.ਸੀ. ਸਾਹਿਬ ਨੇ ਜੋਤ ਜਗਾ ਕੇ ਕੀਤੀ। ਐਸ.ਡੀ.ਐਮ. ਨੇ ਤਿਵਾੜੀ ਸਾਹਿਬ ਦੀ ਤਸਵੀਰ ਨੂੰ ਹਾਰ ਪਹਿਨਾਏ। ਫਿਰ ਪ੍ਰਧਾਨਗੀ ਭਾਸ਼ਣ, ਨਜ਼ਮਾਂ, ਗਜ਼ਲਾਂ, ਗੀਤਾਂ ਤੇ ਯਾਦਾਂ ਦਾ ਸਿਲਸਿਲਾ। ਡੀ.ਸੀ. ਸਾਹਿਬ ਤੇ ਬੇਦੀ ਨੇ ਮਿਸਜ਼ ਤਿਵਾੜੀ ਨੂੰ ਸ਼ਾਲ ਭੇਟ ਕੀਤੀ ਤੇ ਸੋਵੀਨਾਰ ਦੀ ਕਾਪੀ ਰਿਲੀਜ਼ ਕੀਤੀ। ਇਕ ਬੜਾ ਹੀ ਭਾਵੁਕ ਜਿਹਾ ਤੇ ਸਪੱਸ਼ਟ ਜਿਹਾ ਭਾਸ਼ਣ ਮਿਸਜ਼ ਨੀਨਾ ਤਿਵਾੜੀ ਨੇ ਦਿੱਤਾ। ਸਾਰੇ ਹੈਰਾਨ ਸਨ ਕਿ ਉਹ ਐਨਾ ਅੱਛਾ ਬੋਲ ਸਕਦੀ ਹੈ। ਇਸ ਤਰ੍ਹਾਂ ਸਮਾਰੋਹ ਖਤਮ ਹੋ ਗਿਆ।

ਸਭਾ ਦੇ ਸਭ ਮੈਂਬਰ ਆਪਸ ਵਿਚ ਘੁਸਰ-ਮੁਸਰ ਕਰ ਰਹੇ ਸਨ। ਹਰ ਕੋਈ ਸੋਚ ਰਿਹਾ ਸੀ, ਫੰਡ ਤਾਂ ਚੋਖਾ ਇਕੱਠਾ ਹੋਇਆ ਤੇ ਖਰਚ..। ਮਿਲਖੀ ਤੋਂ ਰਿਹਾ ਨਾ ਗਿਆ ਉਸ ਨੇ ਸ਼ਾਇਦ ਪਹਿਲਾਂ ਹੀ ਛਿੱਟ ਕੁ ਲਾਈ ਹੋਈ ਸੀ।

"ਪ੍ਰਧਾਨ ਜੀ, ਬਹੁਤ ਥਕਾਵਟ ਹੋ ਗਈ ਹੈ, ਪੇਟੀ-ਪੂਟੀ ਖੋਲ੍ਹੋ, ਮਾੜਾ ਮੋਟਾ ਸਰੂਰ ਆਵੇ। ਤਿਵਾੜੀ ਸਾਹਿਬ ਦਾ ਸਮਾਗਮ ਤੇ ਸ਼ਰਾਬ ਨਾ ਹੋਵੇ, ਇਹ ਕਿੰਜ ਹੋ ਸਕਦਾ? ਉਨ੍ਹਾਂ ਦੀ ਰੂਹ ਸਾਨੂੰ ਪੀਂਦਿਆਂ ਨੂੰ ਵੇਖ ਕੇ ਨਸ਼ਿਆ ਜਾਵੇਗੀ।"

"ਸਬਰ ਕਰ ਉਏ, ਕੋਈ ਅੱਗਾ-ਪਿੱਛਾ ਵੀ ਵੇਖਿਆ ਕਰ, ਇਥੇ ਪੰਡਾਲ 'ਚ ਸ਼ੁਰੂ ਹੋਣਾ ਏ। ਤੈਨੂੰ ਤੇ ਮਿਲਖੀ ਕੋਈ ਫਰਕ ਨਹੀਂ ਪੈਂਦਾ, ਤੇਰੀ ਨੇਚਰ ਹੀ ਇਹੋ ਜਿਹੀ ਹੈ ਪਰ ਆਪਾਂ ਸਭਾ ਬਾਰੇ ਵੀ ਸੋਚਣਾ।"

ਬਲਵਿੰਦਰ ਨੇ ਦੂਸਰੇ ਤਰੀਕੇ ਨਾਲ ਮਿਲਖੀ ਦੀ ਗੱਲ ਨੂੰ ਦੁਹਰਾਂਦਿਆਂ ਕਿਹਾ, "ਪ੍ਰਧਾਨ ਜੀ ਸਭ ਜਾ ਚੁੱਕੇ ਨੇ, ਤੇ ਜੋ ਹਾਜ਼ਰ ਨੇ, ਉਹ ਆਪਣੀ ਹੀ ਸਭਾ ਦੇ ਮੈਂਬਰ ਨੇ। ਪੰਡਾਲ ਪਿੱਛੇ ਕਮਰਾ ਵੀ ਖਾਲੀ ਏ। "ਪੈਸਿਆਂ ਦੀ ਗੱਲ ਆ ਤਾਂ ਕਹੋ ਮੈਂ ਪੇਟੀ ਲੈ ਆਉਂਦਾ, ਸਕੂਟਰ ਬਾਹਰ ਖੜ੍ਹਾ।"

"ਨਹੀਂ-ਨਹੀਂ, ਪੈਸਿਆਂ ਦੀ ਕੋਈ ਗੱਲ ਨਹੀਂ, ਜੇ ਤੁਹਾਡਾ ਸਭ ਦਾ ਮੂਡ ਹੈ, ਤਾਂ ਫਿਰ ਨਾਂਹ ਦਾ ਸਵਾਲ ਹੀ ਨਹੀਂ, ਪ੍ਰਧਾਨ ਨੇ ਹਵਾ ਦਾ ਰੁਖ ਪਛਾਣਦਿਆਂ ਕਿਹਾ।"

"ਪ੍ਰਧਾਨ ਜੀ, ਦਾਦ ਦੇਣੀ ਪਵੇਗੀ, ਤੁਹਾਡੀ ਪੌਲਟਿਕਸ ਨੂੰ। ਸਾਨੂੰ ਪਤਾ ਨਹੀਂ, ਪੰਡਾਲ ਦੇ ਪਿਛਲੇ ਕਮਰੇ 'ਚ ਸੰਧੂ ਤੇ ਖੁਰਾਣੇ ਨੇ ਬੋਤਲ ਖੋਲ੍ਹੀ ਏ ਤੇ ਮੁਰਗੇ ਉਡਾ ਰਹੇ ਨੇ, ਤੁਸੀਂ ਅਣਜਾਣ ਬਣੇ ਫਿਰਦੇ ਹੋ, ਸਿਰਫ ਸਾਡੀਆਂ ਅੱਖਾਂ 'ਚ ਮਿਰਚਾਂ ਪਾਉਣ ਲਈ।" ਗਿੱਲ ਨੇ ਕ੍ਰੋਧਤ ਹੋ ਕੇ ਇਕੋ ਸਾਹ ਕਹਿ ਦਿੱਤਾ ਜੋ ਹੁਣੇ ਵੇਖ ਕੇ ਆਇਆ ਸੀ।

"ਚਲੋ ਸਾਰੇ ਅੰਦਰ, ਗਿੱਲ ਪਹਿਲਾਂ ਤੂੰ, ਮੈਂ ਇਸ ਤਰ੍ਹਾਂ ਨਹੀਂ ਹੋਣ ਦਿਆਂਗਾ। ਮੈਂ ਤੁਹਾਡੀ ਗੱਲ ਸਮਝਦਾਂ, ਜੇ ਲਾਣੀ ਏ ਤਾਂ ਸਾਰੇ ਛਿੱਟ-ਛਿੱਟ ਲਾਵਾਂਗੇ, ਉਹ ਸੰਧੂ ਤੇ ਖੁਰਾਣਾ ਮੂਰਖ ਨੇ।" ਪ੍ਰਧਾਨ ਨੇ ਇਕ ਹੋਰ ਰੰਗ ਬਦਲਿਆ।

ਹੁਣ ਇਕ ਨਵੇਂ ਦੌਰ ਦੀ ਸ਼ੁਰੂਆਤ ਹੋਈ। ਸਾਰੇ ਨਸ਼ੇ ਵਿਚ ਗੁੱਟ ਸਨ। ਸੰਧੂ ਦੀਆਂ ਅੱਖਾਂ ਅਗੇ ਕਈ ਦ੍ਰਿਸ਼ ਉਭਰੇ। ਉਹ ਤੇ ਤਿਵਾੜੀ ਅਕਸਰ ਅਜਿਹੇ ਸਮਾਗਮਾਂ ਤੇ ਮੁਸ਼ਾਇਰਿਆਂ 'ਚ ਜਾ ਕੇ ਇੰਜ ਹੀ ਲੁੱਕ ਕੇ ਪੀਂਦੇ ਸਨ। ਖੁਰਾਣੇ ਨੇ ਨਸ਼ੇ ਵਿਚ ਵਿਅੰਗ ਕੱਸਿਆ, "ਬੇਦੀ ਸਾਹਿਬ ਬਹੁਤ ਅੱਛਾ ਬੋਲਦੀ ਏ ਮੈਡਮ ਤਿਵਾੜੀ।"

"ਆਪ ਕਿਹੜੀ ਘੱਟ ਏ, ਜਦ ਸਟੇਜ 'ਤੇ ਮੋਰਨੀ ਵਾਂਗ ਪੈਲਾਂ ਪਾਉਂਦੀ ਜਾ ਰਹੀ ਸੀ, ਮੈਨੂੰ ਚਾਲ ਵੇਖ ਕੇ ਬੋਤਲ ਜਿੰਨਾ ਨਸ਼ਾ ਹੋ ਗਿਆ।" ਸੰਧੂ ਨੇ ਖੁਰਾਣੇ ਦੀ ਪ੍ਰੋੜ੍ਹਤਾ ਕਰਦਿਆਂ ਕਿਹਾ।

ਅਬਦੁੱਲ ਖਾਨ ਖਚਰਾ ਜਿਹਾ ਹੱਸਿਆ, "ਸੰਧੂ ਮੋਰਨੀ ਨਹੀਂ, ਉਹ ਤਾਂ ਚਿੱਟੇ ਕਪੜਿਆਂ 'ਚ ਹੰਸਣੀ ਸੀ। ਉਹ ਮੋਤੀ ਨਹੀਂ ਚੁੱਗਦੀ ਸੀ। ਉਸ ਦੇ ਬੁੱਲ੍ਹਾਂ 'ਚੋਂ ਮੋਤੀ ਕਿਰਦੇ ਸਨ ਤੇ ਮੈਂ ਸੋਚ ਰਿਹਾ ਸੀ, "ਵਿਚਾਰੀ, ਰੰਡੇਪਾ ਕਿੰਦਾਂ ਕੱਟੂ, ਅਜੇ ਤਾਂ ਪੂਰੇ ਜੋਬਨ 'ਚ ਆ। ਕਿੰਦਾਂ ਅੱਗ ਠੱਲ੍ਹੂ। ਕਿਉਂ ਖੁਰਾਣਾ ਤਿਵਾੜੀ ਦੀ ਸ਼ਕਲ ਵੀ ਤੇਰੇ ਨਾਲ ਮਿਲਦੀ ਏ। ਟਰਾਈ ਮਾਰ ਕੇ ਵੇਖ ਲਈਂ ਸ਼ਾਇਦ।"

ਬੇਦੀ ਵੇਖ ਲੈ ਨਸ਼ੇ 'ਚ ਬੁੱਢੇ ਨੂੰ ਟਰਾਈ ਮਾਰਨ ਲਈ ਆਖ ਰਿਹਾ। ਬੇਦੀ ਵੀ ਆਪਣੇ ਕੱਕੀ ਭੂਰੀ ਦਾੜ੍ਹੀ ਤੇ ਹੱਥ ਫੇਰਦਿਆਂ ਬੋਲਿਆ, "ਮਰਦ ਤੇ ਘੋੜਾ ਕਦੇ ਬੁੱਢੇ ਨਹੀਂ ਹੁੰਦੇ, ਜਦੋਂ ਮੈਂ ਉਸ ਤੇ ਸ਼ਾਲ ਦੇ ਰਿਹਾ ਸੀ, ਸੱਚ ਮੰਨੀਂ ਪੂਰੇ ਸਰੀਰ 'ਚ ਇਕ ਤਾਰ ਜਿਹੀ ਫਿਰ ਗਈ ਤੇ ਮੇਰਾ ਹੱਥ ਉਸ ਦੇ ਮੋਢੇ 'ਤੋਂ ਅੱਗੇ ਖਿਸਕ ਗਿਆ ਤੇ ਮੈਂ ਅੱਖਾਂ ਮੀਟ ਲਈਆਂ।"

ਸਭ ਦੀਆਂ ਅੱਖਾਂ ਅੱਗੇ ਨੀਨਾ ਦਾ ਖੂਬਸੂਰਤ ਚਿਹਰਾ ਉਭਰਦਾ ਹੈ ਤੇ ਸ਼ਰਾਬੀਆਂ ਦੀ ਇਕ ਇਕੱਠੀ ਆਹ ਨਿਕਲਦੀ...ਹਾਏ।

"ਘੱਟ ਤਿਵਾੜੀ ਵੀ ਨਹੀਂ ਸੀ, ਉਸ ਨੇ ਕਿਹੜੀ ਕੋਈ ਬਖ਼ਸ਼ੀ ਏ। 83 ਦੀ ਗੱਲ ਏ, ਵਿਸ਼ਵ ਪੰਜਾਬੀ ਕਾਨਫਰੰਸ 'ਚ ਗਿਆ ਸੀ। ਮੈਨੂੰ ਦਰਸ਼ਨ ਸਿੰਘ ਨੇ ਦੱਸਿਆ ਉਥੇ ਉਹ ਤਿੱਤਲੀਆਂ ਮੱਸਲਦਾ ਰਿਹਾ ਤੇ ਉਸ ਦਾ ਅੰਤ ਵੀ ਇਨ੍ਹਾਂ ਤਿੱਤਲੀਆਂ ਹੱਥੋਂ ਹੀ ਹੋਇਆ।" ਮਿਲਖੀ ਨੇ ਨਸ਼ੇ ਵਿਚ ਬਲਦੀ ਅੱਗ 'ਤੇ ਤੇਲ ਪਾ ਦਿੱਤਾ।

ਸ਼ਰਾਬ ਦੇ ਨਸ਼ੇ ਵਿਚ ਸਭ ਅੰਨ੍ਹੇ ਸਨ। ਕਿਸੇ ਨੂੰ ਇਹ ਪਤਾ ਨਾ ਲੱਗਾ ਕਿ ਮਿਸਜ਼ ਤਿਵਾੜੀ ਜੋ ਆਪਣਾ ਪਰਸ ਭੁੱਲ ਗਈ ਸੀ, ਪਿੱਛੇ ਖੜ੍ਹੀ ਸਭ ਸੁਣ ਰਹੀ ਸੀ। ਉਸ ਨੂੰ ਇਕ ਚੱਕਰ ਜਿਹਾ ਆ ਗਿਆ। ਖਾਲੀ ਬੋਤਲਾਂ ਜਿਵੇਂ ਕਿਰਚਾਂ ਬਣ ਕੇ ਉਸ ਦੇ ਸੀਨੇ 'ਚ ਚੁੱਭ ਗਈਆਂ ਸਨ। ਉਸ ਦੇ ਚਿਹਰੇ 'ਤੇ ਹੁਣ ਬੇਬਸੀ ਨਹੀਂ, ਗੁੱਸਾ ਸੀ ਜਿਵੇਂ ਉਸ ਨੇ ਸਭ ਨੂੰ ਖਤਮ ਕਰ ਦੇਣਾ ਹੋਵੇ। ਪਰ ਉਸ ਨੇ ਆਪਣੇ ਆਪ 'ਤੇ ਕਾਬੂ ਕੀਤਾ ਤੇ ਪਿਛਾਂਹ ਮੁੜ ਗਈ। ਕਾਰ ਵਿਚੋਂ ਸ਼ਾਲ ਚੁੱਕੀ ਤੇ ਪੰਡਾਲ 'ਚ ਪਰਤ ਆਈ। ਇਕ ਬਜ਼ੁਰਗ ਨਸ਼ੇ 'ਚ ਚੂਰ ਠੰਢ ਨਾਲ ਸੁੰਗੜਿਆ ਪਿਆ ਸੀ। ਉਸ ਨੇ ਸ਼ਾਲ ਨੂੰ ਘੂਰ ਕੇ ਦੇਖਿਆ ਤੇ ਦਿਲ ਕੀਤਾ ਵਗਾਹ ਕੇ ਮਾਰੇ ਇਸ ਸ਼ਾਲ ਨੂੰ, ਪਰ ਉਸ ਇੰਜ ਨਾ ਕੀਤਾ। ਸ਼ਾਲ ਦੀ ਤਹਿ ਖੋਲ੍ਹੀ ਤੇ ਉਸ ਬਜ਼ੁਰਗ ਉਪਰ ਦੇ ਦਿੱਤੀ। ਥੋੜ੍ਹੀ ਦੇਰ ਰੁਕੀ, ਉਸ ਦੇ ਮਨ ਵਿਚ ਪਤਾ ਨਹੀਂ ਕੀ ਆਇਆ? ਉਹ ਸਟੇਜ 'ਤੇ ਗਈ, ਤਿਵਾੜੀ ਦੀ ਤਸਵੀਰ ਚੁੱਕ ਕੇ ਬਾਹਰ ਆ ਗਈ।

ਕਾਰ ਵਾਲੇ ਨੇ ਕਿਹਾ, "ਚੱਲੀਏ ਮੈਡਮ?" "ਨਹੀਂ, ਮੈਂ ਆਪੇ ਚਲੀ ਜਾਵਾਂਗੀ।" ਉਹ ਸ਼ਾਮ ਦੇ ਘੁਸਮੁਸੇ ਵਿਚ ਇਕੱਲਮ-ਇਕੱਲੀ ਸੁੰਨਸਾਨ ਸੜਕ 'ਤੇ ਵਾਪਸ ਆ ਗਈ। ਉਧਰ ਖਾਲੀ ਬੋਤਲਾਂ, ਜ਼ਮੀਰ ਖਾਲੀ, ਖਾਲੀ ਦਿਮਾਗ, ਸਿਰਫ ਨਸ਼ੇ 'ਚ ਡੁੱਬੇ ਹੱਡ ਮਾਸ ਦੇ ਪੁਤਲੇ ਡਗਮਗਾ ਰਹੇ ਸਨ ਤੇ ਉਹ ਸੋਚ ਰਹੀ ਸੀ, ਇਹ ਕਿਹੋ ਜਿਹੀ ਸਿਮਰਤੀ ਸੀ?

# ਕਿਸਾਨ ਖੁਦਕਸ਼ੀਆਂ ਬਾਰੇ ਦਸਤਾਵੇਜ਼: ਨੀਰੋ'ਜ਼ ਗੈਸਟ

ਹਿੰਦੁਸਤਾਨ ਦੇ ਪੇਂਡੂ ਖੇਤਰ ਬਾਰੇ ਸ਼ਿੱਦਤ, ਇਮਾਨਦਾਰੀ ਅਤੇ ਦ੍ਰਿੜਤਾ ਨਾਲ ਲਿਖਣ ਵਾਲੇ ਪੱਤਰਕਾਰ ਪੀ ਸਾਈਨਾਥ ਦੇ ਕੰਮ ਉਤੇ ਬਣੀ ਇਹ ਡਾਕੂਮੈਂਟਰੀ 'ਨੀਰੋ'ਜ਼ ਗੈਸਟ' (ਨੀਰੋ ਦੇ ਮਹਿਮਾਨ) ਹਿੰਦੁਸਤਾਨ ਵਿਚ ਪੈਦਾ ਹੋਏ ਖੇਤੀਬਾੜੀ ਸੰਕਟ ਕਾਰਨ ਕਿਸਾਨਾਂ ਵਲੋਂ ਕੀਤੀਆਂ ਜਾ ਰਹੀਆਂ ਖੁਦਕਸ਼ੀਆਂ ਬਾਰੇ ਬਹੁਪੱਖੀ ਜਾਣਕਾਰੀ ਮੁਹੱਈਆ ਕਰਦੀ ਹੈ। ਫਿਲਮਸਾਜ਼ ਦੀਪਾ ਭਾਟੀਆ ਵੱਲੋਂ ਬਣਾਈ ਇਸ ਡਾਕੂਮੈਂਟਰੀ ਵਿਚ ਸਾਈਨਾਥ ਬਹੁਤ ਸਪਸ਼ਟ ਅਤੇ ਸ਼ਕਤੀਸ਼ਾਲੀ ਢੰਗ ਨਾਲ ਇਹ ਦਰਸਾਉਂਦਾ ਹੈ ਕਿ ਹਿੰਦੁਸਤਾਨ ਦੇ ਪੇਂਡੂ ਇਲਾਕਿਆਂ ਵਿਚ

**ਸੁਖਵੰਤ ਹੁੰਦਲ**

ਵਾਪਰ ਰਹੀਆਂ ਇਨ੍ਹਾਂ ਖੁਦਕਸ਼ੀਆਂ ਦੀ ਅਸਲ ਜੜ੍ਹ ਸੰਸਾਰ ਪੱਧਰ 'ਤੇ ਕੰਮ ਕਰ ਰਿਹਾ ਆਰਥਿਕ ਅਤੇ ਸਿਆਸੀ ਪ੍ਰਬੰਧ ਹੈ।

ਮਹਾਰਾਸ਼ਟਰ ਦੇ ਪੇਂਡੂ ਇਲਾਕਿਆਂ ਵਿਚ ਖੁਦਕਸ਼ੀਆਂ ਕਰ ਚੁੱਕੇ ਕਿਸਾਨਾਂ ਦੇ ਪਰਿਵਾਰਾਂ ਨਾਲ ਕੀਤੀਆਂ ਮੁਲਾਕਾਤਾਂ ਉਨ੍ਹਾਂ ਪਰਿਵਾਰਾਂ ਦੇ ਦੁੱਖ ਦਰਦ ਨੂੰ ਪੇਸ਼ ਕਰਨ ਦੇ ਨਾਲ ਨਾਲ ਹਿੰਦੁਸਤਾਨ ਦੇ ਪੇਂਡੂ ਇਲਾਕਿਆਂ ਵਿਚਲੀ ਬੇਵਸੀ, ਮਜਬੂਰੀ ਅਤੇ ਲਾਚਾਰੀ ਨੂੰ ਵੀ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦੀਆਂ ਹਨ। ਪੇਂਡੂ ਖੇਤਰ ਦੀ ਪੱਤਰਕਾਰੀ ਦੇ ਆਪਣੇ ਲੰਮੇ ਤਜਰਬੇ ਦੇ ਆਧਾਰ 'ਤੇ ਪੀ ਸਾਈਨਾਥ ਵਲੋਂ ਇਨ੍ਹਾਂ ਖੁਦਕਸ਼ੀਆਂ ਬਾਰੇ ਕੀਤਾ ਵਿਸ਼ਲੇਸ਼ਣ ਇਨ੍ਹਾਂ ਖੁਦਕਸ਼ੀਆਂ ਨੂੰ ਵੱਡੇ ਪ੍ਰਸੰਗ ਵਿਚ ਦੇਖਣ ਵਿਚ ਸਹਾਈ ਹੁੰਦਾ ਹੈ।

ਸਾਈਨਾਥ ਆਪਣੀਆਂ ਟਿੱਪਣੀਆਂ ਵਿਚ ਪੇਂਡੂ ਖੇਤਰ ਦੇ ਸੰਕਟ ਦੇ ਨਾਲ ਨਾਲ ਹਿੰਦੁਸਤਾਨ ਦੇ ਵਸ਼ਿਸ਼ਟ ਤੇ ਅਮੀਰ ਵਰਗ ਅਤੇ ਸਰਕਾਰ ਦੀਆਂ ਨੀਤੀਆਂ ਉਪਰ ਵੀ ਵਿਅੰਗਮਈ ਅਤੇ ਕਰਾਰੀਆਂ ਚੋਟਾਂ ਕਰਦਾ ਹੈ। ਉਹ ਕਹਿੰਦਾ ਹੈ ਕਿ ਹਿੰਦੁਸਤਾਨ ਦੇ ਅਮੀਰ ਲੋਕਾਂ ਦੇ ਨੁਮਾਇੰਦੇ ਸਰਕਾਰ ਨੂੰ ਇਹ ਸੁਝਾਅ ਦਿੰਦੇ ਹਨ, ਕਿ ਜੇ ਉਸ ਨੇ "ਕਮਜ਼ੋਰਾਂ ਦੀ ਮਦਦ ਕਰਨੀ ਹੈ ਤਾਂ ਉਸ ਨੂੰ ਤਕੜਿਆਂ ਦੀ ਮਦਦ ਕਰਨੀ ਚਾਹੀਦੀ ਹੈ।" ਸਾਈਨਾਥ ਦਾ ਵਿਚਾਰ ਹੈ ਕਿ ਸਰਕਾਰ ਉਨ੍ਹਾਂ ਦੀ ਇਹ ਗੱਲ ਸੁਣ ਰਹੀ ਹੈ। ਨਤੀਜੇ ਵਜੋਂ ਸਰਕਾਰ ਦੀਆਂ ਅਜੋਕੀਆਂ ਨੀਤੀਆਂ ਹਿੰਦੁਸਤਾਨ ਵਿਚ ਅਮੀਰ ਅਤੇ ਗਰੀਬ ਵਿਚ ਪਾੜਾ ਵਧਾ ਰਹੀਆਂ ਹਨ।




*'ਨੀਰੋ'ਜ਼ ਗੈਸਟ' ਦਾ ਪੋਸਟਰ।*

ਹੁਣ ਸਵਾਲ ਉਠ ਸਕਦਾ ਹੈ ਕਿ ਜੇ ਹਿੰਦੁਸਤਾਨ ਵਿਚ ਅਜਿਹੇ ਹਾਲਤ ਹਨ ਤਾਂ ਇਹ ਗੱਲ ਮੀਡੀਆ ਰਾਹੀਂ ਲੋਕਾਂ ਦੇ ਸਾਹਮਣੇ ਕਿਉਂ ਨਹੀਂ ਆ ਰਹੇ? ਮੀਡੀਏ ਵਲੋਂ ਹਿੰਦੁਸਤਾਨ ਬਾਰੇ ਪੇਸ਼ ਕੀਤੀ ਜਾ ਰਹੀ ਤਸਵੀਰ ਵਿਚ ਤਾਂ ਇਹ ਦੱਸਿਆ ਜਾ ਰਿਹਾ ਹੈ ਕਿ ਪਿਛਲੇ ਕੁਝ ਦਹਾਕਿਆਂ ਦੌਰਾਨ ਹਿੰਦੁਸਤਾਨ ਵਿਚ ਬਹੁਤ ਖੁਸ਼ਹਾਲੀ ਆਈ ਹੈ। ਸਾਈਨਾਥ ਅਨੁਸਾਰ ਇਸ ਦਾ ਕਾਰਨ ਇਹ ਹੈ ਕਿ, ਦੁਨੀਆ ਵਿਚ ਸਭ ਨਾਲੋਂ ਜ਼ਿਆਦਾ ਤੇਜ਼ੀ ਨਾਲ ਵਿਕਾਸ ਕਰ ਰਿਹਾ ਹਿੰਦੁਸਤਾਨ ਦਾ ਮੀਡੀਆ ਬੇਸ਼ੱਕ ਸਿਆਸੀ ਤੌਰ 'ਤੇ ਤਾਂ ਆਜ਼ਾਦ ਹੈ ਪਰ ਉਹ ਮੁਨਾਫੇ ਦੀ ਕੈਦ ਵਿਚ ਹੈ। ਇਸ ਲਈ ਇਸ ਮੀਡੀਆ ਵਿਚ ਫੈਸ਼ਨ ਅਤੇ ਗਲੈਮਰ ਨੂੰ ਤਾਂ ਕਵਰ ਕੀਤਾ ਜਾਂਦਾ ਹੈ ਪਰ ਹਿੰਦੁਸਤਾਨ ਦੀ ਗਰੀਬੀ ਨੂੰ ਨਹੀਂ।

ਇਸ ਡਾਕੂਮੈਂਟਰੀ ਦਾ ਮੁੱਖ ਸੁਨੇਹਾ ਮੱਧਵਰਗੀ ਜਮਾਤ ਨਾਲ ਸਬੰਧਤ ਲੋਕਾਂ ਵਲ ਸੇਧਿਤ ਹੈ। ਸਾਈਨਾਥ ਦਾ ਕਹਿਣਾ ਹੈ ਕਿ ਹਿੰਦੁਸਤਾਨ ਦੇ ਪੇਂਡੂ ਖੇਤਰ ਦੀ ਸਥਿਤੀ ਇਸ ਲਈ ਕਾਇਮ ਰਹਿ ਰਹੀ ਹੈ, ਕਿਉਂਕਿ ਹਿੰਦੁਸਤਾਨ ਦੇ ਅਮੀਰ ਲੋਕਾਂ ਦੇ ਨਾਲ ਨਾਲ ਹਿੰਦੁਸਤਾਨ ਦੇ ਸ਼ਹਿਰੀ ਮੱਧਵਰਗ ਨੂੰ ਵੀ ਇਸ ਸਥਿਤੀ ਤੋਂ ਕੁਝ ਫਾਇਦਾ ਹੋ ਰਿਹਾ ਹੈ। ਨਤੀਜੇ ਵਜੋਂ ਇਹ ਸ਼ਹਿਰੀ ਮੱਧਵਰਗ ਨਾ ਇਸ ਸਥਿਤੀ ਬਾਰੇ ਕੁਝ ਜਾਣਨਾ ਚਾਹੁੰਦਾ ਹੈ ਅਤੇ ਨਾ ਹੀ ਇਸ ਬਾਰੇ ਕੁਝ ਕਰਨਾ ਚਾਹੁੰਦਾ ਹੈ। ਸਾਈਨਾਥ ਦਲੀਲ ਨਾਲ ਕਹਿੰਦਾ ਹੈ ਕਿ ਇਸ ਸਮੇਂ ਭਾਰਤ ਦਾ ਸ਼ਹਿਰੀ ਮੱਧਵਰਗ ਉਸ ਤਰ੍ਹਾਂ ਦੀ ਭੂਮਿਕਾ ਨਿਭਾਅ ਰਿਹਾ ਹੈ ਜਿਸ ਤਰ੍ਹਾਂ ਦੀ ਭੂਮਿਕਾ ਕਿਸੇ ਸਮੇਂ ਰੋਮ ਦੇ ਬਾਦਸ਼ਾਹ ਨੀਰੋ ਦੇ ਮਹਿਮਾਨਾਂ ਨੇ ਨਿਭਾਈ ਸੀ। ਸਾਈਨਾਥ ਦਾ ਕਹਿਣਾ ਹੈ ਕਿ ਮੱਧਵਰਗ ਨੂੰ ਇਸ ਸਥਿਤੀ ਤੋਂ ਬਾਹਰ ਨਿਕਲਣਾ ਚਾਹੀਦਾ ਹੈ।



*ਪੀ ਸਾਈਨਾਥ*

ਹਿੰਦੁਸਤਾਨ ਵਿਚ ਕਿਸਾਨਾਂ ਦੀਆਂ ਦੀਆਂ ਖੁਦਕਸ਼ੀਆਂ ਨਾਲ ਸਬੰਧਤ ਸੰਕਟ ਨੂੰ ਸਮਝਣ ਲਈ ਇਹ ਡਾਕੂਮੈਂਟਰੀ ਜ਼ਰੂਰ ਦੇਖਣੀ ਚਾਹੀਦੀ ਹੈ। ਮੈਨੂੰ ਯਕੀਨ ਹੈ ਕਿ ਇਸ ਡਾਕੂਮੈਂਟਰੀ ਨੂੰ ਆਪ ਦੇਖਣਾ ਅਤੇ ਦੂਸਰੇ ਲੋਕਾਂ ਨੂੰ ਇਹ ਡਾਕੂਮੈਂਟਰੀ ਦੇਖਣ ਲਈ ਪ੍ਰੇਰਨਾ ਬਾਦਸ਼ਾਹ ਨੀਰੋ ਦੇ ਮਹਿਮਾਨ ਨਾ ਬਣਨ ਦੇ ਅਮਲ ਵੱਲ ਪੁੱਟਿਆ ਜਾਣ ਵਾਲਾ ਮਹੱਤਵਪੂਰਨ ਕਦਮ ਹੋਵੇਗਾ।



*'ਨੀਰੋ'ਜ਼ ਗੈਸਟ' ਫਿਲਮ ਦੀ ਇਕ ਝਲਕ।*




*ਫਿਲਮ 'ਹਾਰਵੈਸਟ ਆਫ ਗਰੀਫ' ਦਾ ਪੋਸਟਰ।*

## ...ਤੇ ਪੰਜਾਬ ਦੀ ਕਹਾਣੀ: ਹਾਰਵੈਸਟ ਆਫ ਗਰੀਫ

ਪੰਜਾਬ ਵਿਚ ਕਿਸਾਨਾਂ ਅਤੇ ਬੇਜ਼ਮੀਨੇ ਲੋਕਾਂ ਦੀਆਂ ਖੁਦਕਸ਼ੀਆਂ ਬਾਰੇ ਬਣੀ ਡਾਕੂਮੈਂਟਰੀ 'ਹਾਰਵੈਸਟ ਆਫ ਗਰੀਫ' ਦਿਲ ਨੂੰ ਟੁੰਬਣ ਵਾਲੀ ਡਾਕੂਮੈਂਟਰੀ ਹੈ। ਇਸ ਡਾਕੂਮੈਂਟਰੀ ਦਾ ਸਭ ਤੋਂ ਸ਼ਕਤੀਸ਼ਾਲੀ ਹਿੱਸਾ ਉਨ੍ਹਾਂ ਲੋਕਾਂ ਦੇ ਪਰਿਵਾਰਾਂ ਨਾਲ ਕੀਤੀਆਂ ਗਈਆਂ ਇੰਟਰਵੀਊ ਹਨ ਜਿਹੜੇ ਲੋਕਾਂ ਨੇ ਕਰਜ਼ੇ ਦਾ ਭਾਰ ਨਾ ਸਹਾਰਦਿਆਂ ਹੋਇਆਂ ਪਿਛਲੇ ਕੁਝ ਸਾਲਾਂ ਦੌਰਾਨ ਖੁਦਕਸ਼ੀਆਂ ਕਰ ਲਈਆਂ ਸਨ। ਖੁਦਕਸ਼ੀਆਂ ਕਰਨ ਵਾਲੇ ਇਨ੍ਹਾਂ ਲੋਕਾਂ ਵਿਚ ਕਿਸਾਨ ਅਤੇ ਬੇਜ਼ਮੀਨੇ ਲੋਕ ਸ਼ਾਮਲ ਹਨ। ਇਹ ਇੰਟਰਵੀਊ ਦਰਸ਼ਕ ਨੂੰ ਇਨ੍ਹਾਂ ਪਰਿਵਾਰਾਂ ਦੇ ਅਥਾਹ ਦੁੱਖ ਦਾ ਅਹਿਸਾਸ ਪੂਰੀ ਸ਼ਿੱਦਤ ਨਾਲ ਕਰਵਾਉਂਦੀਆਂ ਹਨ। ਇਨ੍ਹਾਂ ਪਰਿਵਾਰਾਂ ਦੀ ਪੀੜ ਨੂੰ ਦਰਸ਼ਕਾਂ ਤੱਕ ਪਹੁੰਚਾਉਣ ਲਈ ਫਿਲਮ ਨਿਰਦੇਸ਼ਕ ਨੇ ਸੰਗੀਤ ਅਤੇ ਪੰਜਾਬੀ ਕਵਿਤਾਵਾਂ/ਗੀਤਾਂ ਦੇ ਟੋਟਿਆਂ ਦੀ ਵਰਤੋਂ ਬਹੁਤ ਖੂਬਸੂਰਤੀ ਨਾਲ ਕੀਤੀ ਹੈ।ਇਸ ਤੋਂ ਬਿਨਾਂ ਖੇਤੀਬਾੜੀ ਨਾਲ ਸਬੰਧਤ ਵੱਖ ਵੱਖ ਮਾਹਿਰਾਂ ਅਤੇ ਕਾਰਕੁਨਾਂ ਨਾਲ ਕੀਤੀਆਂ ਇੰਟਰਵੀਊ ਰਾਹੀਂ ਪੰਜਾਬ ਵਿਚ ਵਾਪਰ ਰਹੇ ਇਸ ਦੁਖਾਂਤ ਨੂੰ ਆਲੋਚਨਾਤਮਕ ਨਜ਼ਰ ਨਾਲ ਦੇਖਣ ਦੀ ਵੀ ਕੋਸ਼ਿਸ ਕੀਤੀ ਗਈ ਹੈ। ਸਮੁੱਚੇ ਰੂਪ ਵਿਚ ਇਹ ਡਾਕੂਮੈਂਟਰੀ ਪੰਜਾਬ ਵਿਚ ਖੇਤੀਬਾੜੀ ਦੇ ਸੈਕਟਰ ਨਾਲ ਸਬੰਧਤ ਸੰਕਟ ਨੂੰ ਸਮਝਣ ਲਈ ਪਹਿਲਾਂ ਤੋਂ ਮੌਜੂਦ ਸਮੱਗਰੀ ਵਿਚ ਇਕ ਹੋਰ ਗੌਲਣਯੋਗ ਵਾਧਾ ਹੈ। ਇਸ ਫਿਲਮ ਦੇ ਨਿਰਮਾਤਾ ਰਸਿਲ ਬਾਸੂ ਅਤੇ ਡਾਇਰੈਕਟਰ ਅਨਵਰ ਜਮਾਲ ਹਨ।

*-ਸੁਖਵੰਤ ਹੁੰਦਲ*

## ਇਕ ਦਰਦ ਕਹਾਣੀ

# ਇੰਡੀਆ ਨੈਵਰ ਅਗੇਨ ਨਿਰਭਇਆ

ਸਾਲ 2012 ਦੇ ਆਖਰੀ ਦਿਨਾਂ ਵਿਚ ਦਿੱਲੀ ਵਿਚ ਵਾਪਰੇ ਨਿਰਭਇਆ ਕਾਂਡ ਨਾਲ ਪੂਰਾ ਦੇਸ਼ ਝੰਜੋੜਿਆ ਗਿਆ ਸੀ। ਇਸ ਕਾਂਡ 'ਤੇ ਪਹਿਲਾਂ ਹੈਦਰਾਬਾਦੀ ਨਿਰਮਾਤਾ ਨੇ 'ਮਰਡਰ ਮਾਧੁਰੀ' ਬਣਾਈ ਸੀ ਅਤੇ ਹੁਣ ਨਿਰਮਾਤਾ ਵਿਦਿਸ਼ਾ ਅਧਿਕਾਰੀ ਨੇ 'ਇੰਡੀਆ ਨੈਵਰ ਅਗੇਨ ਨਿਰਭਇਆ' ਬਣਾਈ ਹੈ। ਦਿੱਲੀ ਵਿਚ ਇਕ ਚਲਦੀ ਬੱਸ ਵਿਚ ਇਕ ਪ੍ਰੇਮੀ ਜੋੜੇ ਨਾਲ ਚਾਰ ਬਦਮਾਸ਼ ਕੀ ਜ਼ੁਲਮ ਕਰਦੇ ਹਨ, ਇਹ ਕਹਾਣੀ ਇਸ ਫਿਲਮ ਵਿਚ ਪੇਸ਼ ਕੀਤੀ ਗਈ ਹੈ।

ਵਿਦਿਸ਼ਾ ਅਧਿਕਾਰੀ ਦੀ ਨਿਰਮਾਤਾ ਦੇ ਤੌਰ 'ਤੇ ਇਹ ਪਹਿਲੀ ਫ਼ਿਲਮ ਹੈ। ਇਸ ਘਿਨਾਉਣੇ ਕਾਂਡ 'ਤੇ ਫ਼ਿਲਮ ਬਣਾਉਣ ਬਾਰੇ ਉਹ ਕਹਿੰਦੀ ਹੈ, "ਜਦੋਂ ਇਹ ਕਾਂਡ ਹੋਇਆ ਸੀ, ਉਦੋਂ ਮੈਂ ਪੜ੍ਹਾਈ ਕਰ ਰਹੀ ਸੀ। ਟੀ.ਵੀ. 'ਤੇ ਇਸ ਕਾਂਡ ਬਾਰੇ ਬਹੁਤ ਖ਼ਬਰਾਂ ਦਿੱਤੀਆਂ ਗਈਆਂ ਸਨ ਅਤੇ ਇਹ ਖ਼ਬਰਾਂ ਦੇਖ ਕੇ ਹੋਰਾਂ ਵਾਂਗ ਮੇਰੇ ਮਨ ਉਤੇ ਵੀ ਅਸਰ ਪਿਆ। ਮੈਂ ਵੀ ਹੱਥ ਵਿਚ ਬੈਨਰ ਫੜ ਕੇ ਇਸ ਕਾਂਡ ਦੇ ਵਿਰੋਧ ਵਿਚ ਹਿੱਸਾ ਲਿਆ ਸੀ। ਮੈਨੂੰ ਜ਼ਿਆਦਾ ਗੁੱਸਾ ਇਸ ਗੱਲ ਦਾ ਸੀ ਕਿ ਦੇਸ਼ ਵਿਚ ਔਰਤਾਂ ਨੂੰ ਕਿਸ ਨਜ਼ਰ ਨਾਲ ਦੇਖਿਆ ਜਾਂਦਾ ਹੈ। ਜਦੋਂ ਫ਼ਿਲਮ ਨਿਰਮਾਣ ਵਿਚ ਆਉਣ ਦਾ ਫੈਸਲਾ ਕੀਤਾ ਤਾਂ ਇਸੇ ਕਾਂਡ ਨੂੰ ਮੁੱਖ ਰੱਖ ਕੇ ਫ਼ਿਲਮ ਬਣਾਉਣ ਬਾਰੇ ਸੋਚਿਆ।"

ਫ਼ਿਲਮ ਵਿਚ ਚਾਰ ਬਦਮਾਸ਼ਾਂ ਦੀ ਭੂਮਿਕਾ ਅਨਿਲ ਯਾਦਵ, ਸ਼ੈਲੇਂਦਰ ਸ੍ਰੀਵਾਸਤਵ, ਰਾਜੂ ਸ੍ਰੇਸ਼ਠ ਅਤੇ ਗੋਪਾਲ ਨੇ ਨਿਭਾਈ ਹੈ। ਸ਼ੈਲੇਂਦਰ ਸ੍ਰੀਵਾਸਤਵ ਦਾ ਕਹਿਣਾ ਹੈ ਕਿ ਫ਼ਿਲਮ ਦੀ ਸ਼ੂਟਿੰਗ ਦੌਰਾਨ ਕਈ ਵਾਰ ਉਸ ਦੀਆਂ ਅੱਖਾਂ ਨਮ ਹੋਈਆਂ। 'ਤੇਰਾ ਇੰਤਜ਼ਾਰ', 'ਲੋ ਆ ਗਿਆ ਹੀਰੋ' ਫੇਮ ਰਿਚਾ ਸ਼ਰਮਾ ਵਲੋਂ ਇਸ ਵਿਚ ਨਿਰਭਇਆ ਦੀ ਭੂਮਿਕਾ ਨਿਭਾਈ ਗਈ ਹੈ ਅਤੇ ਇਸ ਦੀ ਨਿਰਦੇਸ਼ਿਕਾ ਹੈ ਪਾਇਲ ਕਸ਼ਿਅਪ। ਔਰਤ ਨਿਰਮਾਤਾ ਅਤੇ ਨਿਰਦੇਸ਼ਕ ਨੇ ਆਪਣੀ ਇਸ ਫ਼ਿਲਮ ਰਾਹੀਂ ਔਰਤ ਸ਼ਕਤੀਕਰਨ ਦਾ ਸੰਦੇਸ਼ ਵੀ ਦਿੱਤਾ ਹੈ।




## ਤਮੰਨਾ ਭਾਟੀਆ ਦੀ ਹਸਰਤ

ਬਾਲੀਵੁੱਡ ਦੀ ਦੁਨੀਆ ਬਹੁਤ ਅਜੀਬ ਹੈ। ਇਥੇ ਕਦੇ ਵੀ ਕੋਈ ਅਰਸ਼ ਤੋਂ ਫਰਸ਼ ਅਤੇ ਫਰਸ਼ ਤੋਂ ਅਰਸ਼ ਤਕ ਪਹੁੰਚ ਜਾਂਦਾ ਹੈ। ਕੱਲ੍ਹ ਤਕ ਜਿਸ ਨੂੰ ਕੋਈ ਨਹੀਂ ਜਾਣਦਾ ਸੀ, ਅੱਜ ਉਸ ਨੂੰ ਪੂਰਾ ਭਾਰਤ ਜਾਣਨ ਲੱਗਾ ਹੈ। ਅਜਿਹੀ ਹੀ ਅਦਾਕਾਰਾ ਹੈ ਤਮੰਨਾ ਭਾਟੀਆ ਜਿਸ ਨੂੰ ਉਸ ਦੀ ਫ਼ਿਲਮ 'ਬਾਹੂਬਲੀ' ਤੋਂ ਖਾਸ ਪਛਾਣ ਮਿਲੀ ਹੈ। ਤਮੰਨਾ ਭਾਵੇਂ ਇਸ ਤੋਂ ਪਹਿਲਾਂ ਵੀ ਕਈ ਬਾਲੀਵੁੱਡ ਫ਼ਿਲਮਾਂ ਕਰ ਚੁੱਕੀ ਹੈ, ਪਰ ਹੁਣ ਤਕ ਉਸ ਨੂੰ ਉਹ ਮੁਕਾਮ ਹਾਸਲ ਨਹੀਂ ਸੀ ਹੋ ਸਕਿਆ।

ਤਮੰਨਾ ਮੁੰਬਈ ਦੀ ਰਹਿਣ ਵਾਲੀ ਹੈ। ਉਸ ਨੂੰ ਬਚਪਨ ਤੋਂ ਹੀ ਅਦਾਕਾਰੀ ਦਾ ਸ਼ੌਕ ਸੀ। ਉਹ 12 ਸਾਲ ਦੀ ਉਮਰ ਤੋਂ ਥੀਏਟਰ ਕਰਨ ਲੱਗ ਪਈ ਸੀ। ਉਹਦੇ ਸਕੂਲ ਵਿਚ ਕਿਸੇ ਨਿਰਮਾਤਾ ਦੇ ਬੱਚੇ ਵੀ ਪੜ੍ਹਦੇ ਸਨ। ਜਦੋਂ ਉਸ ਨਿਰਮਾਤਾ ਨੇ ਉਸ ਨੂੰ ਸਕੂਲ ਦੇ ਸਾਲਾਨਾ ਸਮਾਗਮ ਵਿਚ ਦੇਖਿਆ ਤਾਂ ਆਪਣੀ ਅਗਲੀ ਫ਼ਿਲਮ ਵਿਚ ਲੈ ਲਿਆ। ਇਸ ਤਰ੍ਹਾਂ ਸਾਢੇ ਤੇਰਾਂ ਸਾਲ ਦੀ ਉਮਰ ਵਿਚ ਹੀ ਉਸ ਨੂੰ ਆਪਣੀ ਪਹਿਲੀ ਫ਼ਿਲਮ ਮਿਲੀ ਜਿਸ ਦਾ ਨਾਮ ਸੀ 'ਚਾਂਦ ਸਾ ਰੌਸ਼ਨ ਚਿਹਰਾ'। ਜਦੋਂ ਇਹ ਫ਼ਿਲਮ ਰਿਲੀਜ਼ ਹੋਈ ਤਾਂ ਉਸ ਦੀ ਬੋਰਡ ਦੀ ਪ੍ਰੀਖਿਆ ਸੀ। ਡੇਢ ਸਾਲ ਤਕ ਫ਼ਿਲਮ ਦੀ ਸ਼ੂਟਿੰਗ ਵਿਚ ਰੁਝੀ ਰਹਿਣ ਤੋਂ ਬਾਅਦ ਵੀ ਉਸ ਨੇ 73 ਫੀਸਦੀ ਅੰਕ ਹਾਸਲ ਕੀਤੇ। ਇਹ ਫ਼ਿਲਮ ਭਾਵੇਂ ਨਹੀਂ ਚੱਲੀ, ਪਰ ਉਸ ਦੀ ਹੀਰੋਇਨ ਬਣਨ ਦੀ ਹਸਰਤ ਪੂਰੀ ਹੋ ਗਈ। ਉਸ ਤੋਂ ਬਾਅਦ ਉਹਨੇ ਤੇਲਗੂ ਫ਼ਿਲਮਾਂ ਵੱਲ ਰੁਖ਼ ਕਰ ਲਿਆ। ਉਸ ਨੇ ਟਿਊਟਰ ਰੱਖ ਕੇ ਤੇਲਗੂ ਤੇ ਤਮਿਲ ਭਾਸ਼ਾਵਾਂ ਸਿੱਖੀਆਂ। ਹੁਣ ਉਸ ਦੀ ਇੱਛਾ ਰਿਤਿਕ ਰੌਸ਼ਨ ਨਾਲ ਕੰਮ ਕਰਨ ਦੀ ਹੈ। ਉਹ ਦੱਸਦੀ ਹੈ ਕਿ ਅਭਿਨੇਤਰੀਆਂ ਲਈ ਹਰ ਤਰ੍ਹਾਂ ਦੇ ਡਾਂਸ ਵਿਚ ਨਿਪੁੰਨ ਹੋਣਾ ਜ਼ਰੂਰੀ ਹੁੰਦਾ ਹੈ। ਫਿਲਹਾਲ ਉਹ ਆਪਣੀ ਅਗਲੀ ਤੇਲਗੂ ਫ਼ਿਲਮ ਲਈ ਟੈਂਗੋ ਸਿੱਖ ਰਹੀ ਹੈ।




PUNJABI STARLIVE EVENT MANAGEMENT PVT LTD.
PRESENTS
VISA APPROVED
Nirmal Sidhu
Resham Anmol
Sara Gurpal
USA TOUR 2018
MEDIA PARTNER
BOSTON DESI CONNECTION
BDC tv
Bunty Bains
GUEST APPEARANCE
CONTACT FOR LIVE SHOW BOOKINGS ACROSS USA
+1 - 847-907-1074 | +1 - 224-410-8380
www.punjabistarlive.com